# ਮਸਕੀਨ ਜੀ ਦੇ ਲੈਕਚਰ



ਭਾਗ ਦੂਜਾ

Sri Satguru Jagjit Singh Ji eLibrary NamdhariElibrary@gmail.com

MASKEEN JI DE LECTURE – II

*by*

GIANI SANT SINGH "MASKEEN"

ISBN 81-7205-101-8

ਪਹਿਲੀ ਵਾਰ ਅਕਤੂਬਰ 1979
ਪੰਜਵੀਂ ਵਾਰ ਸਤੰਬਰ 1997
ਛੇਵੀਂ ਵਾਰ ਜੂਨ 2001
ਸਤਵੀਂ ਵਾਰ ਅਪ੍ਰੈਲ 2003

ਮੁੱਲ : 45-00 ਰੁਪਏ

*ਪ੍ਰਕਾਸ਼ਕ :*

**ਸਿੰਘ ਬ੍ਰਦਰਜ਼**

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail :* singhbro@vsnl.com

*Website :* www.singhbrothers.com

*ਛਾਪਕ :*

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ



Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਗਿਆਨੀ ਸਰੂਪ ਸਿੰਘ ਕਡਿਆਣਾ ★ ਪੰਥਕ ਢਾਡੀ ਜੱਥਾ 98150-03075 ★ ਪਿੰਡ ਕਡਿਆਣਾ ਤਹਿ: ਫਿਲੌਰ (ਜਲੰਧਰ)

# ਤਤਕਰਾ


—ਪ੍ਰਕਾਸ਼ਕਾਂ ਵਲੋਂ ੫

—ਅਰੰਭਕ ਬੇਨਤੀ (ਸੰਪਾਦਕ) ੭

—ਮੁਖਬੰਧ (ਸਿੰਘ ਸਾਹਿਬ ਗਿ: ਕਿਰਪਾਲ ਸਿੰਘ ਜੀ) ੯

—ਪੁਸਤਕ ਬਾਰੇ (ਸਿੰਘ ਸਾਹਿਬ ਗਿ: ਕਿਰਪਾਲ ਸਿੰਘ ਜੀ) ੧੩

- ਗੁਰੁ ਅਰਜੁਨੁ ਪਰਤਖੵ ਹਰਿ ੧੫
- ਦੁਰਲਭੰ ਏਕ ਭਗਵਾਨ ਨਾਮਹ ੨੮
- ਭੋਲਾਵੜੈ ਭੁਲੀ, ਭੁਲਿ ਭੁਲਿ ਪਛੋਤਾਣੀ ੩੮
- ਕਾਮਨਾ ੫੪
- ਜੋਰੁ ਨ ਜੀਵਣਿ ਮਰਣਿ ਨਹ ਜੋਰੁ ੭੪
- ਜੀਵਨ ਦਾ ਨਿਸ਼ਾਨਾ ੮੭
- ਸ਼ਬਦ ਗੁਰੂ ੧੦੦
- ਚਿਤਰ ਗੁਪਤ ੧੦੭
- ਕਰਮ ਚੰਗਾ, ਨੀਅਤ ਮਾੜੀ ੧੧੨
- ਚਾਰ ਵਰਣ ੧੨੦
- ਤਸ਼ਬੀਹਾਂ ੧੩੭
- ਭਾਈ ਨੰਦ ਲਾਲ ਜੀ ਸੂਫ਼ੀਆਂ ਦੇ ਟਾਕਰੇ 'ਚ ੧੪੯




Sri Satguru Jagjit Singh Ji eLibrary NamdhariElibrary@gmail.com

ਜੋ ਹਰਿ ਪ੍ਰਭ ਕਾ ਮੈ ਦੇਇ ਸਨੇਹਾ ਤਿਸੁ ਮਨੁ ਤਨੁ ਅਪਣਾ ਦੇਵਾ ॥
ਨਿਤ ਪਖਾ ਫੇਰੀ ਸੇਵ ਕਮਾਵਾ ਤਿਸੁ ਆਗੈ ਪਾਣੀ ਢੋਵਾਂ ॥
ਨਿਤ ਨਿਤ ਸੇਵ ਕਰੀ ਹਰਿ ਜਨ ਕੀ ਜੋ ਹਰਿ ਹਰਿ ਕਥਾ ਸੁਣਾਏ ॥
ਧਨੁ ਧਨੁ ਗੁਰੂ ਗੁਰ ਸਤਿਗੁਰ ਪੂਰਾ ਨਾਨਕ ਮਨਿ ਆਸ ਪੁਜਾਏ ॥੪॥

*(ਵਡਹੰਸੁ ਮ: ੪, ਪੰਨਾ ੫੬੧-੬੨)*

# ਪ੍ਰਕਾਸ਼ਕਾਂ ਵਲੋਂ

ਡਾਕਟਰ ਅਨੋਖ ਸਿੰਘ ਜੀ ਵਲੋਂ *ਮਸਕੀਨ ਜੀ ਦੇ ਲੈਕਚਰ* ਨਵੀਂ ਐਡੀਸ਼ਨ ਛਾਪਣ ਲਈ ਸਾਨੂੰ ਦਿੱਤੇ ਗਏ ਤਾਂ ਅਸਾਂ ਆਪਣੀ ਮਰਯਾਦਾ ਅਨੁਸਾਰ ਪਹਿਲਾਂ ਇਨ੍ਹਾਂ ਸਾਰੇ ਲੇਖਾਂ ਨੂੰ ਪੜ੍ਹਿਆ ਅਤੇ ਵੇਖਿਆ ਕਿ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਬਾਣੀ ਦੀ ਜਿਥੇ ਕਾਫ਼ੀ ਸੁਧਾਈ ਦੀ ਲੋੜ ਹੈ, ਉਥੇ ਭਰਥਰੀ ਹਰੀ ਦੇ *ਨੀਤੀ ਸ਼ਤਕ* ਦੇ ਹਵਾਲੇ ਅਤੇ ਫ਼ਾਰਸੀ ਦੇ ਸ਼ੇਅਰ ਆਦਿ ਵੀ ਕਾਫ਼ੀ ਸੋਧਣ ਵਾਲੇ ਹਨ।

ਇਹ ਲੇਖ ਮਸਕੀਨ ਜੀ ਦੇ ਲੈਕਚਰ ਹਨ, ਜਿਨ੍ਹਾਂ ਨੂੰ ਟੇਪ-ਰੀਕਾਰਡਰ ਰਾਹੀਂ ਸੁਣ ਕੇ ਪੁਸਤਕ ਰੂਪ ਦਿੱਤਾ ਗਿਆ ਹੈ। ਇਹਨਾਂ ਨੂੰ ਲਿਖਣ ਤੇ ਛਾਪਣ ਲਗਿਆਂ ਸਭ ਤੋਂ ਵੱਧ ਲੋੜ ਸੀ, ਵਿਸਰਾਮ-ਚਿੰਨ੍ਹਾਂ ਨੂੰ ਬੜੀ ਸਾਵਧਾਨੀ ਨਾਲ ਟਿਕਾਣੇ ਸਿਰ ਲਾਉਣ ਦੀ। ਵਿਸਰਾਮ-ਚਿੰਨ੍ਹ ਥਾਂ ਸਿਰ ਨਾ ਲਗਣ ਨਾਲ ਗੱਲ ਹੋਰ ਦੀ ਹੋਰ ਬਣ ਜਾਂਦੀ ਹੈ। ਇਸ ਲਈ ਸਭ ਤੋਂ ਪਹਿਲਾਂ ਇਹ ਜਤਨ ਕੀਤਾ ਗਿਆ ਹੈ ਕਿ ਮਸਕੀਨ ਜੀ ਦੇ ਲੈਕਚਰਾਂ ਦੁਆਰਾ ਪ੍ਰਗਟਾਏ ਭਾਵਾਂ ਨੂੰ ਦਰੁਸਤ ਰੱਖਣ ਲਈ ਥਾਂ-ਪਰ-ਥਾਂ ਕਾਮਿਆਂ ਅਤੇ ਡੰਡੀਆਂ ਆਦਿ ਦੀ ਠੀਕ ਵਰਤੋਂ ਕੀਤੀ ਜਾਵੇ।

ਦੂਜੀ ਗੱਲ ਇਹ ਕਿ, ਟੇਪ-ਰੀਕਾਰਡਰ ਤੋਂ ਸੁਣ ਕੇ ਗੁਰਬਾਣੀ ਦੀਆਂ ਤੁਕਾਂ ਪੂਰੀ ਤਰ੍ਹਾਂ ਸਹੀ ਲਿਖੀਆਂ ਨਹੀਂ ਜਾ ਸਕਦੀਆਂ ਅਤੇ ਫ਼ਾਰਸੀ ਦੇ ਸ਼ੇਅਰ ਤੇ ਹਿੰਦੀ ਦੇ ਛੰਦ ਤਾਂ ਫ਼ਾਰਸੀ ਤੇ ਹਿੰਦੀ ਛੰਦਾ-ਬੰਦੀ ਦਾ ਪੂਰਾ ਬੋਧ ਹੋਏ ਬਿਨਾਂ, ਟੇਪ-ਰੀਕਾਰਡਰ ਤੋਂ ਠੀਕ ਸਮਝੇ ਜਾ ਹੀ ਨਹੀਂ ਸਕਦੇ। ਇਸੇ ਕਰਕੇ ਸੁਭਾਵਿਕ ਹੀ ਇਨ੍ਹਾਂ ਵਿਚ ਕਾਫ਼ੀ ਅਸ਼ੁਧੀਆਂ ਪਹਿਲੀ ਐਡੀਸ਼ਨ ਵਿਚੋਂ ਦੇਖਣ ਵਿਚ ਆਈਆਂ।

ਹੁਣ ਅਸਾਂ ਗੁਰਬਾਣੀ ਤੇ ਭਾਈ ਗੁਰਦਾਸ ਜੀ ਦੀ ਬਾਣੀ ਤਾਂ ਤਤਕਰਿਆਂ ਦੀ ਮਦਦ ਨਾਲ ਸੋਧ ਲਈ, ਪਰ ਸ਼ੇਖ਼ ਸਾਅਦੀ ਤੇ ਹਾਫ਼ਿਜ਼ ਦੇ ਫ਼ਾਰਸੀ ਸ਼ੇਅਰਾਂ ਨੂੰ ਸੋਧਣ ਲਈ ਸਾਨੂੰ ਕਾਫ਼ੀ ਮੁਸ਼ਕਲ ਪੇਸ਼ ਆਈ। ਇਨ੍ਹਾਂ ਦੀ ਸੁਧਾਈ ਲਈ



Sri Satguru Jagjit Singh Ji eLibrary NamdhariElibrary@gmail.com

ਸਾਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡਾਕਟਰ ਦੀਵਾਨ ਸਿੰਘ, ਮੁਖੀ ਪੰਜਾਬੀ ਅਧਿਐਨ ਵਿਭਾਗ ਅਤੇ ਡਾਕਟਰ ਅਮਰਵੰਤ ਸਿੰਘ ਲੈਕਚਰਰ ਫ਼ਾਰਸੀ ਵਿਭਾਗ ਦੀ ਸਹਾਇਤਾ ਲੈਣੀ ਪਈ। *ਨੀਤੀ ਸ਼ਤਕ* ਪੁਸਤਕ ਵਿਚੋਂ ਭਰਥਰੀ ਜੀ ਦੇ ਛੰਦ ਸੋਧ ਲਏ ਗਏ। ਸਮੁੱਚੀ ਪੁਸਤਕ ਦੀ ਸੁਧਾਈ ਵਿਚ ਜਿਥੇ ਵੀ ਕੋਈ ਮੁਸ਼ਕਲ ਪੇਸ਼ ਆਈ, ਉਥੇ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਕਾਫ਼ੀ ਸਹਾਇਤਾ ਦਿੰਦੇ ਰਹੇ। ਇਸ ਸਾਰੀ ਸਹਾਇਤਾ ਲਈ, ਅਸੀਂ ਇਨ੍ਹਾਂ ਸਭ ਸੱਜਣਾਂ ਦੇ ਦਿਲੋਂ ਧੰਨਵਾਦੀ ਹਾਂ।

ਪੁਸਤਕ ਨੂੰ ਠੀਕ ਤਰ੍ਹਾਂ ਸੋਧ ਕੇ ਚੰਗੀ ਛਪਵਾਈ ਕਰਾਣ ਲਈ ਪੂਰਾ ਜਤਨ ਕੀਤਾ ਗਿਆ ਹੈ, ਪਰ ਇਸ ਦੇ ਬਾਵਜੂਦ ਵੀ ਜੇ ਕਿਤੇ ਕੋਈ ਅਸ਼ੁਧੀ ਛਪ ਗਈ ਹੋਵੇ ਤਾਂ ਅਗਲੀਆਂ ਐਡੀਸ਼ਨਾਂ ਵਿਚ ਉਸ ਨੂੰ ਵੀ ਠੀਕ ਕਰਨ ਦਾ ਜਤਨ ਕੀਤਾ ਜਾਵੇਗਾ।

*ਦਾਸਰੇ—ਪ੍ਰਕਾਸ਼ਕ*

**ਸਿੰਘ ਬ੍ਰਦਰਜ਼**

੨-੧੦-੧੯੮੧ ਮਾਈ ਸੇਵਾਂ, ਅੰਮ੍ਰਿਤਸਰ

www.archive.org/details/namdhari



Sri Satguru Jagjit Singh Ji eLibrary NamdhariElibrary@gmail.com

# ਅਰੰਭਕ ਬੇਨਤੀ

ਮੇਰੀ ਬੜੀ ਦਿਲੀ ਉਮੰਗ ਸੀ ਕਿ ਮਸਕੀਨ ਜੀ ਦੇ ਸਾਰੇ ਲੈਕਚਰ ਜੋ ਕਿ ਮੈਂ ਸਿੰਗਾਪੁਰ ਵਿਖੇ ਰੀਕਾਰਡ ਕੀਤੇ ਸਨ, ਸੰਗਤਾਂ ਦੇ ਹੱਥ ਵਿਚ ਪਹੁੰਚਾ ਦਿਆਂ, ਪਰ ਕੁਝ ਕੁ ਸਮੱਸਿਆਵਾਂ, ਮਜਬੂਰੀਆਂ ਤੇ ਪ੍ਰੈਸ-ਮਹਿਕਮੇ ਤੋਂ ਅਨਜਾਣ ਹੋਣ ਕਰਕੇ ਮੇਰਾ ਹੌਸਲਾ ਕਈ ਵਾਰ ਢੱਠਾ। ਇਸ ਨਾਲ ਮੈਟਰ ਨੂੰ ਤਿਆਰ ਕਰਨ 'ਤੇ ਜੋ ਮੇਹਨਤ ਅਤੇ ਸਮਾਂ ਲਗਦਾ ਹੈ, ਉਹ ਵੀ 'ਰਾਹ ਪਏ ਜਾਣੀਏ' ਵਾਲੀ ਗੱਲ ਹੈ; ਪਹਿਲਾਂ ਤੇ ਟੇਪ ਤੋਂ ਲੈਕਚਰ ਨੂੰ ਲਿਖਣਾ, ਫਿਰ ਸੁਧਾਈ ਅਤੇ ਫਿਰ ਦੁਬਾਰਾ ਪ੍ਰੈਸ ਵਾਸਤੇ ਲਿਖ ਕੇ ਦੇਣਾ। ਛਪਾਉਣ ਲਈ ਵੀ ਅਨੇਕਾਂ ਸਿਰ-ਦਰਦੀਆਂ ਹਨ। ਹਾਂ, ਸਿੰਘ ਬ੍ਰਦਰਜ਼ ਨੇ ਆਪਣਾ ਫ਼ਰਜ਼ ਜ਼ਰੂਰ ਈਮਾਨਦਾਰੀ ਨਾਲ ਨਿਭਾਇਆ ਹੈ। ਮੈਂ ਸਾਰੇ ਲੇਖੇ ਜੋਖੇ ਕਰਕੇ ਵੇਖੇ ਹਨ। ਪਹਿਲੇ ਭਾਗ ਦੀਆਂ ਦੋਨੋਂ ਐਡੀਸ਼ਨਾਂ ਵਿਚ ਕਰੀਬਨ ਸਾਢੇ ਤਿੰਨ ਹਜ਼ਾਰ ਪੁਸਤਕਾਂ ਵਿਕ ਚੁੱਕੀਆਂ ਹਨ। ਇਹਨਾਂ ਵਿਚੋਂ ਜੇ ਪ੍ਰਿੰਸੀਪਲ ਧਰਮ ਸਿੰਘ ਜੀ ਸਿੰਗਾਪੁਰ ਵਾਲਿਆਂ ਦੀ ਦਿੱਤੀ ਹੋਈ ਮਦਦ ਨੂੰ ਇਕ ਪਾਸੇ ਰੱਖ ਕੇ ਹਿਸਾਬ ਕਰਾਂ ਤਾਂ ਮੇਹਨਤ ਵੀ ਮੇਰੇ ਪੱਲੇ ਨਹੀਂ ਪੈਂਦੀ। ਪਰ ਮੇਰੀ ਇਸ ਮੇਹਨਤ ਨੂੰ ਗੁਰਸਿੱਖੀ ਨਾਲ ਪਿਆਰ ਕਰਨ ਵਾਲੇ ਸਾਰੇ ਹੀ ਸੱਜਣਾਂ ਨੇ ਸਲਾਹਿਆ ਹੈ, ਤੇ ਮੰਗ ਕੀਤੀ ਹੈ। ਇਸੇ ਹੀ ਸਦਕਾ ਮੈਂ ਹਾਨ ਲਾਭ ਨੂੰ ਨਾ ਵਿਚਾਰਦਾ ਹੋਇਆ ਸੰਗਤਾਂ ਤੀਕ *ਮਸਕੀਨ ਜੀ ਦੇ ਲੈਕਚਰ* ਭਾਗ ਦੂਜਾ ਪਹੁੰਚਾਣ ਦਾ ਇਕ ਨਿਮਾਣਾ ਜਿਹਾ ਯਤਨ ਕੀਤਾ ਹੈ, ਅਤੇ ਸੰਗਤਾਂ ਦੀ ਮੰਗ ਪੂਰੀ ਕੀਤੀ ਹੈ। ਉਮੀਦ ਹੈ ਪਹਿਲੇ ਭਾਗ ਦੀ ਤਰ੍ਹਾਂ ਸੰਗਤਾਂ ਇਸ ਪੁਸਤਕ ਨੂੰ ਵੀ ਪੜ੍ਹ ਕੇ ਦਾਸ ਦੀ ਹੌਸਲਾ-ਅਫ਼ਜ਼ਾਈ ਕਰਨਗੀਆਂ। ਦੂਸਰੇ ਲੈਕਚਰ ਵੀ ਮਸਕੀਨ ਜੀ ਦੇ ਸੰਗਤਾਂ ਤਕ ਪਹੁੰਚਾਣ ਦੀ ਮੈਂ ਕੋਸ਼ਿਸ਼ ਵਿਚ ਹਾਂ।

ਛਪਵਾਈ ਵਿਚ, ਗੁਰਬਾਣੀ ਅਤੇ ਸ਼ੇਅਰਾਂ ਵਿਚ ਗ਼ਲਤੀਆਂ ਰਹਿ ਗਈਆਂ ਹੋਣਗੀਆਂ, ਉਸ ਲਈ ਮੈਂ ਖਿਮਾ ਦਾ ਜਾਚਕ ਹਾਂ।

ਅੰਤ ਵਿਚ ਮੈਂ ਮਸਕੀਨ ਜੀ, ਪ੍ਰਿੰਸੀਪਲ ਧਰਮ ਸਿੰਘ ਜੀ, ਸਿੰਘ ਬ੍ਰਦਰਜ਼,

Sri Satguru Jagjit Singh Ji eLibrary NamdhariElibrary@gmail.com

ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ, ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਭਾਈ ਜਸਬੀਰ ਸਿੰਘ ਬੀਰ ਪਟਿਆਲਾ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਪੁਸਤਕ ਦੇ ਛਪਵਾਉਣ ਵਿਚ ਯਥਾ ਯੋਗ ਸਮਰਥਨ ਦਿੱਤਾ।

ਦਾਸ—
**ਡਾ. ਅਨੋਖ ਸਿੰਘ**
ਪਿੰਡ ਤੇ ਡਾਕਘਰ ਟਿੱਬੀ,
ਜ਼ਿਲ੍ਹਾ ਸ੍ਰੀ ਗੰਗਾਨਗਰ (ਰਾਜਸਥਾਨ)

www.archive.org/details/namdhari


Sri Satguru Jagjit Singh Ji eLibrary NamdhariElibrary@gmail.com

# ਮੁਖਬੰਧ

ਸਿੱਖੀ ਇਕ ਪ੍ਰਚਾਰਕ ਧਰਮ ਹੈ। ਇਸ ਧਰਮ ਦਾ ਪ੍ਰਚਾਰਕ ਹੋਣਾ ਇਕ ਬਹੁਤ ਵੱਡੀ ਮਾਣ ਵਾਲੀ ਗੱਲ ਹੈ। ਸਿਖ ਸਮਾਜ ਵਿਚ ਪ੍ਰਚਾਰਕ ਦਾ ਸਤਿਕਾਰ ਵੀ ਬਹੁਤ ਹੈ। ਉਸ ਦੀਆਂ ਸੰਸਾਰਕ ਲੋੜਾਂ ਵੀ ਸੰਗਤਾਂ ਆਪੇ ਹੀ ਪੂਰੀਆਂ ਕਰ ਦੇਂਦੀਆਂ ਹਨ। ਬਸ਼ਰਤਿ ਕਿ ਸ਼ਬਦ ਦੇ ਸਹੀ ਅਰਥਾਂ ਵਿਚ ਗੁਰਮਤਿ ਦਾ ਪ੍ਰਚਾਰਕ ਹੋਵੇ। ਦੂਜਿਆਂ ਨੂੰ ਗੁਰਮਤਿ ਦੇ ਉਪਦੇਸ਼ ਕਰਨ ਵਾਲਾ ਹੋਵੇ, ਪਰ ਆਪ ਜੇ ਕਰਣੀ-ਹੀਣ ਹੋਵੇ ਤਾਂ ਉਸ ਬਾਰੇ ਗੁਰਬਾਣੀ ਦਾ ਫ਼ੁਰਮਾਨ ਹੈ:

**ਅਵਰ ਉਪਦੇਸੈ ਆਪਿ ਨ ਕਰੈ ॥**
**ਆਵਤ ਜਾਵਤ ਜਨਮੈ ਮਰੈ ॥** *(ਪੰਨਾ ੨੬੯)*

ਭਗਤ ਕਬੀਰ ਜੀ ਕਰਣੀ-ਹੀਣ ਪ੍ਰਚਾਰਕ ਬਾਰੇ ਫ਼ੁਰਮਾਉਂਦੇ ਹਨ:

**ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ ॥**
**ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ ॥੯੮॥** *(ਪੰਨਾ ੧੩੬੯)*

ਜਿਸ ਪੁਰਸ਼ ਵਿਚ ਕਹਿਣੀ ਤੇ ਕਰਣੀ ਦਾ ਸੁਮੇਲ ਹੈ ਉਥੇ ਹੀ ਪੂਰੀ ਮਤਿ ਹੈ, ਨਹੀਂ ਤਾਂ ਕਰਣੀ-ਹੀਣ ਪੁਰਸ਼ ਹਮੇਸ਼ਾ ਘਾਟੇ ਵਿਚ ਹੀ ਰਹਿੰਦਾ ਹੈ:

**ਜਹ ਕਰਣੀ ਤਹ ਪੂਰੀ ਮਤਿ ॥ ਕਰਣੀ ਬਾਝਹੁ ਘਟੇ ਘਟਿ ॥੩॥੩੦॥**
*(ਪੰਨਾ ੨੫)*

'ਸੂਰਬੀਰ ਬਚਨ ਕੇ ਬਲੀ' ਉਹ ਪੁਰਖ ਹਨ ਜਿਨ੍ਹਾਂ ਦੀ ਕਹਿਣੀ ਤੇ ਕਰਣੀ ਇਕ-ਮਿਕ ਹੋਈ ਹੁੰਦੀ ਹੈ। ਉਨ੍ਹਾਂ ਦੇ ਅੰਦਰ ਨਿਰੰਕਾਰ ਵਸਦਾ ਹੈ, ਜਿਸ ਕਰਕੇ ਉਨ੍ਹਾਂ ਦੀ ਸਿਖਿਆ ਸੰਸਾਰ ਨੂੰ ਤਾਰ ਦੇਂਦੀ ਹੈ:

**ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥**
**ਤਿਸ ਕੀ ਸੀਖ ਤਰੈ ਸੰਸਾਰੁ ॥੭॥੫॥** *(ਪੰਨਾ ੨੬੯)*

ਜੋ ਵਿਦਵਾਨ ਹੋਣ ਦੇ ਨਾਲ ਨਾਲ ਪਰਮੇਸ਼ਰ ਦੇ ਨਾਮ-ਰਸ ਵਿਚ ਜੁੜਿਆ



Sri Satguru Jagjit Singh Ji eLibrary NamdhariElibrary@gmail.com

ਹੋਇਆ ਹੈ, ਉਸ ਵਿਦਵਾਨ ਦੇ ਉਪਦੇਸ਼ ਨੂੰ ਸੁਣ ਕੇ ਮੁਰਦਾ-ਦਿਲ-ਬੰਦੇ ਜ਼ਿੰਦਾ ਹੋ ਉਠਦੇ ਹਨ :

**ਰਾਮ ਨਾਮ ਸਾਰੁ ਰਸੁ ਪੀਵੈ ॥**
**ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥੪॥੯॥** *(ਪੰਨਾ ੨੭੪)*

ਸਿਖ ਇਤਿਹਾਸ ਵਿਚ ਕਰਣੀ-ਪ੍ਰਧਾਨ ਬੇਅੰਤ ਮਹਾਂਪੁਰਖ ਗੁਰਸਿੱਖ ਹੋ ਗੁਜ਼ਰੇ ਹਨ, ਜਿਨ੍ਹਾਂ ਨੇ ਆਪੋ ਆਪਣੇ ਸਮੇਂ ਜ਼ਿੰਦਗੀ ਦਾ ਬੇਸ਼ਤਰ ਹਿੱਸਾ ਗੁਰਮਤਿ ਪ੍ਰਚਾਰ ਵਿਚ ਲਾਇਆ। ਵਰਤਮਾਨ ਸਮੇਂ ਵਿਚ ਹੀ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲੇ ਇਕ ਅਜਿਹੀ ਸ਼ਖ਼ਸੀਅਤ ਸਨ, ਜਿਨ੍ਹਾਂ ਦੇ ਮਨ ਬਾਣੀ ਸਰੀਰ ਵਿਚ ਗੁਰਮਤਿ ਦਾ ਪ੍ਰਵੇਸ਼ ਸੀ, ਉਨ੍ਹਾਂ ਦੇ ਪ੍ਰਚਾਰ ਦਾ ਸਦਕਾ ਅਨੇਕਾਂ ਅਨਮਤੀ ਤੇ ਭੁੱਲੜ ਸਿਖ ਮੁੜ ਗੁਰਮਤਿ ਦੀ ਰੌਸ਼ਨੀ ਵਿਚ ਆਏ।

ਅਜੋਕੇ ਸਮੇਂ ਮਹਾਨ ਵਿਦਵਾਨ, ਦਾਰਸ਼ਨਿਕ ਤੇ ਗੁਰਮਤਿ ਦੇ ਧਾਰਨੀ ਗੁਰਮੁਖਿ, ਗਿਆਨੀ ਸੰਤ ਸਿੰਘ ਜੀ 'ਮਸਕੀਨ' ਹਨ, ਜਿਨ੍ਹਾਂ ਨੇ ਗੁਰਮਤਿ ਪ੍ਰਚਾਰ ਨੂੰ ਆਪਣੀ ਜ਼ਿੰਦਗੀ ਦਾ ਨਿਸ਼ਾਨਾ ਬਣਾਇਆ ਹੋਇਆ ਹੈ। ਉਹਨਾਂ ਦੀ ਜ਼ਿੰਦਗੀ ਤੇ ਇਸ ਪੁਸਤਕ ਬਾਰੇ ਅਗਲੇ ਪੰਨਿਆਂ 'ਤੇ ਪਾਠਕ ਸੰਖੇਪ ਵਾਕਫ਼ੀਅਤ ਪੜ੍ਹਨਗੇ।

## ਗਿਆਨੀ ਸੰਤ ਸਿੰਘ ਜੀ 'ਮਸਕੀਨ'

ਸਤਿਕਾਰ ਯੋਗ ਪਿਤਾ ਸ: ਕਰਤਾਰ ਸਿੰਘ ਜੀ ਦੇ ਘਰ, ਪੂਜਯ ਮਾਤਾ ਰਾਮ ਕੌਰ ਜੀ ਦੀ ਕੁੱਖੋਂ ਗਿਆਨੀ ਸੰਤ ਸਿੰਘ ਜੀ 'ਮਸਕੀਨ' ਦਾ ਜਨਮ ਕਸਬਾ ਲੱਕ ਮਰਵਤ, ਜ਼ਿਲ੍ਹਾ ਬੰਨੂ, ਸੂਬਾ ਸਰਹੱਦ (ਪਾਕਿਸਤਾਨ) ਵਿਖੇ ਅਕਤੂਬਰ ੧੯੩੪ ਈ: ਨੂੰ ਹੋਇਆ। ਖ਼ਾਲਸਾ ਸਕੂਲ ਵਿਚ ਪ੍ਰਾਇਮਰੀ ਪਾਸ ਕੀਤੀ ਤੇ ਫਿਰ ਗੌਰਮਿੰਟ ਹਾਈ ਸਕੂਲ 'ਚ ਪੜ੍ਹਨ ਲਗੇ। ੧੯੪੭ ਈ: ਵਿਚ ਪਾਕਿਸਤਾਨ ਬਣ ਜਾਣ ਦੇ ਕਾਰਨ ਮੈਟ੍ਰਿਕ ਦਾ ਇਮਤਿਹਾਨ ਨਾ ਦੇ ਸਕੇ ਅਤੇ ਭਾਰਤ ਆ ਕੇ ਅਲਵਰ (ਰਾਜਸਥਾਨ) ਵਿਚ ਆ ਰਹੇ। ਰੇਲਵੇ ਵਿਚ ਡਰਾਈਵਰ ਦੀ ਟਰੇਨਿੰਗ ਵਿਚ ਦੋ ਮਹੀਨੇ ਕੰਮ ਕਰਨ ਤੋਂ ਬਾਅਦ ਮਨ ਨਾ ਲਗਣ ਦੇ ਕਾਰਨ ਕੰਮ ਵਿਚੇ ਹੀ ਛੱਡ ਗਏ। ਪਿਤਾ ਜੀ ੧੯੫੨ ਈ: ਵਿਚ ਅਲਵਰ ਵਿਖੇ ਅਕਾਲ ਚਲਾਣਾ ਕਰ ਗਏ। ਪ੍ਰਮਾਰਥਕ ਰੁਚੀਆਂ ਦੀ ਪ੍ਰਬਲਤਾ ਦੇ ਕਾਰਨ ਬਿਹੰਗਮ ਬਣ ਗਏ।


Sri Satguru Jagjit Singh Ji eLibrary NamdhariElibrary@gmail.com

ਬੈਜਨਾਥ ਧਾਮ ਤੇ ਕਟਕ ਆਦਿ ਥਾਵਾਂ 'ਤੇ ਬਿਹੰਗਮ ਸਾਧੂਆਂ ਨਾਲ ਵਿਚਰਦੇ ਰਹੇ ਤੇ ਬ੍ਰਹਮ-ਵਿਦਿਆ ਦਾ ਅਧਿਐਨ ਕਰਦੇ ਰਹੇ। ਗਿਆਨੀ ਬਲਵੰਤ ਸਿੰਘ ਜੀ ਨਿਰਮਲੇ ਸੰਤਾਂ ਪਾਸੋਂ ਗੁਰਮਤਿ ਦੀ ਵਿਦਿਆ ਪੜ੍ਹੀ, ਜੋ ਗੁਰਮਤਿ ਦੇ ਵਿਦਵਾਨ ਹੋਣ ਦੇ ਨਾਲ ਨਾਲ ਪੂਰਨ ਤਿਆਗੀ, ਸੰਜਮੀ, ਨਾਮ ਸਿਮਰਨ ਦੇ ਰਸੀਏ ਤੇ ਨਿਮਰਤਾ ਦੇ ਪੁੰਜ ਸਨ। ਇਸ ਦੌਰਾਨ ਮਸਕੀਨ ਜੀ ਚੰਗੀ ਕਥਾ ਕਰਨ ਲੱਗ ਪਏ।

ਮਹਾਂ ਨਦੀ ਦੇ ਕੰਢੇ ਕਸਬਾ ਬੁਰਲਾ (ਸੰਬਲਪੁਰ) ਉੜੀਸਾ ਵਿਚ ਰਹਿਣ ਲੱਗ ਪਏ। ਭਜਨ ਸਿਮਰਨ ਦੇ ਨਾਲ ਨਾਲ ਸੰਗਤਾਂ ਨੂੰ ਗੁਰਬਾਣੀ ਦੀ ਕਥਾ ਸੁਣਾ ਕੇ ਨਿਹਾਲ ਕਰਦੇ ਰਹੇ। ਸੰਗਤਾਂ ਨੂੰ ਪ੍ਰੇਰ ਕੇ ਗੁਰਦੁਆਰਾ ਸਾਹਿਬ ਬਣਵਾਇਆ। ਇਥੇ ਰਹਿਣ ਸਮੇਂ ਭਜਨ ਤੇ ਸਤਿਸੰਗ ਦੇ ਅਨੰਦ ਨੂੰ ਮਾਣਨ ਲਈ ਸਾਧੂ ਬਿਹੰਗਮ ਵੀ ਆ ਠਹਿਰਦੇ। ਜੋ ਮਾਇਆ ਆਉਂਦੀ, ਗੁਰਦੁਆਰੇ ਦੇ ਖ਼ਰਚ ਪੂਰੇ ਕਰ ਕੇ ਬਾਕੀ ਸਾਧੂ ਬਿਹੰਗਮਾਂ ਨੂੰ ਵੰਡ ਛਡਦੇ। ੧੯੫੭ ਦੇ ਅਖ਼ੀਰ ਵਿਚ ਵਾਪਸ ਅਲਵਰ ਮਾਤਾ ਜੀ ਪਾਸ ਆ ਗਏ। ੧੯੫੯ ਵਿਚ ਆਪ ਜੀ ਦੀ ਸ਼ਾਦੀ ਹੋ ਗਈ।

ਅਲਵਰ ਵਿਖੇ ਮਕਾਨ ਆਪਣਾ ਹੈ, ਜਿਥੇ ਆਪ ਦਾ ਪੱਕਾ ਨਿਵਾਸ ਹੈ। ਭਾਰਤ ਦੇ ਵੱਡੇ ਵੱਡੇ ਸ਼ਹਿਰਾਂ ਅੰਮ੍ਰਿਤਸਰ, ਪਟਨਾ ਸਾਹਿਬ, ਦਿੱਲੀ, ਬੰਬਈ, ਕਲਕੱਤਾ, ਇੰਦੌਰ, ਕਾਨ੍ਹਪੁਰ ਅਤੇ ਅਲੀਗੜ੍ਹ ਆਦਿ ਵਿਚ ਸਿਖ ਸਟੇਜਾਂ ਤੋਂ ਗੁਰਪੁਰਬਾਂ ਤੇ ਹੋਰ ਆਮ ਸਮਾਗਮਾਂ ਸਮੇਂ ਪੁਜ ਕੇ ਗੁਰਮਤਿ ਦੇ ਵਿਚਾਰ ਪ੍ਰਗਟ ਕਰਦੇ ਰਹਿੰਦੇ ਹਨ। ਪਿਛਲੇ ਸਾਲਾਂ ਵਿਚ ਕਈ ਵਾਰ ਅਫ਼ਗਾਨਿਸਤਾਨ, ਈਰਾਨ, ਕੁਵੈਤ ਤੇ ਸਿੰਗਾਪੁਰ, ਮਲੇਸ਼ੀਆ ਆਦਿ ਮੁਲਕਾਂ ਵਿਚ ਵੀ ਉਥੋਂ ਦੇ ਸਿੱਖਾਂ ਦੀ ਮੰਗ ਨੂੰ ਮੁਖ ਰੱਖ ਕੇ ਗੁਰਮਤਿ ਪ੍ਰਚਾਰ ਦੁਆਰਾ, ਗੁੰਮਰਾਹ ਹੋਏ ਸਿੱਖਾਂ ਨੂੰ ਪਾਖੰਡੀਆਂ ਦੇ ਜਾਲ ਵਿਚੋਂ ਕੱਢ ਕੇ ਸਿੱਖੀ ਮਾਰਗ 'ਤੇ ਤੋਰ ਆਏ ਹਨ। ਕਈ ਜਗ੍ਹਾ ਅਨਮਤੀਆਂ ਦੇ ਬੁਲਾਵੇ 'ਤੇ ਉਹਨਾਂ ਦੀਆਂ ਸਟੇਜਾਂ ਤੋਂ ਵੀ ਗੁਰਮਤਿ ਫ਼ਿਲਾਸਫ਼ੀ ਦੀ ਉੱਚਤਾ ਦਰਸਾਂਦੇ ਹਨ।

ਆਪ ਵਿਚ ਉਦਾਰਤਾ ਦਾ ਇਕ ਵਿਸ਼ੇਸ਼ ਗੁਣ ਹੈ, ਜਿਸ ਅਧੀਨ ਅਲਵਰ ਵਿਚ ਇਕ ਸਕੂਲ ਚਲਦਾ ਹੈ। ਕਈ ਯਤੀਮਾਂ, ਵਿਧਵਾਵਾਂ ਤੇ ਲੋੜਵੰਦਾਂ ਦੀ ਮਾਇਕ ਸਹਾਇਤਾ ਕਰ ਕੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜੇ ਹੋਣ ਦੇ ਯੋਗ ਬਣਾਉਂਦੇ ਹਨ। ਮਸਕੀਨ ਜੀ ਇਸ ਵੇਲੇ ਇਕ ਵਿਅਕਤੀ ਨਹੀਂ, ਸਗੋਂ ਇਕ ਸੰਸਥਾ ਹਨ। ਕਈ ਪ੍ਰਚਾਰਕ ਆਪ ਦੇ ਲੈਕਚਰ ਸੁਣ ਸੁਣ ਕੇ ਤੇ ਨੋਟ ਲੈ ਕੇ


Sri Satguru Jagjit Singh Ji eLibrary NamdhariElibrary@gmail.com

ਸਫਲ ਪ੍ਰਚਾਰਕ ਬਣ ਰਹੇ ਹਨ।

ਆਪ ਦੀ ਕਥਾ ਤੇ ਵਿਆਖਿਆ ਦਾ ਢੰਗ ਅਨੂਪਮ, ਨਵੀਨ, ਦਾਰਸ਼ਨਿਕ ਤੇ ਵਿਗਿਆਨਕ ਹੈ। ਵਿਆਖਿਆ ਕਰਨ ਸਮੇਂ ਆਪ ਦੀ ਇਕਾਗਰਤਾ ਸ੍ਰੋਤਿਆਂ ਦੀਆਂ ਸੁਰਤਾਂ ਨੂੰ ਆਪਣੇ ਵੱਲ ਖਿੱਚੀ ਰੱਖਦੀ ਹੈ। ਆਵਾਜ਼ ਵਿਚ ਤਾਕਤ, ਸੁਰੀਲਾਪਨ ਤੇ ਮਿਠਾਸ ਹੈ। ਆਪ ਦੀ ਤਰਜ਼-ਬਿਆਨੀ ਵਿਦਵਾਨਾਂ ਅਤੇ ਅਨਪੜ੍ਹਾਂ ਦੋਹਾਂ ਉਪਰ ਇਕੋ ਜਿਹਾ ਪ੍ਰਭਾਵ ਪਾਉਂਦੀ ਹੈ। ਕੋਈ ਵੀ ਸ੍ਰੋਤਾ ਆਪ ਦੀ ਜਾਦੂ-ਬਿਆਨੀ ਦੇ ਪ੍ਰਭਾਵ ਤੋਂ ਬਚ ਨਹੀਂ ਸਕਦਾ। ਵਕਤੇ ਦੇ ਗ੍ਰੰਥਾਂ ਵਿਚ ਲਿਖੇ ਚੌਦਾਂ ਗੁਣ ਆਪ ਦੀ ਕਥਨੀ ਵਿਚੋਂ ਡਲ੍ਹਕਾਂ ਮਾਰਦੇ ਹਨ। ਸਭ ਤੋਂ ਵੱਡੀ ਤੇ ਵਿਸ਼ੇਸ਼ ਖ਼ੂਬੀ ਜੋ ਆਪ ਵਿਚ ਵੇਖੀ ਗਈ ਹੈ, ਉਹ ਇਹ ਹੈ ਕਿ ਦੇਹਧਾਰੀ ਗੁਰੂਆਂ, ਪਾਖੰਡੀ ਸਾਧਾਂ ਸੰਤਾਂ, ਗੁਰਦੁਆਰਿਆਂ ਦੇ ਪ੍ਰਧਾਨਾਂ ਤੇ ਸਕੱਤਰਾਂ ਤੇ ਰਾਜਨੀਤਕਾਂ ਦੀਆਂ ਗ਼ਲਤੀਆਂ, ਕਮਜ਼ੋਰੀਆਂ, ਠੱਗੀਆਂ ਤੇ ਉਨ੍ਹਾਂ ਦੇ ਪਾਖੰਡ-ਜਾਲ ਨੂੰ ਉਨ੍ਹਾਂ ਦੇ ਸਾਹਮਣੇ ਬੈਠਿਆਂ ਤਾਰ ਤਾਰ ਕਰ ਦੇਂਦੇ ਹਨ। ਐਸਾ ਕਰਨਾ ਆਪ ਜੈਸੇ ਦਲੇਰ ਮਰਦ ਦਾ ਹੀ ਕੰਮ ਹੈ। ਕਿਸੇ ਵਿਅਕਤੀ ਵਿਸ਼ੇਸ਼ ਦੀ ਖ਼ੁਸ਼ਾਮਦ ਕਰਨੀ ਜਾਂ ਕਿਸੇ ਦੀ ਝੇਪ ਮੰਨਣੀ ਆਪ ਦੀ ਫ਼ਿਤਰਤ ਵਿਚ ਹੀ ਨਹੀਂ। ਇਹ ਉਪ੍ਰੋਕਤ ਗੁਣ ਕਿਸੇ ਧਰਮ ਪ੍ਰਚਾਰਕ ਜਾਂ ਵਿਆਖਿਆਕਾਰ ਵਿਦਵਾਨ ਵਿਚ ਘੱਟ ਹੀ ਵੇਖਣ ਵਿਚ ਆਏ ਹਨ। ਆਪ ਗੁਰਮਤਿ ਪ੍ਰਚਾਰ ਦਾ ਕਿਸੇ ਪਾਸੋਂ ਕੋਈ ਇਵਜ਼ਾਨਾ ਨਹੀਂ ਮੰਗਦੇ, ਇਹ ਇਕ ਵੱਖਰੀ ਗੱਲ ਹੈ ਕਿ ਸੰਗਤਾਂ ਉਨ੍ਹਾਂ ਦੀਆਂ ਲੋੜਾਂ ਤੋਂ ਵੱਧ ਉਨ੍ਹਾਂ ਦੀ ਸਹਾਇਤਾ ਕਰ ਦੇਂਦੀਆਂ ਹਨ।

**ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ**

ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ

www.archive.org/details/namdhari


Sri Satguru Jagjit Singh Ji eLibrary NamdhariElibrary@gmail.com

# ਪੁਸਤਕ ਬਾਰੇ

*ਮਸਕੀਨ ਜੀ ਦੇ ਲੈਕਚਰ* ਭਾਗ ਦੂਜਾ ਪੁਸਤਕ ਪੰਥ ਦੇ ਪ੍ਰਸਿੱਧ ਵਿਦਵਾਨ ਤੇ ਵਿਆਖਿਆਕਾਰ ਗਿਆਨੀ ਸੰਤ ਸਿੰਘ ਜੀ 'ਮਸਕੀਨ' ਦੇ ਸਿੰਗਾਪੁਰ ਵਿਚ ਦਿੱਤੇ ਲੈਕਚਰਾਂ ਨੂੰ ਡਾ. ਅਨੋਖ ਸਿੰਘ ਜੀ ਨੇ ਟੇਪ-ਰਿਕਾਰਡ ਕਰ ਕੇ, ਲਿਖ ਕੇ, ਛਪਾਉਣ ਦਾ ਉੱਦਮ ਕੀਤਾ ਹੈ। ਇਹ ਕੰਮ ਬੜਾ ਕਠਨ ਸੀ ਤੇ ਕਾਫ਼ੀ ਸਮੇਂ ਤੇ ਮੇਹਨਤ ਦੀ ਵੀ ਮੰਗ ਕਰਦਾ ਸੀ। ਲਗਨ ਤੇ ਸ਼ੌਕ ਤੋਂ ਬਿਨਾਂ ਇਹ ਕੰਮ ਕੀਤਾ ਵੀ ਨਹੀਂ ਜਾ ਸਕਦਾ ਸੀ। ਇਸ ਪੁਸਤਕ ਤੋਂ ਪਹਿਲਾਂ ਡਾ. ਅਨੋਖ ਸਿੰਘ ਨੇ *ਮਸਕੀਨ ਜੀ ਦੇ ਲੈਕਚਰ* ਨਾਮੀ ਪੁਸਤਕ, ਜਿਸ ਵਿਚ ਢੁਕਵੇਂ ਸੱਤ ਲੈਕਚਰ ਹਨ, ਛਪਵਾਈ ਸੀ, ਅਤੇ ਉਸ ਦੀਆਂ ਦੋ ਐਡੀਸ਼ਨਾਂ ਵਿਕ ਚੁੱਕੀਆਂ ਹਨ। ਪੁਸਤਕ ਤੇ ਮੇਹਨਤ ਨੂੰ ਮੁਖ ਰੱਖ ਕੇ ਜੇ ਵੇਖੀਏ ਤਾਂ ਜਿਥੋਂ ਤਕ ਮੇਰੀ ਨਿਜੀ ਵਾਕਫ਼ੀ ਹੈ, ਡਾ. ਅਨੋਖ ਸਿੰਘ ਮੁਸ਼ਕਲ ਨਾਲ ਛਪਵਾਈ ਤੇ ਕਾਗਜ਼ ਆਦਿ ਦਾ ਖ਼ਰਚਾ ਹੀ ਪੂਰਾ ਕਰ ਸਕੇ ਹਨ। ਇਹੀ ਕਾਰਨ ਹੈ ਕਿ ਦੂਸਰੇ ਭਾਗ ਵਿਚ ਛਪਵਾਈ ਕਾਫ਼ੀ ਲੇਟ ਹੋ ਗਈ ਹੈ।

ਡਾ. ਅਨੋਖ ਸਿੰਘ ਦੇ ਪਿਤਾ ਡਾ. ਮੁਕੰਦ ਸਿੰਘ ਜੀ, ਜੋ ਕਿ ਸਾਡੇ ਨਿੱਜੀ ਮਿੱਤਰ ਹਨ, ਅਤੇ ਜਿਨ੍ਹਾਂ ਨੇ ਕਾਫ਼ੀ ਸਮਾਂ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ ਦੇ ਜਥੇ ਵਿਚ ਰਹਿ ਕੇ ਗੁਰਮਤਿ ਦੀ ਵਿਦਿਆ ਹਾਸਲ ਕੀਤੀ, ਚੰਗੇ ਗੁਰਮੁਖ ਅਤੇ ਨਾਮ ਸਿਮਰਨ ਦੇ ਰਸੀਏ ਪੁਰਖ ਹਨ। ਇਹੀ ਕਾਰਨ ਹੈ ਕਿ ਡਾ. ਅਨੋਖ ਸਿੰਘ ਜੀ ਨੂੰ ਗੁਰਸਿੱਖੀ ਤੇ ਗੁਰਮਤਿ ਦੀ ਵਿਦਿਆ ਵਿਰਸੇ ਵਿਚੋਂ ਮਿਲੀ। ਆਪ ਜੀ ਦਾ ਸੰਤ ਭਿੰਡਰਾਂਵਾਲਿਆਂ ਨਾਲ ਰਿਸ਼ਤੇਦਾਰੀ ਦਾ ਵੀ ਸੰਬੰਧ ਹੈ।

ਸੰਗਤਾਂ ਦੀ ਇਹ ਚਿਰੋਕਣੀ ਮੰਗ ਹੈ, ਪਰ ਇਹ ਕੰਮ ਹਰ ਇਕ ਬੰਦੇ ਦੇ ਕਰਨ ਦਾ ਨਹੀਂ ਸੀ। ਸੰਗਤਾਂ ਦੀ ਮੰਗ ਨੂੰ ਮੁਖ ਰੱਖ ਕੇ ਬਗ਼ੈਰ ਕਿਸੇ ਲਾਲਚ ਤੋਂ ਡਾਕਟਰ ਸਾਹਿਬ ਨੇ ਮਸਕੀਨ ਜੀ ਦੇ ਦੂਸਰੇ ਲੈਕਚਰਾਂ ਨੂੰ ਸੰਗਤਾਂ ਤਕ ਅਪੜਾਣ ਦਾ ਉਪਰਾਲਾ ਕੀਤਾ ਹੈ, ਜਿਸ ਦੀ ਸ਼ਲਾਘਾ ਕੀਤੇ ਬਿਨਾ ਨਹੀਂ ਰਿਹਾ ਜਾ ਸਕਦਾ। ਡਾਕਟਰ ਸਾਹਿਬ ਨੇ ਗਿ: ਸੰਤ ਸਿੰਘ ਜੀ ਮਸਕੀਨ ਹੋਰਾਂ ਪਾਸੋਂ ਇਨ੍ਹਾਂ ਲੈਕਚਰਾਂ ਦੇ


Sri Satguru Jagjit Singh Ji eLibrary NamdhariElibrary@gmail.com

ਛਪਵਾਣ ਦੀ ਲਿਖਤੀ ਆਗਿਆ ਵੀ ਲਈ ਹੋਈ ਹੈ। ਉਂਜ ਉਹਨਾਂ ਪਾਸ ਕਰੀਬਨ ਸੌ ਕੁ ਲੈਕਚਰ ਟੇਪ ਹੋਏ ਪਏ ਹਨ, ਇਸ ਪੁਸਤਕ ਵਿਚ ਤੇਰ੍ਹਾਂ ਲੈਕਚਰ ਦਿੱਤੇ ਹਨ।

ਮਸਕੀਨ ਜੀ ਦੇ ਲੈਕਚਰਾਂ ਵਿਚ ਗੁਰਮਤਿ ਦੀ ਸਹੀ ਤਸਵੀਰ ਖਿੱਚੀ ਹੋਈ ਹੈ। ਗੁਰਬਾਣੀ ਦੀ ਸਰਲ ਤੇ ਭਾਵ-ਪੂਰਤ ਵਿਆਖਿਆ ਕੀਤੀ ਗਈ ਹੈ। ਸਿੱਖੀ ਦੇ ਦਾਰਸ਼ਨਿਕ ਪੱਖਾਂ 'ਤੇ ਭਰਪੂਰ ਚਾਨਣਾ ਪਾਇਆ ਹੋਇਆ ਹੈ। ਸਿਖ ਇਤਿਹਾਸ ਨੂੰ ਨਵੀਂ ਰੌਸ਼ਨੀ ਵਿਚ ਨਵੀਨ ਢੰਗ ਨਾਲ ਬਿਆਨਿਆ ਹੈ। ਇਸ ਪੁਸਤਕ ਵਿਚ ਲਿਖੇ ਗਏ ਵਿਆਖਿਆਨਾਂ ਵਿਚ ਮਸਕੀਨ ਜੀ ਦੇ ਗੁਰਬਾਣੀ ਵਿਚ ਵਰਣਿਤ ਕਿਸੇ ਇਕ ਪੱਖ ਨੂੰ ਸਾਹਮਣੇ ਰੱਖ ਕੇ ਉਸ ਦੀ ਵਿਆਖਿਆ ਲਈ, ਗੁਰਬਾਣੀ, ਗੁਰ-ਇਤਿਹਾਸ, ਭਾਈ ਗੁਰਦਾਸ ਜੀ ਦੀ ਬਾਣੀ, ਦਸਮ ਗ੍ਰੰਥ, ਭਾਈ ਨੰਦ ਲਾਲ ਜੀ ਦੀ ਰਚਨਾ ਤੋਂ ਬਿਨਾਂ ਸੂਫ਼ੀ ਫ਼ਕੀਰਾਂ ਦੇ ਕਲਾਮ, ਦੁਨੀਆ ਦੇ ਹੋਰ ਫ਼ਿਲਾਸਫ਼ਰਾਂ ਦੇ ਵੀਚਾਰ ਤੇ ਆਪਣਾ ਅਨੁਭਵ ਮਿਲਾ ਕੇ ਅਜਿਹੇ ਗੁਲਦਸਤੇ ਬਣਾਏ ਹਨ, ਜਿਨ੍ਹਾਂ ਦੀ ਖ਼ੁਸ਼ਬੂ ਨਾਲ ਹਰ ਪਾਠਕ ਸੁਗੰਧਤ ਹੋ ਜਾਂਦਾ ਹੈ। ਇਸ ਪੁਸਤਕ ਤੋਂ ਜਿਥੇ ਮਸਕੀਨ ਜੀ ਦੀ ਕਥਾ ਤੋਂ ਸ੍ਰੋਤੇ ਮੁੜ ਉਹੋ ਜਿਹਾ ਰਸ ਮਾਣ ਸਕਣਗੇ ਉਥੇ ਜਿਨ੍ਹਾਂ ਨੂੰ ਉਹਨਾਂ ਦੀ ਕਥਾ ਸੁਣਨੀ ਨਸੀਬ ਨਹੀਂ, ਉਹ ਵੀ ਕਥਾ ਸੁਣਨ ਜਿੰਨਾ ਅਨੰਦ ਪ੍ਰਾਪਤ ਕਰ ਸਕਣਗੇ, ਅਤੇ ਨਵੇਂ ਉਠ ਰਹੇ ਧਰਮ-ਪ੍ਰਚਾਰਕ ਇਸ ਪੁਸਤਕ ਤੋਂ ਸੇਧ ਅਤੇ ਮੈਟਰ ਲੈ ਕੇ ਸਫਲ ਪ੍ਰਚਾਰਕ ਅਤੇ ਕਥਾਕਾਰ ਬਣ ਸਕਣਗੇ। ਮਸਕੀਨ ਜੀ ਨੇ ਖ਼ੁਦ ਵੀ ਆਪਣੇ ਵੀਚਾਰਾਂ ਨੂੰ ਸੰਕਲਿਤ ਕੀਤਾ ਹੈ, ਜੋ ਕਿ ਸਮੁੰਦਰ ਨੂੰ ਕੁੱਜੇ ਵਿਚ ਬੰਦ ਕਰਨ ਵਾਲੀ ਗੱਲ ਹੀ ਹੈ। ਉਮੀਦ ਹੈ, ਮਸਕੀਨ ਜੀ ਦੀ ਲਿਖੀ ਪੁਸਤਕ ਵੀ ਇਸੇ ਮਹੀਨੇ ਹੀ ਰੀਲੀਜ਼ ਹੋ ਜਾਏਗੀ।

ਮੈਂ ਅੰਤ ਵਿਚ ਡਾ. ਅਨੋਖ ਸਿੰਘ ਜੀ ਦੀ ਇਸ ਪੁਸਤਕ ਦੇ ਲਿਖਣ ਅਤੇ ਛਾਪਣ ਉਤੇ ਪ੍ਰਸੰਸਾ ਕਰਦਾ ਹਾਂ, ਜਿਨ੍ਹਾਂ ਨੇ ਸੰਗਤਾਂ ਦੀ ਚਿਰੋਕਣੀ ਮੰਗ ਪੂਰੀ ਕੀਤੀ ਹੈ। ਮੈਂ ਆਮ ਸੰਗਤਾਂ, ਗੁਰਬਾਣੀ ਦੇ ਰਸੀਆਂ, ਪ੍ਰਚਾਰਕਾਂ, ਕਥਾ-ਵਾਚਕਾਂ, ਅਧਿਆਪਕਾਂ, ਪ੍ਰੋਫ਼ੈਸਰਾਂ ਆਦਿ ਦੀ ਸੇਵਾ ਵਿਚ ਪੁਰਜ਼ੋਰ ਅਪੀਲ ਕਰਾਂਗਾ ਕਿ ਇਹ ਪੁਸਤਕ ਹਰ ਘਰ, ਗੁਰਦਵਾਰੇ, ਲਾਇਬ੍ਰੇਰੀ ਤੇ ਸਕੂਲ ਕਾਲਜ ਵਿਚ ਪੁਜਣੀ ਚਾਹੀਦੀ ਹੈ, ਜਿਸ ਨਾਲ ਸਿਖ ਸਮਾਜ ਨੂੰ ਗੁਰਬਾਣੀ ਦੀ ਰੌਸ਼ਨੀ ਮਿਲੇ ਅਤੇ ਲੇਖਕ ਦੀ ਵੀ ਹੌਸਲਾ-ਅਫ਼ਜ਼ਾਈ ਹੋਵੇ।

*ਗੁਰਮਤਿ ਦੇ ਪ੍ਰੇਮੀਆਂ ਦਾ ਦਾਸ–*

**ਕਿਰਪਾਲ ਸਿੰਘ**

ਹੈੱਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ


Sri Satguru Jagjit Singh Ji eLibrary NamdhariElibrary@gmail.com

# ਗੁਰੁ ਅਰਜੁਨੁ ਪਰਤਖ੍ਹ ਹਰਿ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਕ ਸੱਚ ਦੀ ਸ਼ਮ੍ਹਾ ਜਲਾਈ ਤੇ ਸਤਿਗੁਰਾਂ ਦੀ ਕੋਸ਼ਿਸ਼ ਸੀ ਕਿ ਇਸ ਦੀ ਰੌਸ਼ਨੀ ਨੌ-ਖੰਡ ਪ੍ਰਿਥਮੀ ਤਕ ਪਹੁੰਚੇ। ਇਸ ਰੌਸ਼ਨੀ ਨੂੰ ਬੁਝਾਉਣ ਵਾਸਤੇ ਕੁਦਰਤੀ ਤੌਰ 'ਤੇ ਚਾਰੇ ਪਾਸਿਓਂ ਤੂਫ਼ਾਨ ਉਮਡ ਪਏ ਸਨ। ਦੀਵੇ ਨੂੰ ਬੁਝਾਣ ਵਾਸਤੇ ਆਂਧੀ ਬੜੀ ਸਮਰੱਥ ਹੁੰਦੀ ਹੈ। ਉਹ ਉਸ ਦੀ ਰੌਸ਼ਨੀ ਫੈਲਣ ਨਹੀਂ ਦਿੰਦੀ। ਕਈ ਦਫ਼ਾ ਐਸਾ ਵੀ ਹੁੰਦਾ ਹੈ ਕਿ ਬਹੁਤ ਸਾਰੇ ਕਾਲੇ ਬੱਦਲ ਅਸਮਾਨ ਵਿਚ ਛਾ ਜਾਂਦੇ ਹਨ ਤੇ ਸੂਰਜ ਦੀ ਰੌਸ਼ਨੀ ਨੂੰ ਜ਼ਮੀਨ ਤਕ ਉਤਨੀ ਨਹੀਂ ਪਹੁੰਚਣ ਦਿੰਦੇ, ਜਿਤਨੀ ਪਹੁੰਚਣੀ ਚਾਹੀਦੀ ਹੈ।

ਇਕ ਝਰਨੇ ਦਾ ਪਾਣੀ ਨਿਕਲਿਆ ਹੈ ਪਹਾੜ ਚੋਂ, ਚਲ ਰਿਹਾ ਹੈ, ਰਸਤੇ 'ਚ ਥਾਂ ਥਾਂ ਪੱਥਰਾਂ ਨਾਲ ਟਕਰਾ ਰਿਹਾ ਹੈ, ਚਟਾਨਾਂ ਨਾਲ ਟਕਰਾ ਰਿਹਾ ਹੈ। ਉਸ ਨੂੰ ਰਸਤਾ ਲਭਣਾ ਪੈਂਦਾ ਹੈ, ਸਾਗਰ ਤਕ ਪਹੁੰਚਣ ਵਾਸਤੇ, ਸਮੁੰਦਰ ਤਕ ਪਹੁੰਚਣ ਵਾਸਤੇ। ਇਸ ਤਰੀਕੇ ਨਾਲ ਜਦ ਵੀ ਕੋਈ ਮਹਾਂਪੁਰਸ਼ ਸੱਚ ਦਾ ਦੀਵਾ ਲੈ ਕੇ ਚਲਦਾ ਹੈ ਤੇ ਕੁਦਰਤੀ ਉਸ ਦੀਵੇ ਨੂੰ ਬੁਝਾਣ ਵਾਸਤੇ ਚਾਰੇ ਪਾਸੇ ਤੋਂ ਹਨੇਰੀਆਂ ਖੜੀਆਂ ਹੋ ਜਾਂਦੀਆਂ ਹਨ। ਏਸੇ ਪ੍ਰਕਾਰ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਤਕ ਭਿਅੰਕਰ ਝਖੜ ਝੁਲ ਗਏ।

ਆਪ ਨੂੰ ਪਤਾ ਹੀ ਹੈ ਕਿ ਸੰਸਾਰ ਵਿਚ ਸਜ਼ਾ ਜਾਂ ਤੇ ਚੋਰ-ਬਦਮਾਸ਼ ਵਾਸਤੇ ਹੈ ਜਾਂ ਫਿਰ ਸੰਤ ਵਾਸਤੇ ਹੈ। ਤੀਜੇ ਬੰਦੇ ਵਾਸਤੇ ਕੋਈ ਸਜ਼ਾ ਨਹੀਂ ਹੈ। ਹੁਣ ਤੁਸੀਂ ਹੈਰਾਨ ਹੋਵੋਗੇ ਕਿ ਇਕ ਚੋਰ ਨੂੰ, ਇਕ ਬਦਮਾਸ਼ ਨੂੰ, ਇਕ ਕਾਤਲ ਨੂੰ ਸੂਲੀ 'ਤੇ ਚਾੜ੍ਹਿਆ ਜਾਵੇ, ਇਹ ਤੇ ਗੱਲ ਸਮਝ ਵਿਚ ਆਉਂਦੀ ਹੈ, ਪਰ ਹੁਣ ਜੇ ਇਕ ਸੰਤ ਨੂੰ ਚਾੜ੍ਹਿਆ ਜਾਏ, ਤੇ ਸੋਚਣਾ ਪਏਗਾ। ਇਸ ਗੱਲ ਦੀ ਸਮਝ ਤੇ ਆਉਂਦੀ ਹੈ ਕਿ ਇਕ ਚੋਰ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ ਹੈ, ਪਰ ਹੁਣ ਇਕ ਗੁਰ-ਮੂਰਤੀ ਨੂੰ, ਇਕ ਮਹਾਨ ਅਵਤਾਰੀ ਪੁਰਸ਼ ਨੂੰ, ਇਕ ਮਹਾਨ ਕ੍ਰਾਂਤੀਕਾਰੀ ਪੁਰਸ਼ ਨੂੰ ਵੀ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ ਹੈ, ਇਹ ਗੱਲ ਕੀ ਹੈ ?


Sri Satguru Jagjit Singh Ji eLibrary NamdhariElibrary@gmail.com

ਸੰਸਾਰ ਦੇ ਇਤਿਹਾਸ ਵਿਚ ਦੋ ਤਰ੍ਹਾਂ ਦੇ ਮਨੁੱਖਾਂ ਦਾ ਨਾਮ ਹੈ, ਹੋਰ ਤੀਸਰੇ ਤਰ੍ਹਾਂ ਦੇ ਕਿਸੇ ਮਨੁੱਖ ਦਾ ਨਾਮ ਨਹੀਂ। ਸਾਰੀ ਦੁਨੀਆ ਦਾ ਤੁਸੀਂ ਇਤਿਹਾਸ ਪੜ੍ਹੋ, ਉਸ ਵਿਚ ਜਾਂ ਤੇ ਸ਼ੈਤਾਨ ਦੀ ਕਥਾ ਹੈ ਜਾਂ ਫਿਰ ਕਿਸੇ ਫ਼ਰਿਸ਼ਤੇ ਦੀ ਕਥਾ ਹੈ। ਜਾਂ ਦੇਵਤੇ ਦੀ ਗੱਲ ਹੈ ਜਾਂ ਫਿਰ ਦੈਂਤ ਦੀ ਗੱਲ ਹੈ। ਜਾਂ ਗੁਰਮੁਖ ਦੀ ਗੱਲ ਹੈ ਜਾਂ ਫਿਰ ਮਨਮੁਖ ਦੀ। ਜਾਂ ਸੰਤ ਦੀ ਗੱਲ ਹੈ ਜਾਂ ਫਿਰ ਦੁਸ਼ਟ ਦੀ। ਤੀਸਰੇ ਦੀ ਕੋਈ ਵੀ ਗੱਲ ਨਹੀਂ। ਔਰ ਕਿਸੇ ਵੀ ਇਤਿਹਾਸ ਵਿਚ ਨਹੀਂ।

ਕਈ ਦਫ਼ਾ ਸੋਚਣਾ ਪਿਆ ਕਿ ਇਤਿਹਾਸ ਵਿਚ ਇਕ ਸੰਤ ਦੀ ਗੱਲ ਤੇ ਹੈ, ਇਹ ਤੇ ਸਮਝ ਵਿਚ ਆਉਂਦੀ ਹੈ, ਪਰ ਇਤਿਹਾਸ ਵਿਚ ਦੁਸ਼ਟ ਦੀ ਗੱਲ ਕਿਉਂ ਹੈ? ਇਤਿਹਾਸ ਵਿਚ ਇਕ ਗੁਰੂ ਦੀ ਗੱਲ ਤੇ ਹੈ, ਰਹਿਬਰ ਦੀ ਗੱਲ ਤੇ ਹੈ, ਇਕ ਅਵਤਾਰੀ ਪੁਰਸ਼ ਦੀ ਗੱਲ ਤੇ ਹੈ, ਇਹ ਤੇ ਸਮਝ ਵਿਚ ਆਈ, ਪਰ ਇਕ ਜ਼ਾਲਮ ਦੀ ਗੱਲ ਕਿਉਂ ਹੈ? ਇਕ ਚੋਰ ਦੀ ਗੱਲ ਕਿਉਂ ਹੈ?

ਅਕਸਰ ਵੇਖਣ ਵਿਚ ਆਉਂਦਾ ਹੈ ਕਿ ਅਖ਼ਬਾਰਾਂ ਵਿਚ ਜੋ ਖ਼ਬਰਾਂ ਆਉਂਦੀਆਂ ਨੇ, ਕਹਿੰਦੇ ਨੇ ਇਹਦੇ ਵਿਚ ਦੋ ਪਰਸੈਂਟ ਚੰਗੀਆਂ ਹੁੰਦੀਆਂ ਨੇ, ਤੇ ਬਾਕੀ ਸਾਰੀਆਂ ਹੀ ਮਾੜੀਆਂ। ਅਗਰ ਕੋਈ ਮਾੜੀਆਂ ਘਟਨਾਵਾਂ ਨਾ ਘਟਣ, ਹਾਦਸੇ ਨਾ ਹੋਵਣ, ਚੋਰੀਆਂ ਨਾ ਹੋਵਣ, ਕਤਲੋ-ਗ਼ਾਰਤ ਨਾ ਹੋਵੇ, ਹਫੜਾ-ਦਫੜੀ ਨਾ ਹੋਵੇ, ਤੇ ਫਿਰ ਅਖ਼ਬਾਰ ਦੀ ਲੋੜ ਹੀ ਨਹੀਂ। ਜੇ ਅਖ਼ਬਾਰ ਇਸ ਗੱਲ ਨਾਲ ਭਰੀ ਹੋਵੇ ਕਿ ਫ਼ਲਾਣੀ ਥਾਂ 'ਤੇ ਕੀਰਤਨ ਹੋਇਆ, ਕਥਾ ਹੋਈ, ਇਕ ਭਗਤ ਭਗਤੀ ਕਰ ਰਿਹਾ ਸੀ, ਫ਼ਲਾਣੇ ਘਰ ਵਿਚ ਬੈਠ ਕੇ ਇਕ ਬੰਦਾ ਨਾਮ ਜਪ ਰਿਹਾ ਸੀ, ਫ਼ਲਾਣੇ ਨੇ ਦਾਨ ਕੀਤਾ, ਫ਼ਲਾਣੇ ਨੇ ਪੁੰਨ ਕੀਤਾ, ਸਾਰੀ ਅਖ਼ਬਾਰ ਇਹੋ ਜਿਹੀਆਂ ਸ਼ਾਂਤੀ ਵਾਲੀਆਂ ਗੱਲਾਂ ਨਾਲ ਭਰੀ ਹੋਵੇ, ਤੇ ਰੋਜ਼ ਇਹੋ ਜਿਹੀਆਂ ਗੱਲਾਂ ਆਵਣ ਤਾਂ ਅੱਜ ਹੀ ਸਾਰੀਆਂ ਅਖ਼ਬਾਰਾਂ ਬੰਦ ਹੋ ਜਾਵਣ। ਫਿਰ ਕਿਸੇ ਨੇ ਨਹੀਂ ਪੜ੍ਹਨੀ ਅਖ਼ਬਾਰ। ਇਹ ਅਖ਼ਬਾਰਾਂ ਚਲ ਹੀ ਇਸ ਵਾਸਤੇ ਰਹੀਆਂ ਹਨ, ਕਿਧਰੇ ਕਤਲ ਹੋ ਰਿਹਾ ਹੈ, ਚੋਰੀ ਹੋ ਰਹੀ ਹੈ, ਕਿਧਰੇ ਬਦਮਾਸ਼ੀ ਹੋ ਰਹੀ ਹੈ। ਕਿਤੇ ਜ਼ੁਲਮ ਹੋ ਰਿਹਾ ਹੈ, ਕਿਤੇ ਅਤਿਆਚਾਰ ਹੋ ਰਿਹਾ ਹੈ, ਕਿਤੇ ਭੁਚਾਲ ਆ ਰਹੇ ਨੇ, ਤਬਾਹੀਆਂ ਹੋ ਰਹੀਆਂ ਨੇ, ਤੇ ਕਿਧਰੇ ਜੰਗ ਹੋ ਰਹੀ ਹੈ। ਔਰ ਮੈਂ ਇਹ ਵੇਖਿਆ ਹੈ, ਜਦ ਜੰਗ ਛਿੜਦੀ ਹੈ ਨਾ, ਤੇ ਅਖ਼ਬਾਰਾਂ ਦੀ ਵਿਕਰੀ ਦੁਗਣੀ ਹੋ ਜਾਂਦੀ ਹੈ। ਜਿਹੜੇ ਭੁਲ ਕੇ ਵੀ ਕਦੀ ਖ਼ਬਰਾਂ ਨਹੀਂ ਨਾ ਸੁਣਦੇ, ਉਹ ਵੀ ਬੈਠ ਜਾਂਦੇ ਨੇ ਰੇਡੀਓ ਪਾਸ, ਖ਼ਰੀਦ ਲੈਂਦੇ ਨੇ ਅਖ਼ਬਾਰਾਂ। ਗੱਲ ਕੀ ਹੈ? ਕਿਧਰੇ ਜੰਗ ਹੋ ਰਹੀ ਹੈ, ਕਿਧਰੇ ਭੁਚਾਲ ਆ ਗਿਆ ਹੈ, ਕਿਧਰੇ


Sri Satguru Jagjit Singh Ji eLibrary NamdhariElibrary@gmail.com

ਤਬਾਹੀ ਹੋ ਰਹੀ ਹੈ। ਤੇ ਜੇ ਹੁਣ ਕਿਧਰੇ ਪਹਿਲੇ ਹੀ ਦੱਸ ਦਿੱਤਾ ਜਾਏ, ਕਿ ਬਈ ਸਾਰਾ ਦਿਨ ਖ਼ਬਰਾਂ ਇਸ ਗੱਲ ਦੀਆਂ ਆਵਣੀਆਂ ਨੇ ਕਿ ਫ਼ਲਾਣੀ ਥਾਂ 'ਤੇ ਕਥਾ ਹੋ ਰਹੀ ਹੈ, ਕੀਰਤਨ ਹੋ ਰਿਹਾ ਹੈ, ਸੁਖਮਨੀ ਦੀ ਵੀਚਾਰ ਹੋ ਰਹੀ ਹੈ, ਤੇ ਮੈਂ ਸਮਝਦਾ ਹਾਂ ਕਿ ਇਹੋ ਜਿਹੀਆਂ ਖ਼ਬਰਾਂ ਬੰਦਾ ਇਕ ਦਿਨ ਤੇ ਪੜ੍ਹੇਗਾ, ਸੁਣੇਗਾ, ਪਰ ਰੋਜ਼ ਨਹੀਂ ਸੁਣ ਸਕਦਾ। ਇਕ ਦਿਨ ਤੇ ਪੜ੍ਹੀਆਂ ਜਾ ਸਕਦੀਆਂ ਨੇ, ਰੋਜ਼ ਨਹੀਂ। ਪਿਛਲੇ ਦਿਨੀਂ ਇਕ ਅਖ਼ਬਾਰ ਵਿਚ ਇਕ ਲਤੀਫ਼ਾ ਨਿਕਲਿਆ, ਬਈ ਸਵਰਗਾਂ ਵਿਚ ਅਖ਼ਬਾਰਾਂ ਨਹੀਂ, ਅਖ਼ਬਾਰ ਸਾਰੇ ਹੀ ਨਰਕਾਂ ਵਿਚ ਚਲਦੇ ਨੇ। ਸਵਰਗਾਂ ਵਿਚ ਲੋੜ ਹੀ ਕੋਈ ਨਹੀਂ, ਕਿਉਂਕਿ ਸਵਰਗਾਂ ਵਿਚ ਹਾਦਸੇ ਨਹੀਂ ਹੁੰਦੇ, ਕ੍ਰਾਂਤੀਆਂ ਨਹੀਂ ਆਉਂਦੀਆਂ, ਹਫੜਾ-ਦਫੜੀ ਨਹੀਂ ਮਚਦੀ।

ਤੇ ਮੈਂ ਸੰਕੇਤ ਕਰ ਰਿਹਾ ਸੀ ਕਿ ਸੰਸਾਰ ਵਿਚ ਜੋ ਇਤਿਹਾਸ ਹੈ, ਉਹ ਦੋ ਤਰ੍ਹਾਂ ਦੇ ਬੰਦਿਆਂ ਨਾਲ ਭਰਿਆ ਪਿਆ ਹੈ, ਤੀਜੇ ਬੰਦੇ ਦੀ ਕੋਈ ਗੱਲ ਹੀ ਨਹੀਂ। ਇਤਿਹਾਸ ਵਿਚ ਜਾਂ ਤੇ ਜ਼ਾਲਮ ਦੀ ਗੱਲ ਹੈ ਜਾਂ ਫਿਰ ਦਿਆਲੂ ਦੀ ਗੱਲ ਹੈ। ਜਾਂ ਪਰਉਪਕਾਰੀ ਦੀ ਗੱਲ ਹੈ ਜਾਂ ਦੁਰਾਚਾਰੀ ਦੀ ਗੱਲ ਹੈ। ਤੇ ਜਿਹੜਾ ਦੁਰਾਚਾਰੀ ਵੀ ਨਹੀਂ ਬਣ ਸਕਿਆ, ਪਰਉਪਕਾਰੀ ਵੀ ਨਹੀਂ ਬਣ ਸਕਿਆ, ਉਹ ਬੰਦਾ ਰੁਕਿਆ ਹੋਇਆ ਹੈ। ਉਹ ਨਾ ਅਗਾਂਹ ਦਾ ਰਿਹਾ ਤੇ ਨਾ ਹੀ ਪਿਛਾਂਹ ਦਾ। ਜਿਹੜਾ ਦੁਰਾਚਾਰੀ ਹੈ ਉਹ ਵੀ ਚਲ ਰਿਹਾ ਹੈ, ਪਰ ਪਿਛੇ ਵੱਲ ਚਲ ਰਿਹਾ ਹੈ। ਤੇ ਜਿਹੜਾ ਸਦਾਚਾਰੀ ਹੈ ਉਹ ਵੀ ਚਲ ਰਿਹਾ ਹੈ, ਪਰ ਉਹ ਅਗਾਂਹ ਨੂੰ ਚਲ ਰਿਹਾ ਹੈ। ਦੋਨਾਂ ਵਿਚ ਹਰਕਤ ਹੈ। ਚੋਰ ਵਿਚ ਵੀ ਹਰਕਤ ਹੈ ਤੇ ਸੰਤ ਵਿਚ ਵੀ। ਜ਼ਾਲਮ ਦੇ ਵਿਚ ਵੀ ਕੋਈ ਗੱਲ ਹੈ ਤਾਂ ਪਰਉਪਕਾਰੀ ਵਿਚ ਵੀ ਕੋਈ ਗੱਲ ਹੈ। ਇਕ ਠੱਗ ਵਿਚ, ਇਕ ਦੈਂਤ ਵਿਚ ਵੀ ਕੋਈ ਗੱਲ ਐਸੀ ਹੈ ਕਿ ਜਿਸ ਦਾ ਜ਼ਿਕਰ ਕਰਨਾ ਪੈਂਦਾ ਹੈ। ਡਾਕੂਆਂ ਦੀਆਂ ਕਿਤਾਬਾਂ ਵਿਕਦੀਆਂ ਹਨ। ਅਰ ਉਹਨਾਂ ਡਾਕੂਆਂ ਤੇ ਚੋਰਾਂ ਉਤੇ ਕਵੀ ਕਵਿਤਾਵਾਂ ਵੀ ਲਿਖਦੇ ਹਨ। ਅਰ ਲੋਕੀਂ ਪੜ੍ਹਦੇ ਨੇ ਅਰ ਮੈਂ ਵੇਖ ਕੇ ਦੰਗ ਰਹਿ ਗਿਆ, ਬਈ ਕਿਸੇ ਭਗਤ ਦੀ ਗੱਲ ਪੜ੍ਹੀ ਜਾਏ, ਇਹ ਤੇ ਸਮਝ ਵਿਚ ਆਇਆ। ਚਲੋ ਕਿਸੇ ਰਾਜਨੀਤਕ ਲੀਡਰ ਦੀ ਗੱਲ ਪੜ੍ਹੀਏ, ਇਹ ਵੀ ਸਮਝ ਵਿਚ ਆਇਆ, ਪਰ ਇਕ ਡਾਕੂ ਦੀ ਗੱਲ ਪੜ੍ਹੀ ਜਾ ਰਹੀ ਹੈ, ਅਰ ਬੜੇ ਸ਼ੌਕ ਨਾਲ ਪੜ੍ਹੀ ਜਾ ਰਹੀ ਹੈ, ਲਿਖੀ ਜਾ ਰਹੀ ਹੈ, ਤੇ ਮੈਨੂੰ ਖ਼ਿਆਲ ਆਇਆ ਕਿ ਡਾਕੂਆਂ ਦਾ ਜਿਗਰਾ ਵੀ ਕੋਈ ਮਾਮੂਲੀ ਨਹੀਂ ਹੁੰਦਾ, ਬਹੁਤ ਵੱਡਾ ਹੁੰਦਾ ਹੈ। ਫ਼ਰਕ ਸਿਰਫ਼ ਇਤਨਾ ਹੈ ਕਿ ਉਹ ਪਿਛੇ ਨੂੰ ਜਾ ਰਿਹਾ ਹੈ।


Sri Satguru Jagjit Singh Ji eLibrary NamdhariElibrary@gmail.com

ਮੈਂ ਸੁਣ ਕੇ ਦੰਗ ਹੁੰਦਾ ਹਾਂ ਕਿ ਸਜਣ ਠੱਗ ਨੇ ਇਕੋ ਸ਼ਬਦ ਸੁਣਿਆ ਹੈ ਬਾਬੇ ਨਾਨਕ ਤੋਂ, ਤੇ ਉਹ ਸਜਣ ਬਣ ਗਿਆ ਹੈ, ਭਗਤ ਬਣ ਗਿਆ ਹੈ। ਤੇ ਅਸੀਂ ਗੁਰੂ ਨਾਨਕ ਸਾਹਿਬ ਅਤੇ ਗੁਰੂ ਗ੍ਰੰਥ ਸਾਹਿਬ ਦੇ ਹਜ਼ਾਰਾਂ ਸ਼ਬਦ ਸੁਣੇ ਹਨ ਅਰ ਇਕ ਦਫ਼ਾ ਨਹੀਂ, ਕਈ ਦਫ਼ਾ ਸੁਣ ਚੁਕੇ ਹਾਂ, ਜ਼ਿੰਦਗੀ ਵਿਚ ਕੋਈ ਤਬਦੀਲੀ ਨਹੀਂ ਆਈ। ਪਰ ਮੈਂ ਇਤਨੀ ਅਰਜ਼ ਕਰ ਰਿਹਾ ਹਾਂ ਕਿ ਜਿਹੜੀ ਅਵਸਥਾ ਉਸ ਸਜਣ ਠੱਗ ਨੂੰ ਮਿਲੀ, ਉਹ ਅਜੇ ਸਾਨੂੰ ਨਹੀਂ ਮਿਲ ਸਕੀ। ਉਹ ਇਕੋ ਹੀ ਗੱਲ ਸੁਣਦਾ ਹੈ, ਗੱਲ ਬਣ ਜਾਂਦੀ ਹੈ। ਕਾਰਨ ? ਉਸ ਅੰਦਰ ਹਰਕਤ ਸੀ। ਉਹ ਕਤਲ ਕਰ ਸਕਦਾ ਸੀ, ਉਹ ਕਿਸੇ ਨੂੰ ਲੁੱਟ ਸਕਦਾ ਸੀ। ਅਰ ਕਿਸੇ ਨੂੰ ਲੁਟਣ ਵਾਸਤੇ ਵੀ ਜਿਗਰਾ ਚਾਹੀਦਾ ਹੈ। ਕਿਸੇ ਨੂੰ ਕਤਲ ਕਰਨ ਵਾਸਤੇ ਵੀ ਇਕ ਨਿਰਭੈਤਾ ਚਾਹੀਦੀ ਹੈ, ਦਲੇਰੀ ਚਾਹੀਦੀ ਹੈ। ਤੋ ਸੱਚ ਨਾਲ ਜੁੜਨ ਵਾਸਤੇ ਤੇ ਰੱਬ ਦਾ ਨਾਮ ਜਪਣ ਵਾਸਤੇ ਵੀ ਇਕ ਦਲੇਰੀ ਚਾਹੀਦੀ ਹੈ। ਕਹਿੰਦੇ ਨੇ, ਜਿਹੜੀ ਦਲੇਰੀ ਇਕ ਭਗਤ ਅੰਦਰ ਹੁੰਦੀ ਹੈ ਨਾ, ਡਾਕੂਆਂ ਅੰਦਰ ਵੀ ਉਹੀ ਹੁੰਦੀ ਹੈ। ਫ਼ਰਕ ਸਿਰਫ਼ ਇਤਨਾ ਹੈ, ਜੈਸੇ ਇਕ ਪੌੜੀ ਹੈ, ਇਕ ਉਪਰ ਨੂੰ ਚੜ੍ਹ ਰਿਹਾ ਹੈ ਤੇ ਦੂਜਾ ਥਲੇ ਨੂੰ ਲਹਿ ਰਿਹਾ ਹੈ। ਤੋ ਜਿਹੜਾ ਲਹਿ ਰਿਹਾ ਹੈ, ਆਖ਼ਿਰ ਚਲ ਤੇ ਉਹ ਵੀ ਰਿਹਾ ਹੈ। ਉਸ ਵਿਚ ਵੀ ਹਰਕਤ ਤੇ ਹੈ ਨਾ। ਤੇ ਇਕ ਚੜ੍ਹ ਰਿਹਾ ਹੈ, ਉਸ ਵਿਚ ਵੀ ਹਰਕਤ ਹੈ।

ਸੰਤ ਦਾ ਮਤਲਬ ਇਹ ਚੜ੍ਹ ਰਿਹਾ ਹੈ ਤੇ ਚੋਰ ਤੇ ਡਾਕੂ ਦਾ ਮਤਲਬ ਲਹਿ ਰਿਹਾ ਹੈ। ਪਰ ਹੁਣ ਜਿਹੜਾ ਵਿਚੇ ਹੀ ਖੜਾ ਹੋ ਜਾਵੇ; ਨਾ ਉਪਰ ਨੂੰ ਚੜ੍ਹੇ ਅਤੇ ਨਾ ਹੀ ਥਲੇ ਨੂੰ ਲਥੇ; ਉਤਰੇ ਵੀ ਨਾ ਤੇ ਚੜ੍ਹੇ ਵੀ ਨਾ, ਤੇ ਬਿਲਕੁਲ ਰੁਕਿਆ ਹੋਇਆ ਹੋਵੇ; ਐਸੇ ਬੰਦੇ ਨੂੰ ਕਹਿੰਦੇ ਨੇ ਇਹ ਮੁਰਦਾ ਹੈ। ਇਤਿਹਾਸ ਵਿਚ ਐਸੇ ਬੰਦਿਆਂ ਦੀ ਕੋਈ ਗੱਲ ਨਹੀਂ, ਜੋ ਚੜ੍ਹਨ ਵੀ ਨਹੀਂ ਜਾਣਦੇ ਤੇ ਲਹਿਣਾ ਵੀ ਨਹੀਂ ਜਾਣਦੇ; ਰੁਕੇ ਪਏ ਨੇ। ਰੁਕਿਆ ਹੋਇਆ ਪਾਣੀ ਗੰਦਾ ਹੋ ਜਾਂਦਾ ਹੈ। ਰੁਕਿਆ ਹੋਇਆ ਘਰੇਲੂ ਮਾਹੌਲ ਤੇ ਉਸ ਦੀ ਫ਼ਿਜ਼ਾ, ਉਸ ਦੀ ਆਬੋ-ਹਵਾ ਗੰਦੀ ਹੋ ਜਾਂਦੀ ਹੈ। ਤੇ ਰੁਕੇ ਹੋਏ ਮਨੁੱਖਾਂ ਦੀ ਸੁਰਤ ਗੰਦੀ ਹੋ ਜਾਂਦੀ ਹੈ, ਬਹੁਤ ਗੰਦੀ। ਅਗਰ ਉਹ ਚੜ੍ਹ ਵੀ ਨਹੀਂ ਰਿਹਾ ਤੇ ਲਹਿ ਵੀ ਨਹੀਂ ਰਿਹਾ ਤੇ ਪਿਆ ਪਿਆ ਕਿਸੇ ਹਦ ਤਕ ਗੰਦਾ ਹੋ ਜਾਵੇਗਾ।

ਤੋ ਇਕੋ ਹੀ ਸ਼ਬਦ ਸੁਣਿਆ ਹੈ ਸਜਣ ਠੱਗ ਨੇ, ਤੇ ਉਹ ਸਜਣ ਬਣ ਗਿਆ ਹੈ। ਇਕੋ ਹੀ ਬਚਨ ਸੁਣਿਆ ਹੈ ਕੌਡੇ ਰਾਖ਼ਸ਼ ਨੇ, ਇਹ ਦੇਵਤਾ ਬਣ ਗਿਆ ਹੈ। ਇਕੋ ਹੀ ਗੱਲ ਸਪਤ ਰਿਸ਼ੀਆਂ ਕੋਲੋਂ ਬਾਲਮੀਕ ਡਾਕੂ ਨੇ ਸੁਣੀ


Sri Satguru Jagjit Singh Ji eLibrary NamdhariElibrary@gmail.com

ਹੈ ਤੇ ਸੰਤ ਬਣ ਗਿਆ ਹੈ। ਇਹ ਇਕ ਡਾਕੂ ਸੀ, ਦੈਂਤ ਸੀ, ਲੁੱਟ ਲੈਂਦਾ ਸੀ ਰਸਤੇ ਵਿਚ ਜਾਂਦਿਆਂ ਨੂੰ। ਅੱਜ ਇਸ ਨੇ ਕਾਬੂ ਕਰ ਲਏ ਹਨ ਸਪਤ ਰਿਸ਼ੀ ਤੇ ਉਹਨਾਂ ਨੇ ਇਕੋ ਗੱਲ ਆਖੀ ਹੈ ਐਸੀ, ਕਿ ਹਿਰਦੇ ਨੂੰ ਲਗੀ ਏ, ਅਰ ਇਹ ਇਕ-ਦਮ ਬਦਲ ਗਿਆ ਹੈ। ਪਤਾ ਹੈ ਕਿਉਂ ? ਇਹ ਲਹਿ ਰਿਹਾ ਸੀ, ਕਿਸੇ ਨੇ ਦੱਸ ਦਿੱਤਾ, ਲਹਿਣਾ ਨਹੀਂ, ਚੜ੍ਹਨਾ ਹੈ। ਜੀਵਨ ਦੀ ਪੌੜੀ ਜਦ ਵੀ ਤੁਸੀਂ ਵੇਖੋਗੇ, ਬੰਦੇ ਲਹਿ ਰਹੇ ਨੇ, ਚੜ੍ਹਦੇ ਨਹੀਂ ਪਏ। ਚੜ੍ਹਨਾ ਬੜਾ ਔਖਾ ਹੈ। ਹੁਣ ਭਲਾ ਸੌ-ਮੰਜ਼ਿਲਾ ਬਿਲਡਿੰਗ ਹੋਵੇ, ਤੇ ਕਿਸੇ ਬਿਰਧ ਬੰਦੇ ਨੂੰ ਆਖੀਏ, ਜਿਸਦੇ ਤਨ ਵਿਚ ਤਾਕਤ ਨਾ ਹੋਵੇ, ਬਈ ਤੂੰ ਚੜ੍ਹ, ਤੇ ਬਹੁਤ ਔਖੀ ਗੱਲ ਹੈ। ਖ਼ਾਸ ਕਰਕੇ ਜੇ ਪੌੜੀਆਂ 'ਤੇ ਚੜ੍ਹਨਾ ਹੋਵੇ। ਇਹ ਗੱਲ ਵਖਰੀ ਹੈ ਕਿ ਬਿਲਡਿੰਗ 'ਤੇ ਚੜ੍ਹਨ ਵਾਸਤੇ ਲਿਫ਼ਟ ਮਿਲ ਸਕਦੀ ਹੈ, ਪਰ ਜੀਵਨ ਦੀ ਸਿਖਰਤਾ ਨੂੰ ਛੂਹਣ ਵਾਸਤੇ ਕੋਈ ਲਿਫ਼ਟ ਨਹੀਂ, ਆਪ ਚੜ੍ਹਨਾ ਪੈਂਦਾ ਹੈ, ਸਾਧਨਾ ਕਰਨੀ ਪੈਂਦੀ ਹੈ, ਜਪ ਤੇ ਤਪ ਕਰਨਾ ਪੈਂਦਾ ਹੈ। ਇਸ ਵਾਸਤੇ ਬੰਦਾ ਕਹਿੰਦਾ ਹੈ, ਨਹੀਂ ਇਹ ਗੱਲ ਬੜੀ ਔਖੀ ਹੈ, ਕੌਣ ਚੜ੍ਹੇ ? ਕੌਣ ਜਪ ਤੇ ਤਪ ਕਰੇ ?

ਭਗਤ ਕਬੀਰ ਜੀ ਵਰਗੇ ਕਹਿੰਦੇ ਹਨ, ਮੈਂ ਚੜ੍ਹ ਰਿਹਾ ਹਾਂ। "ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ॥" (੧੩੭੩)। ਚੜ੍ਹਦਿਆਂ ਹੋਇਆਂ ਠੋਕਰ ਵੀ ਲਗ ਸਕਦੀ ਹੈ। ਚੜ੍ਹਦਿਆਂ ਹੋਇਆਂ ਮਨੁੱਖ ਦਾ ਦਮ ਵੀ ਫੁਲ ਸਕਦਾ ਹੈ। ਅਰ ਚੜ੍ਹਦਿਆਂ ਚੜ੍ਹਦਿਆਂ ਥਕਾਵਟ ਵੀ ਆ ਸਕਦੀ ਹੈ। ਖ਼ੈਰ, ਥਲੇ ਲਹਿਣ ਵਾਲਿਆਂ ਦੀ ਬੜੀ ਭੀੜ ਹੈ। ਸ਼ਰਾਬ-ਖ਼ਾਨਿਆਂ ਵਿਚ ਬੜੀ ਭੀੜ ਹੈ। ਜੂਏ-ਖ਼ਾਨਿਆਂ 'ਚ, ਕਲੱਬਾਂ 'ਚ ਬੜੀ ਭੀੜ ਹੈ। ਪਰ ਕਿਸੇ ਨੇ ਸੁਰਤ ਜੋੜ ਕੇ ਬਾਣੀ ਦਾ ਰਸ ਮਾਣਿਆ ਹੋਵੇ, ਐਸੇ ਬੰਦਿਆਂ ਦੀ ਸੰਸਾਰ ਵਿਚ ਕੋਈ ਭੀੜ ਨਹੀਂ। ਬਾਣੀ ਨਾਲ ਜਿਹੜੀ ਸੁਰਤ ਜੋੜਨੀ ਹੈ, ਇਹ ਆਪਣੀ ਸੁਰਤ ਨੂੰ ਚੜ੍ਹਾਉਣਾ ਹੈ। ਤੇ ਸ਼ਰਾਬ ਨਾਲ, ਕੁਕਰਮਾਂ ਨਾਲ ਜਿਹੜਾ ਸੁਰਤ ਨੂੰ ਜੋੜਨਾ ਹੈ, ਇਹ ਆਪਣੀ ਸੁਰਤ ਨੂੰ ਹੇਠਾਂ ਲਿਜਾਣਾ ਹੈ। ਤੇ ਹੇਠਾਂ ਲਿਜਾਣਾ ਬੜਾ ਆਸਾਨ ਹੈ। ਪੌੜੀਆਂ ਤੋਂ ਥਲੇ ਕਮਜ਼ੋਰ ਬੰਦਾ ਵੀ ਲਹਿ ਸਕਦਾ ਹੈ। ਪਰ ਜੇ ਹੁਣ ਚੜ੍ਹਨਾ ਹੋਵੇ ਤੇ ਬਹੁਤ ਔਖੀ ਗੱਲ ਹੈ।

ਤੇ ਅੱਜ ਆਪਾਂ ਉਹਨਾਂ ਪੂਰਨ ਪੁਰਖਾਂ ਦੀ ਗੱਲ ਕਰਨੀ ਹੈ ਜਿਨ੍ਹਾਂ ਨੇ ਜ਼ਿੰਦਗੀ ਦੀ ਸਿਖਰਤਾ ਨੂੰ ਛੋਹਿਆ ਹੈ। ਭੀੜ ਬਹੁਤਿਆਂ ਦੀ ਥਲੇ ਲਹਿ ਰਹੀ ਹੋਵੇ ਤੇ ਪੌੜੀ ਇਕ ਹੋਵੇ ਤੇ ਚੜ੍ਹਦਾ ਵੀ ਇਕੋ ਹੀ ਬੰਦਾ ਪਿਆ ਹੋਵੇ, ਉਹਨੂੰ ਧੱਕੇ ਬੜੇ ਲਗਦੇ ਨੇ। ਬਈ ਤੂੰ ਵੀ ਥਲੇ ਲਹਿ, ਕਿਧਰ ਪੁਠੇ ਪਾਸੇ ਜਾ ਰਿਹਾਂ


Sri Satguru Jagjit Singh Ji eLibrary NamdhariElibrary@gmail.com

ਹੈਂ ? ਤੋ ਸੱਚ ਜਾਣੋ, ਸ਼ਰਾਬੀਆਂ ਵਾਸਤੇ ਅੰਮ੍ਰਿਤ ਛਕਣਾ ਪੁੱਠਾ ਪਾਸਾ ਹੈ। ਦੁਰਾਚਾਰੀਆਂ ਵਾਸਤੇ ਸਦਾਚਾਰ ਪੁੱਠਾ ਪਾਸਾ ਹੈ। ਮੈਂ ਇਤਿਹਾਸ ਪੜ੍ਹ ਕੇ ਦੰਗ ਰਹਿੰਦਾ ਹਾਂ ਕਿ ਭਗਤ ਕਹਿੰਦੇ ਨੇ, 'ਐ ਸੰਸਾਰੀਓ, ਤੁਸੀਂ ਪੁੱਠੇ ਚਲ ਰਹੇ ਹੋ।' ਤੇ ਸੰਸਾਰੀਆਂ ਨੇ ਇਹ ਆਖਿਆ ਹੈ, 'ਐ ਭਗਤੋ, ਤੁਸੀਂ ਪੁੱਠੇ ਚਲ ਰਹੇ ਹੋ।' ਆਪ ਨੂੰ ਪਤਾ ਹੋਵੇ, ਸਭ ਤੋਂ ਪਹਿਲੇ ਸਾਡੇ ਦੇਸ਼ ਦੇ ਐਸੇ ਕੁਛ ਪਾਖੰਡੀ, ਜੋ ਸਦਾਚਾਰ ਦਾ ਢੌਂਗ ਰਚਾਈ ਬੈਠੇ ਸਨ, ਉਹਨਾਂ ਨੇ ਗੁਰੂ ਅਰਜਨ ਦੇਵ ਜੀ ਮਹਾਰਾਜ 'ਤੇ ਤੁਹਮਤ ਲਾਈ: ਇਹ ਵਰਨ-ਮੰਡਲ ਨੂੰ ਖ਼ਤਮ ਕਰ ਰਹੇ ਹਨ, ਇਹ ਜ਼ਾਤ ਪਾਤ ਨੂੰ ਖ਼ਤਮ ਕਰ ਰਹੇ ਨੇ।

ਮੈਂ ਪ੍ਰਿਥਮ ਅਰਜ਼ ਕਰ ਚੁਕਿਆ ਹਾਂ ਕਿ ਗੁਰੂ ਨਾਨਕ ਨੇ ਜੋ ਸ਼ਮ੍ਹਾ ਜਲਾਈ ਤੇ ਹੁਣ ਕੋਸ਼ਿਸ਼ ਸੀ ਕਿ ਇਹ ਰੌਸ਼ਨੀ ਨੌ-ਖੰਡ ਪ੍ਰਿਥਮੀ 'ਚ ਫੈਲਾਣੀ ਹੈ। ਤੋ ਚਾਰੇ ਪਾਸਿਓਂ ਹਨੇਰੀਆਂ ਉਮਡ ਪਈਆਂ, ਬੁਝਾਣਾ ਹੈ ਇਸ ਦੀਵੇ ਨੂੰ। ਕਿਤੇ ਸਾਰੇ ਸੰਸਾਰ ਨੂੰ ਰੌਸ਼ਨੀ ਨਾ ਮਿਲ ਜਾਏ। ਤੋ ਕੁਦਰਤੀ ਗੱਲ ਹੈ ਐਸੀਆਂ ਹਨੇਰੀਆਂ ਉਮਡ ਪਈਆਂ ਤੇ ਇਥੇ ਟਕਰਾਓ ਤੇ ਤਨਾਓ ਖੜਾ ਹੋ ਗਿਆ। ਹੋਰ ਟਕਰਾਣ ਵਾਸਤੇ ਵੀ ਤਾਕਤ ਚਾਹੀਦੀ ਹੈ। ਗੁਰੂ ਅਰਜਨ ਦੇਵ ਜੀ ਨਾਲ ਹਰ ਬੰਦਾ ਨਹੀਂ ਟਕਰਾਅ ਸਕਦਾ। ਹਰ ਬੰਦੇ ਦੀ ਕੀ ਸਮਰਥਾ ਹੈ ਕਿ ਗੁਰੂ ਅਰਜਨ ਦੇਵ ਜੀ ਨਾਲ ਟਕਰਾਵੇ ? ਕੁਛ ਤਾਕਤ ਚਾਹੀਦੀ ਹੈ।

ਤਾਕਤਾਂ ਤਿੰਨ ਤਰ੍ਹਾਂ ਦੀਆਂ ਗੁਰੂ ਤੇਗ਼ ਬਹਾਦਰ ਸਾਹਿਬ ਜੀ ਮਹਾਰਾਜ ਨੇ ਵਰਣਨ ਕੀਤੀਆਂ ਹਨ:

**ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ॥** *(੬੮੫)*

ਜੋਬਨ ਦਾ ਨਸ਼ਾ, ਜਵਾਨੀ ਦਾ, ਧਨ ਦਾ ਤੇ ਪ੍ਰਭਤਾ ਦਾ ਨਸ਼ਾ। ਤੋ ਇਹ ਨਸ਼ਾ ਜਹਾਂਗੀਰ ਨੂੰ ਚੜ੍ਹਿਆ ਹੋਇਆ ਸੀ। ਉਸ ਪਾਸ ਧਨ ਵੀ ਹੈ, ਜੋਬਨ ਵੀ ਹੈ, ਔਰ ਤਾਕਤ ਵੀ ਹੈ। ਹਿੰਦੁਸਤਾਨ ਦੇ ਸਿੰਘਾਸਨ 'ਤੇ ਬੈਠਾ ਹੈ। ਉਹਦੇ ਕੋਲ ਤਖ਼ਤ ਹੈ, ਲੱਖਾਂ ਦੀ ਸੈਨਾ ਹੈ। ਹੁਣ ਗੁਰੂ ਅਰਜਨ ਦੇਵ ਜੀ 'ਤੇ ਇਲਜ਼ਾਮ ਕੀ ਹੈ ? ਬਸ ਇਲਜ਼ਾਮ ਇਹੀ ਹੈ ਕਿ ਇਲਜ਼ਾਮ ਕੋਈ ਵੀ ਨਹੀਂ।

ਦਰਅਸਲ ਇਕ ਚੋਰ, ਕਹਿੰਦੇ ਨੇ, ਉਦੋਂ ਔਖਾ ਹੋ ਜਾਂਦਾ ਹੈ ਜਦੋਂ ਉਸਦੇ ਆਲੇ-ਦੁਆਲੇ ਸਾਰੇ ਹੀ ਭਗਤ ਬੈਠੇ ਹੋਵਣ। ਇਕ ਬਦਮਾਸ਼ ਉਦੋਂ ਔਖਾ ਹੋ ਜਾਂਦਾ ਹੈ ਜਦੋਂ ਉਸ ਦੇ ਆਲੇ-ਦੁਆਲੇ ਸਾਰੇ ਹੀ ਸ਼ਰੀਫ਼ ਬੈਠੇ ਹੋਵਣ ਤੇ ਠੱਗ ਓਦੋਂ ਔਖਾ ਹੁੰਦਾ ਹੈ ਜਦੋਂ ਭਲੇ ਮਾਣਸਾਂ 'ਚ ਬੈਠਾ ਹੋਵੇ। ਇਕ ਸ਼ਰਾਬੀ ਉਦੋਂ ਔਖਾ ਹੋ ਜਾਂਦਾ ਹੈ ਜਦੋਂ ਉਸਦੇ ਆਲੇ-ਦੁਆਲੇ ਸਾਰੇ ਹੀ ਸੋਫ਼ੀ ਬੈਠੇ ਹੋਵਣ।


Sri Satguru Jagjit Singh Ji eLibrary NamdhariElibrary@gmail.com

ਉਹ ਆਪਣੇ ਆਪ ਨੂੰ ਓਪਰਾ ਜਿਹਾ ਮਹਿਸੂਸ ਕਰਦਾ ਹੈ, ਇਕੱਲਾ ਜਿਹਾ ਮਹਿਸੂਸ ਕਰਦਾ ਹੈ ਕਿ ਬਈ ਇਹ ਕਿਹੋ ਜਿਹੇ ਬੰਦੇ ਨੇ, ਪੁੱਠੇ ਜਾ ਰਹੇ ਨੇ। ਇਧਰ ਰਾਜਸਥਾਨ ਵਿਚ ਇਕ ਕੌਮ ਹੈ 'ਮੀਨੇ', ਉਸ ਵਿਚ ਕੋਈ ਚੋਰੀ ਨਾ ਕਰੇ ਤਾਂ ਕਹਿੰਦੇ ਨੇ ਇਹ ਵੀ ਕੋਈ ਬੰਦਾ ਹੈ। ਬਰਾਦਰੀ ਤੌਰ 'ਤੇ ਇਹਦਾ ਬਾਈਕਾਟ ਕਰੋ। ਇਸ ਕੌਮ ਵਿਚ ਬੜੇ ਬੜੇ ਡਾਕੂ ਹੋਏ ਹਨ। ਤੇ ਭਗਤਾਂ ਦੀ ਦੁਨੀਆ ਵਿਚ ਇਹ ਆਖਿਆ ਜਾਂਦਾ ਹੈ ਕਿ ਜਿਸ ਨੇ ਆਪਣੀ ਸੁਰਤ ਰੱਬ ਨਾਲ ਨਾ ਜੋੜੀ ਹੋਵੇ ਉਹ ਵੀ ਕੋਈ ਬੰਦਾ ਹੈ। ਜਿਸ ਨੇ ਜੀਵਨ ਦੀ ਸਿਖਰਤਾ ਨੂੰ ਨਹੀਂ ਛੋਹਿਆ, ਉਹ ਵੀ ਕੋਈ ਬੰਦਾ ਹੈ।

ਤੇ ਟਕਰਾਓ ਹੋ ਗਿਆ ਹੈ ਗੁਰੂ ਅਰਜਨ ਦੇਵ ਜੀ ਨਾਲ ਜਹਾਂਗੀਰ ਦਾ। ਔਰ ਐਸਾ ਸਦੀਵ ਕਾਲ ਤੋਂ ਹੁੰਦਾ ਆਇਆ ਹੈ। ਅਗਰ ਪਾਣੀ ਇਹ ਚਾਹੇ ਕਿ ਮੈਂ ਸਿੱਧਾ ਹੀ ਸਾਗਰ ਵਿਚ ਲੀਨ ਹੋ ਜਾਵਾਂ ਤੇ ਬਹੁਤ ਮੁਸ਼ਕਲ ਹੈ। ਰਸਤੇ ਵਿਚ ਥਾਂ ਥਾਂ 'ਤੇ ਉਸ ਨੂੰ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਇਕ ਬੜੀ ਸੋਹਣੀ ਰੁਬਾਈ ਲਿਖੀ ਹੈ:

**ਵਹਿੰਦਾ ਵਗਦਾ ਪਾਣੀ ਭਰ ਕੇ ਦਿਲ ਮੇਰਾ ਵਗ ਟੁਰਿਆ।**
**ਡਾਢਾ ਨਿਰਮਲ ਸਵੱਛ ਤੇ ਸੋਹਣਾ ਦਿਲ ਮੇਰਾ ਉਸ ਅੰਦਰ ਖੁਰਿਆ।**
**ਐਪਰ ਡਾਢੀ ਚੀਸ ਸੀ ਉਠੀ ਜਾਂ ਪਥਰਾਂ ਨਾਲ ਵੱਜਾ,**
**ਠੇਡੇ ਠੁਡੇ ਖਾ ਕੇ ਆਖ਼ਰ ਪਿਛਾਂ ਘਰ ਨੂੰ ਮੁੜਿਆ।**
**ਪਿਛੇ ਮੁੜਦੇ ਪਾਣੀ ਤੱਕ ਕੇ ਮਾਰੀ ਇਕ ਕਿਲਕਾਰੀ।**
**ਠੋਕਰਾਂ ਬਾਝ ਨ ਮੰਜ਼ਿਲ ਮਿਲਦੀ ਦੁਖਾਂ ਬਾਝ ਨਾ ਯਾਰੀ।**

ਭਾਈ ਵੀਰ ਸਿੰਘ ਜੀ ਕਹਿੰਦੇ ਨੇ, ਮੈਂ ਇਸ ਪਾਣੀ ਤੋਂ ਪ੍ਰੇਰਨਾ ਲਈ। ਸਿੱਧਾ ਰਸਤਾ ਨਹੀਂ ਮਿਲ ਰਿਹਾ। ਇਹ ਚਲਦਾ ਚਲਦਾ ਕਦੇ ਇਕ ਚਟਾਨ ਨਾਲ ਟਕਰਾ ਰਿਹਾ ਹੈ ਤੇ ਕਦੀ ਦੂਜੀ ਚਟਾਨ ਨਾਲ। ਤੇ ਕਦੀ ਪੱਥਰਾਂ ਨੂੰ ਤੋੜ ਕੇ ਲੰਘ ਰਿਹਾ ਹੈ। ਅਰ ਕਿਸੇ ਥਾਂ 'ਤੇ ਚਟਾਨ ਨਾਲ ਟਕਰਾ ਕੇ ਵਾਪਸ ਵੀ ਮੁੜ ਰਿਹਾ ਹੈ। ਮੁੜਨਾ ਵੀ ਪੈ ਰਿਹਾ ਹੈ ਅਰ ਪੱਥਰਾਂ ਨੂੰ ਤੋੜਨਾ ਵੀ ਪੈ ਰਿਹਾ ਹੈ। ਤੇ ਭਾਈ ਸਾਹਿਬ ਕਹਿੰਦੇ ਨੇ, ਮੈਂ ਬਹੁਤ ਵੱਡੀ ਪ੍ਰੇਰਨਾ ਇਸ ਝਰਨੇ ਤੋਂ ਲਈ। ਕਿਸੇ ਥਾਂ ਪੱਥਰ ਤੋੜਨੇ ਪੈਣਗੇ। ਅਰ ਕਿਸੇ ਥਾਂ ਬੜੀਆਂ ਮਜ਼ਬੂਤ ਚਟਾਨਾਂ ਆ ਜਾਂਦੀਆਂ ਨੇ। ਤੇ ਮਜ਼ਬੂਤ ਚਟਾਨਾਂ ਨੂੰ ਤੋੜਨ ਵਾਸਤੇ ਦਰਿਆ ਦੀ ਰਵਾਨਗੀ ਬਹੁਤ ਵੱਡੀ ਚਾਹੀਦੀ ਹੈ, ਬਹੁਤ ਵੱਡਾ ਵਹਿਣ ਚਾਹੀਦਾ ਹੈ, ਬਹਾਓ ਬੜਾ ਤਿੱਖਾ ਚਾਹੀਦਾ ਹੈ, ਪਾਣੀ ਬਹੁਤਾਤ ਵਿਚ ਚਾਹੀਦਾ ਹੈ, ਤਾਂ ਜਾ ਕੇ ਬਹੁਤ ਵੱਡੀ ਚਟਾਨ


Sri Satguru Jagjit Singh Ji eLibrary NamdhariElibrary@gmail.com

ਜੋ ਹੈ ਟੁਟੇਗੀ, ਐਵੇਂ ਨਹੀਂ ਟੁਟਦੀ। ਦੇਖੋ ਇਕ ਮਾਮੂਲੀ ਪਾਣੀ ਦੀ ਧਾਰ ਹੋਵੇ ਤੇ ਰਸਤੇ ਵਿਚ ਇਕ ਹਜ਼ਾਰ ਟਨ ਦਾ ਪੱਥਰ ਆ ਜਾਏ, ਉਹ ਕਿਸ ਤਰ੍ਹਾਂ ਟੁਟੇਗਾ ? ਪਾਣੀ ਨੂੰ ਆਪਣਾ ਰੁਖ਼ ਮੋੜਨਾ ਪਵੇਗਾ। ਪੱਥਰ ਨਹੀਂ ਟੁਟੇਗਾ। ਐਸੇ ਪੱਥਰ ਨੂੰ ਤੋੜਨ ਵਾਸਤੇ ਪਾਣੀ ਦਾ ਬਹਾਓ ਬਹੁਤ ਵੱਡਾ ਚਾਹੀਦਾ ਹੈ।

ਸੋ, ਜ਼ਿੰਦਗੀ ਦੀ ਸੱਚਾਈ ਦੇ ਸਦਾਚਾਰ ਦੇ ਬਹਾਉ ਵਿਚ ਜਹਾਂਗੀਰ ਇਕ ਮਜ਼ਬੂਤ ਚਟਾਨ ਦੀ ਤਰ੍ਹਾਂ ਖੜਾ ਹੋ ਗਿਆ ਹੈ। ਆਪ ਨੂੰ ਪਤਾ ਹੋਵੇ ਕਿ ਇਹਨੇ ਸਾਫ਼ ਕਹਿ ਦਿੱਤਾ ਸੀ ਕਿ ਮੈਂ ਗੁਰੂ-ਘਰ ਨੂੰ ਇਕ ਝੂਠ ਦੀ ਦੁਕਾਨ ਸਮਝਦਾ ਹਾਂ। ਬੰਦ ਕਰੋ, ਇਹ ਮੈਂ ਨਹੀਂ ਚੱਲਣ ਦੇਣੀ। ਇਸ ਦੁਕਾਨ ਤੋਂ ਜਿਹੜਾ ਸੌਦਾ ਦੁਨੀਆ ਨੂੰ ਮਿਲਦਾ ਹੈ, ਇਹ ਜਹਾਂਗੀਰ ਦੇ ਅਲਫ਼ਾਜ਼ ਨੇ, ਬਈ ਹਿੰਦੂ ਤੇ ਜਾਂਦੇ ਹੀ ਨੇ ਪਰ ਮੂਰਖ ਮੁਸਲਮਾਨ ਵੀ ਗੁਰੂ ਸਾਹਿਬ ਪਾਸ ਜਾਂਦੇ ਨੇ। ਸੋ ਇਹ ਮੈਂ ਬੰਦ ਕਰਨੀ ਹੈ। ਸੋ ਬੜੀ ਮਜ਼ਬੂਤ ਚਟਾਨ ਹੈ ਜਹਾਂਗੀਰ, ਬਹੁਤ ਵੱਡੀ। ਉਸ ਪਾਸ ਹਿੰਦੁਸਤਾਨ ਦਾ ਤਖ਼ਤ ਹੈ। ਹੁਣ ਇਸ ਵੱਡੀ ਚਟਾਨ ਨੂੰ ਤੋੜਨ ਵਾਸਤੇ ਬਹੁਤ ਵੱਡਾ ਪਾਣੀ ਦਾ ਬਹਾਉ ਚਾਹੀਦਾ ਹੈ।

ਸਾਡੇ ਦੇਸ਼ ਵਿਚ ਉਂਞ ਸੰਨਿਆਸੀ, ਬੈਰਾਗੀ, ਜੋਗੀ, ਬ੍ਰਹਮਚਾਰੀ ਬਹੁਤ ਸਨ। ਇਹ ਸਾਧੂਆਂ ਦਾ ਦੇਸ਼ ਹੈ ਤੇ ਬਹੁਤ ਸਾਰੇ ਸਾਧੂਆਂ ਨੂੰ ਇਸ ਮਿੱਟੀ ਨੇ ਪੈਦਾ ਕੀਤਾ। ਲੇਕਿਨ ਹਰ ਸਾਧੂ ਨੇ ਇਹ ਕਹਿ ਦਿੱਤਾ ਹੈ ਕਿ ਇਸ ਸੰਸਾਰ ਨਾਲ ਸਾਡਾ ਕੋਈ ਮਤਲਬ ਨਹੀਂ। ਅਰ ਹਰ ਸ਼ਹਿਨਸ਼ਾਹ ਜਦ ਸਿੰਘਾਸਨ 'ਤੇ ਬੈਠਦਾ ਹੈ, ਕਹਿੰਦਾ ਹੈ ਸਾਡਾ ਧਰਮ ਨਾਲ ਕੋਈ ਮਤਲਬ ਨਹੀਂ। ਸਾਡਾ ਮਜ਼੍ਹਬ ਨਾਲ ਕੋਈ ਮਤਲਬ ਨਹੀਂ। ਇਹ ਗੱਲ ਵੱਖਰੀ ਹੈ ਕਿ ਕਿਸੇ ਨੇ ਸਿੰਘਾਸਨ 'ਤੇ ਬੈਠਣ ਲਗਿਆਂ ਕੋਈ ਲੇਬਲ ਲਾਇਆ ਹੋਵੇ, ਲੇਕਿਨ ਹੁੰਦਾ ਨਹੀਂ ਧਰਮੀ, ਰਾਜਾ ਹੋਵੇ ਤੇ ਫੇਰ ਧਰਮੀ ਹੋਵੇ, ਇਹ ਗੱਲ ਬੜੀ ਔਖੀ ਹੈ। ਅਸੀਂ ਹਿੰਦੁਸਤਾਨ ਦਾ ਇਤਿਹਾਸ ਪੜ੍ਹਦੇ ਹਾਂ, ਬੜੇ ਬੜੇ ਰਾਜੇ ਹੋਏ, ਪਰ ਬੜੀ ਮੁਸ਼ਕਲ ਨਾਲ ਦੋ ਚਾਰ ਲਭਦੇ ਨੇ। ਜੈਸੇ ਰਾਜਾ ਜਨਕ ਹੈ, ਹਰੀਸ਼ ਚੰਦਰ ਹੋਇਆ ਅਰ ਪਿਛਲੀ ਸਦੀ ਵਿਚ ਅਗਰ ਕੋਈ ਧਰਮ ਰਾਜਾ ਹੋਇਆ ਹੈ ਤਾਂ ਉਹ ਹੋਇਆ ਹੈ ਮਹਾਰਾਜਾ ਰਣਜੀਤ ਸਿੰਘ, ਜੋ ਗੁਰਬਾਣੀ ਦਾ ਆਸਰਾ ਲੈਂਦਾ ਸੀ, ਗੁਰੂ ਦਾ ਆਸਰਾ ਲੈਂਦਾ ਸੀ। ਇਹ ਆਪਣੇ ਖ਼ਜ਼ਾਨੇ ਗੁਰੂ-ਘਰ ਵਾਸਤੇ ਖੋਲ੍ਹਦਾ ਹੈ। ਹਰ ਕੰਮ ਅਰਦਾਸ ਕਰ ਕੇ ਕਰਦਾ ਹੈ।

ਖ਼ੈਰ, ਟਕਰਾਉ ਤੇ ਤਨਾਉ ਕੁਦਰਤੀ ਤੌਰ 'ਤੇ ਰਹਿੰਦੇ ਨੇ। ਪੁਰਾਣੀਆਂ ਜੇਲ੍ਹਾਂ ਵਿਚ ਤੁਸੀਂ ਝਾਤੀ ਮਾਰੋ ਤੇ ਇਤਿਹਾਸ ਪੜ੍ਹੋ ਤੇ ਪਤਾ ਚਲੇਗਾ ਕਿ ਇਹਨਾਂ


Sri Satguru Jagjit Singh Ji eLibrary NamdhariElibrary@gmail.com

ਵਿਚ ਜਾਂ ਤੇ ਚੋਰ ਡਾਕੂ ਬੈਠੇ ਨੇ ਜਾਂ ਫਿਰ ਸੰਤ ਬੈਠੇ ਨੇ। ਚੋਰ ਵੀ ਚੱਕੀ ਪੀਸ ਰਹੇ ਨੇ ਤੇ ਸੰਤ ਵੀ। ਗੁਰੂ ਨਾਨਕ ਸਾਹਿਬ ਨੂੰ ਵੀ ਕਹਿ ਦਿੱਤਾ ਹੈ 'ਪੀਸੋ ਚੱਕੀ'। ਹੁਣ ਹੈਰਾਨਗੀ ਹੁੰਦੀ ਹੈ, ਬਈ ਹੱਦ ਹੋ ਗਈ, ਇਕ ਸੰਤ ਨੂੰ ਵੀ ਚੋਰਾਂ ਨਾਲ, ਠੱਗਾਂ ਨਾਲ ਤੇ ਦੁਰਾਚਾਰੀਆਂ ਨਾਲ ਬੰਦ ਕਰ ਦਿੱਤਾ ਹੈ। ਐ ਗਵਾਲੀਅਰ ਦਾ ਕਿਲ੍ਹਾ ਹੈ, ਇਥੇ ਬਹੁਤ ਸਾਰੇ ਰਾਜੇ ਮੌਜੂਦ ਨੇ ਜੇਲ੍ਹ ਵਿਚ ਤੇ ਉਹਨਾਂ ਕੈਦੀਆਂ ਵਿਚ ਹੀ ਛੇਵੇਂ ਪਾਤਸ਼ਾਹ ਨੂੰ ਵੀ ਬਿਠਾ ਦਿੱਤਾ ਗਿਆ ਹੈ। ਜਿਸ ਲਾਹੌਰ ਦੀ ਹਵੇਲੀ ਵਿਚ ਬੜੇ ਬੜੇ ਚੋਰ ਤੇ ਡਾਕੂ ਅਕਸਰ ਬੰਦ ਕੀਤੇ ਜਾਂਦੇ ਸਨ ਤੇ ਉਹਨਾਂ ਨੂੰ ਕਤਲ ਕਰ ਦਿੱਤਾ ਜਾਂਦਾ ਸੀ, ਅੱਜ ਉਸੇ ਹੀ ਹਵੇਲੀ ਵਿਚ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਿਠਾਇਆ ਗਿਆ ਹੈ। ਅਰ ਹੈਰਾਨੀ ਹੁੰਦੀ ਹੈ, ਹਰ ਸਿਆਣਾ ਬੰਦਾ ਹੈਰਾਨ ਹੁੰਦਾ ਹੈ ਕਿ ਚੋਰ ਤੇ ਸੰਤ ਨੂੰ ਇਕੋ ਸਿੰਘਾਸਨ 'ਤੇ ਕਿਉਂ ਬਿਠਾ ਦਿੱਤਾ ਗਿਆ ਹੈ ? ਐਸਾ ਕਿਉਂ ? ਚੋਰ ਵੀ ਸੂਲੀ 'ਤੇ ਚੜ੍ਹ ਰਿਹਾ ਹੈ ਤੇ ਸੰਤ ਵੀ, ਐਸਾ ਕਿਉਂ ?

ਕਹਿੰਦੇ ਨੇ ਜਿਹੜਾ ਚੋਰ ਹੈ, ਠੱਗ ਹੈ, ਜ਼ਾਲਮ ਹੈ, ਉਹ ਸੰਸਾਰ ਨੂੰ ਤੋੜਦਾ ਹੈ, ਰਾਜਨੀਤੀ ਦੇ ਕਾਨੂੰਨ ਦੇ ਨਿਯਮ ਤੋੜਦਾ ਹੈ, ਸਮਾਜ ਦੇ ਨਿਯਮ ਤੋੜਦਾ ਹੈ। ਤੇ ਸੰਤ, ਇਨ੍ਹਾਂ ਨੂੰ ਤੋੜਦਾ ਨਹੀਂ, ਬਲਕਿ ਮੰਨਦਾ ਹੀ ਨਹੀਂ। ਇਸ ਵਾਸਤੇ ਕੁਦਰਤੀ ਹੈ ਕਿ ਸੰਸਾਰ ਦੋਹਾਂ ਦੀ ਵਿਰੋਧਤਾ 'ਤੇ ਆ ਜਾਂਦਾ ਹੈ। ਸੰਸਾਰ ਜਿਥੇ ਚੋਰ ਤੇ ਠੱਗ ਨੂੰ ਨਹੀਂ ਬਰਦਾਸ਼ਤ ਕਰ ਸਕਦਾ, ਉਥੇ ਸੰਤ ਨੂੰ ਵੀ ਨਹੀਂ ਕਰਦਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਜੀਵਨ ਕਥਾ ਪੜ੍ਹੋ। ਬਾਈਧਾਰ ਦੇ ਰਾਜੇ ਨਹੀਂ ਬਰਦਾਸ਼ਤ ਕਰਦੇ, ਔਰੰਗਜ਼ੇਬ ਨਹੀਂ ਬਰਦਾਸ਼ਤ ਕਰਦਾ, ਪੰਜਾਬ ਦੇ ਬ੍ਰਾਹਮਣ ਨਹੀਂ ਬਰਦਾਸ਼ਤ ਕਰਦੇ, ਹਾਲਾਂਕਿ ਗੰਗੂ ਬ੍ਰਾਹਮਣ, ਜੋ ਰਸੋਈਆ ਸੀ, ਚੰਦ ਪੈਸਿਆਂ ਦੇ ਲਾਲਚ ਵਿਚ ਆ ਕੇ ਮਹਾਰਾਜ ਦੇ ਸਾਹਿਬਜ਼ਾਦਿਆਂ ਨੂੰ ਹਕੂਮਤ ਦੇ ਹਵਾਲੇ ਕਰ ਦਿੰਦਾ ਹੈ। ਹੁਣ ਇਥੇ ਬੰਦਾ ਦੰਗ ਰਹਿ ਜਾਂਦਾ ਹੈ ਕਿ ਇਕ ਚੋਰ ਨੂੰ ਨਹੀਂ ਬਰਦਾਸ਼ਤ ਕੀਤਾ ਜਾ ਰਿਹਾ, ਗੱਲ ਸਮਝ ਵਿਚ ਆ ਜਾਂਦੀ ਹੈ। ਪਰ ਸੰਤ ਨੂੰ ਕਿਉਂ ਨਹੀਂ ਬਰਦਾਸ਼ਤ ਕੀਤਾ ਜਾ ਰਿਹਾ ? ਚੋਰ ਕਾਨੂੰਨ ਨੂੰ ਤੋੜਦਾ ਹੈ ਤੇ ਸੰਤ ਮੰਨਦਾ ਹੀ ਨਹੀਂ। ਬੱਸ ਇੰਨੀ ਜਿਹੀ ਗੱਲ ਹੈ। ਇਸ ਵਾਸਤੇ ਸੰਸਾਰ ਦੋਹਾਂ ਦੀ ਵਿਰੋਧਤਾ 'ਤੇ ਚਲਦਾ ਹੈ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਜਨੀਤਕ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਹੁਕਮ ਕੀ ਸੀ ? ਜਹਾਂਗੀਰ ਦਾ ਇਹ ਹੁਕਮ ਸੀ ਕਿ ਜੋ ਕੁਛ ਤੁਹਾਡੇ ਪਾਸ ਆਮਦਨੀ ਹੈ, ਇਸ ਦਾ ਚੌਥਾ ਹਿੱਸਾ ਸ਼ਾਹੀ ਖ਼ਜ਼ਾਨੇ


Sri Satguru Jagjit Singh Ji eLibrary NamdhariElibrary@gmail.com

ਵਿਚ ਜਮ੍ਹਾ ਕਰਾਇਆ ਕਰੋ। ਦੂਜਾ, ਤੁਸੀਂ ਜਿਹੜੀ ਪਨਾਹ ਦਿੱਤੀ ਹੈ ਸ਼ਾਹਿਬਜ਼ਾਦੇ ਨੂੰ, ਇਹਦੇ ਹਰਜਾਨੇ ਵਿਚ ਦੋ ਲੱਖ ਮੋਹਰਾਂ ਸ਼ਾਹੀ ਖ਼ਜ਼ਾਨੇ ਵਿਚ ਜਮ੍ਹਾ ਕਰਵਾਉ। ਸਾਹਿਬਾਂ ਨੇ ਕਿਹਾ, 'ਨਹੀਂ, ਜੋ ਪੈਸਾ ਹੈ ਸਾਡੇ ਪਾਸ, ਉਹ ਧਰਮ ਦਾ ਹੈ। ਇਹਦੇ ਨਾਲ ਧਰਮ-ਮੰਦਿਰ ਤੇ ਬਣ ਸਕਦੇ ਹਨ, ਇਹਦੇ ਨਾਲ ਗ਼ਰੀਬ ਮਜ਼ਲੂਮਾਂ ਦੀ ਰਖਿਆ ਤੇ ਕੀਤੀ ਜਾ ਸਕਦੀ ਹੈ, ਇਸ ਧਨ ਨਾਲ ਕਿਸੇ ਗ਼ਰੀਬ ਦਾ ਢਿਡ ਤੇ ਭਰਿਆ ਜਾ ਸਕਦਾ ਹੈ, ਇਸਦੇ ਨਾਲ ਸ਼ਾਹੀ ਖ਼ਜ਼ਾਨੇ ਨਹੀਂ ਭਰੇ ਜਾ ਸਕਦੇ।' ਤੋ ਜਹਾਂਗੀਰ ਨੇ ਸਤਿਗੁਰਾਂ ਨੂੰ ਚੰਦੂ ਦੇ ਹਵਾਲੇ ਕਰ ਦਿੱਤਾ ਹੈ। ਬਈ ਜੋ ਕੁਛ ਕਰ ਸਕਦੇ ਹੋ, ਇਸ ਫ਼ਕੀਰ ਨੂੰ ਮਨਾਉਣ ਵਾਸਤੇ ਕਰੋ।

ਇਸ ਤੋਂ ਪੇਸ਼ਤਰ ਇਕ ਦਿਨ ਸਾਈਂ ਮੀਆਂ ਮੀਰ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਚਰਨਾਂ ਵਿਚ ਬੇਨਤੀ ਕੀਤੀ ਸੀ ਕਿ ਪਾਤਸ਼ਾਹ, ਇਕ ਪੰਕਤੀ ਹੈ ਗੁਰੂ ਗ੍ਰੰਥ ਸਾਹਿਬ ਵਿਚ ਜੋ ਪੜ੍ਹਦਿਆਂ ਸ਼ੰਕਾ ਪੈਦਾ ਕਰਦੀ ਹੈ। ਸਤਿਗੁਰੂ ਦਾ ਕੰਮ ਹੈ ਸ਼ੰਕਿਆਂ ਦੀ ਨਵਿਰਤੀ ਕਰਨਾ। ਸਾਹਿਬ ਕਹਿਣ ਲਗੇ, ਕਿਹੜੀ ਪੰਕਤੀ ਹੈ ? ਤੋ ਮੀਆਂ ਮੀਰ ਨੇ ਪੜ੍ਹ ਕੇ ਸੁਣਾਈ :

**ਤਨੁ ਮਨੁ ਕਾਟਿ ਕਾਟਿ ਸਭੁ ਅਰਪੀ, ਵਿਚਿ ਅਗਨੀ ਆਪੁ ਜਲਾਈ ॥**

*(੭੫੭)*

ਮੀਆਂ ਮੀਰ ਕਹਿਣ ਲਗੇ, 'ਪਾਤਸ਼ਾਹ, ਇਹ ਕਿਸੇ ਕਵੀ ਦੀ ਕਲਪਨਾ ਤੇ ਹੋ ਸਕਦੀ ਹੈ, ਇਹ ਸ਼ਾਇਰਾਨਾ ਤਖ਼ਈਅਲ ਹੈ, ਸੱਚਾਈ ਨਹੀਂ। ਮਨੁੱਖ ਧਰਮ ਦੀ ਖ਼ਾਤਰ, ਸਚਾਈ ਦੀ ਖ਼ਾਤਰ, ਆਪਣੇ ਤਨ ਦੇ ਟੁਕੜੇ ਕਰਵਾਏ, ਜਾਂ ਆਪਣੇ ਆਪ ਨੂੰ ਅੱਗ ਦੇ ਵਿਚ ਸਾੜ ਦੇਵੇ। ਇਸ ਢੰਗ ਨਾਲ ਕੁਰਬਾਨ ਹੋ ਜਾਏ, ਇਹ ਕਿਵੇਂ ਹੋ ਸਕਦਾ ਹੈ ? ਕੀ ਇਹ ਸ਼ਾਇਰੀ ਕਲਪਨਾ ਹੀ ਹੈ ਜਾਂ ਇਸ ਵਿਚ ਸਚਾਈ ਵੀ ਹੈ ?' ਤੋ ਇਤਿਹਾਸ ਇਹ ਕਹਿੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਮਹਾਰਾਜ ਖਾਮੋਸ਼ ਹੋ ਗਏ, ਬੋਲੇ ਨਹੀਂ। ਤੇ ਉਹਨਾਂ ਦੇ ਨਾ ਬੋਲਣ ਕਰਕੇ ਸਾਈਂ ਮੀਆਂ ਮੀਰ ਦੀ ਸ਼ੰਕਾ ਵਧ ਗਈ।

ਪਰ ਅੱਜ ਸਾਈਂ ਮੀਆਂ ਮੀਰ ਦੇ ਕੰਨਾਂ ਵਿਚ ਆਵਾਜ਼ ਪਈ ਕਿ ਉਹ ਸੱਚ ਦੀ ਮੂਰਤੀ, ਉਹ ਤਿਆਗ ਦੀ ਮੂਰਤੀ, ਉਹ ਮਹਾਨ ਸੰਗੀਤਕਾਰ ਦੁਨੀਆ ਨੂੰ ਸੱਚ ਦਾ ਸੰਦੇਸ਼ ਤੇ ਉਪਦੇਸ਼ ਦੇਣ ਵਾਲਾ ਜਿਹੜਾ ਹੈ, ਅੱਜ ਹੁਕਮ ਸਾਦਰ ਹੋ ਗਿਆ ਹੈ, ਜੁ ਉਸ ਨੂੰ ਤੱਤੀ ਤਵੀ 'ਤੇ ਬੈਠਾਣਾ ਹੈ। ਜਿਸ ਹਵੇਲੀ ਵਿਚ ਸਾਹਿਬਾਂ ਨੂੰ ਰੱਖਿਆ ਹੈ, ਉਥੇ ਪਹੁੰਚਣ ਦੀ ਕਿਸੇ ਨੂੰ ਇਜਾਜ਼ਤ ਨਹੀਂ ਸੀ। ਸਾਈਂ ਮੀਆਂ ਮੀਰ ਇਕ ਰਾਜਸੀ ਗੁਰੂ ਸੀ, ਜਹਾਂਗੀਰ ਇਸ ਦੀ ਕਦਰ ਕਰਦਾ ਸੀ,


Sri Satguru Jagjit Singh Ji eLibrary NamdhariElibrary@gmail.com

ਇਸਨੂੰ ਸਿਜਦਾ ਕਰਦਾ ਸੀ। ਇਹ ਇਜਾਜ਼ਤ ਲੈ ਕੇ ਹਵੇਲੀ ਵਿਚ ਪਹੁੰਚਿਆ। ਕਹਿੰਦੇ ਨੇ, ਵੇਖਦਿਆਂ ਹੀ ਧਾਈਂ ਮਾਰ ਕੇ ਰੋ ਉਠਿਆ। ਸਾਹਿਬ ਕਹਿਣ ਲੱਗੇ, 'ਸਾਈਂ ਜੀ! ਉਸ ਪੰਕਤੀ ਬਾਰੇ ਕੁਝ ਕਹਿਣਾ ਨਹੀਂ, ਉਸ ਪੰਕਤੀ ਦਾ ਤੂੰ ਰੂਪ ਵੇਖ ਲੈ। ਉਸ ਪੰਕਤੀ ਦੇ ਮੈਂ ਅਰਥ ਨਹੀਂ ਕਰਨੇ, ਮੇਰਾ ਪ੍ਰਣ ਕਰੇਗਾ।' ਇਹ ਜ਼ਾਰੋ ਜ਼ਾਰ ਰੋਇਆ। ਸਾਹਿਬ ਕਹਿਣ ਲੱਗੇ, 'ਸਾਈਂ ਮੀਆਂ ਮੀਰ! ਮੇਰੇ ਤਪਦੇ ਹੋਏ ਤਨ ਨੂੰ ਨਾ ਵੇਖ, ਮੇਰੇ ਠੰਡੇ ਮਨ ਨੂੰ, ਠੰਡੇ ਹਿਰਦੇ ਨੂੰ ਵੇਖ।' ਗਰਮੀ ਇਕ ਬਾਹਰ ਦੀ ਹੁੰਦੀ ਹੈ ਤੇ ਇਕ ਅੰਦਰ ਦੀ। ਜਦ ਬਾਹਰ ਦੀ ਗਰਮੀ ਪੈਂਦੀ ਹੈ ਤਾਂ ਮਨੁੱਖ ਬਚਾਓ ਕਰਦਾ ਹੈ ਛਾਇਆ ਹੇਠ ਬੈਠ ਕੇ, ਪੱਖੇ ਲਾ ਕੇ, ਕੂਲਰ ਲਾ ਕੇ, ਜਾਂ ਫਿਰ ਠੰਡੇ ਪਹਾੜਾਂ 'ਤੇ ਜਾ ਕੇ, ਗਰਮੀ ਤੋਂ ਬਚਾਓ ਕਰਦੇ ਹਨ। ਤੋ ਬਾਹਰਲੀ ਗਰਮੀ ਤੋਂ ਬਚਾਓ ਹੋ ਸਕਦਾ ਹੈ, ਪਰ ਜਿਹੜੀ ਅੰਦਰਲੀ ਗਰਮੀ ਹੈ ਮਨੁੱਖ ਦੀ, ਉਹ ਮਨੁੱਖ ਨਾਲ ਹੀ ਲੈ ਜਾਂਦਾ ਹੈ, ਚਾਹੇ ਕਸ਼ਮੀਰ ਚਲਿਆ ਜਾਵੇ, ਚਾਹੇ ਹਿਮਾਲੀਆ ਦੀ ਚੋਟੀ 'ਤੇ। ਉਹ ਆਪਣੇ ਕਰੋਧ ਨੂੰ, ਤ੍ਰਿਸ਼ਨਾ ਨੂੰ, ਲੋਭ ਨੂੰ ਨਾਲ ਹੀ ਲੈ ਜਾਂਦੇ ਹਨ। ਉਂਞ ਉਹ ਚਾਰੇ ਤਰਫ਼ੋਂ ਬਰਫ਼ ਨਾਲ ਢਕੇ ਹੋਏ ਪਹਾੜਾਂ 'ਚ ਬੈਠਾ ਹੈ, ਪਰ ਅੰਦਰ ਉਸਦਾ ਭੁਜਿਆ ਪਿਆ ਹੈ। ਅੰਦਰ ਹਿਰਦਾ ਸੜ ਰਿਹਾ ਹੈ। ਉਸੇ ਦਾ ਵਰਣਨ ਸਾਹਿਬਾਂ ਨੇ ਕੀਤਾ ਹੈ :

**ਚੰਦਨ ਚੰਦੁ ਨ ਸਰਦ ਰੁਤਿ, ਮੂਲਿ ਨ ਮਿਟਈ ਘਾਂਮ॥**
**ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ॥** *(੭੦੯)*

ਇਹ ਤਜਰਬੇ ਨੇ, ਜਿਹੜੇ ਸਾਹਿਬ ਸਾਡੇ ਸਾਹਮਣੇ ਰਖਦੇ ਨੇ। ਸਾਡੇ ਤਜਰਬੇ 'ਚ ਨਹੀਂ ਆਇਆ। ਸਾਹਿਬ ਕਹਿੰਦੇ ਨੇ ਜੁ ਮਨ ਸੀਤਲ ਹੋਵੇ ਤਾਂ ਬਲਦੀ ਹੋਈ ਅੱਗ ਵਿਚ ਵੀ ਠੰਡਾ ਰਹਿ ਸਕਦਾ ਹੈ। "ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥" ਹਾੜ ਦੀ ਗਰਮੀ ਬਹੁਤ ਮਸ਼ਹੂਰ ਹੈ। ਸੂਰਜ ਇੰਜ ਤਪਦਾ ਹੈ ਜਿਵੇਂ ਅੱਗ ਬਲਦੀ ਹੁੰਦੀ ਹੈ। ਜ਼ਮੀਨ ਤਪ ਜਾਂਦੀ ਹੈ। ਮਕਾਨ ਤਪ ਜਾਂਦੇ ਹਨ। ਪਰ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ, ਹਾੜ ਦੀ ਗਰਮੀ ਉਹਨਾਂ ਨੂੰ ਤਪਾਂਦੀ ਹੈ, ਸਾੜਦੀ ਹੈ ਜਿਨ੍ਹਾਂ ਦੇ ਹਿਰਦੇ ਵਿਚ ਹਰੀ ਪਰਮੇਸ਼ਰ ਦਾ ਨਾਮ ਨਹੀਂ।

ਕਈ ਵਾਰ ਮੈਨੂੰ ਸੋਚਣਾ ਪਿਆ ਕਿ ਹਿਰਦੇ 'ਚ ਨਾਮ ਹੋਵੇ ਤੇ ਵਾਕਿਆ ਹੀ ਗਰਮੀ ਨਹੀਂ ਲਗਦੀ, ਤੇ ਬਾਹਰੋਂ ਗਰਮੀ ਪ੍ਰੇਸ਼ਾਨ ਨਹੀਂ ਕਰਦੀ। ਆ ਅਕਾਲੀ ਕੌਰ ਸਿੰਘ ਜੀ ਹੋਏ ਨੇ, ਜਿਨ੍ਹਾਂ ਕੋਈ ਵੀਹ ਸਾਲ ਮੇਹਨਤ ਕਰ ਕੇ ਗੁਰੂ ਗ੍ਰੰਥ ਸਾਹਿਬ ਦਾ ਤਤਕਰਾ ਲਿਖਿਆ ਹੈ। ਕਹਿੰਦੇ ਨੇ, ਇਹਨਾਂ ਸਾਰੀ ਜ਼ਿੰਦਗੀ ਇਕ ਮੋਟੇ ਉਨ਼ ਦੇ ਕੰਬਲ ਵਿਚ ਹੀ ਗੁਜ਼ਾਰ ਦਿੱਤੀ। ਸਾਰੀ ਉਮਰ ਇਕ ਉਨ ਦਾ


Sri Satguru Jagjit Singh Ji eLibrary NamdhariElibrary@gmail.com

ਮੋਟਾ ਚੋਲਾ ਹੀ ਪਾਈ ਰਖਿਆ ਸੀ, ਚਾਹੇ ਜੇਠ ਹਾੜ ਹੋਵੇ, ਚਾਹੇ ਪੋਹ ਮਾਘ। ਪੁਛਿਆ ਹੈ ਕਿ ਤੁਹਾਨੂੰ ਗਰਮੀ ਨਹੀਂ ਲਗਦੀ ? ਕਹਿਣ ਲੱਗੇ, 'ਗਰਮੀ ਕੀ ਹੁੰਦੀ ਹੈ ? ਮੇਰੇ ਖ਼ਿਆਲ ਵਿਚ ਨਹੀਂ ਆਈ।' ਅਰ ਐਸੇ ਮਹਾਂਪੁਰਸ਼, ਜਿਸ ਨੇ ਸਾਰੀ ਉਮਰ ਗੁਰੂ ਗ੍ਰੰਥ ਸਾਹਿਬ ਦੀ ਖੋਜ ਕੀਤੀ ਹੋਵੇ, ਅਤਿਕਥਨੀ ਨਹੀਂ ਕਹਿ ਸਕਦਾ। ਉਹਨਾਂ ਨੇ ਭਾਈ ਸਾਹਿਬ ਰਣਧੀਰ ਸਿੰਘ ਨੂੰ ਵੀ ਕਹਿ ਦਿੱਤਾ ਸੀ ਕਿ ਮੈਨੂੰ ਗਰਮੀ ਦਾ ਪਤਾ ਨਹੀਂ ਕਿ ਕੀ ਹੈ ? ਆਪ ਨੂੰ ਪਤਾ ਹੋਵੇ, ਜਿਤਨੀਆਂ ਚੰਗਿਆਈਆਂ ਨੇ, ਇਹਨਾਂ ਨੂੰ ਠੰਡ ਨਾਲ ਤਸ਼ਬੀਹ ਦਿੱਤੀ ਗਈ ਹੈ ਤੇ ਜਿਤਨੀਆਂ ਬੁਰਾਈਆਂ ਨੇ, ਇਨ੍ਹਾਂ ਨੂੰ ਗਰਮੀ ਨਾਲ ਤਸ਼ਬੀਹ ਦਿੱਤੀ ਗਈ ਹੈ। ਦੇਖੋ ਬੰਦਾ ਸੰਤੋਖੀ ਹੋਵੇ, ਖਿਮਾ-ਵਾਨ ਹੋਵੇ, ਗਿਆਨਵਾਨ ਹੋਵੇ ਤੇ ਅਸੀਂ ਕਹਿ ਦਿੰਦੇ ਹਾਂ ਕਿ ਬੜੇ ਠੰਡੇ ਸੁਭਾਅ ਦਾ ਹੈ, ਬੜਾ ਠੰਢਾ ਬੰਦਾ ਹੈ। ਤੇ ਜੇ ਬੰਦਾ ਲੋਭੀ ਹੋਵੇ, ਤ੍ਰਿਸ਼ਨਾਲੂ ਹੋਵੇ, ਕ੍ਰੋਧੀ ਹੋਵੇ, ਅਰ ਕਿਸੇ ਹਦ ਤਕ ਜ਼ਾਲਮ ਹੋਵੇ ਅਸੀਂ ਕਹਿ ਦਿੰਦੇ ਹਾਂ ਕਿ ਇਹ ਬੰਦਾ ਬੜੇ ਗਰਮ ਸੁਭਾਅ ਦਾ ਹੈ। ਹੁਣ ਵੇਖੋ ਕਿਸੇ ਫ਼ਰਿਜ ਵਿਚ ਬਰਫ਼ ਰੱਖ ਦੇਈਏ ਤੇ ਉਹ ਕਈ ਕਈ ਦਿਨ ਤਕ ਰਹਿ ਸਕਦੀ ਹੈ। ਪਰ ਜੇ ਉਹ ਕੜਕਦੀ ਧੁੱਪ ਵਿਚ, ਗਰਮੀ ਵਿਚ ਰੱਖੀਏ ਤੇ ਉਸ ਨੇ ਸੜ ਉਠਣਾ ਹੈ। ਤੇ ਲੋਭ ਹਿਰਦੇ ਦੀ ਹਿਫ਼ਾਜ਼ਤ ਨਹੀਂ ਕਰ ਸਕਦਾ। ਕਰੋਧ ਆਤਮਾ ਦੀ ਹਿਫ਼ਾਜ਼ਤ ਨਹੀਂ ਕਰ ਸਕਦਾ। ਇਹ ਰੱਬੀ ਗੁਣਾਂ ਨੂੰ ਸਾੜ ਕੇ ਰੱਖ ਦਿੰਦੇ ਨੇ। ਤੇ ਅੰਦਰ ਦੀ ਜਿਤਨੀ ਗਰਮੀ ਹੈ, ਉਸ ਤੋਂ ਹੀ ਸਾਰੀਆਂ ਬੁਰਿਆਈਆਂ ਪੈਦਾ ਹੁੰਦੀਆਂ ਨੇ। ਅੰਦਰ ਦੀ ਜੋ ਠੰਡ ਹੈ, ਉਸ ਤੋਂ ਹੀ ਸਾਰੀਆਂ ਚੰਗਿਆਈਆਂ ਨਿਕਲਦੀਆਂ ਨੇ।

ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਨੇ, ਸੂਰਜ ਭਾਵੇਂ ਜ਼ਮੀਨ 'ਤੇ ਆ ਜਾਵੇ, ਬਾਹਰ ਭਾਵੇਂ ਕਿਤਨੀ ਵੀ ਅੱਗ ਹੋਵੇ, ਪਰ ਇਹ ਮੇਰੇ ਸ਼ਾਂਤ ਹਿਰਦੇ ਨੂੰ ਨਹੀਂ ਸਾੜ ਸਕਦੀ। ਇਹ ਮੈਨੂੰ ਤਪਾ ਨਹੀਂ ਸਕਦੀ। ਇਹ ਉਸੇ ਢੰਗ ਨਾਲ ਰਹੇਗਾ। ਇਕ ਰਾਜ-ਹੱਠ ਹੁੰਦਾ ਹੈ ਤੇ ਇਕ ਸੰਤ ਦਾ ਵੀ ਹੱਠ ਹੁੰਦਾ ਹੈ। ਹੁਣ ਸੰਤ ਤੇ ਰਾਜੇ ਦਾ ਹੱਠ ਟਕਰਾ ਗਿਆ। ਜਹਾਂਗੀਰ ਆਪਣੇ ਹੱਠ 'ਤੇ ਹੈ, ਤੇ ਮਹਾਂਪੁਰਸ਼ ਆਪਣੇ ਹੱਠ 'ਤੇ ਨੇ। ਹਮੇਸ਼ਾ ਗੁਰੂ-ਘਰ ਨੇ ਜਬਰ ਦੇ ਖ਼ਿਲਾਫ਼ ਹੱਠ ਕੀਤਾ। ਤੇ ਪਤਾ ਹੈ ਜਬਰ ਕੌਣ ਕੌਣ ਬੰਦਾ ਕਰਦਾ ਹੈ ? ਅਕਸਰ ਗ਼ਲਤ ਹੱਠ ਉਹ ਬੰਦਾ ਕਰਦਾ ਹੈ ਜਿਸ ਨੂੰ ਕੋਈ ਨਸ਼ਾ ਚੜ੍ਹਿਆ ਹੋਵੇ। ਜਿਹਨੂੰ ਕੋਈ ਗ਼ਰੂਰ ਹੋਵੇ ਅਰ ਜੋ ਸੱਚ ਤੋਂ ਬਹੁਤ ਦੂਰ ਹੋਵੇ। ਐਸਾ ਬੰਦਾ ਸਖ਼ਤ ਚਟਾਨ ਦੀ ਤਰ੍ਹਾਂ ਸੱਚ ਦੇ ਮਾਰਗ ਵਿਚ ਖੜ੍ਹਾ ਹੋ ਜਾਂਦਾ ਹੈ।


Sri Satguru Jagjit Singh Ji eLibrary NamdhariElibrary@gmail.com

ਸੋ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਉਸ ਚਟਾਨ ਨਾਲ ਟਕਰਾ ਗਏ ਹਨ ਅਰ ਸ਼ਹਾਦਤ ਹੋ ਗਈ ਹੈ। ਬੜਾ ਸੁੰਦਰ ਅਸਥਾਨ ਬਣਿਆ ਪਿਆ ਹੈ ਲਾਹੌਰ ਵਿਚ। ਪਿੱਛੇ ਜਿਹੇ ਮੈਂ ਜਾ ਕੇ ਆਇਆ ਹਾਂ ਅਰ ਸੰਗਤਾਂ ਰੋ ਰਹੀਆਂ ਸਨ, ਬੇਹਬਲ ਸਨ ਕਿ ਇਥੇ ਤੱਤੀ ਤਵੀ 'ਤੇ ਬੈਠ ਕੇ ਕਿਸੇ ਮਹਾਂਪੁਰਸ਼ ਨੇ ਜਗਤ ਨੂੰ ਸ਼ਾਂਤੀ ਦਿੱਤੀ ਤੇ ਕਹਿ ਰਿਹਾ ਹੈ ਉਹ ਪੁਰਸ਼ "ਤੇਰਾ ਕੀਆ ਮੀਠਾ ਲਾਗੈ" ਤੇ "ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ।" ਕੋਲ ਖੜਾ ਚੰਦੂ ਹੈਰਾਨ ਹੈ। ਬਈ ਜਦ ਤੱਤੀ ਤਵੀ 'ਤੇ ਬਿਠਾਇਆ, ਉਪਰ ਗਰਮ ਰੇਤਾ ਵੀ ਪਾਇਆ, ਤੇ ਚੰਦੂ ਨੂੰ ਵੀ ਕੋਲ ਖੜੇ ਨੂੰ ਠੰਡ ਮਹਿਸੂਸ ਹੋ ਰਹੀ ਹੈ। ਅਰ ਐਸਾ ਪੁਰਖ ਤੱਤੀ ਤੱਵੀ 'ਤੇ ਬੈਠਾ ਵੀ ਮੁਸਕਰਾ ਰਿਹਾ ਹੈ। ਖ਼ੁਸ਼ੀ ਦੇ ਗੀਤ ਗਾਈ ਜਾ ਰਿਹਾ ਹੈ। ਚੇਹਰੇ 'ਤੇ ਕੋਈ ਘਬਰਾਹਟ ਨਹੀਂ ਹੈ। ਤੇ ਐਸੀ ਕਿਹੜੀ ਦੌਲਤ ਹੈ ਗੁਰੂ ਅਰਜਨ ਦੇਵ ਜੀ ਪਾਸ ? 'ਸਹਸਕ੍ਰਿਤੀ ਸਲੋਕਾਂ' ਵਿਚ ਸਾਹਿਬ ਵਰਣਨ ਕਰਦੇ ਨੇ। ਆਪ ਫ਼ੁਰਮਾਂਦੇ ਨੇ ਕਿ ਜਿਹੜੀਆਂ ਕੀਮਤੀ ਚੀਜ਼ਾਂ ਹੈਨ ਨਾ, ਮਨੁੱਖ ਦੀਆਂ ਨਜ਼ਰਾਂ ਵਿਚ ਉਹਨਾਂ ਦਾ ਪ੍ਰਭਾਵ ਪੈ ਜਾਂਦਾ ਹੈ। ਤੇ ਜੋ ਚੀਜ਼ ਤੁਛ ਹੈ, ਖ਼ਾਸ ਨਹੀਂ, ਬੰਦਾ ਉਸ ਦਾ ਪ੍ਰਭਾਵ ਨਹੀਂ ਕਬੂਲਦਾ। ਇਕ ਮਾਮੂਲੀ ਜਿਹੀ ਕਹਾਣੀ ਹੋਵੇ ਜਾਂ ਕਵਿਤਾ ਹੋਵੇ, ਮਨੁੱਖ ਉਸਦਾ ਪ੍ਰਭਾਵ ਨਹੀਂ ਕਬੂਲਦਾ। ਮਨੁੱਖ ਮਹਿਲਾਂ ਦਾ ਪ੍ਰਭਾਵ ਆਪਣੇ ਆਪ ਕਬੂਲਦਾ ਹੈ। ਕਿਸੇ ਖ਼ਾਸ ਗੱਲ ਦਾ, ਕਿਸੇ ਖ਼ਾਸ ਹਾਦਸੇ ਦਾ ਪ੍ਰਭਾਵ ਮਨੁੱਖ 'ਤੇ ਆਪਣੇ ਆਪ ਪੈ ਜਾਂਦਾ ਹੈ। ਤੇ ਖ਼ਾਸ ਚੀਜ਼ ਦਾ ਪ੍ਰਭਾਵ ਹੀ ਮਨੁੱਖ ਦੇ ਮਨ 'ਤੇ ਪੈਂਦਾ ਹੈ। ਕੋਲੇ ਦਾ ਪ੍ਰਭਾਵ ਨਹੀਂ ਪੈਂਦਾ, ਹੀਰੇ ਦਾ ਪੈ ਜਾਂਦਾ ਹੈ। ਅੰਧੇਰੇ ਦਾ ਪ੍ਰਭਾਵ ਨਹੀਂ, ਰੌਸ਼ਨੀ ਦਾ ਪੈ ਜਾਂਦਾ ਹੈ। ਤੇ ਸਵਾਲ ਪੈਦਾ ਹੁੰਦਾ ਹੈ ਕਿ ਕਿਹੜੀਆਂ ਕਿਹੜੀਆਂ ਚੀਜ਼ਾਂ ਨੂੰ ਮਨੁੱਖ ਨੇ ਮਹਾਨ ਮੰਨਿਆ ਹੈ। ਗਿਣਤੀ ਕੀਤੀ ਹੈ ਗੁਰੂ ਅਰਜਨ ਦੇਵ ਜੀ ਨੇ, ਇਕ ਮਨੁੱਖ ਪਾਸੋਂ ਭੁੱਲ ਹੋ ਗਈ ਹੈ, ਜੋ ਚੀਜ਼ਾਂ ਤੁੱਛ ਸਨ, ਮਨੁੱਖ ਨੇ ਉਹਨਾਂ ਨੂੰ ਮਹਾਨ ਸਮਝ ਲਿਆ ਤੇ ਜ਼ਿੰਦਗੀ ਉਲਟੀ ਚਲ ਪਈ ਹੈ। ਜੀਵਨ ਪਿਛੇ ਜਾ ਰਿਹਾ ਹੈ। ਅਗਾਂਹ ਦੀ ਕੋਈ ਗੱਲ ਨਹੀਂ। ਤੇ ਕਿਹੜੀਆਂ ਚੀਜ਼ਾਂ ਨੂੰ ਮਹਾਨ ਮੰਨਿਆ ਹੈ ਤੇ ਕਿਹੜੀਆਂ ਚੀਜ਼ਾਂ ਨੂੰ ਤੁਛ ਸਮਝੀ ਬੈਠਾ ਹੈ, ਸਹਸਕ੍ਰਿਤੀ ਸਲੋਕਾਂ ਵਿਚ ਦਰਜ ਹੈ।

ਕਿਸੇ ਮਹਾਂਪੁਰਖ ਦੀ ਪ੍ਰੀਖਿਆ ਲੈਣੀ ਹੋਵੇ ਤੇ ਇਹ ਵੇਖਣਾ ਪੈਂਦਾ ਹੈ ਕਿ ਉਸ ਨੇ ਆਖਿਆ ਕੀ ਹੈ ਤੇ ਉਹਨੇ ਕੀਤਾ ਕੀ ਹੈ ? ਉਸ ਦਾ ਸੰਦੇਸ਼ ਤੇ ਉਪਦੇਸ਼ ਕੀ ਹੈ ? ਤੇ ਉਹਨੇ ਸੰਸਾਰ ਵਾਸਤੇ ਕੀਤਾ ਕੀ ਹੈ ? ਉਸਦੀ ਕੁਰਬਾਨੀ ਤੋਂ ਲੋਕਾਂ ਨੂੰ ਕੀ ਲਾਭ ਪਹੁੰਚਿਆ ਹੈ ? ਅੱਜ ਆਪਾਂ ਇਸ ਗੱਲ ਦੀ ਵੀਚਾਰ ਕਰਨੀ ਹੈ, ਤਾਂਕਿ ਸਾਡਾ ਗੁਰਪੁਰਬ ਮਨਾਇਆ ਸਫਲ ਹੋ ਸਕੇ।


Sri Satguru Jagjit Singh Ji eLibrary NamdhariElibrary@gmail.com

# ਦੁਰਲਭੰ ਏਕ ਭਗਵਾਨ ਨਾਮਹ

ਅੱਜ ਆਪਾਂ ਇਸ ਗੱਲ ਦੀ ਵਿਚਾਰ ਕਰਨੀ ਏ ਕਿ ਸੰਸਾਰ ਨੂੰ ਗੁਰੂ ਅਰਜਨ ਦੇਵ ਜੀ ਨੇ ਕੀ ਸੰਦੇਸ਼ ਦਿੱਤਾ ਹੈ ਤੇ ਕੀਤਾ ਕੀ ਹੈ ਸੰਸਾਰ ਵਾਸਤੇ ? ਕੀਤਾ ਇਹ ਹੈ ਕਿ ਆਪਣੀ ਜ਼ਿੰਦਗੀ ਕੁਰਬਾਨ ਕਰ ਦਿੱਤੀ। ਗੁਰੂ ਗ੍ਰੰਥ ਸਾਹਿਬ ਜੈਸੀ ਮਹਾਨ ਬੀੜ ਸ਼ਾਂਤੀ ਪ੍ਰਦਾਨ ਕਰਨ ਵਾਲੀ ਜਗਤ ਨੂੰ ਦਿੱਤੀ। ਬਾਣੀ ਨੂੰ ਤਰਤੀਬ ਦਿੱਤੀ। ਇਹ ਤੇ ਕੀਤਾ ਹੈ ਜਗਤ ਨੂੰ ਤਾਰਨ ਵਾਸਤੇ, ਪਰ ਸੰਦੇਸ਼ ਤੇ ਉਪਦੇਸ਼ ਉਹਨਾਂ ਦਾ ਕੀ ਹੈ, ਆਪ ਸਰਵਨ ਕਰੋ :

**ਨਚ ਦੁਰਲਭੰ ਧਨੰ, ਰੂਪੰ, ਨਚ ਦੁਰਲਭੰ ਸ੍ਵਰਗ ਰਾਜਨਹ ॥**
**ਨਚ ਦੁਰਲਭੰ ਭੋਜਨੰ, ਬਿੰਜਨੰ, ਨਚ ਦੁਰਲਭੰ ਸ੍ਵਛ ਅੰਬਰਹ ॥**

*(੧੩੫੭)*

ਮਹਾਰਾਜ ਕਹਿੰਦੇ ਨੇ, ਐ ਬੰਦੇ! ਧਨ ਕੋਈ ਦੁਰਲਭ ਚੀਜ਼ ਨਹੀਂ। ਦੇਖੋ ਧਨ ਦਾ ਪ੍ਰਭਾਵ ਬੱਚੇ ਤੋਂ ਲੈ ਕੇ ਬੁੱਢੇ ਤਕ ਉਤੇ ਆਪੇ ਹੀ ਪੈਂਦਾ ਹੈ। ਜੇ ਧਰਮ ਦਾ ਪ੍ਰਭਾਵ ਕਿਸੇ 'ਤੇ ਆਪ ਹੀ ਪੈ ਜਾਏ ਤੇ ਕਥਾ ਕਰਨ ਦੀ ਲੋੜ ਨਹੀਂ। ਕਥਾ ਦੇ ਰਾਹੀਂ ਤੇ ਇਹ ਆਖਣਾ ਹੈ ਕਿ ਧਰਮ ਦਾ ਪ੍ਰਭਾਵ ਤੇਰੇ ਮਨ 'ਤੇ ਪੈ ਜਾਵੇ ਤੇ ਜੇ ਪਹਿਲਾਂ ਹੀ ਮਨ ਨੇ ਧਰਮ ਦਾ ਪ੍ਰਭਾਵ ਕਬੂਲ ਲਿਆ ਹੈ ਤੇ ਕਥਾ ਦਾ ਮਤਲਬ ਹੀ ਨਹੀਂ। ਫਿਰ ਲੈਕਚਰ ਸੁਣਨ ਦੀ ਲੋੜ ਹੀ ਨਹੀਂ। ਦਰਅਸਲ ਧਰਮ ਨੂੰ ਮਨੁੱਖ ਨੇ ਇਕ ਤੁਛ ਚੀਜ਼ ਸਮਝਿਆ ਹੋਇਆ ਹੈ।

ਧਨ ਦਾ ਪ੍ਰਭਾਵ ਬੰਦੇ 'ਤੇ ਆਪੇ ਹੀ ਪੈਂਦਾ ਹੈ। ਲੈਕਚਰ ਨਹੀਂ ਦੇਣੇ ਪੈਂਦੇ ਕਿ ਐ ਬੰਦੇ ਤੂੰ ਧਨ ਨੂੰ ਖ਼ਾਸ ਸਮਝ ਲੈ, ਮਹਾਨ ਸਮਝ ਲੈ। ਆਪੇ ਹੀ ਪ੍ਰਭਾਵ ਪੈ ਜਾਂਦਾ ਹੈ। ਤੇ ਜੇ ਹੁਣ ਲੈਕਚਰ ਵੀ ਦੇਣਾ ਪਵੇ ਕਿ ਬਈ ਧਰਮ ਖ਼ਾਸ ਚੀਜ਼ ਹੈ, ਮਹਾਨ ਚੀਜ਼ ਹੈ ਅਰ ਜੇ ਜਗਤ ਦੀ ਕੀਮਤੀ ਤੋਂ ਕੀਮਤੀ ਚੀਜ਼ ਵੀ ਧਰਮ ਤੋਂ ਕੁਰਬਾਨ ਕੀਤੀ ਜਾ ਸਕਦੀ ਹੈ ਤੇ ਅਗਲਿਆਂ ਤੇ ਇਹੀ ਸੋਚਣਾ ਹੈ ਕਿ ਬਈ ਸੁਣਨ ਵਾਸਤੇ, ਕਹਿਣ ਵਾਸਤੇ ਠੀਕ ਹੈ; ਪਰ ਮੰਨਣ ਵਾਸਤੇ ਠੀਕ ਨਹੀਂ।


Sri Satguru Jagjit Singh Ji eLibrary NamdhariElibrary@gmail.com

ਬਈ ਠੀਕ ਹੈ, ਸੁਣ ਲੈਂਦੇ ਹਾਂ ਕਿ ਧਰਮ ਖ਼ਾਸ ਚੀਜ਼ ਹੈ, ਲੇਕਿਨ ਜੇ ਮੰਨਣ ਦੀ ਵਾਰੀ ਆਵੇ ਤਾਂ ਫਿਰ ਨਹੀਂ, ਇਹ ਧਨ ਦੌਲਤ ਤੋਂ ਖ਼ਾਸ ਨਹੀਂ।

ਜਦ ਵੀ ਤੁਸੀਂ ਗੁਰਪੁਰਬ ਮਨਾਇਆ ਕਰੋ ਤੇ ਹਿਸਾਬ ਕਿਤਾਬ ਕਰਿਆ ਕਰੋ ਕਿ ਬਈ ਕਿੰਨੀ ਆਮਦਨ ਹੋਈ ਤੇ ਕਿੰਨਾ ਖ਼ਰਚ ਹੋਇਆ, ਤੇ ਉਥੇ ਇਹ ਵੀ ਹਿਸਾਬ ਲਾ ਲਿਆ ਕਰੋ ਕਿ ਕੋਈ ਸਿੰਘ ਵੀ ਸਾਜਿਆ ਹੈ ਕਿ ਨਹੀਂ ? ਕਿਸੇ ਦੀ ਸੁਰਤ ਗੁਰੂ ਨਾਲ ਜੁੜੀ ਵੀ ਹੈ ਕਿ ਨਹੀਂ ? ਕਿਸੇ ਨੂੰ ਗੁਰਬਾਣੀ ਦਾ ਰਸ ਆਇਆ ਵੀ ਹੈ ਕਿ ਨਹੀਂ ? ਕਿਸੇ ਦੇ ਜੀਵਨ ਵਿਚ ਪਲਟਾ ਆਇਆ ਵੀ ਹੈ ਯਾ ਨਹੀਂ ! ਇਹ ਜ਼ਰੂਰ ਗਿਣਤੀ ਕਰ ਲਿਆ ਕਰੋ, ਹਰ ਗੁਰਪੁਰਬ ਤੇ ਹਰ ਸਮਾਗਮ 'ਤੇ ਕਰਿਆ ਕਰੋ। ਹਰ ਹਿਸਾਬ ਕਿਤਾਬ ਵਿਚ ਇਹ ਵੀ ਇਕ ਅੰਗ ਰੱਖੋ ਕਿ ਗੁਰਪੁਰਬ ਮਨਾਉਣ ਨਾਲ ਕਿਸੇ 'ਤੇ ਕੋਈ ਫ਼ਰਕ ਪਿਆ ਵੀ ਹੈ ਕਿ ਨਹੀਂ ? ਤੇ ਜੇ ਨਹੀਂ ਪਿਆ ਤੇ ਖਿਮਾ ਕਰਨੀ, ਫਿਰ ਇਹ ਸਾਰਾ ਅਡੰਬਰ ਕਿਸ ਵਾਸਤੇ ਕਰਨਾ ਹੈ ? ਰੋਟੀ ਤਾਂ ਅਸੀਂ ਘਰੇ ਵੀ ਖਾ ਲੈਂਦੇ ਹਾਂ, ਗੁਰਬਾਣੀ ਘਰ ਵੀ ਪੜ੍ਹ ਲੈਂਦੇ ਹਾਂ, ਇਥੇ ਆਏ ਹਾਂ ਧਰਮ ਦਾ ਪ੍ਰਭਾਵ ਲੈਣ ਵਾਸਤੇ। ਤੇ ਸਾਹਿਬ ਕਹਿੰਦੇ ਨੇ :

(੧੩੫੭)

**ਨਚ ਦੁਰਲਭੰ ਧਨੰ ਰੂਪੰ.....**

ਧਨ ਇਤਨੀ ਦੁਰਲਭ ਚੀਜ਼ ਨਹੀਂ ਕਿ ਇਹਦੀ ਖ਼ਾਤਰ ਧਰਮ ਵੇਚ ਦਿੱਤਾ ਜਾਏ, ਇਹਦੀ ਖ਼ਾਂਤਰ ਧਰਮ ਸੁੱਟ ਦਿੱਤਾ ਜਾਏ, ਪਰ ਆਮ ਮਨੁੱਖ ਲਈ ਧਨ ਖ਼ਾਸ ਚੀਜ਼ ਹੈ, ਧਰਮ ਨਹੀਂ।

ਗੁਰੂ ਤੇਗ਼ ਬਹਾਦਰ ਸਾਹਿਬ ਕਹਿੰਦੇ ਨੇ, ਧਰਮੀ ਬੰਦਾ ਉਦੋਂ ਬਣਨਾ ਸ਼ੁਰੂ ਹੁੰਦਾ ਹੈ, ਜਦੋਂ ਇਸ ਨੂੰ ਪਰਾਇਆ ਧਨ ਮਿੱਟੀ ਦਿਸਣਾ ਸ਼ੁਰੂ ਹੋ ਜਾਏ, ਬਿਲਕੁਲ ਮਿੱਟੀ ਦਿਸੇ। ਆਪ ਕਹਿੰਦੇ ਨੇ, "ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥" ਭਗਤ ਦੀ ਤੇ ਬ੍ਰਹਮ ਗਿਆਨੀ ਦੀ ਵਿਆਖਿਆ ਕਰ ਰਹੇ ਨੇ ਸਾਹਿਬ ਕਿ ਬ੍ਰਹਮ ਗਿਆਨੀ ਕੈਸਾ ਹੁੰਦਾ ਹੈ ?

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ, ਕੰਚਨ ਮਾਟੀ ਮਾਨੈ ॥** (੬੩੩)

ਉਹ ਇਕ ਤੇ ਦੁਖ ਨਾਲ ਦੁਖੀ ਨਹੀਂ ਹੁੰਦਾ। ਸੁਖ ਨਾਲ ਸੁਖੀ ਆਪਣੇ ਆਪ ਨੂੰ ਨਹੀਂ ਮੰਨਦਾ। ਸੁਖ ਤੇ ਦੁਖ ਦੋਹਾਂ ਵਿਚ ਬੰਦੇ ਦਾ ਤਵਾਜ਼ਨ ਵਿਗੜ ਜਾਂਦਾ ਹੈ। ਵੇਖੋ, ਜੇ ਬੰਦੇ 'ਤੇ ਬਹੁਤਾ ਦੁਖ ਆ ਜਾਏ ਤੇ ਕਹਿੰਦੇ ਨੇ ਬੰਦਾ ਪਾਗਲ


Sri Satguru Jagjit Singh Ji eLibrary NamdhariElibrary@gmail.com

ਹੋ ਜਾਂਦਾ ਹੈ ਅਰ ਸੁਖ ਵਿਚ ਵੀ ਆਪਣੇ ਦਿਮਾਗ਼ ਦਾ ਤਵਾਜ਼ਨ ਗਵਾ ਬੈਠਦਾ ਹੈ। ਬਹੁਤੀ ਖ਼ੁਸ਼ੀ ਹੋਵੇ ਤਾਂ ਵੀ ਬੰਦਾ ਕਈ ਦਫ਼ਾ ਪਾਗਲ ਹੋ ਜਾਂਦਾ ਹੈ।

ਸੁਣਿਆ ਹੈ ਕਿ ਕਿਸੇ ਬੰਦੇ ਦੀ ਦਸ ਲੱਖ ਦੀ ਲਾਟਰੀ ਨਿਕਲ ਆਈ। ਉਸ ਦੀ ਘਰਵਾਲੀ ਬੜੀ ਸਮਝਦਾਰ ਸੀ। ਉਸ ਸੋਚਿਆ ਜੇ ਮੈਂ ਪਤੀ ਨੂੰ ਦੱਸ ਦਿੱਤਾ ਕਿਧਰੇ ਉਹ ਪਾਗਲ ਨਾ ਹੋ ਜਾਏ। ਤੇ ਉਸ ਨੇ ਇਕ ਪਾਦਰੀ ਨੂੰ ਸਾਰੀ ਗੱਲ ਦੱਸੀ। ਪਾਦਰੀ ਕਹਿਣ ਲੱਗਾ ਕਿ ਮੈਂ ਤੇਰੇ ਨਾਲ ਚਲਦਾ ਹਾਂ ਤੇ ਢੰਗ ਨਾਲ ਆਪਾਂ ਗੱਲ ਦੱਸਾਂਗੇ। ਪਾਦਰੀ ਉਸ ਬੰਦੇ ਨੂੰ ਕਹਿਣ ਲੱਗਾ, 'ਬਈ ਸਜਣਾ, ਜੇ ਤੇਰੀ ਪੰਜਾਹ ਹਜ਼ਾਰ ਦੀ ਲਾਟਰੀ ਆ ਜਾਏ ਤਾਂ ਕੀ ਕਰੇਂ ?' ਉਹ ਕਹਿਣ ਲੱਗਾ, 'ਮੈਂ ਆਹ ਕੰਮ ਕਰਾਂ, ਉਹ ਕਰਾਂ।' ਫਿਰ ਪਾਦਰੀ ਕਹਿੰਦਾ, 'ਬਈ ਜੇ ਤੇਰੀ ਇਕ ਲੱਖ ਰੁਪਏ ਦੀ ਲਾਟਰੀ ਆ ਜਾਏ, ਫਿਰ ਕੀ ਕਰੇਂ ?' ਤੇ ਉਹ ਇਕ ਲੱਖ ਦੀ ਗੱਲ ਵੀ ਸਹਾਰ ਗਿਆ। ਤੇ ਅੰਤ ਵਿਚ ਪਾਦਰੀ ਕਹਿਣ ਲੱਗਾ, 'ਬਈ ਇਹ ਦੱਸ ਸਜਣਾ! ਜੇ ਤੇਰੀ ਦਸ ਲੱਖ ਰੁਪਏ ਦੀ ਲਾਟਰੀ ਨਿਕਲ ਆਏ, ਤੇ ਫਿਰ ਤੂੰ ਕੀ ਕਰੇਂ ?' ਤਾਂ ਉਹ ਬੰਦਾ ਝਟ ਬੋਲਿਆ, 'ਜੇ ਮੇਰੀ ਦਸ ਲੱਖ ਦੀ ਲਾਟਰੀ ਆ ਜਾਏ ਤਾਂ ਇਕ ਲੱਖ ਉਸ ਵਿਚੋਂ ਤੈਨੂੰ ਦੇ ਦਿਆਂ।' ਤੇ ਕਹਿੰਦੇ ਨੇ ਇਹ ਸੁਣਦੇ ਹੀ ਪਾਦਰੀ ਦਾ ਦਿਲ ਫੇਲ੍ਹ ਹੋ ਗਿਆ। ਗਿਆ ਸੀ ਹੌਸਲਾ ਦੇਣ, ਆਪਣੇ ਦਿਮਾਗ਼ ਦਾ ਹੀ ਸੰਤੁਲਨ ਗਵਾ ਬੈਠਾ।

ਤੇ ਗੁਰੂ ਤੇਗ ਬਹਾਦਰ ਸਾਹਿਬ ਕਹਿੰਦੇ ਨੇ ਕਿ ਬ੍ਰਹਮ ਗਿਆਨੀ ਉਹ ਹੈ ਜੋ ਦੁਖ ਵਿਚ ਤੇ ਸੁਖ ਵਿਚ ਵੀ ਆਪਣੇ ਦਿਮਾਗ਼ ਦਾ ਸੰਤੁਲਨ ਸਹੀ ਰਖੇ। ਅਰ ਅਸੀਂ ਵੇਖ ਕੇ ਦੰਗ ਰਹਿੰਦੇ ਹਾਂ ਕਿ ਗੁਰੂ ਅਰਜਨ ਦੇਵ ਜੀ ਦਾ ਦਿਮਾਗ਼ ਤੱਤੀ ਤਵੀ 'ਤੇ ਵੀ ਸਹੀ ਕੰਮ ਕਰ ਰਿਹਾ ਹੈ ਤੇ ਰਸਨਾ ਕਹਿ ਰਹੀ ਹੈ:

**ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥**
**ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥ਰਹਾਉ॥**

*(੧੦੦੦)*

ਸ਼ੁਕਰ ਹੈ ਪਰਵਰਦਗਾਰ! ਕਿ ਅਖ਼ੀਰੀ ਦਮ ਤਕ ਤੇਰੀ ਪ੍ਰੀਤਿ ਨਿਭ ਗਈ ਹੈ, ਤੇਰੀ ਯਾਦ 'ਚ ਰਹੇ ਹਾਂ। ਤੇ ਹੇ ਕਰਤਾ ਪੁਰਖ! ਜੇ ਅੱਜ ਸੰਸਾਰ ਤੋਂ ਚੱਲੇ ਹਾਂ ਤਾਂ ਤੇਰੀ ਯਾਦ ਵਿਚ। ਤੇਰੀ ਯਾਦ ਸਾਡੇ ਨਾਲ ਹੈ।

ਭਗਤ ਨਾਮਦੇਵ ਜੀ ਕਹਿੰਦੇ ਨੇ, ਜਿਹੜਾ ਬੰਦਾ ਮਨ ਕਰਕੇ ਦੋ ਚੀਜ਼ਾਂ ਦਾ ਤਿਆਗ ਕਰਦਾ ਹੈ, ਈਸ਼ਵਰ ਉਸ ਦੇ ਪਾਸ ਹੈ।


Sri Satguru Jagjit Singh Ji eLibrary NamdhariElibrary@gmail.com

ਪਰ ਧਨ ਪਰ ਦਾਰਾ ਪਰਹਰੀ ॥
ਤਾ ਕੈ ਨਿਕਟਿ ਬਸੈ ਨਰਹਰੀ ॥੧॥ (੧੧੬੩)

ਜਿਹੜਾ ਮਨ ਕਰਕੇ ਪਰਾਏ ਧਨ ਦਾ ਤਿਆਗੀ ਹੈ, ਸਮਝ ਲਉ ਨਾਰਾਇਣ ਉਸਦੇ ਕੋਲ ਹੈ। ਤੇ ਕੀ ਅਸੀਂ ਦਾਅਵਾ ਕਰ ਸਕਦੇ ਹਾਂ ਕਿ ਅਸੀਂ ਪਰਾਏ ਧਨ ਦੇ, ਪਰਾਏ ਰੂਪ ਦੇ ਮਨ ਕਰਕੇ ਤਿਆਗੀ ਹਾਂ ? ਨਹੀਂ! ਪਤਾ ਹੈ ਕਿਉਂ ?

ਜਦ ਮੈਨੂੰ ਕੋਈ ਇਹ ਕਹੇ ਨਾ ਕਿ ਫ਼ਲਾਣਾ ਬੰਦਾ ਬੜਾ ਤਿਆਗੀ ਹੈ, ਤੇ ਮੈਂ ਕਹਿੰਦਾ ਹੁੰਦਾ ਹਾਂ ਕਿ ਉਸ ਨੂੰ ਹੱਥ ਮਾਰਨ ਦਾ ਮੌਕਾ ਨਹੀਂ ਮਿਲਿਆ ਹੋਣਾ, ਇਸ ਕਰਕੇ ਤਿਆਗੀ ਹੈ। ਜਦ ਕੋਈ ਮੈਨੂੰ ਇਹ ਕਹੇ ਕਿ ਫ਼ਲਾਣਾ ਬੰਦਾ ਬੜਾ ਸ਼ਾਂਤ-ਮਈ ਸੁਭਾਅ ਦਾ ਹੈ, ਤੇ ਮੈਂ ਜਵਾਬ ਦਿੰਦਾ ਹੁੰਦਾ ਹਾਂ ਕਿ ਮਾਚਿਸ ਵਾਲੀ ਡੱਬੀ ਬੜੀ ਠੰਢੀ ਹੁੰਦੀ ਹੈ, ਥੋੜ੍ਹੀ ਜਿਹੀ ਹੀ ਤੀਲੀ ਘਸਾ ਕੇ ਵੇਖੋ, ਅੱਗ ਹੈ ਯਾ ਨਹੀਂ ? ਇਹ ਜਿਹੜੇ ਠੰਡੇ ਬੰਦੇ ਦਿਖਦੇ ਹਨ ਨਾ ਕਈ, ਬਸ ਮਾਚਿਸ ਦੀ ਡੱਬੀ ਦੀ ਤਰ੍ਹਾਂ ਹੀ ਹੁੰਦੇ ਹਨ। ਅੰਦਰ ਬੜੀਆਂ ਤੀਲੀਆਂ ਹੁੰਦੀਆਂ ਹਨ, ਥੋੜ੍ਹੀ ਜਿਹੀ ਰਗੜ ਲੱਗੀ ਨਹੀਂ ਕਿ ਭਾਂਬੜ ਮਚੇ ਨਹੀਂ। ਅਗਰ ਕੋਈ ਬੰਦਾ ਠੰਡਾ ਹੈ ਤਾਂ ਬਸ ਇਸ ਵਾਸਤੇ ਕਿ ਤੀਲੀ ਨੂੰ ਰਗੜ ਨਹੀਂ ਲੱਗੀ।

ਪਠਾਨਿਸਤਾਨ ਵਿਚ ਇਕ ਬਹੁਤ ਵੱਡਾ ਪਹਿਲਵਾਨ ਸੀ ਸਿਘੋੜੀ ਕਰਕੇ। ਇਹਨੇ ਤਮਾਮ ਪਠਾਨਿਸਤਾਨ ਦੇ ਪਹਿਲਵਾਨਾਂ ਨੂੰ ਹਰਾਇਆ ਤੇ ਅੱਜ ਇਸ ਨੂੰ ਇਕ ਹਲਵਾਈ ਨੇ ਚੈਲਿੰਜ ਕਰ ਦਿੱਤਾ। ਅਖਾੜਾ ਬੱਝ ਗਿਆ, ਰੱਬ ਦਾ ਭਾਣਾ ਉਸ ਹਲਵਾਈ ਨੇ ਇਸ ਪਹਿਲਵਾਨ ਨੂੰ ਡੇਗ ਲਿਆ ਤੇ ਤਾੜੀਆਂ ਵਜ ਪਈਆਂ। ਕੋਲ ਖੜੇ ਇਕ ਬੱਚੇ ਨੇ ਇਸ ਪਹਿਲਵਾਨ ਨੂੰ ਗਾਲ੍ਹ ਕੱਢ ਦਿੱਤੀ। ਹੁਣ ਗੁੱਸੇ ਵਿਚ ਤੇ ਇਹ ਪਹਿਲੇ ਹੀ ਸੀ, ਭੱਜਿਆ ਉਸ ਬੱਚੇ ਨੂੰ ਮਾਰਨ। ਬੱਚਾ ਵੀ ਭੱਜ ਪਿਆ, ਇਸ ਪਹਿਲਵਾਨ ਦੀਆਂ ਅੱਖਾਂ ਲਾਲ, ਮੂੰਹ ਚੋਂ ਝੱਗ ਨਿਕਲ ਰਹੀ ਹੈ। ਕਹਿੰਦਾ ਹੈ ਛੱਡਣਾ ਨਹੀਂ ਤੇ ਇਹਦਾ ਇਹ ਜੋਸ਼ ਵੇਖ ਕੇ ਇਕ ਅਰਾਈਂ ਫ਼ਕੀਰ ਆ ਰਿਹਾ ਸੀ, ਰੁਕ ਗਿਆ। ਪੁਛਿਆ, 'ਕੀ ਗੱਲ ਹੈ, ਪਹਿਲਵਾਨ! ਬੜੇ ਕਰੋਧ ਵਿਚ ਹੈਂ ?' ਕਹਿੰਦਾ, 'ਉਸ ਬੱਚੇ ਨੇ ਗਾਲ੍ਹ ਕੱਢੀ ਹੈ, ਛੱਡਣਾ ਨਹੀਂ, ਮਾਰ ਦੇਣਾ ਹੈ।' ਉਹ ਫ਼ਕੀਰ ਬੋਲਿਆ, 'ਜਾ ਓਏ ਦੁਸ਼ਟਾ, ਤੂੰ ਦਸ ਪੱਥਰਾਂ ਦਾ ਭਾਰ ਤੇ ਚੁੱਕ ਸਕਦਾ ਹੈਂ ਤੇ ਇਕ ਮਾਮੂਲੀ ਜਿਹੀ ਗਾਲ੍ਹ ਨਹੀਂ ਸਹਿਨ ਕਰ ਸਕਿਆ ? ਤੂੰ ਸਰੀਰ ਦਾ ਪਹਿਲਵਾਨ ਤੇ ਜ਼ਰੂਰ ਹੈਂ ਪਰ ਮਨ ਦਾ ਨਹੀਂ। ਤਨ ਦੇ ਪਹਿਲਵਾਨ ਇਸ ਦੁਨੀਆ 'ਚ ਮਾਣ ਪਾਉਂਦੇ ਨੇ ਤੇ ਮਨ ਦੇ ਦਰਗਾਹ ਵਿਚ। ਜੇ ਤੂੰ ਤਨ ਕਰਕੇ ਪਹਿਲਵਾਨ ਬਣਿਆ ਹੈਂ, ਤਾਂ ਮਨ ਕਰਕੇ ਵੀ ਬਣ। ਅੰਦਰੋਂ

ਵੀ ਪਹਿਲਵਾਨ ਬਣਨ ਦੀ ਕੋਸ਼ਿਸ਼ ਕਰ।'

ਤੇ ਮੈਂ ਗੱਲ ਕਰ ਰਿਹਾ ਸੀ ਕਿ ਕਈ ਬੰਦੇ ਇਸ ਕਰਕੇ ਸ਼ਰੀਫ਼ ਨੇ ਕਿ ਉਹ ਮਜਬੂਰ ਨੇ, ਕਮਜ਼ੋਰ ਨੇ, ਤੇ ਸ਼ਰਾਫ਼ਤ ਮਜਬੂਰੀ ਹੈ। ਕਈ ਬੰਦੇ ਇਸ ਵਾਸਤੇ ਨੇਕ ਨੇ, ਬਈ ਉਹ ਬੁਰਾਈ ਕਰ ਨਹੀਂ ਸਕਦੇ। ਬੁਰਾਈ ਕਰਨ ਵਾਸਤੇ ਵੀ ਕੋਈ ਜਿਗਰਾ ਚਾਹੀਦਾ ਹੈ। ਤੇ ਨੇਕੀ ਕਮਜ਼ੋਰੀ ਹੈ, ਕਿਉਂਕਿ ਨੇਕੀ ਕਮਜ਼ੋਰ ਬੰਦਿਆਂ ਕੋਲ ਹੈ। ਸ਼ਰਾਫ਼ਤ ਕਮਜ਼ੋਰ ਆਦਮੀਆਂ ਪਾਸ ਹੈ।

ਜਦ ਮੈਂ ਦੇਖਦਾ ਹਾਂ ਕਿ ਭਲੇਮਾਣਸ ਸ਼ਰੀਫ਼ ਬੰਦੇ ਅੱਗੇ ਨਹੀਂ ਆਉਂਦੇ ਤੇ ਇਹਦਾ ਮਤਲਬ ਹੈ ਕਿ ਉਹ ਬਦਮਾਸ਼ਾਂ ਨੂੰ ਚਾਂਸ ਦਿੰਦੇ ਨੇ। ਅਖੇ ਜੀ, ਸ਼ਰੀਫ਼ ਨੂੰ ਕੀ ਲੋੜ ਹੈ ਅੱਗੇ ਆਉਣ ਦੀ। ਇਹਦਾ ਮਤਲਬ ਹੈ ਹਰ ਗੱਲ ਵਿਚ ਸ਼ਰੀਫ਼ ਪਿੱਛੇ ਹੀ ਰਹਿਣ। ਹਰ ਲਾਈਨ ਵਿਚ ਜਿਹੜਾ ਨੇਕ ਬੰਦਾ ਹੈ, ਉਹ ਪਿਛੇ ਹੀ ਰਵ੍ਹੇ। ਤੇ ਜਦ ਨੇਕੀ ਕਮਜ਼ੋਰ ਹਿਰਦਿਆਂ ਵਿਚ ਆਵੇਗੀ ਤੇ ਨੇਕੀ ਬਹੁਤ ਕਮਜ਼ੋਰ ਰਹੇਗੀ।

ਹੁਣ ਸ਼ਰਾਫ਼ਤ ਹੈ ਗੁਰੂ ਨਾਨਕ ਸਾਹਿਬ ਕੋਲ, ਪਰ ਜਿਗਰਾ ਬੜਾ ਮਜ਼ਬੂਤ ਹੈ, ਤਾਕਤਵਰ ਹੈ, ਅਰ ਟੱਕਰ ਹੋ ਗਈ ਹੈ ਬਾਬਰ ਨਾਲ। ਨੇਕੀ ਹੈ ਗੁਰੂ ਅਰਜਨ ਸਾਹਿਬ ਕੋਲ, ਬੜਾ ਤਾਕਤਵਰ ਜਿਗਰਾ ਹੈ। ਟੱਕਰ ਹੋ ਗਈ ਹੈ ਜਹਾਂਗੀਰ ਨਾਲ। ਨੇਕੀ ਤੇ ਸ਼ਰਾਫ਼ਤ ਜਿਸ ਦਿਨ ਤਾਕਤਵਰ ਬੰਦਿਆਂ ਪਾਸ ਆਉਂਦੀ ਹੈ ਉਸੇ ਦਿਨ ਹੀ ਪਰਫੁਲਤ ਹੁੰਦੀ ਹੈ। ਕਈ ਬੰਦੇ ਸ਼ਰੀਫ਼ ਨੇ, ਕਈ ਬੰਦੇ ਨੇਕ ਨੇ, ਪਰ ਮਜਬੂਰ ਨੇ। ਕਿਉਂਕਿ ਉਹ ਬਦਮਾਸ਼ੀ ਤੇ ਬੁਰਿਆਈਆਂ ਕਰ ਨਹੀਂ ਸਕਦੇ।

ਤੇ ਨਾਮਦੇਵ ਜੀ ਕਹਿੰਦੇ ਨੇ, ਜਿਹੜਾ ਬੰਦਾ ਮਨ ਕਰਕੇ ਪਰਾਏ ਧਨ ਦਾ, ਪਰਾਏ ਰੂਪ ਦਾ ਤਿਆਗ ਕਰਦਾ ਹੈ, ਹਰੀ ਪਰਮਾਤਮਾ ਉਸ ਦੇ ਕੋਲ ਹੈ।

**ਪਰ ਧਨ ਪਰ ਦਾਰਾ ਪਰਹਰੀ॥**
**ਤਾ ਕੈ ਨਿਕਟਿ ਬਸੈ ਨਰਹਰੀ॥੧॥** *(੧੧੬੩)*

ਸਾਡੇ ਦੇਸ਼ ਦਾ ਮਸ਼ਹੂਰ ਕਵੀ; ਜਿਸ ਨੇ *ਰਾਮ ਚਰਿਤ ਮਾਨਸ* ਲਿਖਿਆ ਹੈ, ਉਸ ਨੇ ਹੀ ਹੂਬਹੂ ਇਹੋ ਜਿਹੀ ਗੱਲ ਆਖੀ ਹੈ:

**ਪਰ ਧਨ ਕੋ ਮਿਟੀ ਮਾਨੇ, ਪਰ ਤੀਆ ਮਾਤ ਸਮਾਨ।**
**ਇਤਨੇ ਪਰ ਭੀ ਹਰਿ ਨਾ ਮਿਲੇ, ਤੋ ਤੁਲਸੀ ਦਾਸ ਜਮਾਨ।**

ਤੁਲਸੀ ਦਾਸ ਕਹਿੰਦੇ ਨੇ ਕਿ ਜਿਹੜਾ ਬੰਦਾ ਪਰਾਏ ਧਨ ਨੂੰ ਮਿੱਟੀ ਸਮਝੇ, ਅਤੇ ਪਰਾਈ ਇਸਤ੍ਰੀ ਨੂੰ ਮਾਤਾ ਸਮਝੇ ਮਨ ਕਰਕੇ ਤੇ ਜੇ ਫਿਰ ਵੀ ਪਰਮਾਤਮਾ


Sri Satguru Jagjit Singh Ji eLibrary NamdhariElibrary@gmail.com

ਨਾ ਮਿਲੇ ਤੇ ਮੈਂ ਜ਼ਾਮਨ ਹਾਂ।

ਮਹਾਰਾਸ਼ਟਰ ਵਿਚ ਇਕ ਸੰਤ ਤੁਕਾ ਰਾਮ ਜੀ ਹੋਏ ਨੇ। ਉਹ ਨਦੀ ਤੋਂ ਇਸ਼ਨਾਨ ਕਰ ਕੇ ਆ ਰਹੇ ਸਨ, ਪਿਛੇ ਪਿਛੇ ਸੀ ਉਹਨਾਂ ਦੀ ਧਰਮ ਪਤਨੀ। ਸਨ ਦੋਨੋਂ ਭਗਤੀ ਦੇ ਮੁਜੱਸਮੇ, ਰਸਤੇ ਵਿਚ ਕੀ ਵੇਖਿਆ ਕਿ ਮਿੱਟੀ ਦੇ ਢੇਰ 'ਤੇ ਇਕ ਸੋਨੇ ਦਾ ਹਾਰ ਪਿਆ ਹੈ। ਸੰਤ ਤੁਕਾ ਰਾਮ ਦੇ ਮਨ ਵਿਚ ਖ਼ਿਆਲ ਆਇਆ ਕਿ ਮੇਰੇ ਪਿਛੇ ਮੇਰੀ ਪਤਨੀ ਆ ਰਹੀ ਹੈ, ਪਰਾਇਆ ਧਨ ਹੈ ਕਿਧਰੇ ਚੁਕ ਨਾ ਲਵੇ। ਇਸਤ੍ਰੀ ਜਾਤ ਸੋਨੇ ਤੋਂ ਪ੍ਰਭਾਵਤ ਹੋ ਜਾਂਦੀ ਹੈ। ਧਨ ਵੇਖ ਕੇ ਚੁੱਕ ਨਾ ਲਵੇ। ਤੇ ਸੋਨੇ ਦੇ ਹਾਰ 'ਤੇ ਮਿੱਟੀ ਪਾਣ ਲੱਗਾ, ਇੰਨੇ ਨੂੰ ਉਹ ਵੀ ਕੋਲ ਆ ਗਈ ਤੇ ਕਹਿਣ ਲੱਗੀ ਕਿ ਭਗਤ ਜੀ, ਮਿੱਟੀ 'ਤੇ ਮਿੱਟੀ ਪਾਣ ਦੀ ਕੀ ਲੋੜ ਹੈ ? ਕਿਉਂ ਖੇਚਲ ਕਰਦੇ ਹੋ ਮਿੱਟੀ 'ਤੇ ਮਿੱਟੀ ਪਾਣ ਦੀ। ਸੰਤ ਤੁਕਾਂ ਰਾਮ ਦੀਆਂ ਅੱਖਾਂ ਭਰ ਆਈਆਂ। ਕਹਿਣ ਲੱਗਾ, 'ਤੈਨੂੰ ਇਹ ਹਾਰ ਮਿੱਟੀ ਦਿਖਿਆ ਹੈ ਤੇ ਇਸ ਮਿੱਟੀ ਵਿਚੋਂ ਮੈਨੂੰ ਸੋਨਾ ਦਿਖਿਆ ਹੈ; ਅੱਜ ਮੈਂ ਤੇਰੇ ਨਾਲੋਂ ਪਛੜ ਗਿਆ ਹਾਂ ਅਧਿਆਤਮਕ ਦੁਨੀਆ ਵਿਚ। ਤੂੰ ਬਹੁਤ ਅੱਗੇ ਲੰਘ ਗਈ ਹੈਂ, ਤੇ ਮੈਂ ਪਛੜ ਗਿਆ ਹਾਂ। ਇਹ ਠੀਕ ਹੈ ਕਿ ਮੈਂ ਪਰਾਇਆ ਧਨ ਚੁਕਿਆ ਤੇ ਨਹੀਂ ਸੀ, ਪਰ ਮੈਨੂੰ ਧਨ ਦਿਖਿਆ ਤੇ ਹੈ, ਪਰਾਇਆ ਧਨ ਦਿਖਣਾ ਵੀ ਨਹੀਂ ਚਾਹੀਦਾ। ਆਖ਼ੀਰ ਮੇਰੇ ਮਨ ਨੇ ਧਨ ਨੂੰ ਕਬੂਲਿਆ ਤੇ ਹੈ। ਤੇ ਤੇਰਾ ਮਨ ਤੇ ਇਤਨਾ ਹੀ ਨਹੀਂ ਕਬੂਲਦਾ ਤੇ ਤੂੰ ਮਿੱਟੀ 'ਚ ਮਿੱਟੀ ਕਹਿੰਦੀ ਹੈਂ, ਤੇ ਮੈਂ ਮਿੱਟੀ ਨੂੰ ਸੋਨਾ ਮੰਨਿਆ ਹੈ। ਤੇ ਐਸਾ ਬੰਦਾ ਕਾਹਨੂੰ ਬੁਰਾਈਆਂ ਕਰੇਗਾ।'

ਤੇ ਗੁਰੂ ਅਰਜਨ ਦੇਵ ਜੀ ਕਹਿੰਦੇ ਨੇ, "ਨਚ ਦੁਰਲਭੰ ਧਨੰ ਰੂਪੰ" ਐ ਬੰਦੇ ! ਸੰਦੇਸ਼ ਤੇ ਉਪਦੇਸ਼ ਇਹ ਹੈ ਮੇਰਾ, ਕਿ ਧਨ ਇਤਨੀ ਦੁਰਲਭ ਚੀਜ਼ ਨਹੀਂ ਕਿ ਇਹਦੀ ਖ਼ਾਤਰ ਈਮਾਨ ਵੇਚ ਦਿੱਤਾ ਜਾਏ, ਇਹਦੀ ਖ਼ਾਤਰ ਧਰਮ ਵੇਚ ਦਿੱਤਾ ਜਾਏ। ਅਰ ਰੂਪ ਤੇ ਸੁੰਦਰਤਾ ਵੀ ਇਤਨੀ ਕੀਮਤੀ ਚੀਜ਼ ਨਹੀਂ ਕਿ ਇਸ ਦੀ ਖ਼ਾਤਰ ਵੀ ਧਰਮ ਵੇਚ ਦਿੱਤਾ ਜਾਏ। ਕਈ ਇਸੇ ਤਰੀਕੇ ਨਾਲ ਹਰਦੇ ਨੇ।

ਸਾਹਿਬਾਂ ਨੇ ਸਾਨੂੰ ਬੜੀ ਸੁੰਦਰਤਾ "ਸਾਬਤ ਸੂਰਤਿ ਦਸਤਾਰ ਸਿਰਾ" ਬਖ਼ਸ਼ੀ ਹੈ, ਸਾਨੂੰ ਬੜੀ ਸੁੰਦਰ ਸੂਰਤ ਦਿੱਤੀ ਹੈ। ਕਿਸੇ ਮੂਰਤੀ ਦਾ ਕੋਈ ਹਿੱਸਾ ਟੁੱਟਾ ਹੋਵੇ, ਤੇ ਮੂਰਤੀ ਕਰੂਪ ਹੋ ਜਾਂਦੀ ਹੈ। ਗੁਰੂ ਨੇ ਇਹ ਮੂਰਤੀ ਸਾਨੂੰ ਦਿੱਤੀ ਸੀ ਤੇ ਨਾਲ ਇਹ ਵੀ ਕਿਹਾ ਸੀ ਕਿ ਇਸ ਮੂਰਤੀ ਵਿਚ ਤੇਰੀ ਜਿੰਦ ਹੈ, ਇਸ ਦੀ ਹਿਫ਼ਾਜ਼ਤ ਕਰੀਂ। ਇਸ ਮੂਰਤੀ ਨੂੰ ਬਿਗੜਨ ਨਾ ਦੇਈਂ। ਅਗਰ ਕਰੰਸੀ ਨੋਟ ਤੋਂ ਦੋਨੋਂ ਪਾਸੋਂ ਮੋਹਰਾਂ ਹਟਾ ਦੇਈਏ, ਜਿਵੇਂ ਰੁਪਏ ਦਾ ਨੋਟ ਹੋਵੇ ਤੇ ਉਸ ਉਪਰੋਂ


Sri Satguru Jagjit Singh Ji eLibrary NamdhariElibrary@gmail.com

ਜੋ ਮੋਹਰ ਲਗੀ ਹੈ ਉਹ ਹਟਾ ਦਿੱਤੀ ਜਾਵੇ ਤਾਂ ਦੱਸੋ ਭਲਾ, ਉਸ ਨੋਟ ਦੀ ਕੀ ਕੀਮਤ ਰਹੇਗੀ ? ਉਹ ਤੇ ਫਿਰ ਕਾਗਜ਼ ਹੀ ਹੋ ਗਿਆ। ਤੇ ਕੇਸ ਦਾੜ੍ਹੀ ਸਾਹਿਬ ਦੀ ਲਾਈ ਹੋਈ ਗੁਰਸਿਖ ਦੇ ਮੂੰਹ 'ਤੇ ਮੋਹਰ ਹੈ, ਜੇ ਇਹੀ ਹਟਾ ਦੇਈਏ ਤੇ ਫਿਰ ਐ ਸਿਖ, ਤੂੰ ਕੀ ? ਕੁਛ ਵੀ ਨਾ ਰਿਹਾ ! ਪੁਰਖਾ ! ਗੁਰੂ ਗੋਬਿੰਦ ਸਿੰਘ ਜੀ ਦੀ ਮੋਹਰ ਸਦਕਾ ਹੀ ਤੈਨੂੰ ਲੋਕੀਂ ਸਿੰਘ ਸਾਹਿਬ ਕਹਿੰਦੇ ਨੇ, ਸਰਦਾਰ ਜੀ ਕਹਿੰਦੇ ਨੇ। ਜੇ ਇਹ ਮੋਹਰ ਮਿਟਾ ਦਿਓ ਤੇ ਇਹ ਮੋਹਰ ਦਾ ਮਿਟਣਾ ਨਹੀਂ, ਸਿੰਘ ਸ਼ਬਦ ਦਾ ਮਿਟਣਾ ਹੈ, ਸਰਦਾਰ ਸ਼ਬਦ ਦਾ ਮਿਟਣਾ ਹੈ। ਗੁਰਮੁਖਾ ! ਮੋਹਰ ਐਵੇਂ ਨਹੀਂ ਲੱਗੀ। ਇਹ ਮੋਹਰ ਤਿਆਰ ਕੀਤੀ ਹੈ ਗੁਰੂ ਨਾਨਕ ਸਾਹਿਬ ਨੇ, ਗੁਰੂ ਅਰਜਨ ਸਾਹਿਬ ਨੇ ਤੇ ਫਿਰ ਖ਼ੂਨ ਨਾਲ ਡੋਬ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਤੇਰੇ ਮੁਖੜੇ 'ਤੇ ਲਾਈ ਹੈ। ਇਸ ਵਾਸਤੇ ਪਤਾ ਨਹੀਂ ਕਿਤਨੀਆਂ ਕੁ ਕੁਰਬਾਨੀਆਂ ਹੋਈਆਂ ਨੇ। ਤੇ ਇਸ ਮੋਹਰ ਨੂੰ ਐਵੇਂ ਹੀ ਮਿਟਾ ਛੱਡੋਂ, ਤੇ ਕੈਂਚੀ ਦੀ ਭੇਟਾ ਕਰ ਛੱਡੋਂ, ਬੜਾ ਅਫ਼ਸੋਸ ਹੈ।

ਮੈਂ ਅਰਜ਼ ਕੀਤੀ ਸੀ ਕਿ ਗੁਰਪੁਰਬ ਤੋਂ ਪਿਛੋਂ ਹਿਸਾਬ ਕਿਤਾਬ ਕਰਿਆ ਕਰੋ ਕਿ ਕੀ ਨਫ਼ਾ ਹੋਇਆ ਹੈ ਤੇ ਕੀ ਨੁਕਸਾਨ ? ਆਮਦਨ ਕੀ ਹੋਈ ਹੈ ? ਕੋਈ ਸਜਿਆ ਹੈ ਸਿੰਘ ? ਕੋਈ ਜੁੜਿਆ ਹੈ ਗੁਰਬਾਣੀ ਨਾਲ ? ਮਿਲਿਆ ਹੈ ਰਸ ? ਖ਼ੈਰ।

ਤੇ ਗੁਰੂ ਅਰਜਨ ਦੇਵ ਜੀ ਕਹਿੰਦੇ ਨੇ ਕਿ ਧਨ ਇਤਨੀ ਦੁਰਲਭ ਚੀਜ਼ ਨਹੀਂ, ਜਿਸ ਦੀ ਖ਼ਾਤਰ ਧਰਮ ਵੇਚ ਦਿੱਤਾ ਜਾਵੇ, ਜਿਸ ਦੀ ਖ਼ਾਤਰ ਈਮਾਨ ਵੇਚ ਦਿੱਤਾ ਜਾਵੇ। ਤੇ "ਨਚ ਦੁਰਲਭੰ ਧਨੰ ਰੂਪੰ"। ਤੇ ਅਣਗਿਣਤ ਬੰਦੇ ਐਸੇ ਨੇ ਜਿਹੜੇ ਰੂਪ ਤੇ ਸੁੰਦਰਤਾ ਤੋਂ ਧਰਮ ਨੂੰ ਵੇਚ ਛਡਦੇ ਨੇ। ਤੇ ਸਾਹਿਬ ਕਹਿੰਦੇ ਨੇ, ਇਹ ਚੀਜ਼ਾਂ ਇਤਨੀਆਂ ਦੁਰਲਭ ਨਹੀਂ, ਜਿਨ੍ਹਾਂ ਖ਼ਾਤਰ ਧਰਮ ਵੇਚਿਆ ਜਾਵੇ। ਇਹ ਇਤਨੀਆਂ ਦੁਰਲਭ ਨਹੀਂ, ਜਿਤਨੀਆਂ ਮੰਨ ਲਈਆਂ ਗਈਆਂ ਨੇ।

**ਨਚ ਦੁਰਲਭੰ ਧਨੰ ਰੂਪੰ ਨਚ ਦੁਰਲਭੰ ਸ੍ਵਰਗ ਰਾਜਨਹ ॥** *(੧੩੫੭)*

ਸਵਰਗ ਦਾ ਅਰਥ ਆਪਣੇ ਵਰਗਾ, ਜਿਥੇ ਆਪਣੇ ਖ਼ਿਆਲਾਂ ਵਰਗੇ ਬੰਦੇ ਹੁੰਦੇ ਨੇ, ਕਹਿੰਦੇ ਨੇ ਆਪਣੇ ਆਪ ਹੀ ਸਵਰਗ ਬਣ ਜਾਂਦਾ ਹੈ। ਪਰ ਜਿਥੇ ਖ਼ਿਆਲ ਨਾ ਮਿਲੇ, ਬੋਲੀ ਨਾ ਮਿਲੇ, ਤਾਂ ਨਰਕ ਬਣ ਜਾਂਦਾ ਹੈ। ਚਾਣਕ ਨੇ ਨਰਕ ਤੇ ਸਵਰਗ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਹੈ:

**ਆਗਿਆਕਾਰੀ ਸੁਤ, ਅਰ ਮਿਠ-ਬੋਲੀ ਨਾਰ।**
**ਧਨ ਆਪਣੇ ਸੰਤੋਖ ਮਨ, ਏ ਚਾਰ ਸਵਰਗ ਮੰਨ ਸੰਸਾਰ।**


Sri Satguru Jagjit Singh Ji eLibrary NamdhariElibrary@gmail.com

ਉਹ ਕਹਿੰਦਾ ਹੈ ਜਿਸ ਦੇ ਕੋਲ ਇਹ ਚਾਰ ਚੀਜ਼ਾਂ ਹੋਣ, ਬਸ ਉਸ ਦੇ ਕੋਲ ਸਵਰਗ ਹੈ। ਕਿਹੜੀਆਂ ਚੀਜ਼ਾਂ ? ਆਗਿਆ ਵਿਚ ਚਲਣ ਵਾਲੀ ਔਲਾਦ ਹੋਵੇ; ਆਗਿਆਕਾਰੀ ਸ਼ੁਭ ਕਰਮਾਂ ਵਾਲੀ ਤੇ ਖ਼ਿਆਲਾਂ ਨਾਲ ਸਹਿਮਤ ਰਹਿਣ ਵਾਲੀ ਇਸਤ੍ਰੀ ਹੋਵੇ, ਉਪਜੀਵਕਾ ਵਾਸਤੇ ਚੰਗਾ ਧਨ ਹੋਵੇ ਤੇ ਮਨ ਵਿਚ ਸੰਤੋਖ ਹੋਵੇ, ਚਾਣਕ ਕਹਿੰਦਾ ਹੈ ਹੋਰ ਕਿਹੜਾ ਸਵਰਗ ਲਭਣਾ ਹੈ। ਹੁਣ ਔਲਾਦ ਭੈੜੀ ਹੋਵੇ ਤੇ ਇਸਤ੍ਰੀ ਉਲਟੇ ਖ਼ਿਆਲਾਂ ਦੀ ਹੋਵੇ ਤੋ ਘਰ ਵਿਚ ਰੋਟੀ ਦਾ ਕੋਈ ਉਪਰਾਲਾ ਨਾ ਹੋਵੇ ਤੇ ਮਨ ਵਿਚ ਸੰਤੋਖ ਨਾ ਹੋਵੇ ਤੋ ਚਾਣਕ ਕਹਿੰਦੇ ਨੇ, ਉਸ ਬੰਦੇ ਨੇ ਹੋਰ ਕਿਹੜੇ ਨਰਕ ਵਿਚ ਡਿਗਣਾ ਹੈ ? ਉਹ ਬੰਦਾ ਨਰਕਾਂ ਵਿਚ ਹੀ ਹੈ। ਤੋ "ਨਚ ਦੁਰਲਭੰ ਸ੍ਰਗ ਰਾਜਨਹ।" ਗੁਰੂ ਅਰਜਨ ਦੇਵ ਜੀ ਕਹਿੰਦੇ ਨੇ, ਆਪਣੇ ਖ਼ਿਆਲਾਂ ਵਰਗੇ ਮਿਲ ਜਾਣ ਤੇ ਘਰ ਵਿਚ ਚੰਗਾ ਚੋਖਾ ਧਨ ਵੀ ਹੋਵੇ ਤੇ ਤੇਰੇ ਮਨ ਵਿਚ ਸੰਤੋਖ ਵੀ ਹੋ ਜਾਵੇ ਤੋ ਸਾਹਿਬ ਕਹਿੰਦੇ ਨੇ ਕਿ ਇਹ ਵੀ ਕੋਈ ਦੁਰਲਭ ਚੀਜ਼ ਨਹੀਂ।

ਪੰਜਵੇਂ ਗੁਰੂ ਨਾਨਕ ਦਾ ਸੰਦੇਸ਼ ਤੇ ਉਪਦੇਸ਼ ਮੈਂ ਤੁਹਾਡੇ ਸਾਹਮਣੇ ਰੱਖ ਰਿਹਾ ਹਾਂ। ਉਹਨਾਂ ਕੀਤਾ ਕੀ ਹੈ ? ਕੁਰਬਾਨੀ ਤੁਹਾਡੇ ਸਾਹਮਣੇ ਹੈ। ਇਹ ਗੁਰੂ ਗ੍ਰੰਥ ਸਾਹਿਬ ਦੀ ਮਹਾਨ ਰਚਨਾ ਸਾਡੇ ਸਾਹਮਣੇ ਹੈ। ਤੋ ਉਹਨਾਂ ਦਾ ਉਪਦੇਸ਼ ਜੋ ਹੈ, ਸਰਵਣ ਕਰੋ :

**ਨਚ ਦੁਰਲਭੰ ਭੋਜਨੰ ਬਿੰਜਨੰ, ਨਚ ਦੁਰਲਭੰ ਸ੍ਵਛ ਅੰਬਰਹ ॥** *(੧੩੫੭)*

ਚੰਗੀ ਤੋਂ ਚੰਗੀ ਖ਼ੁਰਾਕ ਖਾ ਲੈਣੀ, ਭੋਜਣ ਛਕ ਲੈਣੇ, ਕਹਿੰਦੇ ਨੇ ਇਸ ਨੂੰ ਵੀ ਦੁਰਲਭ ਨਾ ਸਮਝੋ। ਮਹਾਰਾਜ ਕਹਿੰਦੇ ਨੇ, "ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ ॥"(੮੧੧) ਅਗਰ ਰੁਖਾ ਮਿਸਾ ਕਿਸੇ ਸੰਤ ਪਾਸੋਂ ਮਿਲ ਗਿਆ ਹੈ ਤਾਂ ਉਸ ਵਿਚ ਹੀ ਸਾਰੇ ਰਸ ਨੇ। ਤੇ ਜਿਥੇ ਸ਼ਰਾਫ਼ਤ ਨਹੀਂ, ਕਿਰਤ ਨਹੀਂ ਉਥੋਂ ਦੇ ਛੱਤੀ ਪਦਾਰਥ ਵੀ ਜ਼ਹਿਰ ਦੇ ਬਰਾਬਰ ਹਨ।

ਭਗਤ ਕਬੀਰ ਜੀ ਨੇ ਸ੍ਰੀ ਕ੍ਰਿਸ਼ਨ ਬਾਰੇ ਇਉਂ ਕਿਹਾ :

**ਖੀਰ ਸਮਾਨਿ ਸਾਗੁ ਮੈ ਪਾਇਆ, ਗੁਨ ਗਾਵਤ ਰੈਨਿ ਬਿਹਾਨੀ ॥**

*(੧੧੦੫)*

ਕ੍ਰਿਸ਼ਨ ਨੇ ਕਹਿ ਦਿੱਤਾ, 'ਦੁਰਯੋਧਨ ! ਅਲੂਣੇ ਸਾਗ ਵਿਚ ਜੋ ਮੈਨੂੰ ਸੁਆਦ ਆਇਆ ਹੈ, ਜੋ ਮੈਨੂੰ ਰਸ ਆਇਆ ਹੈ ਉਹ ਤੇਰੀ ਖੀਰ ਵਿਚ ਨਹੀਂ ਸੀ। ਇਸ ਝੁਗੀ ਵਿਚ ਜਿਹੜੀ ਮੈਂ ਰਾਤ ਕੱਟੀ ਹੈ, ਉਹ ਅਨੰਦ ਤੇਰੇ ਮਹਿਲਾਂ ਵਿਚ ਨਹੀਂ


Sri Satguru Jagjit Singh Ji eLibrary NamdhariElibrary@gmail.com

ਆਇਆ। ਬਈ ਤੇਰੇ ਮਹਿਲਾਂ ਵਿਚ, ਤੇਰੇ ਭੋਜਨ ਵਿਚ ਰੱਬ ਭੁਲਦਾ ਹੈ, ਪਰ ਬਿਦਰ ਦੀ ਝੁੱਗੀ ਵਿਚ ਸਾਰੀ ਰਾਤ ਰੱਬ ਨੂੰ ਯਾਦ ਕਰਦੇ ਰਹੇ ਹਾਂ—'ਗੁਨ ਗਾਵਤ ਰੈਨਿ ਬਿਹਾਨੀ।'' ਤੇ ਜਿਥੇ ਰੱਬ ਚੇਤੇ ਆਇਆ ਸੀ, ਉਹਨੂੰ ਹੀ ਮਹਾਨ ਸਮਝਦੇ ਹਾਂ, ਜਿਸ ਕੋਲ ਬੈਠ ਕੇ ਰੱਬ ਚੇਤੇ ਆਇਆ, ਉਹ ਬੰਦਾ ਵੀ ਮਹਾਨ ਹੈ। ਇਤਨੀ ਮੈਂ ਹੋਰ ਅਰਜ਼ ਕਰ ਦਿਆਂ ਕਿ ਕਿਸੇ ਥਾਂ 'ਤੇ ਖੀਰ ਵੀ ਜ਼ਹਿਰ ਹੋ ਸਕਦੀ ਹੈ ਅਰ ਕਿਸੇ ਥਾਂ 'ਤੇ ਰੁਖਾ ਖਾਣਾ ਵੀ ਅੰਮ੍ਰਿਤ ਬਣ ਜਾਂਦਾ ਹੈ। ਕੋਈ ਝੁੱਗੀ ਵੀ ਐਸੀ ਹੋ ਸਕਦੀ ਹੈ ਜਿਥੇ ਮਹਿਲ ਕੁਰਬਾਨ ਕੀਤੇ ਜਾ ਸਕਦੇ ਨੇ। ਅਰ ਕੋਈ ਮਹਿਲ ਵੀ ਐਸਾ ਹੋ ਸਕਦਾ ਹੈ ਜਿਹੜਾ ਝੁੱਗੀ ਨਾਲੋਂ ਵੀ ਤੁਛ ਹੋਵੇ।

ਤੇ ਮਹਾਰਾਜ ਕਹਿੰਦੇ ਨੇ, "ਨਚ ਦੁਰਲਭੰ ਭੋਜਨੰ ਬਿੰਜਨੰ ਨਚ ਦੁਰਲਭੰ ਸ੍ਵਛ ਅੰਬਰਹ॥"' ਕੀਮਤੀ ਤੋਂ ਕੀਮਤੀ ਕਪੜੇ ਪਹਿਨ ਲੈਣੇ ਇਹ ਵੀ ਕੋਈ ਦੁਰਲਭ ਚੀਜ਼ ਨਹੀਂ।

**ਨਗਨ ਫਿਰਤ ਰੰਗਿ ਏਕ ਕੈ, ਓਹੁ ਸੋਭਾ ਪਾਏ॥**
**ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ॥੩॥** *(੭੮੫)*

ਬੰਦਾ ਨੰਗਾ ਹੋਵੇ ਤੇ ਰੱਬ ਦੀ ਯਾਦ ਵਿਚ ਹੋਵੇ, ਉਹ ਮਹਾਨ ਹੈ, ਪੂਜਣ ਯੋਗ ਹੈ। ਤੇ ਬੰਦੇ ਨੇ ਕੀਮਤੀ ਕਪੜੇ ਪਾਏ ਹੋਣ ਤੇ ਅੰਦਰ ਰੱਬ ਦੀ ਯਾਦ ਨਾ ਹੋਵੇ ਤਾਂ ਉਹ ਨੰਗਾ ਹੈ, ਫਿਟਕਾਰਨ ਯੋਗ ਹੈ। ਤੇ ਮੈਂ ਆਪ ਨੂੰ ਦੱਸਾਂ, ਕਈ ਬੰਦੇ ਢਕੇ ਹੋਏ ਵੀ ਨੰਗੇ ਹੁੰਦੇ ਹਨ। ਐਸਾ ਦੇਖਣ ਵਿਚ ਆਇਆ ਹੈ। ਤੀਸਰੀ ਪੰਕਤੀ ਵਿਚ ਸਾਹਿਬ ਕਹਿੰਦੇ ਨੇ: "ਨਚ ਦੁਰਲਭੰ ਸੁਤ ਮਿਤ੍ਰ"।

ਸਾਹਿਬ ਕਹਿੰਦੇ ਨੇ, ਚੰਗੇ ਪੁੱਤਰਾਂ ਦਾ ਹੋ ਜਾਣਾ, ਮਿੱਤਰਾਂ ਦਾ ਹੋ ਜਾਣਾ, ਚੰਗੀ ਇਸਤ੍ਰੀ ਦਾ ਹੋ ਜਾਣਾ ਕੋਈ ਦੁਰਲਭ ਨਹੀਂ। ਵਡਭਾਗੀ ਪਤਾ ਹੈ, ਕੌਣ ਹੈ ? ਅਸੀਂ ਧੰਨ ਸੰਪਤੀ ਵੇਖ ਕੇ ਅੰਦਾਜ਼ਾ ਲਾ ਲੈਂਦੇ ਹਾਂ ਕਿ ਫ਼ਲਾਣਾ ਵੱਡੇ ਭਾਗਾਂ ਵਾਲਾ ਹੈ, ਪਰ ਗੁਰੂ ਤੇਗ ਬਹਾਦਰ ਸਾਹਿਬ ਜੀ ਕਹਿੰਦੇ ਨੇ, "ਬਡਭਾਗੀ ਤਿਹ ਜਨ ਕਉ ਜਾਨਹੁ, ਜੋ ਹਰਿ ਕੇ ਗੁਨ ਗਾਵੈ॥" (੯੦੧)

ਜੋ ਪ੍ਰਭੂ ਦੇ ਗੁਣ ਗਾਉਂਦਾ ਹੈ, ਜਿਸ ਦੇ ਹਿਰਦੇ ਵਿਚ ਰੱਬ ਦੀ ਯਾਦ ਹੈ, ਉਹ ਵੱਡੇ ਭਾਗਾਂ ਵਾਲਾ ਹੈ। ਇਤਨੇ ਵੱਡੇ ਭਾਗਾਂ ਵਾਲਾ ਹੈ ਕਿ ਜਗਤ ਦੀ ਹਰ ਵਸਤੂ ਉਸ ਦੇ ਚਰਨਾਂ 'ਚ ਕੁਰਬਾਨ ਕੀਤੀ ਜਾ ਸਕਦੀ ਹੈ। ਚੌਥੀ ਪੰਕਤੀ ਵਿਚ ਸਾਹਿਬ ਕਹਿੰਦੇ ਹਨ:

**ਨਚ ਦੁਰਲਭੰ ਬਿਦਿਆ ਪ੍ਰਬੀਣੰ, ਨਚ ਦੁਰਲਭੰ ਚਤੁਰ ਚੰਚਲਹ॥**
*(੧੩੫੭)*


Sri Satguru Jagjit Singh Ji eLibrary NamdhariElibrary@gmail.com

ਬਹੁਤਾ ਵਿਦਵਾਨ ਹੋ ਜਾਣਾ, ਬੜਾ ਚਤੁਰ ਹੋ ਜਾਣਾ, ਬੜਾ ਚਲਾਕ ਹੋ ਜਾਣਾ, ਤੇ ਹਰ ਵਿਦਿਆ ਵਿਚ ਪ੍ਰਵੀਨ ਹੋ ਜਾਣਾ, ਸਾਹਿਬ ਕਹਿੰਦੇ ਨੇ ਇਹ ਵੀ ਕੋਈ ਦੁਰਲਭ ਚੀਜ਼ ਨਹੀਂ।

ਤੋ ਹੁਣ ਪੁਛੀਏ ਸਾਹਿਬਾਂ ਤੋਂ ਫਿਰ ਦੁਰਲਭ ਚੀਜ਼ ਕਿਹੜੀ ਏ ? ਆਖ਼ਰੀ ਪੰਕਤੀ ਵਿਚ ਸਾਹਿਬਾਂ ਨੇ ਵਰਣਨ ਕੀਤਾ ਹੈ, ਕੀ ?

**ਦੁਰਲਭੰ ਏਕ ਭਗਵਾਨ ਨਾਮਹ..... ॥੩੫॥** (੧੩੫੭)

ਸੰਸਾਰ ਵਿਚ ਜੇਕਰ ਕੋਈ ਮਹਾਨ ਚੀਜ਼ ਹੈ, ਕੋਈ ਦੁਰਲਭ ਚੀਜ਼ ਹੈ ਤਾਂ ਉਹ ਹੈ ਪਰਮਾਤਮਾ ਦਾ ਨਾਮ। ਤੇ ਉਹ ਮਿਲਦਾ ਕਿਥੋਂ ਹੈ ? ਸਾਹਿਬ ਦਸਦੇ ਨੇ "ਲਬਧਿੵੰ ਸਾਧਸੰਗਿ ਕ੍ਰਿਪਾ ਪ੍ਰਭੰ।" ਉਹ ਲਭਦਾ ਹੈ ਸਾਧ ਸੰਗਤ ਵਿਚੋਂ, ਸਾਧੂ ਪੁਰਸ਼ਾਂ ਦੀ ਕਿਰਪਾ ਦੁਆਰਾ।

ਬੰਦਾ ਮਹਾਨ ਉਦੋਂ ਬਣਦਾ ਹੈ ਜਦ ਉਸ ਨੂੰ ਕਿਸੇ ਚੀਜ਼ ਦੀ ਪ੍ਰਾਪਤੀ ਹੋਵੇ। ਹੁਣ ਕਿਸੇ ਬੰਦੇ ਨੂੰ ਜੇ ਰਾਜਸੀ ਅਹੁਦਾ ਮਿਲ ਜਾਏ ਤਾਂ ਉਹ ਮਹਾਨ ਬਣ ਜਾਂਦਾ ਹੈ। ਤੋ ਸਾਹਿਬ ਕਹਿੰਦੇ ਨੇ ਕਿ ਨਾਮ ਦਾ ਮਿਲਣਾ ਇਕ ਐਸੀ ਮਹਾਨ ਚੀਜ਼ ਦਾ ਮਿਲਣਾ ਹੈ ਕਿ ਬੰਦਾ ਆਪ ਹੀ ਮਹਾਨ ਬਣ ਜਾਂਦਾ ਹੈ।

ਜਗਤ, ਗੁਰੂ ਨਾਨਕ ਨੂੰ ਸਜਦਾ ਕਰਦਾ ਹੈ। ਦੁਨੀਆ ਆਪਣੀ ਵਡਿਆਈ ਕਰਵਾਂਦੀ ਹੈ, ਪਰ ਗੁਰੂ ਨਾਨਕ ਦੇਵ ਜੀ ਕਹਿੰਦੇ ਨੇ:

**ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥** (੩੮੩)

ਮੈਨੂੰ ਕੌਣ ਜਾਣਦਾ ਹੈ, ਐ ਕਰਤਾ ਪੁਰਖ ! ਤੇਰਾ ਨਾਮ ਮੇਰੇ ਹਿਰਦੇ ਵਿਚ ਨਾ ਹੋਵੇ, ਕੌਣ ਮੱਥਾ ਟੇਕਦਾ ਹੈ ? ਇਹ ਸਭ ਤੇਰੇ ਨਾਮ ਦੀ ਵਡਿਆਈ ਹੈ।

ਅਰ ਜੁੱਤੀਆਂ ਗੰਢਣ ਵਾਲਾ ਹੈ ਰਵਿਦਾਸ ਭਗਤ, ਦੁਨੀਆ ਸਜਦਾ ਕਰਦੀ ਹੈ। ਭਗਤ ਕਬੀਰ ਹੈ, ਨਾਮਦੇਵ ਹੈ, ਇਹਨਾਂ ਵਿਚ ਕੀ ਵਡਿਆਈ ਸੀ ਕਿ ਦੁਨੀਆ ਉਹਨਾਂ ਨੂੰ ਨਮਸਕਾਰਾਂ ਕਰਦੀ ਹੈ, ਬਸ ਇਕੋ ਗੱਲ ਸੀ ਕਿ ਇਹਨਾਂ ਦੇ ਹਿਰਦੇ ਵਿਚ ਰੱਬ ਦਾ ਨਾਮ ਵਸਿਆ ਸੀ।

ਤੋ ਗੁਰੂ ਅਰਜਨ ਦੇਵ ਜੀ ਮਹਾਰਾਜ ਬੇਨਤੀ ਕਰਦੇ ਨੇ:

**ਵਿਣੁ ਤੁਧੁ ਹੋਰੁ ਜਿ ਮੰਗਣਾ, ਸਿਰਿ ਦੁਖਾ ਕੈ ਦੁਖ॥**
**ਦੇਹਿ ਨਾਮੁ ਸੰਤੋਖੀਆ, ਉਤਰੈ ਮਨ ਕੀ ਭੁਖ॥੨॥੩॥** (੯੫੮)

ਸਤਿਗੁਰੂ ਮਹਾਰਾਜ ਬਖ਼ਸ਼ਿਸ਼ ਕਰਨ, ਇਹ ਸੰਦੇਸ਼ ਤੇ ਇਹ ਉਪਦੇਸ਼ ਆਪ ਦੇ ਹਿਰਦੇ ਵਿਚ ਵੱਸੇ, ਫੇਰ ਹੀ ਸਾਡਾ ਗੁਰਦਵਾਰੇ ਆਉਣਾ ਸਫਲ ਹੈ।


Sri Satguru Jagjit Singh Ji eLibrary NamdhariElibrary@gmail.com

# ਭੋਲਾਵੜੈ ਭੁਲੀ, ਭੁਲਿ ਭੁਲਿ ਪਛੋਤਾਣੀ

ਜ਼ਿੰਦਗੀ ਦਾ ਆਦਰਸ਼ ਲੈਣ ਵਾਸਤੇ ਆਪਾਂ ਗੁਰੂ-ਗੋਦ ਵਿਚ ਆਂਵਦੇ ਹਾਂ। ਤੇ ਇਹ ਆਦਰਸ਼, ਇਹ ਸ਼ਬਕ ਗੁਰੂ ਸਾਨੂੰ ਦੇਂਦਾ ਹੈ ਤੇ ਅਸੀਂ ਅਕਸਰ ਭੁੱਲ ਜਾਂਦੇ ਹਾਂ। ਇਕ ਦਫ਼ਾ ਨਹੀਂ, ਮਹਾਰਾਜ ਕਹਿੰਦੇ ਨੇ ਕਈ ਦਫ਼ਾ ਭੁਲਦੇ ਹਾਂ :

**ਭੋਲਾਵੜੈ ਭੁਲੀ, ਭੁਲਿ ਭੁਲਿ ਪਛੋਤਾਣੀ॥** (੧੧੧੧)

ਸਾਹਿਬਾਂ ਦੀ ਇਹ ਬੜੀ ਸੋਹਣੀ ਪੰਕਤੀ ਹੈ, ਕਿ ਬੰਦਾ ਵਾਰ ਵਾਰ ਭੁਲਦਾ ਹੈ। ਸਵੇਰੇ ਜੋ ਭੁਲ ਕੀਤੀ ਹੈ, ਅਰ ਪ੍ਰਣ ਕੀਤਾ ਹੈ, ਕਿ ਸ਼ਾਮੀਂ ਭੁਲ ਨਹੀਂ ਕਰਾਂਗੇ, ਸ਼ਾਮੀਂ ਵੀ ਉਹੀ ਭੁਲ ਕਰਦਾ ਹੈ। ਸ਼ਾਮੀਂ ਇਸ ਨੇ ਪ੍ਰਣ ਕੀਤਾ ਹੈ ਕਿ ਝੂਠ ਨਹੀਂ ਬੋਲਾਂਗੇ, ਮਦਿਰਾ ਪਾਣ ਨਹੀਂ ਕਰਾਂਗੇ, ਪਰ ਸਵੇਰੇ ਫਿਰ ਕਰ ਰਿਹਾ ਹੈ। ਸਾਹਿਬ ਕਹਿੰਦੇ ਨੇ, ਸਾਰੀ ਜ਼ਿੰਦਗੀ ਮਨੁੱਖ ਦੀ, ਭੁਲ-ਭੁਲੱਈਆਂ ਵਿਚ ਲੰਘ ਜਾਂਦੀ ਹੈ।

ਭੁਲ-ਭੁਲੱਈਆਂ ! ਹਿੰਦੁਸਤਾਨ ਵਿਚ ਕੁਛ ਇਮਾਰਤਾਂ ਐਸੀਆਂ ਨੇ, ਆਹ ਲਖਨਊ ਵਿਚ ਹੈ, ਦੇਹਲੀ ਵਿਚ ਹੈ, ਹੈਦਰਾਬਾਦ ਵਿਚ ਵੀ। ਉਹਨਾਂ ਮਹਿਲਾਂ ਵਿਚ ਇਕ ਦਫ਼ਾ ਆਦਮੀ ਅੰਦਰ ਚਲਾ ਜਾਏ ਤੇ ਭੁਲ ਜਾਂਦਾ ਹੈ ਰਸਤਾ, ਬੜੇ ਟੇਢੇ ਮੇਢੇ ਰਸਤੇ ਨੇ। ਤੇ ਜਿਥੇ ਬੰਦਾ ਇਕ ਦਫ਼ਾ ਪ੍ਰਵੇਸ਼ ਕਰ ਜਾਏ ਤੇ ਨਿਕਲ ਨਾ ਸਕੇ, ਐਸੀ ਜਗਹ ਨੂੰ ਆਖਿਆ ਗਿਆ ਹੈ ਭੁਲ-ਭੁਲੱਈਆਂ।

ਤੇ ਉਦਾਹਰਣ ਦਿੱਤਾ ਹੈ ਮਹਾਰਾਜ ਨੇ, ਬਈ ਇਕ ਦਫ਼ਾ ਬੰਦਾ ਜੇ ਝੂਠ ਫ਼ਰੇਬ ਵਿਚ ਫਸ ਜਾਏ ਤੇ ਨਿਕਲਣਾ ਹੀ ਔਖਾ ਹੈ। ਤੇ ਸਾਰੀ ਜ਼ਿੰਦਗੀ ਉਸੇ ਹੀ ਭੁਲਾਵੜੇ ਵਿਚ ਲੰਘ ਜਾਂਦੀ ਹੈ। "ਭੁਲਿ ਭੁਲਿ ਪਛੋਤਾਣੀ" ਬਾਰ ਬਾਰ ਭੁਲਾਂ, ਤੇ ਹਰ ਭੁਲ ਤੋਂ ਬਾਅਦ ਕੀ ਹੈ ? 'ਪਛੋਤਾਵਾ'। ਹਰ ਗ਼ਲਤੀ ਦਾ ਫਲ ਕੀ ਹੈ 'ਪਛੋਤਾਵਾ'। ਤੇ ਬੰਦਾ ਪਛਤਾਂਦਾ ਹੈ, ਪ੍ਰੇਸ਼ਾਨ ਹੁੰਦਾ ਹੈ। ਇਹ ਭੁਲ ਕਿਉਂ ਜਾਂਦਾ ਹੈ ? ਸਾਹਿਬ ਕਹਿੰਦੇ ਨੇ, ਕੁਛ ਮਦਹੋਸ਼ ਹੋ ਜਾਂਦਾ ਹੈ। ਹੋਸ਼ ਵਿਚ ਹੋਵੇ ਬੰਦਾ, ਤੇ ਭੁਲਦਾ ਨਹੀਂ। ਤੇ ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਐਸੀ ਕਿਹੜੀ ਚੀਜ਼ ਹੈ ਜਿਸ ਵਿਚ ਅਸੀਂ ਬੇਹੋਸ਼ ਹੋ ਜਾਂਦੇ ਹਾਂ ?


Sri Satguru Jagjit Singh Ji eLibrary NamdhariElibrary@gmail.com

ਸ੍ਰੀ ਰਾਗ ਦੀ ਇਕ ਬੜੀ ਸੋਹਣੀ ਪੰਕਤੀ ਹੈ:

"ਅਮਲੁ ਗਲੋਲਾ ਕੂੜ ਕਾ"। 'ਗਲੋਲਾ' ਅਫ਼ੀਮ ਦੀ ਗੋਲੀ ਨੂੰ ਕਹਿੰਦੇ ਨੇ, ਅਰ ਸਿਆਣੇ ਬੰਦੇ ਇਹ ਜਾਣਦੇ ਨੇ ਕਿ ਸਭ ਤੋਂ ਭੈੜਾ ਨਸ਼ਾ ਹੀ ਇਹੀ ਹੈ। ਸ਼ਰਾਬੀ ਦੀ ਸ਼ਰਾਬ ਛੁਡਾਈ ਜਾ ਸਕਦੀ ਹੈ, ਕਿਸੇ ਤੰਬਾਕੂ ਪੀਣ ਵਾਲੇ ਦਾ ਤੰਬਾਕੂ ਛੁਡਾਇਆ ਜਾ ਸਕਦਾ ਹੈ, ਕਿਸੇ ਭੰਗ ਪੀਣ ਵਾਲੇ ਦੀ ਭੰਗ ਛੁਡਾਈ ਜਾ ਸਕਦੀ ਹੈ, ਪਰ ਅਫ਼ੀਮ ਦੇ ਨਸ਼ੇ ਨੂੰ ਛੁਡਾਨਾ ਬਹੁਤ ਔਖਾ ਹੈ।

ਪੁਰਾਣੇ ਸ਼ਾਸਤਰਕਾਰਾਂ ਨੇ ਇਹਨਾਂ ਨਸ਼ਿਆਂ ਨੂੰ ਬਹੁਤ ਫਿਟਕਾਰਾਂ ਪਾਈਆਂ ਨੇ। *ਪਦਮ ਪੁਰਾਨ* ਦੇ ਚੰਦ ਸਲੋਕ ਤੁਹਾਡੇ ਸਾਹਮਣੇ ਰਖਾਂ। ਉਹ ਕਹਿੰਦਾ ਹੈ:

**ਬੀਜਿਆ ਕਲਪੰਤ ਏਕੰਚ, ਦਸ ਕਲਪੰਤ ਨਾਗਨੀ॥** *(ਪਦਮ ਪੁਰਾਨ)*

'ਬੀਜਿਆ' ਕਹਿੰਦੇ ਨੇ ਭੰਗ ਨੂੰ। ਜਿਹੜਾ ਬੰਦਾ ਭੰਗ ਪੀਂਦਾ ਹੈ, ਉਹ ਇਕ ਨਰਕ ਭੋਗੇਗਾ, ਭਾਵ ਉਸ ਦਾ ਇਕ ਜਨਮ ਖੁਆਰ ਗਿਆ। ਇਕ ਜ਼ਿੰਦਗੀ ਭੰਗ ਪੀਣ ਵਾਲੇ ਦੀ ਐਵੇਂ ਗਈ। "ਦਸ ਕਲਪੰਤ ਨਾਗਨੀ" ਅਫ਼ੀਮ ਨੂੰ ਅੱਜ ਵੀ ਨਿਹੰਗ ਸਿੰਘ ਨਾਗਨੀ ਕਹਿੰਦੇ ਨੇ। ਪੁਰਾਣਾ ਨਾਂ ਵੀ ਇਸ ਦਾ ਨਾਗ, ਨਾਗਨੀ ਹੈ। ਅਰ ਬਿਲਕੁਲ ਇਹ ਸੱਪ ਦੀ ਤਰ੍ਹਾਂ ਹੀ ਡੰਗਦੀ ਹੈ। ਮਨੁੱਖ ਨੂੰ ਹੱਡੀਆਂ ਦਾ ਢਾਂਚਾ ਇਹ ਬਣਾ ਦਿੰਦੀ ਹੈ ਤੇ ਬੰਦਾ ਫਿਰ ਇਸ ਨੂੰ ਛੱਡ ਨਹੀਂ ਸਕਦਾ।

"ਅਮਲੀ ਅਮਲੁ ਨ ਛਡਨੀ.....ਦੂਖ ਸਹਿਨ ਗਰਠੇ"[1] ਭਾਈ ਸਾਹਿਬ ਭਾਈ ਗੁਰਦਾਸ ਜੀ ਕਹਿੰਦੇ ਨੇ। ਭਾਵੇਂ ਹਰ ਅਮਲ ਦੇ ਪਿਛੇ ਬਹੁਤ ਵੱਡਾ ਦੁਖ ਹੈ, ਪਰ ਅਫ਼ੀਮ ਦੇ ਅਮਲੀ ਵਾਸਤੇ ਛਡਣਾ ਬਹੁਤ ਔਖੀ ਗੱਲ ਹੈ।

ਤੇ ਇਥੇ ਉਹ ਰਿਸ਼ੀ ਕਹਿੰਦਾ ਹੈ ਕਿ ਜੋ ਅਫ਼ੀਮ ਖਾਂਦਾ ਹੈ ਨਾ, "ਦਸ ਕਲਪੰਤ ਨਾਗਨੀ" ਉਹ ਦਸ ਨਰਕ ਭੋਗੇਗਾ, ਭਾਵ, ਦਸ ਜਨਮ ਉਸ ਦੇ ਅਚੇਤ ਅਵਸਥਾ 'ਚ ਲੰਘਣਗੇ, ਸੁਚੇਤ ਨਹੀਂ ਹੋ ਸਕੇਗਾ। ਕਈਆਂ ਦੀ ਜ਼ਿੰਦਗੀ ਬਿਲਕੁਲ ਅਚੇਤਪੁਣੇ 'ਚ ਲੰਘਦੀ ਹੈ। ਜੀਂਵਦੇ ਨੇ, ਪਰ ਅਚੇਤਪੁਣੇ 'ਚ। ਕੁਛ ਨਹੀਂ ਪਤਾ, ਸੱਚ ਕੀ ਹੈ ? ਝੂਠ ਕੀ ਹੈ ? ਵਿਗਿਆਨ ਕੀ ਹੈ ? ਧਰਮ ਕੀ ਹੈ ? ਕੁਛ ਵੀ ਨਹੀਂ ਪਤਾ। ਸਾਰੀ ਜ਼ਿੰਦਗੀ ਮਦਹੋਸ਼ੀ ਵਿਚ ਹੀ ਲੰਘ ਜਾਂਦੀ ਹੈ। ਤੇ ਕਹਿੰਦੇ ਨੇ ਉਹ ਜਨਮ ਜਿਹੜਾ ਅਫ਼ੀਮ ਖਾ ਕੇ ਲੰਘਾਇਆ ਹੈ ਨਾ, ਉਸ ਦਾ ਨਸ਼ਾ, ਉਸ ਦੀ ਬੇਹੋਸ਼ੀ ਬਾਕੀ ਜਨਮਾਂ 'ਚ ਵੀ ਰਹੇਗੀ। ਦੂਸਰੇ ਜਨਮਾਂ 'ਚ ਵੀ ਬੇਸੁਰਤੀ ਬਣੀ ਰਹੇਗੀ। ਤੇ ਇਥੇ ਰਿਸ਼ੀ ਕਹਿੰਦਾ ਹੈ ਕਿ ਜਿਹੜਾ ਬੰਦਾ ਅਫ਼ੀਮ

---

੧. ਵਾਰ ੨੭, ਪਉੜੀ ੨।



Sri Satguru Jagjit Singh Ji eLibrary NamdhariElibrary@gmail.com

ਖਾਂਦਾ ਹੈ ਨਾ, ਉਹ ਦਸ ਜਨਮ ਨਰਕ ਭੋਗੇਗਾ। ਦਸ ਜਨਮਾਂ ਤਕ ਉਹ ਅਚੇਤ ਹੀ ਰਹੇਗਾ।

**ਬਾਰਨੇ ਸਹੰਸਰ ਕਲਪੰਤ ਧੂਮਰਪਾਨ ਅਸੰਖਿਆਨ ਵਿਦਿਅਤੇ।**

'ਬਾਰਨੇ' ਕਹਿੰਦੇ ਨੇ ਸ਼ਰਾਬ ਨੂੰ, ਤੇ ਜਿਹੜਾ ਸ਼ਰਾਬ ਪੀਂਦਾ ਹੈ, ਉਹ ਆਦਮੀ ਹਜ਼ਾਰਾਂ ਨਰਕ ਭੋਗੇਗਾ। ਹਜ਼ਾਰਾਂ ਜਨਮਾਂ ਤਕ ਉਹ ਸੁਚੇਤ ਨਹੀਂ ਹੋ ਸਕੇਗਾ। ਇਹ ਕਿਤੇ ਤੁਸੀਂ ਅਤਿਕਥਨੀ ਨਾ ਸਮਝ ਲੈਣਾ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਨੇ "ਅਸੰਖ ਮੂਰਖ ਅੰਧ ਘੋਰ"। ਜ਼ਿੰਦਗੀ ਘੋਰ ਅੰਧੇਰੇ 'ਚ ਮਸਿਆ ਦੀ ਰਾਤ ਦੀ ਤਰ੍ਹਾਂ ਲੰਘਦੀ ਹੈ। ਬਿਲਕੁਲ ਅਚੇਤ ਨੇ, ਗ਼ਲਤੀ ਕੀਤੀ ਹੈ, ਗ਼ਲਤੀ ਦਾ ਪਤਾ ਵੀ ਕੋਈ ਨਹੀਂ, ਸੁਧਰਨਾ ਤੇ ਕਿਥੇ ? ਇਹ ਵੀ ਨਹੀਂ ਪਤਾ ਕਿ ਮੈਂ ਗ਼ਲਤੀ ਕਰ ਰਿਹਾ ਹਾਂ। ਇਹ ਵੀ ਨਹੀਂ ਪਤਾ ਕਿ ਮੈਂ ਗ਼ਲਤ ਕੀ ਕਰ ਰਿਹਾ ਹਾਂ ? ਇਤਨਾ ਅਚੇਤ ਹੈ। ਸਾਹਿਬ ਕਹਿੰਦੇ ਨੇ, ਐਸੇ ਵੀ ਅੰਧ ਮੂਰਖ ਹੈਗੇ ਨੇ। ਇਤਨੇ ਵੀ ਅਗਿਆਨੀ, ਪਰ ਇਤਨੇ ਹਨੇਰੇ ਵਿਚ ਵੀ ਆਪਣੀ ਜ਼ਿੰਦਗੀ ਬਤੀਤ ਕਰ ਰਹੇ ਨੇ।

"ਬਾਰਨੇ ਸਹੰਸਰ ਕਲਪੰਤ, ਧੂਮਰਪਾਨ ਅਸੰਖਿਆਨ ਵਿਦਿਅਤੇ।" 'ਧੂਮਰਪਾਨ' ਕਹਿੰਦੇ ਨੇ ਤੰਬਾਕੂ ਨੂੰ। ਜਿਹੜਾ ਬੰਦਾ ਤੰਬਾਕੂ ਪੀਂਦਾ ਹੈ, ਖਾਂਦਾ ਹੈ ਯਾ ਕਿਸੇ ਵੀ ਰੂਪ ਵਿਚ ਇਸਤੇਮਾਲ ਕਰਦਾ ਹੈ, ਇਹ ਰਿਸ਼ੀ *ਪਦਮ ਪੁਰਾਨ* ਦਾ ਕਰਤਾ ਕਹਿੰਦਾ ਹੈ ਕਿ ਉਹ ਤੇ ਅਸੰਖਾਂ ਹੀ ਅਣਗਿਣਤ ਨਰਕ ਭੋਗੇਗਾ। ਸੁਰਤੀ ਇਤਨੀ ਬੇਸੁਰਤ ਹੋ ਜਾਇਗੀ ਕਿ ਪਤਾ ਨਹੀਂ ਇਸ ਨੇ ਹੁਣ ਕਿਤਨੇ ਜਨਮਾਂ ਬਾਅਦ ਸੁਚੇਤ ਹੋਣਾ ਹੈ।

ਇਹ ਜਿਹੜੇ ਪਸ਼ੂ ਨੇ ਨਾ, ਇਹ ਕਹਿੰਦੇ ਨੇ ਕਿ ਅੱਧੇ ਜਾਗਦੇ ਨੇ ਤੇ ਅੱਧੇ ਸੁੱਤੇ ਹੋਏ ਨੇ। ਤੇ ਆਦਮੀ ਜੋ ਹੈ, ਕਹਿੰਦੇ ਨੇ ਉਹ ਅੱਧੇ ਨਾਲੋਂ ਕੁਛ ਜ਼ਿਆਦਾ ਹੀ ਜਾਗਦਾ ਹੈ। ਤੇ ਜਿਹੜਾ ਦੇਵਤਾ ਹੈ ਨਾ, ਕਹਿੰਦੇ ਨੇ ਉਹ ਪੂਰਾ ਜਾਗਿਆ ਹੋਇਆ ਮਨੁੱਖ ਹੈ। ਅਗਰ ਬੰਦਾ ਹੁਣ ਪੂਰਾ ਹੀ ਸੁੱਤਾ ਹੋਵੇ ਤਾਂ ਪਸ਼ੂਆਂ ਨਾਲੋਂ ਵੀ ਥਲੇ ਗਿਆ। ਪੱਥਰ ਹੀ ਹੋ ਗਿਆ। ਬਿਲਕੁਲ ਪੱਥਰ। ਤੇ ਨਸ਼ਾ ਬਿਲਕੁਲ ਸੁਲਾ ਦਿੰਦਾ ਹੈ। ਅਚੇਤ ਕਰ ਦਿੰਦਾ ਹੈ। ਇਹ ਰਿਸ਼ੀ ਤਾਂ ਅਗਾਂਹ ਚਲ ਕੇ ਇਕ ਬਹੁਤ ਹੀ ਕਰੜੀ ਗੱਲ ਕਹਿੰਦਾ ਹੈ :

**ਧੂਮਰਪਾਨ ਬਿਪਰੰ ਦਾਨ ਜਯੰਤੀ ਜੋ ਨਰਾ।**
**ਦਾਤਾ ਨਰਕ ਜਯੰਤੀ, ਬ੍ਰਾਹਮਨ ਗ੍ਰਾਮ ਸੂਕਰੇ।**


Sri Satguru Jagjit Singh Ji eLibrary NamdhariElibrary@gmail.com

ਅਗਰ ਕੋਈ ਧਾਰਮਿਕ ਪੰਡਿਤ,ਪੁਰਾਣਾਂ ਤੇ ਸ਼ਾਸਤਰਾਂ ਦੀ ਕਥਾ ਕਰਨ ਵਾਲਾ,ਤੰਬਾਕੂ ਪੀਂਦਾ ਹੋਵੇ, "ਧੂਮਰਪਾਨ ਬਿਪਰੰ, ਦਾਨ ਜਯੰਤੀ ਜੋ ਨਰਾ।" ਐਸੇ ਪੰਡਿਤ ਨੂੰ, ਜੋ ਤੰਬਾਕੂ ਦਾ ਸੇਵਨ ਕਰਦਾ ਹੈ, ਚਾਹੇ ਉਹ ਕਿਤਨਾ ਵੀ ਮਹਾਨ ਕਿਉਂ ਨਾ ਹੋਵੇ, ਉਸ ਨੂੰ ਦਾਨ ਦੇਣ ਵਾਲਾ, ਕਿਸੇ ਵੀ ਰੂਪ ਵਿਚ ਹੈ, ਉਹ "ਦਾਤਾ ਨਰਕ ਜਯੰਤੀ, ਬ੍ਰਾਹਮਨ ਗ੍ਰਾਮ ਸੂਕਰੇ।" ਜਿਹੜਾ ਦਾਨੀ ਹੈ ਨਾ, ਉਹ ਤੇ ਨਰਕਾਂ ਨੂੰ ਜਾਏਗਾ ਤੇ ਜਿਹੜਾ ਬ੍ਰਾਹਮਨ ਹੈ ਨਾ, ਉਹ ਗ੍ਰਾਮ ਦਾ, ਪਿੰਡ ਦਾ ਸੂਰ ਬਣੇਗਾ। ਸੂਅਰ ਦੀ ਜੂਨ ਵਿਚ ਪਵੇਗਾ। ਬੜੇ ਦੁਖ ਸਹਾਰੇਗਾ।

ਇਹ ਨਾ ਸਮਝਣਾ ਕਿ ਇਹ ਰਿਸ਼ੀ ਮੁਨੀ ਕੋਈ ਤਾੜਨਾ ਦੇ ਰਹੇ ਨੇ, ਬਈ ਬੰਦਾ ਨਸ਼ਾ ਸੇਵਨ ਨਾ ਕਰੇ। ਨਹੀਂ, ਇਹਨਾਂ ਪਿਛੇ ਕੁਝ ਅਸਲੀਅਤ ਭੀ ਹੈ। ਬਹੁਤ ਗਹਿਰੀ ਅਸਲੀਅਤ ਹੈ। ਤੋ ਇਕ ਤੇ ਗੱਲ ਹੈ ਇਹ ਕਿ ਬੰਦਾ ਨਸ਼ਾ ਕਰਦਾ ਹੈ ਤੇ ਸੋਚਣ-ਸ਼ਕਤੀ ਰਹਿ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਇਕ ਹੋਰ ਨਸ਼ੇ ਦਾ ਜ਼ਿਕਰ ਸਿਰੀ ਰਾਗ ਵਿਚ ਕਰਦੇ ਹਨ:

**ਅਮਲੁ ਗਲੋਲਾ ਕੂੜ ਕਾ, ਦਿਤਾ ਦੇਵਣਹਾਰਿ॥**
**ਮਤੀ ਮਰਣੁ ਵਿਸਾਰਿਆ, ਖੁਸੀ ਕੀਤੀ ਦਿਨ ਚਾਰਿ॥੧॥** *(੧੫)*

ਝੂਠ ਦੀ ਅਫ਼ੀਮ ਬੰਦੇ ਨੇ ਐਸੀ ਛਕ ਲਈ ਏ ਕਿ ਸੱਚ ਚੇਤੇ ਹੀ ਨਹੀਂ ਆਉਂਦਾ। ਮਹਾਰਾਜ ਅਕਸਰ ਕਹਿੰਦੇ ਸਨ, "ਜੀਣਾ ਝੂਠ ਹੈ ਮਰਣਾ ਸੱਚ ਹੈ।" ਗੁਰੂ ਨਾਨਕ ਦੇਵ ਜੀ ਹਰ ਇਕ ਨੂੰ ਇਹੀ ਕਹਿੰਦੇ ਸਨ। ਪਰ ਸਾਹਿਬ ਹੁਣ ਇਥੇ ਕਹਿੰਦੇ ਹਨ, "ਮਤੀ ਮਰਣੁ ਵਿਸਾਰਿਆ, ਖੁਸੀ ਕੀਤੀ ਦਿਨ ਚਾਰਿ॥" ਇਹ ਜਿਹੜਾ ਝੂਠ ਦਾ ਅਫ਼ੀਮ ਦਾ ਗੋਲਾ ਹੈ ਨਾ, ਬੰਦੇ ਨੇ ਐਸਾ ਛਕਿਆ ਹੈ ਕਿ ਮੌਤ ਭੁਲ ਹੀ ਗਿਆ ਹੈ। ਸਾਹਮਣੇ ਸ਼ਮਸ਼ਾਨ-ਘਾਟ ਵੇਖਦਾ ਹੈ, ਕਬਰਾਂ ਵੇਖਦਾ ਹੈ, ਕਹਿੰਦਾ ਹੈ, ਉਹਨਾਂ ਨੇ ਮਰਨਾ ਸੀ, ਅਸੀਂ ਥੋੜ੍ਹੇ ਮਰਨਾ ਹੈ। ਇਤਨਾ ਅਚੇਤ ਹੈ, "ਮਤੀ ਮਰਣੁ ਵਿਸਾਰਿਆ, ਖੁਸੀ ਕੀਤੀ ਦਿਨ ਚਾਰਿ॥" ਮਨੁੱਖ ਪੂਰਨ ਰੂਪ ਵਿਚ ਸੁਚੇਤ ਹੋ ਸਕੇ, ਜਾਗ ਸਕੇ, ਇਸ ਵਾਸਤੇ ਵੱਖ ਵੱਖ ਮਜ਼੍ਹਬੀ ਰਹਿਬਰਾਂ ਨੇ ਕੁਛ ਤਰਤੀਬ ਦਿੱਤੀ, ਬਈ ਮਨੁੱਖ ਕੁਛ ਜਾਗ੍ਰਤੀ ਵਿਚ ਆ ਸਕੇ।

ਸੁੱਤਾ ਹੋਇਆ ਮਨੁੱਖ ਕੁਛ ਵੀ ਨਹੀਂ ਕਰ ਸਕਦਾ। ਸੌਂ ਕੇ ਕੀਰਤਨ ਨਹੀਂ ਸੁਣਾਇਆ ਜਾ ਸਕਦਾ। ਸੌਂ ਕੇ ਬੰਦਾ ਤਬਲਾ ਨਹੀਂ ਵਜਾ ਸਕਦਾ। ਨੀਂਦ ਵਿਚ ਬੰਦਾ ਹੋਵੇ ਤੇ ਕਾਰ ਚਲਾਣੀ ਹੋਵੇ, ਕਿਸ ਤਰ੍ਹਾਂ ਚਲਾਏਗਾ? ਕੋਈ ਵੀ ਸੰਸਾਰ ਦਾ ਕੰਮ ਕਰਨ ਵਾਸਤੇ ਜਾਗਣਾ ਲਾਜ਼ਮੀ ਹੈ। ਸੁੱਤਿਆਂ ਕੁਛ ਵੀ ਨਹੀਂ ਹੋ ਸਕਦਾ। ਸੌਂ ਕੇ ਸੁਪਨੇ ਤਾਂ ਵੇਖੇ ਜਾ ਸਕਦੇ ਹਨ, ਸੌਂ ਕੇ ਕੁਛ ਕੀਤਾ ਨਹੀਂ ਜਾ


Sri Satguru Jagjit Singh Ji eLibrary NamdhariElibrary@gmail.com

ਸਕਦਾ। ਸੌਂ ਕੇ ਸੁਪਨੇ 'ਚ ਜੇ ਬੰਦਾ ਰੋਟੀ ਵੀ ਖਾ ਲਵੇ ਤਾਂ ਜਾਗਣ 'ਤੇ ਪਤਾ ਚਲਦਾ ਹੈ ਕਿ ਪੇਟ ਤੇ ਖ਼ਾਲੀ ਹੈ, ਐਵੇਂ ਸੁਪਨੇ 'ਚ ਹੀ ਰੋਟੀ ਖਾਧੀ ਸੀ। ਸੌਂ ਕੇ ਸੁਪਨੇ ਤੇ ਵੇਖੇ ਜਾ ਸਕਦੇ ਹਨ, ਪਰ ਸੌਂ ਕੇ ਮੰਜ਼ਿਲੇ-ਮਕਸੂਦ 'ਤੇ ਨਹੀਂ ਪਹੁੰਚਿਆ ਜਾ ਸਕਦਾ। ਜੇ ਇਕ ਬੰਦਾ ਸੁਪਨੇ 'ਚ ਇਹ ਵੇਖੇ ਕਿ ਮੈਂ ਸਫ਼ਰ ਦੇ ਵਿਚ ਹਾਂ ਤੇ ਹਜ਼ਾਰਾਂ ਮੀਲ ਦੀ ਵਾਟ ਤਹਿ ਕੀਤੀ ਹੈ, ਪਰ ਜਾਗਣ 'ਤੇ ਪਤਾ ਚਲੇਗਾ ਕਿ ਮੈਂ ਤੇ ਉਥੇ ਹੀ ਪਿਆ ਹਾਂ। ਤੇ ਸੁਪਨੇ ਵਿਚ ਕੁਛ ਨਹੀਂ ਹੋ ਸਕਦਾ। ਕੁਛ ਕਰਨ ਵਾਸਤੇ ਜਾਗਣਾ ਬੜਾ ਲਾਜ਼ਮੀ ਹੈ। ਇਸੇ ਤਰੀਕੇ ਨਾਲ ਬੰਦਗੀ ਕਰਨ ਵਾਸਤੇ, ਰੱਬ ਦੇ ਟਿਕਾਣੇ ਤਕ ਪਹੁੰਚਣ ਵਾਸਤੇ, ਸੁਰਤ ਨੂੰ ਸ਼ਬਦ ਵਿਚ ਜੋੜਨ ਵਾਸਤੇ, ਜਾਗਣਾ ਬੜਾ ਲਾਜ਼ਮੀ ਹੈ ਤੇ ਮਜ਼੍ਹਬੀ ਰਹਿਬਰਾਂ ਨੇ ਵੱਖ ਵੱਖ ਨਿਯਮ ਬਣਾਏ ਨੇ, ਤੇ ਜੋ ਗੁਰਮਤਿ ਦੀ ਨਿਯਮਾਵਲੀ ਹੈ ਇਹ ਮੈਂ ਅੱਜ ਤੁਹਾਡੇ ਸਾਹਮਣੇ ਰੱਖਾਂ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ, ਮਨੁੱਖ ਦੀ ਇਕ ਸੁਭਾਵਿਕ ਬਿਰਤੀ ਹੈ, ਨਿਯਮ ਤੋੜਨ ਦੀ। ਉਹ ਨਿਯਮ ਤੋੜਨਾ ਚਾਹੁੰਦਾ ਹੈ। ਬਾਬੇ ਨਾਨਕ ਦਾ ਸਮਝਾਣ ਦਾ ਢੰਗ ਬੜਾ ਨਿਰਾਲਾ ਹੈ। ਪਾਤਸ਼ਾਹ ਦੇ ਕੁਛ ਸ਼ਬਦ ਤੁਹਾਡੇ ਸਾਹਮਣੇ ਰੱਖਾਂ। ਉਸ ਮਰਯਾਦਾ ਨੂੰ, ਨਿਯਮ ਨੂੰ ਗੁਰੂ ਨਾਨਕ ਦੇਵ ਜੀ ਨੇ ਇਕ ਵਾੜ ਆਖਿਆ ਹੈ। ਇਹ ਠੀਕ ਹੈ ਕਿ ਵਾੜ ਨੂੰ ਕੋਈ ਫੁਲ ਤੇ ਫਲ ਨਹੀਂ ਲਗਦੇ। ਕੰਡਿਆਂ ਦੀ ਲਾਈ ਜਾਂਦੀ ਹੈ, ਜ਼ਮੀਨ ਦੇ ਆਲੇ-ਦੁਆਲੇ। ਨਹੀਂ ਤੇ ਜਿਹੜੀ ਖੇਤੀ ਬੀਜੀ ਜਾਂਦੀ ਹੈ ਉਹ ਪਸ਼ੂ ਖਾ ਜਾਣਗੇ। ਤੇ ਵਾੜ ਲਾਜ਼ਮੀ ਚਾਹੀਦੀ ਏ। ਧਰਮ ਦੀ ਖੇਤੀ, ਗਿਆਨ ਦੀ ਖੇਤੀ, ਸ਼ਬਦ ਦੀ ਖੇਤੀ ਜਿਹੜੀ ਅਸੀਂ ਬੀਜਣੀ ਹੈ ਇਹਦੇ ਆਲੇ-ਦੁਆਲੇ ਵਾੜ ਚਾਹੀਦੀ ਹੈ। ਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਤੇ ਇਹ ਦਸਿਆ ਹੈ ਕਿ ਬਈ ਤੂੰ ਨਾਮ ਬੀਜ ਤੇ ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਹ ਦਸਿਆ ਹੈ ਕਿ ਇਸ ਬੀਜੀ ਹੋਈ ਖੇਤੀ ਦੇ ਆਲੇ-ਦੁਆਲੇ ਵਾੜ ਲਾ ਦੇਹ, ਨਹੀਂ ਤੇ ਖੇਤੀ ਰਹਿਣੀ ਨਹੀਂ। ਜਿਹੜੀਆਂ ਰਹਿਤਾਂ ਦਿੱਤੀਆਂ ਨੇ, ਇਹ ਇਕ ਵਾੜ ਹੈ। ਇਹ ਪੰਜ ਕਕੇ ਜੋ ਹੈਨ, ਇਹ ਇਕ ਵਾੜ ਹੈ। ਇਹ ਠੀਕ ਹੈ ਕਿ ਵਾੜ ਨੂੰ ਫੁਲ ਤੇ ਫਲ ਨਹੀਂ ਲਗਦੇ। ਵਾੜ ਤੋਂ ਕੋਈ ਆਤਮਿਕ ਤ੍ਰਿਪਤੀ ਨਹੀਂ, ਸਿਰਫ਼ ਖੇਤੀ ਦੀ ਹਿਫ਼ਾਜ਼ਤ ਹੈ, ਖੇਤੀ ਦਾ ਬਚਾਓ ਹੈ। ਸ਼ਰ੍ਹਾ ਹਰ ਮਜ਼੍ਹਬ 'ਚ ਮੌਜੂਦ ਹੈ, ਹਰ ਮਜ਼੍ਹਬ 'ਚ। ਅਗਰ ਇਸ ਨੂੰ ਤਿਆਗੋਗੇ ਤੇ ਕੋਈ ਹੋਰ ਅਪਣਾਓਗੇ, ਆਖ਼ਿਰ ਕਿਸੇ ਨਾ ਕਿਸੇ ਰੱਬੀ ਰਹਿਬਰ ਦੇ ਅਸੂਲ ਨੂੰ ਤੇ ਮੰਨਣਾ ਹੀ ਪੈਣਾ ਹੈ, ਤਾਂ ਜਾ ਕੇ ਮਨੁੱਖ ਜ਼ਿੰਦਗੀ


Sri Satguru Jagjit Singh Ji eLibrary NamdhariElibrary@gmail.com

ਨੂੰ ਕਿਸੇ ਮਰਯਾਦਾ ਵਿਚ ਤੋਰ ਸਕਦਾ ਹੈ, ਨਹੀਂ ਤੇ ਤੋਰਨੀ ਬੜੀ ਔਖੀ ਗੱਲ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਨਾਮ ਦੀ ਖੇਤੀ ਬੀਜਣ ਦਾ ਢੰਗ ਦਸਿਆ ਹੈ। ਨੌਂ ਪਾਤਸ਼ਾਹੀਆਂ ਤਕ ਇਹ ਬੀਜੀ ਹੋਈ ਖੇਤੀ ਕਿਧਰੇ ਨੇਸਤੋ ਨਾਬੂਦ ਨਾ ਹੋ ਜਾਏ ਤੇ ਦਸਵੇਂ ਪਾਤਸ਼ਾਹ ਨੇ ਇਸ ਦੇ ਦੁਆਲੇ ਵਾੜ ਲਾ ਦਿੱਤੀ। ਤੇਰਾ ਹੱਥ ਜਦ ਕਿਸੇ ਗ਼ਲਤ ਕੰਮ ਨੂੰ ਪਵੇਗਾ ਤੇ ਇਹ ਪਾਇਆ ਹੋਇਆ ਕੜਾ ਹੱਥ ਵਿਚ ਤੈਨੂੰ ਪ੍ਰੇਰਨਾ ਦੇਵੇਗਾ ਕਿ ਤੂੰ ਗੁਰੂ ਦਾ ਸਿਖ ਹੈਂ, ਕੜਾ ਪਹਿਨ ਰਖਿਆ ਹੈ, ਇਕ ਪ੍ਰਣ ਕੀਤਾ ਹੈ। ਉਸ ਪ੍ਰਣ ਨੂੰ ਨਿਭਾਣਾ ਹੈ, ਅਰ ਹਰ ਹਾਲਤ ਵਿਚ ਨਿਭਾਣਾ ਹੈ। ਅਰ ਇਹ ਜੋ ਕਿਰਪਾਨ ਹੈ, ਤੈਨੂੰ ਪ੍ਰੇਰਨਾ ਦੇਂਦੀ ਰਹੇਗੀ ਕਿ ਤੂੰ ਜ਼ੁਲਮ ਸਹਾਰਨਾ ਹੀ ਨਹੀਂ ਹੈ, ਬਲਕਿ ਜ਼ੁਲਮ ਦਾ ਜਵਾਬ ਵੀ ਦੇਣਾ ਹੈ। ਜਬਰ ਨਹੀਂ ਸਹਾਰਨਾ।

ਕਦੀ ਗੁਰੂ ਦੇ ਇਤਿਹਾਸ ਨੂੰ ਪੜ੍ਹੋਗੇ ਤੇ ਪਤਾ ਚਲੇਗਾ ਕਿ ਬ੍ਰਾਹਮਣ ਜਨੇਊ ਪਹਿਨਾਣਾ ਚਾਹੁੰਦਾ ਸੀ ਗੁਰੂ ਨਾਨਕ ਨੂੰ। ਇਨਕਾਰ ਕਰ ਦਿੱਤਾ ਹੈ ਗੁਰੂ ਨਾਨਕ ਨੇ। ਅਰ ਔਰੰਗਜ਼ੇਬ ਜਬਰਨ ਉਤਾਰਨਾ ਚਾਹੁੰਦਾ ਸੀ, ਗੁਰੂ ਤੇਗ ਬਹਾਦਰ ਸਾਹਿਬ ਨੇ ਕਹਿ ਦਿੱਤਾ, ਨਹੀਂ ਉਤਾਰਨ ਦਿਆਂਗੇ। ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਕਹਿ ਦਿੱਤਾ, ਨਹੀਂ ਉਤਾਰਨ ਦਿਆਂਗੇ। "ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥" ਇਕ ਥਾਂ 'ਤੇ ਸਾਹਿਬ ਗੁਰੂ ਨਾਨਕ ਕਹਿੰਦੇ ਨੇ ਮੈਂ ਨਹੀਂ ਪਹਿਨਣਾ ਇਹ ਜਨੇਊ। ਸਾਰੇ ਰਿਸ਼ਤੇਦਾਰ ਬੈਠੇ ਨੇ, ਹੋਰ ਵੀ ਲੋਕ ਬੈਠੇ ਨੇ, ਤੇ ਸਾਹਿਬਾਂ ਨੇ ਚੁਕ ਕੇ ਪਰੇ ਸੁਟ ਦਿੱਤਾ। ਸਮੇਂ ਦਾ ਮੁਖੀ ਬ੍ਰਾਹਮਣ ਵੀ ਬੈਠਾ ਹੈ ਤੇ ਸਾਹਿਬ ਕਹਿੰਦੇ ਨੇ, ਐਸਾ ਜਨੇਊ ਪਾ ਜਿਹੜਾ ਅੱਗ ਦੇ ਵਿਚ ਸੜੇ ਨਾ, ਪਾਣੀ ਵਿਚ ਡੁੱਬੇ ਨਾ। ਮੈਲਾ ਵੀ ਨਾ ਹੋਵੇ, ਟੁੱਟੇ ਵੀ ਨਾ। "ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥" ਐਸਾ ਜਨੇਊ ਨਹੀਂ ਪਹਿਨਿਆ ਮਹਾਰਾਜ ਨੇ। ਲੇਕਿਨ ਏਸੇ ਹੀ ਜਨੇਊ ਦੀ ਹਿਫ਼ਾਜ਼ਤ ਵਾਸਤੇ ਗੁਰੂ ਤੇਗ ਬਹਾਦਰ ਜੀ ਆਪਣਾ ਖ਼ੂਨ ਡੋਲ੍ਹਦੇ ਨੇ ਤੇ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਪ੍ਰੇਰਦੇ ਨੇ, ਠੀਕ ਹੈ ਬਈ ਕੁਰਬਾਨੀ ਦੇਣੀ ਚਾਹੀਦੀ ਹੈ। ਜਨੇਊ ਨੂੰ ਪਹਿਨਣ ਤੋਂ ਗੁਰੂ ਨਾਨਕ ਨੇ ਇਨਕਾਰ ਕੀਤਾ ਹੈ, ਉਸੇ ਜਨੇਊ ਦੀ ਹਿਫ਼ਾਜ਼ਤ ਵਾਸਤੇ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣਾ ਖ਼ੂਨ ਡੋਲ੍ਹਿਆ ਹੈ। ਇਤਿਹਾਸ ਦਾ ਖੋਜੀ ਬੰਦਾ ਹੈਰਾਨ ਹੁੰਦਾ ਹੈ ਕਿ ਇਕ ਥਾਂ 'ਤੇ ਖੁਲ੍ਹੇ ਆਮ ਕਿਹਾ ਜਾ ਰਿਹਾ ਹੈ, ਬਈ ਨਹੀਂ ਪਹਿਨਣਾ। ਸਾਰੀ ਬਰਾਦਰੀ ਨਰਾਜ਼ ਹੋ ਗਈ ਏ, ਬ੍ਰਾਹਮਣ ਵੀ ਔਖਾ ਹੋ ਗਿਆ ਹੈ, ਪਰ ਸਾਹਿਬ ਕਹਿੰਦੇ ਨੇ, ਨਹੀਂ ਪਹਿਨਣਾ। ਪਰ ਦੂਜੇ ਪਾਸੇ ਗੋਬਿੰਦ ਰਾਏ ਤੇ ਗੁਰੂ


Sri Satguru Jagjit Singh Ji eLibrary NamdhariElibrary@gmail.com

ਤੇਗ ਬਹਾਦਰ ਸਾਹਿਬ ਕਹਿੰਦੇ ਨੇ, ਨਹੀਂ, ਇਸ ਨੂੰ ਬਚਾਣਾ ਹੈ। ਆਪਣਾ ਖ਼ੂਨ ਦੇ ਕੇ ਵੀ ਬਚਾਣਾ ਹੈ।

ਦਰਅਸਲ ਇਸਦੇ ਪਿਛੇ ਜੋ ਸਿਧਾਂਤ ਕੰਮ ਕਰ ਰਿਹਾ ਹੈ ਉਹ ਇਹ ਕਿ ਬ੍ਰਾਹਮਣ ਜਬਰਨ ਜਨੇਊ ਪਹਿਨਾਣਾ ਚਾਹੁੰਦਾ ਸੀ, ਸਾਹਿਬਾਂ ਨੇ ਕਿਹਾ, ਨਹੀਂ ਪਹਿਨਣਾ। ਔਰੰਗਜ਼ੇਬ ਜਬਰਨ ਉਤਾਰਨਾ ਚਾਹੁੰਦਾ ਹੈ, ਸਾਹਿਬਾਂ ਨੇ ਕਹਿ ਦਿੱਤਾ, ਨਹੀਂ ਉਤਾਰਨ ਦਿਆਂਗੇ। ਜਬਰ ਨਹੀਂ ਚਲੇਗਾ। ਜਬਰ ਨੂੰ ਕਮਜ਼ੋਰ ਬੰਦਾ, ਬੁਜ਼ਦਿਲ ਬੰਦਾ, ਸਹਾਰ ਜਾਂਦਾ ਹੈ। ਤੇ ਬੰਦਾ ਕਿਧਰੇ ਬੁਜ਼ਦਿਲ ਨਾ ਬਣੇ, ਸਾਹਿਬਾਂ ਨੇ ਕਿਹਾ, ਐ ਕਿਰਪਾਨ ਵੀ ਪਾ ਲਿਆ ਕਰ। ਤੈਨੂੰ ਸੂਰਬੀਰਤਾ ਦੀ ਪ੍ਰੇਰਨਾ ਦਿੰਦੀ ਰਹੇਗੀ। ਤੇਰੇ ਅੰਦਰ ਅਣਖ ਦਾ ਮਾਦਾ ਜਗਾਈ ਰਖੇਗੀ। ਤੇਰੇ ਅੰਦਰ ਗ਼ੈਰਤ ਪੈਦਾ ਕਰੇਗੀ। ਅਰ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜਿਥੇ ਵੀ ਕਿਤੇ ਧਰਮ ਦੀ ਗੱਲ ਆਖੀ ਹੈ, ਨਾਲ ਸ਼ਰਮ ਨੂੰ ਜ਼ਰੂਰ ਜੋੜਿਆ ਹੈ, ਇੱਜ਼ਤ ਨੂੰ ਨਾਲ ਜ਼ਰੂਰ ਜੋੜਿਆ ਹੈ। ਬਾਬੇ ਨਾਨਕ ਨੇ ਤੇ ਮੌਜੂਦਾ ਇਸਤ੍ਰੀ ਪੁਰਸ਼ ਦੀ ਹਾਲਤ ਦਾ ਵਰਣਨ ਇਸ ਸ਼ਬਦ ਵਿਚ ਕਰ ਦਿੱਤਾ ਹੈ:

**ਰੰਨਾ ਹੋਈਆ ਬੋਧੀਆ, ਪੁਰਸ ਹੋਏ ਸਈਆਦ ॥**
**ਸੀਲੁ ਸੰਜਮੁ ਸੁਚ ਭੰਨੀ, ਖਾਣਾ ਖਾਜੁ ਅਹਾਜੁ ॥**
**ਸਰਮੁ ਗਇਆ ਘਰਿ ਆਪਣੈ, ਪਤਿ ਉਠਿ ਚਲੀ ਨਾਲਿ ॥**
**ਨਾਨਕ ਸਚਾ ਏਕੁ ਹੈ, ਅਉਰੁ ਨ ਸਚਾ ਭਾਲਿ ॥** *(੧੨੪੨-੪੩)*

ਹੁਣ 'ਬੋਧੀਆ' ਦੇ ਅਰਥ ਪੜ੍ਹੋ—ਚੰਚਲ। ਚੰਚਲਤਾ ਦੀ ਸਿਖਰਤਾ 'ਤੇ, ਐਸਾ ਨਹੀਂ ਕਿ ਕੁਛ ਪੁਰਸ਼ਾਂ ਦਾ ਕਸੂਰ ਹੈ। ਮਹਾਰਾਜ ਕਹਿੰਦੇ ਨੇ, ਮਨੁੱਖਤਾ ਦੇ ਇਹ ਜਿਹੜੇ ਦੋਵੇਂ ਅੰਗ ਹੈਨ ਨਾ, ਇਸਤ੍ਰੀ ਪੁਰਸ਼, ਇਹ ਦੋਵੇਂ ਹੀ ਕਮਜ਼ੋਰ ਹੋਵਣਗੇ, ਇਸ ਮੌਜੂਦਾ ਦੌਰ ਵਿਚ। ਜਿਥੇ ਇਸਤ੍ਰੀ ਮਹਾਨ ਚੰਚਲ ਰੂਪ ਧਾਰਨ ਕਰ ਜਾਏ, ਉਥੇ ਪੁਰਸ਼ ਸ਼ਿਕਾਰੀਆਂ ਵਾਲੀ ਬਿਰਤੀ ਧਾਰਨ ਕਰ ਲੈਂਦਾ ਹੈ। ਹੁਣ ਕੈਸਾ ਸੋਹਣਾ ਨਕਸ਼ਾ ਮੌਜੂਦਾ ਨਜ਼ਾਮ ਦਾ ਗੁਰੂ ਨਾਨਕ ਨੇ ਖਿਚਿਆ ਹੈ, ਬਈ ਇਕ ਚੰਚਲ ਏ ਤੇ ਇਕ ਸ਼ਿਕਾਰੀ ਹੈ। ਇਕ ਤੇ ਆਪਣੀ ਚੰਚਲਤਾ ਦਾ ਪ੍ਰਦਰਸ਼ਨ ਕਰਨਾ ਚਾਹੁੰਦੀ ਏ ਤੇ ਦੂਜਾ, ਸ਼ਿਕਾਰੀਆਂ ਦੀ ਤਰ੍ਹਾਂ ਉਹਨੂੰ ਆਪਣੇ ਵਸ ਵਿਚ ਕਰਨਾ ਚਾਹੁੰਦਾ ਹੈ। ਐਸਾ ਹੀ ਹੈ ਸੰਸਾਰ, ਹੋਰ ਕੁਛ ਨਹੀਂ। ਸੀਲ ਵਾਲੀ, ਸੰਜਮ ਵਾਲੀ ਤੇ ਕੋਈ ਗੱਲ ਹੀ ਨਹੀਂ ਰਹੀ। ਤੇ ਫਿਰ "ਖਾਣਾ ਖਾਜੁ ਅਹਾਜੁ" ਖਾਧਾ ਜਾ ਰਿਹਾ ਹੈ, ਜਿਹੜਾ ਨਹੀਂ ਖਾਣਾ ਚਾਹੀਦਾ। ਖਾਣ ਵਿਚ ਸੰਜਮ ਨਹੀਂ, ਪਹਿਨਣ ਵਿਚ ਸੰਜਮ ਨਹੀਂ, ਬੋਲਣ ਵਿਚ ਸੰਜਮ ਨਹੀਂ, ਚਲਣ ਉਠਣ ਬੈਠਣ ਕਿਸੇ ਵੀ


Sri Satguru Jagjit Singh Ji eLibrary NamdhariElibrary@gmail.com

ਚੀਜ਼ ਵਿਚ ਸੰਜਮ ਨਹੀਂ। ਤੇ ਮਹਾਰਾਜ ਅਗੇ ਕਹਿੰਦੇ ਨੇ, "ਸਰਮੁ ਗਇਆ ਘਰਿ ਆਪਣੈ" ਜਿਥੋਂ ਕਰਤੇ ਪੁਰਖ ਨੇ ਸ਼ਰਮ ਦਿੱਤੀ ਸੀ ਨਾ ਇਸਤ੍ਰੀ ਪੁਰਸ਼ ਨੂੰ, ਮਹਾਰਾਜ ਕਹਿੰਦੇ ਨੇ, ਆਪਣੇ ਘਰ ਹੀ ਚਲੀ ਗਈ। ਮਨੁੱਖਾਂ ਕੋਲ ਤੇ ਹੈ ਹੀ ਕੋਈ ਨਹੀਂ। ਨਾ ਇਸਤ੍ਰੀ ਕੋਲ ਤੇ ਨਾ ਪੁਰਸ਼ ਕੋਲ ਹੀ ਵੇਖਣ ਨੂੰ ਮਿਲਦੀ ਹੈ। ਬਹੁਤ ਵੱਡਾ ਕਟਾਕਸ਼ ਹੈ ਗੁਰੂ ਨਾਨਕ ਦਾ। ਤੇ ਇਹ ਸ਼ਬਦ ਸਿਰਫ਼ ਪੜ੍ਹਨ ਵਾਸਤੇ ਹੀ ਨਹੀਂ, ਜ਼ਿੰਦਗੀ 'ਚ ਢਾਲਣ ਵਾਸਤੇ ਨੇ। ਇਹ ਠੀਕ ਹੈ ਕਿ ਜਦ ਚੰਚਲਤਾ ਦਾ ਹੜ੍ਹ ਚੱਲੇ, ਤੇ ਨਿੱਕੇ ਬੂਟੇ ਨੂੰ, ਜਿਹੜਾ ਉਸ ਹੜ੍ਹ ਦੇ ਕਿਨਾਰੇ ਖੜਾ ਹੋਵੇ, ਰਹਿਣਾ ਬੜੀ ਔਖੀ ਗੱਲ ਹੋ ਜਾਂਦੀ ਹੈ। ਉਸ ਹੜ੍ਹ ਦੀ ਧਾਰਾ ਵਿਚ ਟੁਟ ਜਾਂਦੇ ਨੇ ਬੜੇ ਬੜੇ ਦਰੱਖ਼ਤ ਵੀ। ਪਰ ਨਹੀਂ, ਅਸਾਂ ਦਰੱਖ਼ਤਾਂ ਦੀ ਤਰ੍ਹਾਂ ਇਸ ਹੜ੍ਹ ਅੱਗੇ ਨਹੀਂ ਖੜਾ ਹੋਣਾ, ਚਟਾਨਾਂ ਦੀ ਤਰ੍ਹਾਂ ਖੜੇ ਹੋਣਾ ਹੈ। ਅਸੀਂ ਨਹੀਂ ਟੁੱਟਣਾ, ਇਸ ਵੇਗ ਨਾਲ। ਜੇ ਆਪਣਾ ਹਿਰਦਾ ਪੁਖ਼ਤਾ ਕਰੋਗੇ ਤੇ ਸਿੱਖੀ ਦਾ, ਸੀਲ ਸੰਜਮ ਦਾ ਰੂਪ ਬਚ ਸਕੇਗਾ। ਵਰਨਾ ਐਸਾ ਹੋ ਸਕਦਾ ਹੈ ਕਿ ਸਹਿਜੇ ਸਹਿਜੇ ਇਕ ਨਿੱਕੀ ਜਿਹੀ ਲਹਿਰ ਨਾਲ ਹੀ ਤੁਸੀਂ ਟੁੱਟ ਜਾਓ, ਕੋਈ ਬਹੁਤ ਵੱਡੀ ਗੱਲ ਨਹੀਂ। ਕਿਉਂਕਿ ਮੈਂ ਟੁਟਦੇ ਹੋਇਆਂ ਨੂੰ ਵੇਖਦਾ ਹਾਂ। ਕੋਈ ਹੋਵੇ ਗੁਰੂ ਦਾ ਸਿਖ, ਤੇ ਲਾਈ ਹੋਵੇ ਕਲਗੀਧਰ ਪਾਤਸ਼ਾਹ ਨੇ ਮੋਹਰ ਮੁਖੜੇ 'ਤੇ, ਤੇ ਜੇ ਇਹ ਉਸੇ ਮੋਹਰ ਨੂੰ ਕੈਂਚੀ ਨਾਲ ਹੀ ਮਿਟਾਵੇ, ਉਸਤਰੇ ਨਾਲ ਮਿਟਾਵੇ ਤੇ ਫਿਰ ਇਥੇ ਤੇ ਕਹਿਣਾ ਹੀ ਪਵੇਗਾਂ ਕਿ ਇਹ ਕਰ ਕੀ ਰਿਹਾ ਹੈ ?

ਜਿਸ ਦਿਨ ਨੌਂਵੇਂ ਪਾਤਸ਼ਾਹ ਸ਼ਹੀਦ ਹੋਏ ਹੈਨ ਨਾ, ਤੇ ਕਹਿੰਦੇ ਨੇ ਦੋਪਹਿਰ ਤਕ ਧੜ ਪਾਤਸ਼ਾਹ ਦਾ ਪਿਆ ਰਿਹਾ ਹੈ, ਕੋਈ ਚੁਕਦਾ ਨਹੀਂ ਸੀ, ਡਰਦੇ ਸਨ। ਹਾਲਾਂਕਿ ਸਿਖ ਦਿੱਲੀ ਵਿਚ ਬੜੇ ਸਨ। ਹਿੰਮਤ ਕਿਸੇ ਦੀ ਨਹੀਂ ਪਈ ਧੜ ਨੂੰ ਚੁਕਣ ਦੀ। ਬਈ ਚੁਕਿਆ ਤੇ ਅਗਲਿਆਂ ਸਾਡਾ ਵੀ ਸਿਰ ਕਲਮ ਕਰ ਦੇਣਾ ਹੈ। ਸਿਪਾਹੀ ਖੜੇ ਨੇ, ਅਰ ਸਿਪਾਹੀ ਕਈ ਸਿੱਖਾਂ ਦੇ ਦਵਾਰਿਆਂ 'ਤੇ ਜਾ ਕੇ ਦਸਤਕ ਵੀ ਦੇਂਦੇ ਨੇ, ਬਈ ਆਪਣੇ ਗੁਰੂ ਦਾ ਧੜ ਚੁਕ ਲਿਆਓ। ਤੇ ਪਤਾ ਹੈ ਸਿੱਖਾਂ ਨੇ ਕੀ ਆਖਿਆ, ਬਈ ਅਸੀਂ ਸਿਖ ਹੀ ਨਹੀਂ ਹਾਂ। ਤੁਸੀਂ ਗ਼ਲਤ ਥਾਂ 'ਤੇ ਆ ਗਏ ਹੋ। ਭਾਈ ਸਾਹਿਬ ਭਾਈ ਸੰਤੋਖ ਸਿੰਘ ਨੇ ਲਿਖਿਆ ਹੈ ਕਿ ਹਰ ਸਿਖ ਇਨਕਾਰੀ ਹੁੰਦਾ ਗਿਆ। ਕਿਉਂਕਿ ਹਰ ਸਿਖ ਨੂੰ ਪਤਾ ਸੀ ਕਿ ਜੇ ਇਥੇ ਆਖ ਦਿੱਤਾ ਕਿ ਅਸੀਂ ਸਿਖ ਹਾਂ ਤੇ ਸਿਰ ਹੀ ਕੋਈ ਨਹੀਂ। ਤੇ ਹੁਣ ਇਹਨਾਂ ਨੂੰ ਕੌਣ ਦੱਸੇ ਕਿ ਇਹ ਤੇ ਮਾਰਗ ਹੀ ਐਸਾ ਹੈ ਕਿ :

**ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥** *(੧੪੧੨)*



Sri Satguru Jagjit Singh Ji eLibrary NamdhariElibrary@gmail.com

ਦੋ ਲਫ਼ਜ਼ ਹੋਰ ਜ਼ਿਹਨਸ਼ੀਨ ਕਰ ਲੈਣਾ, ਮਨੁੱਖ ਭਲਾਈ ਉਥੇ ਹੀ ਕਰਨਾ ਚਾਹੁੰਦਾ ਹੈ ਜਿਥੇ ਨਫ਼ਾ ਹੋਵੇ, ਤੇ ਬੁਰਾਈ ਵੀ ਉਥੇ ਹੀ ਕਰਨਾ ਚਾਹੁੰਦਾ ਹੈ ਜਿਥੇ ਨਫ਼ਾ ਹੋਵੇ। ਤੇ ਜੇ ਬੁਰਾਈ 'ਚ ਘਾਟਾ ਹੋਵੇ ਤਾਂ ਬੰਦਾ ਬੁਰਾਈ ਨਹੀਂ ਕਰਦਾ। ਇਹ ਨਾ ਸਮਝਣਾ ਕਿ ਉਹ ਸ਼ਰੀਫ਼ ਹੈ, ਬੁਰਾਈ ਨਹੀਂ ਪਿਆ ਕਰਦਾ। ਉਸ ਨੇ ਵੇਖ ਲਿਆ ਹੈ ਕਿ ਬੁਰਾਈ 'ਚ ਘਾਟਾ ਹੈ। ਡਾਕਟਰਾਂ ਨੇ ਕਹਿ ਦਿੱਤਾ ਹੈ ਕਿ ਜੇ ਹੁਣ ਸ਼ਰਾਬ ਪੀਏਂਗਾ ਤਾਂ ਹੋ ਸਕਦਾ ਹੈ ਤੇਰਾ ਬਲੱਡ-ਪ੍ਰੈਸ਼ਰ ਵਧ ਜਾਏ, ਹੋ ਸਕਦਾ ਹੈ ਹਾਰਟ-ਅਟੈਕ ਹੋ ਜਾਏ। ਤੋ ਜਦ ਗੁਰੂ ਕਹਿੰਦਾ ਸੀ ਤਾਂ ਇਹਨੇ ਨਹੀਂ ਛੱਡੀ, ਹੁਣ ਡਾਕਟਰਾਂ ਦੇ ਕਹਿਣ 'ਤੇ ਛੱਡ ਦਿਤੀ ਹੈ। ਤੋ ਜੇ ਇਸ ਨੇ ਇਹ ਬੁਰਾਈ ਛੱਡ ਦਿੱਤੀ ਹੈ ਤੇ ਵੇਖ ਲਿਆ ਹੈ ਇਸ ਵਿਚ ਘਾਟਾ ਹੈ। ਤੋ ਕਈ ਦਫ਼ਾ ਜਦ ਬੰਦਾ ਨੇਕੀ ਕਰਦਾ ਹੈ ਨਾ, ਤੋ ਨੇਕੀ ਵਿਚ ਵੀ ਫ਼ਾਇਦਾ ਹੀ ਹੁੰਦਾ ਹੈ। ਤੇ ਜੇ ਇਸਨੂੰ ਪਤਾ ਚਲ ਜਾਏ ਕਿ ਇਸ ਨੇਕੀ ਵਿਚ ਤੇ ਕੁਰਬਾਨੀ ਕਰਨੀ ਪੈਣੀ ਹੈ, ਕੁਝ ਘਾਟਾ ਹੀ ਹੈ ਤੇ ਇਸ ਬੁਰਾਈ ਵਿਚ ਕੁਝ ਨਫ਼ਾ ਹੀ ਹੈ ਤੋ ਇਹ ਬੁਰਾਈ ਵੀ ਕਰ ਲਵੇਗਾ। ਨਫ਼ਾ ਚਾਹੀਦਾ ਹੈ ਚਾਹੇ ਉਹ ਨੇਕੀ ਵਿਚ ਮਿਲੇ ਚਾਹੇ ਬੁਰਾਈ ਵਿਚ ਮਿਲੇ। ਗੱਲ ਸਾਰੀ ਨਫ਼ੇ ਦੀ ਹੈ, ਨੇਕੀ ਤੇ ਬੁਰਾਈ ਦੀ ਨਹੀਂ। ਮਨੁੱਖ ਦੀ ਜ਼ਹਿਨੀਅਤ ਇਥੇ ਖੜੀ ਹੈ।

ਦਿੱਲੀ ਦੇ ਸਿੱਖਾਂ ਨੇ ਸੋਚਿਆ ਕਿ ਘਾਟੇ ਵਾਲੀ ਗੱਲ ਹੈ ਜੇ ਆਖ ਦਿੱਤਾ ਬਈ ਅਸੀਂ ਸਿਖ ਹਾਂ, ਤੇ ਸੀਸ ਹੈ ਹੀ ਕੋਈ ਨਹੀਂ, ਇਹਨਾਂ ਸਿਪਾਹੀਆਂ ਨੇ ਹੀ ਗੁਰੂ ਦੇ ਨਾਲ ਸਾਨੂੰ ਵੀ ਸ਼ਹੀਦ ਕਰ ਦੇਣਾ ਹੈ। ਤੋ ਹੁਣ ਜਾਨ ਦੀ ਬਾਜ਼ੀ ਦੀ ਗੱਲ ਆ ਗਈ, ਕੌਣ ਕਹੇ ? ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ ਕਿ ਆਖ਼ਿਰ ਅੱਜ ਇਕ ਵਣਜਾਰੇ ਨੇ ਹਿੰਮਤ ਕੀਤੀ, ਲਖੀ ਸ਼ਾਹ ਨੇ। ਤੂਫ਼ਾਨ ਬੜਾ ਜ਼ੋਰ ਦਾ ਆਇਆ, ਹਨੇਰੀ ਬੜੀ ਜ਼ੋਰ ਦੀ ਆਈ। ਕਦੀ ਕੋਈ ਅਣਹੋਣੀ ਘਟਨਾ ਘਟ ਜਾਏ, ਕਿਸੇ ਮਹਾਂਪੁਰਸ਼ 'ਤੇ ਕੋਈ ਜ਼ੁਲਮ ਹੋ ਜਾਏ ਤੋ ਕਹਿੰਦੇ ਨੇ ਪ੍ਰਕਿਰਤੀ ਵੀ ਕਰੋਪੀ ਵਿਚ ਆ ਜਾਂਦੀ ਹੈ। ਬੜਾ ਜ਼ੋਰ ਦਾ ਤੂਫ਼ਾਨ ਆਇਆ। ਉਹਦੇ ਵਿਚ ਇਹ ਲਖੀ ਸ਼ਾਹ ਸਤਿਗੁਰਾਂ ਦਾ ਧੜ ਚੁਕ ਕੇ ਲਿਆਇਆ। ਪਰ ਕੁਰਬਾਨੀ ਇਸ ਦੀ ਵੇਖੋ, ਰਕਾਬ ਗੰਜ ਇਕ ਕਸਬਾ ਸੀ, ਇਕ ਪਿੰਡ ਸੀ, ਅਰ ਜਿਸ ਥਾਂ ਗੁਰਦਵਾਰਾ ਹੈ ਨਾ, ਇਹ ਲਖੀ ਵਣਜਾਰੇ ਦਾ ਘਰ ਸੀ, ਆਪਣੇ ਘਰ ਵਿਚ ਉਸਨੇ ਚਿਖਾ ਬਣਾਈ; ਸਤਿਗੁਰਾਂ ਦਾ ਸਰੀਰ ਲਿਆ ਕੇ ਹਨੇਰੀ ਵਿਚ ਉਸ ਚਿਖਾ ਵਿਚ ਰਖ ਦਿੱਤਾ ਤੇ ਅੱਗ ਲਾ ਦਿੱਤੀ। ਘਰ ਵੀ ਜਲ ਕੇ ਰਾਖ ਹੋ ਗਿਆ ਹੈ। ਬਾਹਰ ਰੌਲਾ ਪਾ ਦਿੱਤਾ ਕਿ ਮੇਰੇ ਘਰ ਨੂੰ ਅੱਗ ਲੱਗ ਗਈ। ਇਸ ਢੰਗ ਨਾਲ


Sri Satguru Jagjit Singh Ji eLibrary NamdhariElibrary@gmail.com

ਉਸ ਨੇ ਇਹ ਕੁਰਬਾਨੀ ਵਿਖਾਈ, ਬਈ ਸਤਿਗੁਰਾਂ ਦੇ ਸਰੀਰ ਦਾ ਦਾਹ ਸਸਕਾਰ ਕਰਨਾ ਹੈ ਭਾਵੇਂ ਘਰ ਹੀ ਕਿਉਂ ਨਾ ਜਲ ਜਾਏ ? ਆਪਣਾ ਘਰ ਫੂਕ ਕੇ ਵੀ ਉਸ ਨੇ ਜੋ ਮਰਯਾਦਾ ਸੀ, ਪੂਰੀ ਕੀਤੀ।

ਦੂਸਰੇ ਪਾਸੇ ਰੰਘਰੇਟਾ ਹੈ, ਉਹ ਸਾਹਿਬਾਂ ਦਾ ਸੀਸ ਚੁਕ ਕੇ ਸਿੱਧਾ ਲੈ ਗਿਆ ਹੈ ਅਨੰਦੁਪਰ ਸਾਹਿਬ। ਸੀਸ ਗੰਜ ਗੁਰਦਵਾਰੇ ਦੋ ਨੇ, ਇਕ ਦਿੱਲੀ ਵਿਚ ਹੈ ਤੇ ਦੂਜਾ ਅਨੰਦਪੁਰ ਸਾਹਿਬ ਵਿਚ। ਦਿੱਲੀ ਵਿਚ ਤੇ ਜਿਥੇ ਸਾਹਿਬਾਂ ਨੂੰ ਕਤਲ ਕੀਤਾ ਗਿਆ ਸੀ, ਉਥੇ ਸੀਸ ਗੰਜ ਹੈ, ਤੇ ਜਿਥੇ ਸੀਸ ਦਾ ਸਸਕਾਰ ਕੀਤਾ ਗਿਆ, ਉਹ ਗੁਰਦਵਾਰਾ ਹੈ ਅਨੰਦੁਪਰ ਸਾਹਿਬ ਵਿਚ। ਉਥੇ ਸੀਸ ਦਾ ਸਸਕਾਰ ਹੋਇਆ ਹੈ। ਤੇ ਜਿਉਂ ਰੰਘਰੇਟਾ ਸੀਸ ਲੈ ਕੇ ਗਿਆ, ਉਸ ਵਕਤ ਛੋਟੀ ਜਿਹੀ ਉਮਰ ਦੇ ਸਨ—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ। ਨੌਂ ਸਾਢੇ ਨੌਂ ਸਾਲ ਦੇ, ਤੇ ਆਪ ਕਹਿੰਦੇ, 'ਰੰਘਰੇਟੇ, ਗੱਲ ਸੁਣ, ਜਦੋਂ ਸਾਹਿਬਾਂ ਦੀ ਸ਼ਹੀਦੀ ਹੋਈ ਹੋਵੇਗੀ, ਦਿੱਲੀ ਦੇ ਸਿੱਖਾਂ 'ਚ ਬੜਾ ਜੋਸ਼ ਆਇਆ ਹੋਣਾ ਹੈ। ਜਜ਼ਬੇ ਉਮਡੇ ਹੋਣੇ ਨੇ, ਬੜੇ ਜਲਾਲ ਵਿਚ ਆਏ ਹੋਣੇ ਨੇ।' ਤੇ ਰੰਘਰੇਟੇ ਦਾ ਮੂੰਹ ਫਿੱਕਾ ਪੈ ਗਿਆ। ਸਾਹਿਬ ਕਹਿੰਦੇ, 'ਗੱਲ ਕੀ ਹੈ ? ਚੁਪ ਕਿਉਂ ਕਰ ਗਿਆ ਹੈਂ ? ਸ਼ਹੀਦੀ ਦੇ ਵਕਤ ਬੜਾ ਜੋਸ਼ ਜਾਗਿਆ ਹੋਣਾ ਹੈ ਦਿੱਲੀ ਵਿਚ।' ਰੰਘਰੇਟਾ ਕਹਿਣ ਲੱਗਾ, 'ਨਹੀਂ ਪਾਤਸ਼ਾਹ, ਸਿਖ ਤੇ ਇਹ ਆਖਣ ਲੱਗੇ ਕਿ ਅਸੀਂ ਤਾਂ ਸਿਖ ਹੀ ਨਹੀਂ ਹਾਂ। ਤੇ ਜੇ ਗੁਰੂ ਨਾਲ ਇਹ ਹੋਈ ਹੈ ਤੇ ਸਿੱਖਾਂ ਨਾਲ ਘਟ ਹੋਣੀ ਹੈ। ਤੋ ਸਿਖ, ਸਿੱਖੀ ਤੋਂ ਹੀ ਇਨਕਾਰੀ ਹੋ ਗਏ।'

ਸੱਚ ਜਾਣੋ, ਮਨੁੱਖ ਕਿਸੇ ਹੱਦ ਤਕ ਸੁਖ ਦਾ ਸਾਥੀ ਹੈ, ਦੁਖ ਦਾ ਸਾਥੀ ਕੋਈ ਨਹੀਂ। ਜੇ ਗੁਰੂ ਵੀ ਦੁਖ ਦੇ ਵਿਚ ਹੋਵੇ ਤਾਂ ਸਿਖ ਕਹਿੰਦਾ ਹੈ ਠੀਕ ਹੈ, ਤੂੰ ਇਕੱਲਾ ਜਾਹ, ਅਸੀਂ ਇਕ ਪਾਸੇ ਹਾਂ। ਤੋ ਸਿਖ ਬਿਦਾਵਾ ਵੀ ਲਿਖ ਸਕਦੇ ਨੇ। ਕਿਸੇ ਹੱਦ ਤਕ ਗੁਰੂ ਤੇਗ ਬਹਾਦਰ ਸਾਹਿਬ ਨੇ ਇਸ਼ਾਰਾ ਵੀ ਕੀਤਾ ਹੈ।

**ਸੰਗ ਸਖਾ ਸਭਿ ਤਜਿ ਗਏ, ਕੋਊ ਨ ਨਿਬਹਿਓ ਸਾਥਿ॥**
**ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥** *(੧੪੨੯)*

ਈਸ਼ਵਰ ਤੇ ਨਾਲ ਹੈ, ਬਾਕੀ ਜਿਨ੍ਹਾਂ ਨੂੰ ਸੰਗੀ ਸਾਥੀ ਕਿਹਾ ਜਾਂਦਾ ਸੀ, ਇਹ ਸਹਿਜੇ ਸਹਿਜੇ ਸਾਥ ਛਡ ਗਏ ਨੇ। ਕਿਉਂਕਿ ਹਰ ਬੰਦਾ ਸੁਖ ਦਾ ਸਾਥੀ ਹੈ, ਦੁਖ ਦਾ ਸਾਥੀ ਨਹੀਂ ਹੈ। ਤੋ ਜੇ ਗੁਰੂ ਵੀ ਕਿਧਰੇ ਪਿੰਜਰੇ 'ਚ ਕੈਦ ਹੈ, ਗੁਰੂ ਨੂੰ ਵੀ ਆਪਣਾ ਸੀਸ ਕੁਰਬਾਨ ਕਰਨਾ ਪੈ ਰਿਹਾ ਹੈ ਤੋ ਚੰਗੇ ਚੰਗੇ ਸਾਥ ਛੱਡ ਜਾਣਗੇ।


Sri Satguru Jagjit Singh Ji eLibrary NamdhariElibrary@gmail.com

ਤੇ ਰੰਘਰੇਟਾ ਕਹਿ ਰਿਹਾ ਹੈ, ਪਾਤਸ਼ਾਹ, ਦਿੱਲੀ ਦੇ ਸਿੱਖਾਂ ਨੇ ਤਾਂ ਇਹੀ ਆਖ ਦਿੱਤਾ ਕਿ ਅਸੀਂ ਸਿਖ ਹੀ ਨਹੀਂ ਹਾਂ। ਉਸ ਵਕਤ ਦਸਵੇਂ ਪਾਤਸ਼ਾਹ ਨੇ ਗਰਜਦਿਆਂ ਹੋਇਆਂ ਤੇ ਨੰਗੀ ਤਲਵਾਰ ਨੂੰ ਇੰਜ ਘੁਮਾਂਦਿਆਂ ਹੋਇਆਂ ਕੁਝ ਬਚਨ ਆਖੇ ਨੇ, ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਨੇ ਕਲਮ-ਬੰਦ ਕੀਤੇ ਹਨ:

**ਸੁਨ ਕਰ ਸ੍ਰੀ ਕਲਗੀਧਰ, ਐਸੇ ਬੋਲੇ, ਗਰਜਤ ਜਲਧਰ ਜੈਸੇ॥**
**ਅਬ ਇਕ ਐਸੋ ਪੰਥ ਬਨਾਊਂ, ਸਗਲ ਜਗਤ ਵਿਖੇ ਬਹੁ ਬਿਧਿ ਭਾਊ॥**
**ਲਾਖੋਂ ਨਰ ਜਗ ਕੇ ਇਕ ਥਾਏਂ, ਤਾ ਮਹਿ ਮਿਲੇ ਏਕ ਸਿਖ ਜਾਏ॥**

ਸਾਹਿਬ ਕਹਿੰਦੇ, ਹੁਣ ਮੈਂ ਇਕ ਐਸੇ ਪੰਥ ਦੀ ਸਾਜਨਾ ਕਰਨੀ ਹੈ, ਜੇ ਕਿਧਰੇ ਲੱਖਾਂ ਬੰਦੇ ਖੜੇ ਹੋਵਣ ਤੇ ਉਹਨਾਂ ਵਿਚ ਜੇ ਇਕ ਸਿਖ ਵੀ ਚਲਾ ਜਾਏ ਨਾ, ਇਕ ਵੀ, ਤਾਂ "ਸਭ ਮਹਿ ਪ੍ਰਥਮ ਪਛਾਨੋਂ ਪਰੇ, ਛਪੇ ਨਾ ਛੁਪੇ, ਕੈਸਿ ਹੂੰ ਕਰੇ।" ਬਾਕੀ ਤੇ ਛੁਪਾਇਆਂ ਛੁਪ ਜਾਣਗੇ, ਇਹ ਨਹੀਂ ਪਤਾ ਚਲੇਗਾ ਕਿ ਕੌਣ ਜੈਨੀ ਹੈ, ਕੌਣ ਬੋਧੀ ਹੈ, ਕੌਣ ਈਸਾਈ ਹੈ, ਕੌਣ ਹਿੰਦੂ ਹੈ, ਕੌਣ ਮੁਸਲਮਾਨ ਹੈ। ਪਰ ਸਾਹਿਬ ਕਹਿੰਦੇ, ਮੈਂ ਸਿਖ ਦੀ ਤਸਵੀਰ ਹੀ ਐਸੀ ਬਣਾ ਦਿਆਂਗਾ ਕਿ ਇਹਨੂੰ ਕਹਿਣ ਦੀ ਲੋੜ ਹੀ ਨਾ ਪਵੇ ਕਿ ਮੈਂ ਗੁਰੂ ਨਾਨਕ ਦਾ ਸਿਖ ਹਾਂ। ਇਹਦਾ ਚਿਹਰਾ ਹੀ ਦਸ ਦੇਵੇਗਾ। ਇਸ ਦੀ ਸ਼ਕਲ ਹੀ ਐਸੀ ਬਣਾ ਦਿਆਂਗਾ। ਰੂਪ-ਰੇਖਾ ਹੀ ਐਸੀ ਬਣਾ ਦਿਆਂਗਾ। ਤੇ ਜੇ ਕਿਧਰੇ ਇਹ ਮੂੰਹੋਂ ਆਖੇ ਵੀ ਕਿ ਮੈਂ ਸਿਖ ਨਹੀਂ ਹਾਂ, ਤੇ ਅਗਲੇ ਨੇ ਕਹਿ ਦੇਣਾ ਹੈ ਕਿ ਨਹੀਂ, ਸਿੱਖੀ ਦੀ ਮੋਹਰ ਤੇਰੇ ਮੂੰਹ 'ਤੇ ਲੱਗੀ ਹੈ। ਤੇ ਜੇ ਹੁਣ ਤੁਸੀਂ ਇਸ ਮੋਹਰ ਨੂੰ ਹੀ ਮਿਟਾ ਦਿਓ, ਸਤਿਗੁਰਾਂ ਦੀ ਮੋਹਰ, ਤੇ ਫਿਰ ਸਿੱਖੀ ਕੀ ਮਾਈਨੇ ਰੱਖਦੀ ਹੈ? ਤੁਹਾਡਾ ਮੂੰਹ ਕੀ ਮਾਈਨੇ ਰੱਖਦਾ ਹੈ?

**ਲਾਖੋਂ ਨਰ ਜਗ ਕੇ ਇਕ ਥਾਏਂ, ਤਾ ਮਹਿ ਮਿਲੇ ਏਕ ਸਿਖ ਜਾਏ॥**
**ਸਭ ਮਹਿ ਪ੍ਰਥਮ ਪਛਾਨੋਂ ਪਰੇ, ਛਪੇ ਨਾ ਛੁਪੇ, ਕੈਸਿ ਹੂੰ ਕਰੇ॥**

ਅਤੇ ਅਗਾਂਹ ਚਲ ਕੇ ਜਿਹੜੇ ਪ੍ਰਮਾਣ ਦਿੱਤੇ ਨੇ:

**ਯਥਾ ਬਗਲ ਮੇ ਹੰਸ ਨਾ ਛਪੇ, ਗਿਰਜਨ ਵਿਖੇ ਮੋਰ ਜਿਉਂ ਦਿਖੈ॥**
**ਜਿਉਂ ਖਰੰਗਨ ਮੇਂ ਬਲੀ ਤੁਰੰਗ, ਮਿਰਗਨ ਮੇਂ ਜਿਉਂ ਕੇਹਰ ਅੰਗ॥**

ਸਾਹਿਬ ਕਹਿੰਦੇ ਨੇ, ਇਹ ਠੀਕ ਹੈ ਕਿ ਬਗਲੇ ਦਾ ਤੇ ਹੰਸ ਦਾ ਰੂਪ ਇਕ ਹੈ, ਪਰ ਫਿਰ ਵੀ ਹੰਸ ਛੁਪਾਇਆਂ ਛੁਪਦਾ ਨਹੀਂ, ਅਰ ਇਸੇ ਤਰੀਕੇ ਨਾਲ ਸ਼ੇਰ ਹਿਰਨਾਂ


Sri Satguru Jagjit Singh Ji eLibrary NamdhariElibrary@gmail.com

ਵਿਚ ਛੁਪਿਆ ਨਹੀਂ ਰਹਿ ਸਕਦਾ। ਘੋੜਾ ਖੋਤਿਆਂ ਵਿਚ ਤੇ ਮੋਰ ਗਿਰਜਾਂ ਵਿਚ ਛੁਪਿਆ ਨਹੀਂ ਰਹਿ ਸਕਦਾ। ਇਹ ਉਦਾਹਰਣ ਦਿਤੇ ਨੇ ਕਿ ਮੈਂ ਸਿਖ ਦੀ ਮੂਰਤੀ ਸ਼ੇਰ ਵਰਗੀ ਬਣਾਈ ਹੈ। ਹੰਸ ਦੀ ਮੂਰਤੀ ਬਣਾਈ ਹੈ। ਮੈਂ ਹੰਸ ਵਰਗਾ ਪਵਿੱਤਰ ਬਣਾਣਾ ਹੈ। ਜੇ ਪਵਿਤਰਤਾ ਵੇਖੋਗੇ ਤਾਂ ਉਸ ਵਿਚ ਹੰਸ ਦੀ ਹੋਵੇਗੀ ਤੇ ਜੇ ਸੂਰਬੀਰਤਾ ਵੇਖੋਗੇ ਤਾਂ ਉਹਦੇ ਵਿਚ ਸ਼ੇਰ ਵਰਗੀ ਹੋਵੇਗੀ। ਮੈਂ ਇਸ ਢੰਗ ਦੀ ਮੂਰਤੀ ਬਣਾਈ ਹੈ ਕਿ ਲੱਖਾਂ 'ਚ ਇਕ ਵੀ ਜੇ ਖੜਾ ਹੋਵੇਗਾ ਤਾਂ ਅਗਲਿਆਂ ਨੇ ਕਹਿ ਦੇਣਾ ਹੈ ਕਿ ਸਿਖ ਹੈ।

ਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਕ ਵਿਧਾਨ ਦਿੱਤਾ ਹੈ। ਉਹ ਇਹ ਕਿ "ਇਕੁ ਨਾਮੁ ਬੋਵਹੁ ਬੋਵਹੁ" ਤੇ ਕਲਗੀਧਰ ਪਾਤਸ਼ਾਹ ਨੇ ਕਿਹਾ ਹੈ ਕਿ ਇਹ ਖੇਤੀ ਕੋਈ ਵਢ ਕੇ ਹੀ ਨਾ ਲੈ ਜਾਵੇ, ਤੇ ਕੋਈ ਨੇਸਤੋ ਨਾਬੂਦ ਹੀ ਨਾ ਕਰੇ, ਤੇ ਚਾਰੋਂ ਤਰਫ਼ ਵਾੜ ਵੀ ਚਾਹੀਦੀ ਹੈ। ਇਹ ਜੋ ਰਹਿਤਾਂ ਨੇ ਨਾ, ਇਹ ਸਤਿਗੁਰਾਂ ਨੇ ਸਾਨੂੰ ਵਾੜ ਦਿੱਤੀ ਹੈ। ਸਿਆਣਾ ਕਿਸਾਨ ਵਾੜ ਨੂੰ ਮਜ਼ਬੂਤ ਕਰਦਾ ਹੈ। ਵਾੜ ਨੂੰ ਤੋੜਦਾ ਨਹੀਂ। ਵਾੜ ਕਿਸੇ ਥਾਂ ਢਿੱਲੀ ਹੋਣ ਲੱਗੇ ਤਾਂ ਸਖ਼ਤ ਕਰਦਾ ਹੈ। ਅਰ ਗੁਰੂ ਗ੍ਰੰਥ ਸਾਹਿਬ ਵਿਚ ਵੀ ਇਤਨੀ ਗੱਲ ਸਪੱਸ਼ਟ ਹੈ ਕਿ :

**ਰਹਤ ਰਹਤ ਰਹਿ ਜਾਹਿ ਬਿਕਾਰਾ ॥**
**ਗੁਰ ਪੂਰੇ ਕੈ ਸਬਦਿ ਅਪਾਰਾ ॥**

(੨੫੯)

ਗੁਰੂ ਦਾ ਸ਼ਬਦ ਮੰਨ ਕੇ, ਤੇ ਰਹਿਤਾਂ ਨੂੰ ਧਾਰਨ ਕਰ ਕੇ ਇਕ ਖਿਨ ਬੰਦਾ ਸਹਿਜੇ ਸਹਿਜੇ ਵਿਕਾਰਾਂ ਤੋਂ ਰਹਿ ਜਾਂਦਾ ਹੈ ਅਰ ਸਿੱਖੀ ਦੀ ਸਹੀ ਰੂਪ-ਰੇਖਾ ਪ੍ਰਗਟ ਹੋ ਜਾਂਦੀ ਹੈ।

ਸਾਹਿਬ ਕਹਿੰਦੇ ਨੇ, ਇਹ ਜੋ ਮੌਜੂਦਾ ਦੌਰ ਹੈ, ਇਹਦੀ ਹਿਫ਼ਾਜ਼ਤ ਇਹਨਾਂ ਦੋਹਾਂ ਤਰੀਕਿਆਂ ਨਾਲ ਹੀ ਹੋਵੇਗੀ, ਵਰਨਾ ਨਹੀਂ। ਅਰ ਐਸਾ ਵੀ ਨਹੀਂ ਕਿ ਸਿਰਫ਼ ਪੁਰਸ਼ ਗ਼ਲਤ ਰਸਤੇ 'ਤੇ ਚਲੇ ਨੇ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਐਸਾ ਖ਼ਿਆਲ ਹੈ ਕਿ ਦੋਵੇਂ ਜ਼ੁੰਮੇਵਾਰ ਨੇ, ਅੱਧੀ ਇਸਤ੍ਰੀ ਤੇ ਅੱਧਾ ਪੁਰਸ਼। ਤੇ ਮੁਕੰਮਲ ਗ਼ਲਤੀ ਬਣ ਗਈ ਏ। ਤੇ ਕੀ ਇਹਨਾਂ ਦੋਹਾਂ ਤੋਂ ਗ਼ਲਤੀ ਹੋਈ ਏ, ਮੈਂ ਸ਼ਬਦ ਦੇ ਅੱਖਰੀ ਅਰਥ ਹੀ ਤੁਹਾਡੇ ਸਾਹਮਣੇ ਰਖ ਰਿਹਾ ਹਾਂ, "ਰੰਨਾ ਹੋਈਆ ਬੋਧੀਆ" ਚੰਚਲਤਾ ਦੀ ਸਿਖਰਤਾ ਨੂੰ ਛੂਅ ਗਈਆਂ। ਔਰਤ ਚੰਚਲਤਾ ਦੀ ਮੂਰਤੀ ਬਣ ਗਈ। ਜਿਸ ਵਿਚ ਕਿਸੇ ਹੱਦ ਤਕ ਸੀਲ ਸੰਜਮ ਵਾਲੀ ਕੋਈ ਗੱਲ ਨਹੀਂ ਰਹੀ। "ਰੰਨਾ ਹੋਈਆ ਬੋਧੀਆ, ਪੁਰਸ ਹੋਏ ਸਈਆਦ ॥" ਸਈਆਦ ਸ਼ਬਦ ਹੈ ਫ਼ਾਰਸੀ


Sri Satguru Jagjit Singh Ji eLibrary NamdhariElibrary@gmail.com

ਦਾ, ਸ਼ਿਕਾਰੀ ਨੂੰ ਕਹਿੰਦੇ ਹੈਨ। ਤੇ ਇਹ ਜੋ ਮਰਦ ਹੈ ਨਾ, ਇਹਦੀ ਤਬੀਅਤ ਬਿਲਕੁਲ ਸ਼ਿਕਾਰੀ ਵਰਗੀ ਬਣ ਗਈ ਹੈ। ਅਰ ਐਸਾ ਨਹੀਂ ਕਿ ਇਹਦੇ ਵਿਚ ਇਸਤ੍ਰੀ ਦਾ ਕਸੂਰ ਨਹੀਂ। ਇਸਤ੍ਰੀ ਬਣੀ ਇਸ ਢੰਗ ਨਾਲ ਹੈ, ਚੰਚਲ ਸਰੂਪ ਨਾਲ ਕਿ ਬੰਦੇ ਨੂੰ ਸ਼ਿਕਾਰੀ ਬਣਾ ਦਿੱਤਾ। ਬੰਦੇ ਵਿਚ ਵੀ ਖ਼ਾਹਿਸ਼ ਇਸ ਢੰਗ ਨਾਲ ਜਾਗੀ, ਹਾਲਾਤ ਕੀ ਹੋਏ, ਸਾਹਿਬ ਕਹਿੰਦੇ ਨੇ :

**ਸਰਮੁ ਗਇਆ ਘਰਿ ਆਪਣੈ, ਪਤਿ ਉਠਿ ਚਲੀ ਨਾਲਿ ॥**
**ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ ॥** *(੧੨੮੩)*

ਅੱਜ ਕਿਧਰੇ ਸ਼ਰਮ ਤੇ ਧਰਮ ਲਭਣਾ ਹੋਵੇ ਤਾਂ ਸਾਹਿਬ ਕਹਿੰਦੇ ਨੇ, ਇਹ ਉਧਰੇ ਹੀ ਚਲਾ ਗਿਆ ਜਿਥੋਂ ਆਇਆ ਸੀ। ਜਿਥੋਂ ਸੱਚ ਆਇਆ ਸੀ, ਜਿਥੋਂ ਧਰਮ ਆਇਆ ਸੀ, ਜਿਥੋਂ ਸ਼ਰਮ ਆਈ ਸੀ, ਇਹ ਵਾਪਸ ਆਪਣੇ ਘਰ ਹੀ ਚਲੇ ਗਏ ਹਨ। ਲੋਕਾਂ ਦੇ ਘਰਾਂ 'ਚ ਇਹਨੂੰ ਜਗ੍ਹਾ ਹੀ ਨਹੀਂ ਲੱਭੀ। ਆਏ ਤੇ ਸੀ ਲੋਕਾਂ ਦੇ ਘਰਾਂ 'ਚ ਕਿ ਬਈ ਚਲੋ ਮੈਨੂੰ ਵੀ ਥਾਂ ਮਿਲ ਜਾਏ, ਪਰ ਹਰ ਬੰਦੇ ਨੇ ਆਪਣੇ ਘਰੋਂ ਕਢ ਛਡਿਆ ਹੈ, ਬਈ ਜਾ ਤੂੰ ਜਿਥੋਂ ਆਈ ਹੈਂ। "ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ॥" ਤੇ ਸ਼ਰਮ ਨਾਲ ਹੀ ਪਤਿ ਹੈ, ਸ਼ਰਮ ਹੀ ਨਾ ਰਹੀ ਤੇ ਫਿਰ ਗੱਲ ਨਹੀਂ ਬਣਦੀ।

ਸ਼ਰਮ ਦੀ ਪ੍ਰੇਰਨਾ ਕਿਥੋਂ ਲਈਏ ? ਰਹਿਤਾਂ ਤੋਂ ਮਿਲੇਗੀ। ਅਸੀਂ ਗੁਰੂ ਕੇ ਸਿਖ ਹਾਂ, ਇਹ ਮੋਹਰ ਹੈ, ਇਹ ਪ੍ਰੇਰਨਾ ਦਿੰਦੀ ਹੈ। ਇਹ ਸ਼ਰਮ ਪੈਦਾ ਕਰ ਦਿੰਦੀ ਹੈ। ਸਿੱਖੀ ਦਾ ਲਿਬਾਸ ਹੋਵੇ, ਮੁਖੜੇ 'ਤੇ ਗੁਰੂ ਦੀ ਮੋਹਰ ਹੋਵੇ ਤੇ ਅੰਦਰ ਅਹਿਸਾਸ ਹੋਵੇ ਗੁਰਸਿਖੀ ਦਾ, ਤੇ ਅੰਦਰ ਨਾਮ ਦੀ ਖੇਤੀ ਵੀ ਬੀਜਦਾ ਹੋਵੇ ਤੇ ਸ਼ਰਾਬ ਪੀਂਦਿਆਂ ਉਸ ਨੂੰ ਸ਼ਰਮ ਆ ਜਾਂਦੀ ਹੈ। ਮੈਂ ਇਹ ਕੀ ਕਰਦਾ ਹਾਂ ? ਗੁਰੂ ਦਾ ਕੜਾ ਮੇਰੇ ਹੱਥ ਵਿਚ ਹੈ। ਗੁਰੂ ਦੀ ਮੋਹਰ ਮੇਰੇ ਮੂੰਹ 'ਤੇ ਲੱਗੀ ਹੈ। ਇਹ ਰਹਿਤਾਂ ਮੇਰੇ ਕੋਲ ਨੇ। ਇਹ ਜਿਹੜੀ ਸ਼ਰਮ ਦਾ ਜਾਗਣਾ ਹੈ ਮਾਨੋ ਇਕ ਵਾੜ ਹੈ। ਇਹ ਕੁਕਰਮਾਂ ਨੂੰ ਰੋਕੇਗੀ, ਸ਼ਰਾਬ ਨਹੀਂ ਪੀਣੀ, ਗ਼ਲਤ ਪਾਸੇ ਨਹੀਂ ਜਾਣਾ, ਇਹ ਰੋਕੇਗੀ, ਕੁਕਰਮ ਨਹੀਂ ਕਰਨੇ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਐਸਾ ਖ਼ਿਆਲ ਹੈ ਕਿ ਮਨੁੱਖ ਦੀ ਸੁਭਾਵਕ ਬਿਰਤੀ ਇਹ ਹੈ ਕਿ ਮਨੁੱਖ ਵਾੜ ਨੂੰ ਤੋੜਨਾ ਚਾਹੁੰਦਾ ਹੈ। ਵਾੜ ਨੂੰ ਮਜ਼ਬੂਤ ਨਹੀਂ ਕਰਨਾ ਚਾਹੁੰਦਾ। ਜਦ ਵੀ ਕੋਈ ਨੌਜਵਾਨ ਸਿਖ ਮੇਰੇ 'ਤੇ ਐਸਾ ਸਵਾਲ ਕਰਦਾ ਹੈ ਕਿ ਬਈ ਗਿਆਨੀ ਜੀ, ਕੇਸਾਂ ਦੀ ਕੀ ਲੋੜ ਹੈ ? ਉਦੋਂ ਮੈਂ ਇਕੋ ਹੀ ਗੱਲ ਕਹਿੰਦਾ ਹਾਂ ਕਿ ਇਹ ਵਾੜ ਨੂੰ ਮਜ਼ਬੂਤ ਨਹੀਂ ਕਰਨਾ ਚਾਹੁੰਦਾ,


Sri Satguru Jagjit Singh Ji eLibrary NamdhariElibrary@gmail.com

ਇਹ ਵਾੜ ਨੂੰ ਤੋੜਨਾ ਹੀ ਚਾਹੁੰਦਾ ਹੈ। ਖੇਤੀ ਖਾਂਦੇ ਨੇ ਜਾਨਵਰ ਤੇ ਖਾਣ ਦਿਓ, ਬਸ ਏਨੀ ਗੱਲ ਹੈ, ਹੋਰ ਕੋਈ ਗੱਲ ਨਹੀਂ। ਤੂੰ ਜ਼ਿਆਦਾ ਸਿਆਣਾ ਹੈਂ ਗੁਰੂ ਨਾਨਕ ਨਾਲੋਂ, ਤੂੰ ਜ਼ਿਆਦਾ ਸਿਆਣਾ ਹੈਂ ਗੁਰੂ ਗੋਬਿੰਦ ਸਿੰਘ ਜੀ ਨਾਲੋਂ, ਜਿਨ੍ਹਾਂ ਨੇ ਸਿੱਖੀ ਦਾ ਇਹ ਵਿਧਾਨ ਤੇ ਰੂਪ-ਰੇਖਾ ਬਣਾਈ? ਹੋ ਸਕਦਾ ਹੈ ਦੁਕਾਨ ਚਲਾਣ ਵਿਚ ਤੂੰ ਸਿਆਣਾ ਹੋਵੇਂ, ਕੰਮ ਕਾਜ ਵਿਚ ਤੂੰ ਸਿਆਣਾ ਹੋਵੇਂ, ਮੋਟਰ ਤੂੰ ਚੰਗੀ ਚਲਾ ਸਕਦਾ ਹੋਵੇਂ, ਪਰ ਧਰਮ ਦਾ ਤੈਨੂੰ ਕੱਖ ਵੀ ਨਹੀਂ ਪਤਾ। ਨਾਮ ਦੇ ਸਿਧਾਂਤ ਦਾ ਤੈਨੂੰ ਬਿਲਕੁਲ ਕੁਛ ਵੀ ਨਹੀਂ ਪਤਾ। ਉਹ ਤੇ ਜਿਸ ਨੂੰ ਪਤਾ ਹੈ, ਉਹਦੇ ਅਸੂਲ ਮੰਨਦਾ ਹੈ, ਅਰ ਜਿਸ ਨੇ ਵੀ ਇਹ ਅਸਲ ਦਿੱਤੇ ਨੇ, ਉਸ ਨੇ ਵੀ ਪਤਾ ਨਹੀਂ ਕਿਤਨੇ ਘੋਰ ਜਨਮ ਸਾਧਨਾ ਕੀਤੀ ਏ। ਭਾਈ ਸਾਹਿਬ ਭਾਈ ਗੁਰਦਾਸ ਜੀ ਲਿਖਦੇ ਨੇ :

**ਭਾਰੀ ਕਰੀ ਤਪਸਿਆ, ਵਡੇ ਭਾਗੁ ਹਰਿ ਸਿਉ ਬਣਿ ਆਈ॥**
**ਬਾਬਾ ਪੈਧਾ ਸਚ-ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ॥**
**ਬਾਬਾ ਦੇਖੇ ਧਿਆਨ ਧਰਿ, ਜਲਤੀ ਸਭਿ ਪ੍ਰਿਥਵੀ ਦਿਸਿ ਆਈ॥੨੪॥੧॥**

ਜਗਤ ਨੂੰ ਵੇਖਿਆ ਬਾਬੇ ਨੇ ਕਿ ਸਾਰਾ ਸੰਸਾਰ ਸੜ ਰਿਹਾ ਹੈ। ਅੱਗ ਲੱਗੀ ਹੋਈ ਏ। "ਖੁਨਕ ਨਾਮੁ ਖੁਦਾਇਆ" ਨਾਮ ਦਾ ਜਲ ਲੈ ਕੇ, ਪਾਤਸ਼ਾਹ ਚਲ ਪਏ ਨੇ ਇਸ ਅੱਗ ਨੂੰ ਸ਼ਾਂਤ ਕਰਨ ਵਾਸਤੇ, ਇਸ ਅੱਗ ਨੂੰ ਬੁਝਾਣ ਵਾਸਤੇ। ਅਰ ਇਹ ਫਿਰ ਨਾ ਭੜਕੇ ਤੇ ਸਹਿਜੇ ਸਹਿਜੇ ਇਕ ਮਰਯਾਦਾ ਬਣਾਈ ਗਈ। ਅਸੂਲ ਬਣਾਇਆ ਗਿਆ। ਉਸੇ ਅਸੂਲ ਨੂੰ ਸਿੱਖੀ ਆਖਿਆ ਗਿਆ। ਅਰ ਉਹ ਸਿੱਖੀ ਹੈ ਪੰਜ ਰਹਿਤਾਂ ਵਿਚ, ਪੰਜ ਕਕਾਰਾਂ ਵਿਚ। ਮਾਨੋ ਇਕ ਵਾੜ ਹੈ ਤੇ ਇਸੇ ਹੀ ਰਹਿਤ ਨੂੰ ਭਾਈ ਸਾਹਿਬ ਭਾਈ ਨੰਦ ਲਾਲ ਜੀ ਨੇ ਆਖਿਆ ਹੈ :

"ਨਿਸ਼ਾਨਿ ਸਿਖੀ ਈਂ ਪੰਜ ਹਰਫ਼ ਕਾਫ਼"। ਸਿਖ ਉਹ ਹੈ ਜਿਸ ਦੇ ਕੋਲ ਇਹ ਪੰਜ ਨਿਸ਼ਾਨੀਆਂ ਨੇ। ਜਿਸ ਦੇ ਕੋਲ ਪੰਜਾਂ 'ਚੋਂ ਇਕ ਵੀ ਕੋਈ ਨਹੀਂ, ਉਹਦੇ ਕੋਲ ਐਵੇਂ ਲੰਗੜੀ ਸਿੱਖੀ ਹੋਵੇਗੀ, ਅੰਨ੍ਹੀ ਸਿੱਖੀ ਹੋਵੇਗੀ, ਟੁੰਡੀ ਸਿੱਖੀ ਹੋਵੇਗੀ। ਇਹਨਾਂ ਪੰਜਾਂ ਨਿਸ਼ਾਨੀਆਂ ਵਿਚੋਂ ਜੀਹਦੇ ਕੋਲ ਇਕ ਵੀ ਨਹੀਂ ਹੈ, ਉਹ ਸਿਖ ਮੁਕੰਮਲ ਨਹੀਂ ਕਿਉਂਕਿ ਉਸ ਕੋਲ ਸਿੱਖੀ ਦੇ ਪੂਰੇ ਅੰਗ ਕੋਈ ਨਹੀਂ।

**ਨਿਸ਼ਾਨਿ ਸਿਖੀ ਈਂ ਪੰਜ ਹਰਫ਼ ਕਾਫ਼॥**
**ਹਰਗਿਜ਼ ਨਾ ਬਾਸ਼ਿਦ ਈਂ ਪੰਜ ਮੁਆਫ਼॥**

ਭਾਈ ਸਾਹਿਬ ਭਾਈ ਨੰਦ ਲਾਲ ਆਪ ਅੰਮ੍ਰਿਤ-ਧਾਰੀ ਸਿੰਘ ਸਨ। ਜੇ


Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤ-ਧਾਰੀ ਨਾ ਹੁੰਦੇ ਤਾਂ ਐਸਾ ਨਾ ਆਖਦੇ। ਇਹ ਜੋ 'ਨੰਦ ਲਾਲ' ਲਫ਼ਜ਼ ਹੈ, ਇਹ ਉਹਨਾਂ ਦਾ ਸ਼ਾਇਰਾਨਾ ਤਖ਼ੱਲਸ ਹੈ, ਉਪਨਾਮ ਹੈ। ਇਹ ਪੁਰਾਣਾ ਚਲਿਆ ਆ ਰਿਹਾ ਸੀ, ਕਿਉਂਕਿ ਇਹ ਪੁਰਾਣੇ ਸ਼ਾਇਰ ਸਨ। ਸ਼ਾਇਰੀ ਦਾ ਸ਼ੌਕ ਇਹਨਾਂ ਨੂੰ ਬਚਪਨ ਤੋਂ ਸੀ ਤੇ 'ਨੰਦ ਲਾਲ' ਉਹਨਾਂ ਦਾ ਸ਼ਾਇਰੀ ਤਖ਼ੱਲਸ ਹੈ।

ਤੇ ਆਪ ਕਹਿੰਦੇ ਨੇ, "ਹਰਗਿਜ਼ ਨਾ ਬਾਸ਼ਿਦ ਈਂ ਪੰਜ ਮੁਆਫ਼", ਜੋ ਇਹਨਾਂ ਪੰਜਾਂ ਵਿਚੋਂ ਇਕ ਵੀ ਕਕਾਰ ਨਹੀਂ ਰੱਖਦਾ ਤਾਂ ਉਹ ਹਰਗਿਜ਼ ਮੁਆਫ਼ੀ ਦਾ ਹੱਕਦਾਰ ਨਹੀਂ ਹੋ ਸਕਦਾ। ਇਹ ਆਖੇ ਕਿ ਇਕ ਕੱਕਾ ਮੁਆਫ਼ ਹੈ, ਤੇ ਉਸ ਪਾਸ ਐਵੇਂ ਲੰਗੜੀ ਸਿੱਖੀ ਹੈ। ਜੀਹਦੀ ਵੀ ਰਹਿਤ ਕੋਈ ਨਹੀਂ, ਸਮਝ ਲੌ ਉਸ ਪਾਸ ਸਿੱਖੀ ਕੋਈ ਨਹੀਂ। ਅੱਧੀ ਹੈ ਕਿਸੇ ਕੋਲ, ਟੁੰਡੀ ਹੈ ਕਿਸੇ ਕੋਲ, ਤੇ ਕਈਆਂ ਕੋਲ ਤੇ ਬਿਲਕੁਲ ਮੁਰਦਾ ਹੀ ਹੈ। ਇਕ ਵੀ ਅੰਗ ਕੋਈ ਨਹੀਂ। ਬਿਲਕੁਲ ਮਰੀ ਹੋਈ, ਬਿਲਕੁਲ ਖ਼ਤਮ ਹੈ। ਐਸੀ ਮਰੀ ਹੋਈ ਸਿੱਖੀ ਜੋ ਹੈ, ਕਈਆਂ ਕੋਲ ਦਿਸਦੀ ਹੈ। ਅਰ ਇਹ ਵੀ ਮੈਂ ਅਰਜ਼ ਕਰ ਦਿਆਂ, ਜੈਸੇ ਮੁਰਦੇ ਨੂੰ ਘਰ ਵਿਚ ਨਹੀਂ ਰਖਿਆ ਜਾ ਸਕਦਾ, ਇਸੇ ਤਰੀਕੇ ਨਾਲ ਮਰੀ ਹੋਈ ਸਿੱਖੀ ਨੂੰ ਵੀ ਗੁਰੂ-ਘਰ ਵਿਚ ਕੋਈ ਜਗ੍ਹਾ ਨਹੀਂ ਹੈ। ਗੁਰੂ ਵੀ ਜੀਂਵਦਾ ਜਾਗਦਾ ਸਿਖ ਚਾਹੁੰਦਾ ਹੈ, ਅਰ ਉਸ ਸਿਖ ਨੂੰ ਗੁਰੂ ਕਲਗੀਧਰ ਪਾਤਸ਼ਾਹ ਨੇ ਮਾਣ ਵੀ ਦਿੱਤਾ ਹੈ ਕਿ "ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮਹਿ ਹੌ ਕਰੌ ਨਿਵਾਸ॥" ਇਹ ਮੇਰਾ ਆਪਣਾ ਰੂਪ ਹੈ। ਇਹ ਮੇਰੀ ਆਪਣੀ ਬਣਾਈ ਹੋਈ ਮੂਰਤੀ ਹੈ।

ਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ, ਮਨੁੱਖ ਦੀ ਇਕ ਸੁਭਾਵਕ ਰੁਚੀ ਹੈ ਵਾੜ ਨੂੰ ਤੋੜਨ ਦੀ, ਮਰਯਾਦਾ ਨੂੰ ਤੋੜਨ ਦੀ, ਨਿਯਮ ਨੂੰ ਭੰਗ ਕਰਨ ਦੀ। ਬੰਦਾ ਕਦਮ ਕਦਮ 'ਤੇ ਨਿਯਮ ਨੂੰ ਤੋੜਦਾ ਹੈ। ਨਿਯਮ ਨੂੰ ਪੁਖ਼ਤਾ ਨਹੀਂ ਕਰਦਾ। ਹਰ ਸਿਖ ਪ੍ਰਚਾਰਕ ਦਾ, ਹਰ ਸੰਤ ਦਾ, ਹਰ ਪ੍ਰਬੰਧਕ ਦਾ ਇਹ ਫ਼ਰਜ਼ ਬਣ ਜਾਂਦਾ ਹੈ ਕਿ ਜੇ ਕਿਸੇ ਪਾਸੇ ਤੋਂ ਸਿੱਖੀ ਦੀ ਵਾੜ ਕਮਜ਼ੋਰ ਹੁੰਦੀ ਦਿਖਦੀ ਹੈ ਤੇ ਉਸ ਨੂੰ ਪੁਖ਼ਤਾ ਕਰਨਾ ਉਸ ਦਾ ਫ਼ਰਜ਼ ਹੈ। ਤੇ ਜੇ ਹੁਣ 'ਉਲਟੀ ਵਾੜ ਖੇਤ ਕੋ ਖਾਏ' ਵਾਲੀ ਗੱਲ ਹੋਵੇ, ਜੈਸੇ ਕਿਸੇ ਦੀ ਡਿਊਟੀ ਹੋਵੇ ਬਈ ਤੂੰ ਵਾੜ ਨੂੰ ਪੁਖ਼ਤਾ ਕਰਨਾ ਹੈ, ਜੇ ਓਹੀ ਤੋੜਨ ਲੱਗ ਜਾਵੇ ਤੇ ਫਿਰ ਮਨੁੱਖ ਕਿਥੇ ਜਾਵੇ ? ਭਾਈ ਸਾਹਿਬ ਭਾਈ ਗੁਰਦਾਸ ਜੀ ਕਹਿੰਦੇ ਨੇ, "ਜੇ ਮਾਉ ਪੁਤੈ ਵਿਸ ਦੇ ਤਿਸ ਤੇ ਕਿਸੁ ਪਿਆਰਾ॥ ਜੇ ਘਰੁ ਭੰਨੈ ਪਾਹਰੂ ਕਉਣੁ ਰਖਣਹਾਰਾ॥"[੧] ਜੇ ਬੱਚੇ ਨੂੰ ਮਾਂ

੧. ਵਾਰ ੩੫, ਪਉੜੀ ੨੨।


Sri Satguru Jagjit Singh Ji eLibrary NamdhariElibrary@gmail.com

ਹੀ ਜ਼ਹਿਰ ਦੇਵੇ ਤਾਂ ਕੌਣ ਪਾਲਨਾ ਕਰੇਗਾ ? ਉਸਦੀ ਰਖਵਾਲੀ ਫਿਰ ਕਿਸ ਨੇ ਕਰਨੀ ਹੈ ? ਵਾੜ ਦੇ ਰਖਵਾਲੇ ਹੀ ਵਾੜ ਨੂੰ ਤੋੜਨ ਲੱਗ ਪੈਣ ਤਾਂ ਫਿਰ ਵਾੜ ਕੌਣ ਬਣਾਏਗਾ ? ਜੇ ਵਾੜ ਹੀ ਨਾ ਰਹੀ ਤੇ ਖੇਤੀ ਕਿਸ ਤਰ੍ਹਾਂ ਰਹੇਗੀ ? ਬਹੁਤ ਸਾਰੇ ਪਸ਼ੂ ਨੇ, ਜੋ ਖੇਤੀ ਨੂੰ ਚੁਗ ਜਾਂਦੇ ਨੇ, ਖ਼ਰਾਬ ਕਰ ਜਾਂਦੇ ਨੇ।

ਸੋ ਇਸ ਨਾਮ ਦੀ ਖੇਤੀ ਨੂੰ, ਧਰਮ ਦੀ ਖੇਤੀ ਨੂੰ, ਸ਼ੁਭ ਗੁਣਾਂ ਦੀ ਖੇਤੀ ਨੂੰ ਬਚਾਣ ਵਾਸਤੇ ਇਕ ਵਾੜ ਚਾਹੀਦੀ ਹੈ। ਉਹ ਵਾੜ ਕੀ ਹੈ ? ਉਹ ਗੁਰੂ ਦੀ ਦੱਸੀ ਹੋਈ ਰਹਿਤ, ਗੁਰਮਤਿ ਦੀ ਰਹਿਣੀ। ਅੰਮ੍ਰਿਤ ਛਕਣਾ ਕੀ ਹੈ ? ਵਾੜ ਲਾਉਣਾ। ਤੇ ਪੰਜ ਕਕਿਆਂ ਦੀ ਰਹਿਤ ਰੱਖਣਾ ਕੀ ਹੈ ? ਉਸ ਨਾਮ ਦੀ ਖੇਤੀ ਦੀ ਰਾਖੀ ਕਰਨਾ। "ਪੰਚ ਚੋਰ ਮਿਲਿ ਲਾਗੇ ਨਗਰੀਆ" ਇਹ ਜਿਹੜੇ ਪੰਜ ਚੋਰ ਨੇ, ਜੋ ਹਮੇਸ਼ਾ ਮਨੁਖ ਦੇ ਪਿਛੇ ਪਏ ਰਹਿੰਦੇ ਹਨ—ਕਾਮ, ਕਰੋਧ, ਲੋਭ, ਮੋਹ, ਹੰਕਾਰ, ਇਹਨਾਂ ਤੋਂ ਅਸੀਂ ਆਪਣੇ ਸ਼ੁਭ ਗੁਣਾਂ ਨੂੰ ਬਚਾ ਸਕੀਏ। ਸਤਿਗੁਰੂ ਮਹਾਰਾਜ ਸਾਹਿਬ ਬਖ਼ਸ਼ਿਸ ਕਰਨ ਤਾਂਕਿ ਅਸੀਂ ਇਸ ਵਾੜ ਨੂੰ ਪੁਖ਼ਤਾ ਕਰ ਸਕੀਏ, ਮਜ਼ਬੂਤ ਕਰ ਸਕੀਏ। ਜੇ ਇਹ ਵਾੜ ਕਿਸੇ ਪਾਸੇ ਤੋਂ ਕਮਜ਼ੋਰ ਹੋ ਚੁਕੀ ਹੈ ਤੇ ਦੁਬਾਰਾ ਨਵੀਂ ਵਾੜ ਲਾ ਕੇ ਉਸ ਜਗ੍ਹਾ ਨੂੰ ਪੁਖ਼ਤਾ ਕੀਤਾ ਜਾ ਸਕਦਾ ਹੈ। ਜੇ ਕਿਸੇ ਕਾਰਨ ਕਰਕੇ ਅਸੀਂ ਗੁਰਸਿੱਖੀ 'ਚ ਢਿਲੇ ਹਾਂ, ਕੋਈ ਰਹਿਤ ਸਾਡੇ ਪਾਸ ਨਹੀਂ ਰਹੀ, ਕੋਈ ਇਕ ਅੱਧ ਕੱਕਾ ਅਸੀਂ ਲਾਹ ਛੱਡਿਆ ਹੈ ਤਾਂ ਕੋਈ ਗੱਲ ਨਹੀਂ, ਗੁਰੂ ਬੜਾ ਬਖ਼ਸ਼ਿੰਦ ਹੈ, ਅਰਦਾਸ ਕਰ ਕੇ ਦੁਬਾਰਾ ਭੁਲ ਨੂੰ ਸੁਧਾਰਿਆ ਜਾ ਸਕਦਾ ਹੈ। ਅਤੇ ਭੁਲਾਂ ਨੂੰ ਸੁਧਾਰਨ ਵਿਚ ਹੀ ਭਲਾ ਹੈ। ਜੇ ਇਕ ਵਾਰ ਵਾੜ ਕਮਜ਼ੋਰ ਹੋਣਾ ਸ਼ੁਰੂ ਹੋ ਜਾਵੇ ਤੇ ਉਸ ਵਲ ਧਿਆਨ ਨਾ ਦੇਈਏ, ਤੇ ਹੌਲੇ ਹੌਲੇ ਸਾਰੀ ਖੇਤੀ ਉਜੜ ਜਾਂਦੀ ਹੈ ਅਤੇ ਫਿਰ ਵਾੜ ਵੀ ਨਹੀਂ ਰਹਿੰਦੀ। ਜੇ ਇਕ ਵਾਰ ਢਿਲ ਕਰ ਦੇਈਏ ਨਾ, ਬਈ ਚਲੋ ਅਜ ਜਪੁਜੀ ਸਾਹਿਬ ਦਾ ਪਾਠ ਨਹੀਂ ਕੀਤਾ ਤੇ ਫਿਰ ਦੂਜੇ ਦਿਨ ਵੀ ਆਲਸ ਹੋ ਜਾਂਦਾ ਹੈ ਅਤੇ ਆਲਸ ਟਾਈਮ ਪਾ ਕੇ ਗੁਰੂ ਨੂੰ ਭੁਲਾ ਹੀ ਛਡਦਾ ਹੈ। ਸਾਨੂੰ ਉਹ ਗੁਰੂ ਚੇਤੇ ਰਵੇ, ਗੁਰੂ ਗੁਰਬਾਣੀ ਦੇ ਆਸਰੇ ਚੇਤੇ ਰਵੇਗਾ ਅਤੇ ਬਾਣੀ ਬਾਣੇ ਦੇ ਆਸਰੇ ਹੀ ਯਾਦ ਆਵੇਗੀ। ਬਾਬਾ ਮੇਹਰ ਕਰੇ, ਅਸੀਂ ਉਸ ਦੀਆਂ ਦਿੱਤੀਆਂ ਹੋਈਆਂ ਰਹਿਤਾਂ ਵਿਚ ਪ੍ਰਪੱਕ ਰਹਿ ਸਕੀਏ। ਜੋ ਬੰਦਾ ਨਿਤ ਭੁਲਾਂ ਕਰਦਾ ਹੈ, ਉਹਨਾਂ ਤੋਂ ਬਚ ਸਕੀਏ ਅਤੇ ਫਿਰ ਸਾਨੂੰ ਅੰਤਮ ਸਮੇਂ ਪਛਤਾਵਾ ਨਾ ਰਵੇ ਅਤੇ ਗੁਰੂ ਦੇ ਦਰ 'ਤੇ ਸੁਰਖ਼ਰੂ ਹੋ ਸਕੀਏ।

# ਕਾਮਨਾ

**ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥**
**ਹਮ ਕਹੀਅਤ ਕਲਿਜੁਗ ਕੇ ਕਾਮੀ ॥** (੭੧੦)

ਇਸ ਵਕਤ ਮੈਂ ਆਪ ਜੀ ਦੇ ਸਾਹਮਣੇ ਇਸ ਵੀਚਾਰ ਨੂੰ ਖੋਲ੍ਹਣਾ ਹੈ ਕਿ ਕਾਮਨਾ ਦੇ ਨਾਲ ਨਿਸ਼ਕਾਮ ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ। ਕਹਿੰਦੇ ਨੇ ਪਰਮਾਤਮਾ ਨੂੰ ਕੋਈ ਕਾਮਨਾ ਨਹੀਂ ਹੈ। ਜਿਹੜਾ ਕਹਿੰਦੇ ਨੇ ਨਾ, ਸੰਸਾਰ ਬਨਾਣ ਦੀ ਕਾਮਨਾ ਪਰਮਾਤਮਾ ਨੂੰ, ਕੀ ਨਹੀਂ ਸੀ ? ਕਾਮਨਾ ਨਹੀਂ ਸੀ, ਸੁਤੇ ਸਿਧ ਉਸ ਤੋਂ ਸੰਸਾਰ ਪੈਦਾ ਹੋ ਗਿਆ। ਸੰਸਾਰ ਬਨਾਣ ਦੀ ਇੱਛਾ ਨਹੀਂ ਸੀ।

**ਕੀਤਾ ਪਸਾਉ, ਏਕੋ ਕਵਾਉ ॥**
**ਤਿਸ ਤੇ ਹੋਏ ਲਖ ਦਰੀਆਉ ॥** (੩)

ਜਿਸ ਤਰ੍ਹਾਂ ਫੁਲਾਂ ਵਿਚੋਂ ਸੁਤੇ ਸਿਧ ਮਹਿਕ ਨਿਕਲਦੀ ਹੈ, ਇਸੇ ਤਰ੍ਹਾਂ ਸੰਸਾਰ ਨਿਕਲਿਆ ਹੈ। ਪਰ ਸੰਸਾਰ ਬਨਾਣ ਦੀ ਕਾਮਨਾ ਨਹੀਂ ਕੀਤੀ। ਇਸ ਵਾਸਤੇ ਕਹਿੰਦੇ ਨੇ ਪਰਮਾਤਮਾ ਕਾਮਨਾ ਤੋਂ ਰਹਿਤ ਹੈ। ਤੇ ਨਿਸ਼ਕਾਮ ਪ੍ਰਭੂ ਦੀ ਪ੍ਰਾਪਤੀ ਵੀ ਨਿਸ਼ਕਾਮਨਾ ਨਾਲ ਹੀ ਹੁੰਦੀ ਹੈ।

**ਸੇਵਾ ਕਰਤ ਹੋਇ ਨਿਹਕਾਮੀ ॥**
**ਤਿਸ ਕਉ ਹੋਤ ਪਰਾਪਤਿ ਸੁਆਮੀ ॥** (੨੮੬-੮੭)

ਸਿਰਫ਼ ਕਾਮਨਾ ਦੀ ਮੈਂ ਗੱਲ ਕਰਨੀ ਹੈ, ਤਾਂਕਿ ਅਸੀਂ ਸਮਝ ਸਕੀਏ ਇਸ ਦੇ ਨਫ਼ੇ ਨੁਕਸਾਨ ਨੂੰ, ਇਹ ਰਸਤੇ ਵਿਚ ਕਿਸ ਪ੍ਰਕਾਰ ਬਾਧਕ ਬਣਦੀ ਹੈ, ਤੇ ਸੁਰਤ ਨੂੰ ਕਿਵੇਂ ਨਾਮ ਨਾਲ ਨਹੀਂ ਜੁੜਨ ਦਿੰਦੀ ?

ਜੋ ਅਧਿਆਤਮਕ ਗੁਣਾਂ ਦੇ ਰਤਨ ਸਾਨੂੰ ਮਿਲਣੇ ਚਾਹੀਦੇ ਨੇ, ਇਹ ਕਾਮਨਾ ਵਿਚਕਾਰ ਦੀਵਾਰ ਦੀ ਤਰ੍ਹਾਂ ਖੜੀ ਹੋ ਜਾਂਦੀ ਹੈ। ਤੋ ਇਥੇ ਰਵਿਦਾਸ ਜੀ ਸਪੱਸ਼ਟ ਰੂਪ ਵਿਚ ਕਹਿੰਦੇ ਨੇ :


Sri Satguru Jagjit Singh Ji eLibrary NamdhariElibrary@gmail.com

**ਤੁਮ ਕਹੀਅਤ ਹੌ ਜਗਤ ਗੁਰ ਸੁਆਮੀ॥**

ਪਰ ਅਸੀਂ ਕੌਣ ਹਾਂ ?

**ਹਮ ਕਹੀਅਤ ਕਲਿਜੁਗ ਕੇ ਕਾਮੀ॥**

ਕਾਮੀ ਤੋਂ ਮੁਰਾਦ ਹੈ—ਕਾਮਨਾ ਨਾਲ ਭਰਿਆ ਹੋਇਆ। ਖ਼ੁਆਹਿਸ਼ਾਂ ਨਾਲ ਭਰਿਆ ਹੋਇਆ।

ਮਨੁੱਖ ਦਾ ਜੋ ਅੰਤਿਸ਼ਕਰਨ ਹੈ, ਇਹ ਕਾਮਨਾ ਨਾਲ ਭਰਿਆ ਹੋਇਆ ਹੈ। ਇਥੋਂ ਕਾਮਨਾ ਇੰਜ ਨਿਕਲਦੀ ਹੈ, ਜੈਸੇ ਪਹਾੜ 'ਚੋਂ ਕੋਈ ਪਾਣੀ ਦਾ ਝਰਨਾ ਨਿਕਲਦਾ ਹੈ। ਤੋ ਜੈਸੇ ਝਰਨਾ ਵਗ ਰਿਹਾ ਹੈ ਇਸੇ ਪ੍ਰਕਾਰ ਕਾਮਨਾ ਸਾਡੇ 'ਚੋਂ ਨਿਕਲਦੀ ਏ। ਸੁੱਤਿਆਂ, ਬੈਠਿਆਂ, ਚਲਦਿਆਂ ਕਾਮਨਾ ਦਾ ਪ੍ਰਵਾਹ ਚਲ ਰਿਹਾ ਹੈ, ਜੈਸੇ ਦਰਿਆ ਵਿਚ ਨਵੇਂ ਤੋਂ ਨਵਾਂ ਪਾਣੀ ਆ ਰਿਹਾ ਹੈ। ਇਕ ਆਲਮ ਦਾ ਕਹਿਣਾ ਹੈ ਕਿ ਇਕ ਨਦੀ ਨੂੰ ਮਨੁੱਖ ਨੇ ਪਾਰ ਕੀਤਾ। ਤੋ ਜੇ ਦੁਬਾਰਾ ਉਧਰ ਆਣਾ ਚਾਹੇਗਾ ਨਾ, ਤੋ ਨਦੀ ਦੁਬਾਰਾ ਉਹ ਨਹੀਂ ਹੈ, ਪਾਣੀ ਉਹ ਨਹੀਂ ਹੈ, ਉਹ ਪਾਣੀ ਲੰਘ ਗਿਆ। ਨਦੀ ਵਗ ਰਹੀ ਹੈ, ਪਾਣੀ ਅਗਾਂਹ ਜਾ ਰਿਹਾ ਹੈ। ਇਸੇ ਤਰ੍ਹਾਂ ਸਵੇਰੇ ਕਾਮਨਾ ਹੋਰ ਸੀ; ਕਾਮਨਾ ਦਾ ਝਰਨਾ ਵਗ ਰਿਹਾ ਹੈ, ਦੁਪਹਿਰ ਨੂੰ ਕੁਛ ਹੋਰ ਸੀ, ਸ਼ਾਮੀਂ ਕੁਛ ਹੋਰ ਹੋ ਗਈ, ਸੌਂਦਿਆਂ ਕੁਛ ਹੋਰ ਹੋਵੇਗੀ ਤੇ ਸੁਪਨਿਆਂ ਵਿਚ ਕੁਛ ਹੋਰ, ਤੇ ਸਵੇਰੇ ਜਿਉਂ ਅੱਖ ਖੁਲ੍ਹੇਗੀ ਤਾਂ ਕਾਮਨਾ ਦੀ ਇਸ ਨਦੀ ਵਿਚ ਜਲ ਕੁਛ ਹੋਰ ਹੀ ਹੋਣਾ ਹੈ।

ਜੈਸੇ ਦਰਿਆ ਨੂੰ ਆਪਣੀ ਰਵਾਨੀ ਰੱਖਣ ਵਾਸਤੇ ਪਿਛੋਂ ਪਾਣੀ ਦਾ ਮਿਲਣਾ ਬੜਾ ਜ਼ਰੂਰੀ ਹੈ, ਤੋ ਕਾਮਨਾ ਦੇ ਵੇਗ ਨੂੰ ਜਾਰੀ ਰੱਖਣ ਵਾਸਤੇ ਵੀ ਪਿਛੋਂ ਕਾਮਨਾ ਦਾ ਜਲ ਮਿਲਣਾ ਹੀ ਚਾਹੀਦਾ ਹੈ।

ਪਰ ਸਵਾਲ ਇਹ ਹੈ ਕਿ ਹਰ ਦਰਿਆ ਦਾ ਆਪਣਾ ਇਕ ਕੇਂਦਰ ਹੈ, ਉਹ ਉਸ ਵਿਚ ਲੀਨ ਹੋ ਜਾਂਦਾ ਹੈ ਤਾਂ ਉਸ ਦੀ ਰਵਾਨੀ ਖ਼ਤਮ ਹੋ ਜਾਂਦੀ ਹੈ। ਸਾਡੇ ਅੰਦਰੋਂ ਇਹ ਜਿਹੜੀ ਕਾਮਨਾ ਉਠਦੀ ਹੈ, ਇਸ ਦਾ ਕੇਂਦਰ ਕੀ ਹੈ ? ਇਸ ਦੇ ਲੀਨ ਹੋਣ ਦੀ ਕਿਹੜੀ ਥਾਂ ਹੈ ? ਸਤਿਗੁਰਾਂ ਨੇ ਇਕ ਬੜਾ ਸੋਹਣਾ ਖ਼ਿਆਲ ਦਿੱਤਾ ਹੈ। ਸਾਡੀ ਕਾਮਨਾ ਕਈ ਦਫ਼ਾ ਰਸਤੇ ਵਿਚ ਛਪੜਾਂ 'ਚ ਡਿਗਦੀ ਹੈ, ਛਪੜ ਨੂੰ ਸਮੁੰਦਰ ਜਾਣ ਕੇ। ਤੋ ਜੈਸੇ ਦਰਿਆ ਨੂੰ ਕਿਸੇ ਛਪੜ ਵਿਚ ਜਗ੍ਹਾ ਨਹੀਂ ਮਿਲ ਸਕਦੀ, ਉਛਲ ਪੈਂਦਾ ਹੈ ਦਰਿਆ, ਦਰਿਆ ਦਾ ਛਪੜ ਵਿਚੋਂ ਉਛਲ ਪੈਣਾ ਇਸ ਗੱਲ ਦਾ ਸਬੂਤ ਹੈ ਕਿ ਦਰਿਆ ਨੂੰ ਕੋਈ ਅਸਲੀ ਥਾਂ ਨਹੀਂ ਮਿਲੀ। ਛਪੜ ਅਸਲੀ ਥਾਂ ਨਹੀਂ। ਅਸਲੀ ਥਾਂ ਸਾਗਰ ਹੈ। ਤੋ ਇਹ ਜਿਹੜੀ ਕਾਮਨਾ


Sri Satguru Jagjit Singh Ji eLibrary NamdhariElibrary@gmail.com

ਹੈ ਇਸਦੇ ਰਸਤੇ ਵਿਚ ਵੀ ਕਈ ਛਪੜ ਨੇ। ਧੀਆਂ ਪੁੱਤਰ ਇਕ ਛਪੜ ਹੈ। ਬੱਚੇ ਹੋਵਣ, ਸ਼ਾਇਦ ਕਾਮਨਾ ਦੀ ਪੂਰਤੀ ਹੋ ਜਾਏ, ਪਰ ਕਾਮਨਾ ਇਥੇ ਰੁਕਦੀ ਨਹੀਂ। ਕਿਸੇ ਵੀ ਮਨੁੱਖ ਦੀ ਕਾਮਨਾ ਪੁੱਤਰਾਂ ਨੂੰ ਪਾ ਕੇ ਤ੍ਰਿਪਤ ਨਹੀਂ ਹੋਈ। ਅੱਜ ਤਕ ਇਕ ਵੀ ਮਨੁੱਖ ਦੁਨੀਆ 'ਚ ਐਸਾ ਨਹੀਂ ਹੋਇਆ, ਜੋ ਆਖੇ ਬਈ ਔਲਾਦ ਮਿਲ ਗਈ ਤੇ ਹੁਣ ਹੋਰ ਕੋਈ ਕਾਮਨਾ ਨਹੀਂ। ਕਾਮਨਾ ਅਗਾਂਹ ਚਲ ਪੈਂਦੀ ਹੈ। ਫਿਰ ਅਗੇ ਧਨ ਤੇ ਸੰਪਦਾ ਹੈ, ਇਥੇ ਵੀ ਕਾਮਨਾ ਰੁਕਦੀ ਨਹੀਂ, ਇਹ ਵੀ ਇਸ ਦਾ ਕੇਂਦਰ ਨਹੀਂ।

ਅਗਰ ਵਕਤੀ ਤੌਰ 'ਤੇ ਕੁਛ ਰੁਕਣ ਵਾਲਾ ਸਿਲਸਿਲਾ ਦਿਸ ਵੀ ਪੈਂਦਾ ਹੈ, ਇਕ ਦੋ ਦਿਨ ਵਾਸਤੇ, ਤੋ ਉਹ ਐਸੇ ਹੈ ਜੈਸੇ ਕਿਸੇ ਝਰਨੇ ਦਾ ਪਾਣੀ ਕਿਸੇ ਝੀਲ ਵਿਚ ਗਿਰੇ ਤੋ ਉਛਾਲ ਵਾਸਤੇ ਆਖ਼ਰ ਦੋ ਚਾਰ ਦਿਨ, ਕਈ ਦਫ਼ਾ ਲਗ ਜਾਂਦੇ ਨੇ। ਮਨੁੱਖ ਸਮਝ ਤੇ ਲੈਂਦਾ ਹੈ ਕਿ ਮੇਰੀ ਕਾਮਨਾ ਨੂੰ ਕੋਈ ਕੇਂਦਰ ਮਿਲ ਗਿਆ ਹੈ, ਧਨ ਸੰਪਦਾ ਦਾ, ਪਰ ਪੰਜ ਚਾਰ ਦਿਨਾਂ ਬਾਅਦ ਦੇਖਦਾ ਹੈ ਕਿ ਕਾਮਨਾ ਇਥੋਂ ਵੀ ਉਛਲ ਪਈ। ਗੁਰਬਾਣੀ ਦੀ ਇਸ ਤੁਕ ਦੀ ਵਿਆਖਿਆ ਹੀ ਮੈਂ ਤੁਹਾਡੇ ਸਾਹਮਣੇ ਰੱਖ ਰਿਹਾ ਹਾਂ ਕਿ :

**ਤੁਮ ਕਹੀਅਤ ਹੌ ਜਗਤ ਗੁਰ ਸੁਆਮੀ॥**
**ਹਮ ਕਹੀਅਤ ਕਲਿਜੁਗ ਕੇ ਕਾਮੀ॥** *(੭੧੦)*

ਇਹ ਯਥਾਰਥ ਹੈ ਕਿ ਕੋਈ ਵੀ ਕਾਮਨਾ ਲੈ ਕੇ ਗੁਰਦਵਾਰੇ ਆਏ ਹਾਂ ਤਾਂ ਬੰਦਾ ਗੁਰਦਵਾਰੇ ਨਹੀਂ ਆਇਆ, ਜਿਸ ਚੀਜ਼ ਦੀ ਕਾਮਨਾ ਹੈ ਉਸ ਦੇ ਕੋਲ ਹੀ ਆਇਆ ਹੈ। ਬਸ ਇੰਨੀ ਗੱਲ ਹੈ, ਅਗਰ ਪੁੱਤਰ ਦੀ ਕਾਮਨਾ ਹੈ ਤੋ ਗੁਰਦਵਾਰੇ ਪੁੱਤਰ ਵਾਸਤੇ ਆਇਆ ਹੈ, ਗੁਰੂ ਵਾਸਤੇ ਨਹੀਂ ਆਇਆ, ਨਾਮ ਵਾਸਤੇ ਨਹੀਂ ਆਇਆ। ਅਗਰ ਧਨ ਦੀ ਕਾਮਨਾ ਹੈ ਤੋ ਬੰਦਾ ਧਨ ਵਾਸਤੇ ਹੀ ਆਇਆ ਹੈ, ਗੁਰੂ ਵਾਸਤੇ ਨਹੀਂ। ਸਵਾਲ ਇਹ ਹੈ ਕਿ ਅਸੀਂ ਆਪਣੀ ਕਾਮਨਾ ਦੇ ਕੇਂਦਰ ਕੀ ਮਿਥੇ ਬੈਠੇ ਹਾਂ ? ਅੰਦਰੋਂ ਅਸੀਂ ਕੀ ਸਮਝੀ ਬੈਠੇ ਹਾਂ ? ਕੀ ਸਾਡੀ ਕਾਮਨਾ ਕਿਸ ਢੰਗ ਨਾਲ ਤ੍ਰਿਪਤ ਹੋਵੇਗੀ ? ਅਰ ਕਾਮਨਾ ਦਾ ਇਹ ਤ੍ਰਿਖਾ ਵੇਗ ਜੋ ਸਾਡੇ ਅੰਦਰ ਚਲ ਰਿਹਾ ਹੈ, ਇਸ ਨੂੰ ਪੜ੍ਹਨ ਦੀ ਕੋਸ਼ਿਸ਼ ਕਰਿਆ ਕਰੋ। ਪੜ੍ਹੋਗੇ ਤਾਂ ਹੀ ਗੱਲ ਬਣੇਗੀ।

ਧਰਮ ਇਕ ਬਹੁਤੀ ਗਹਿਰੀ ਗੱਲ ਹੈ, ਅਰ ਲਭਦੀ ਹੈ ਸਿਰਫ਼ ਆਪਣੇ ਆਪ ਨੂੰ ਪੜ੍ਹਨ ਦੇ ਨਾਲ। ਇਹ ਗੱਲ ਹੈ ਨਹੀਂ। ਇਸ ਵਾਸਤੇ ਅਧਿਆਤਮਿਕ ਪੁਰਸ਼ਾਂ ਦੀਆਂ ਗੱਲਾਂ ਕਰ ਕੇ ਅਸੀਂ ਆਪਣੇ ਮਨ ਦੀ ਤ੍ਰਿਪਤੀ ਕਰ ਲੈਂਦੇ ਹਾਂ।


Sri Satguru Jagjit Singh Ji eLibrary NamdhariElibrary@gmail.com

ਸਵੈਯਮ ਐਸਾ ਬਣਨਾ ਬੜੀ ਔਖੀ ਗੱਲ ਹੋ ਜਾਂਦੀ ਹੈ।

ਤੇ ਕਾਮਨਾ ਜਦ ਅੰਦਰੋਂ ਚਲਦੀ ਹੈ ਤੇ ਅਸੀਂ ਸੋਚ ਲੈਂਦੇ ਹਾਂ ਕਿ ਸ਼ਾਇਦ ਇਹ ਚੀਜ਼ ਮਿਲੇ ਤੇ ਮਘਦੀ ਹੋਈ ਕਾਮਨਾ ਰੁਕ ਜਾਏ। ਇਹਦਾ ਵੇਗ ਬੜਾ ਤ੍ਰਿਖਾ ਹੈ ਕਿ ਰਸਤੇ ਵਿਚ ਇਹ ਕਈ ਚੀਜ਼ਾਂ ਬਹਾ ਕੇ ਲੈ ਜਾਂਦੀ ਹੈ। ਤੇ ਜਦੋਂ ਕਈ ਦਫ਼ਾ ਹੜ੍ਹ ਆ ਜਾਏ ਕਾਮਨਾ ਦਾ, ਤੇ ਕੀਮਤੀ ਬਾਗ਼ਾਤ ਡੁਬ ਜਾਂਦੇ ਨੇ, ਪਿੰਡਾਂ ਦੇ ਪਿੰਡ ਕਈ ਦਫ਼ਾ ਤਬਾਹ ਹੋ ਜਾਂਦੇ ਨੇ। ਕਾਮਨਾ ਜਿਸਦੇ ਅੰਦਰ ਹੜ੍ਹ ਦੀ ਸ਼ਕਲ ਅਖ਼ਤਿਆਰ ਕਰ ਜਾਏ ਤੇ ਜਿਸਦੇ ਅੰਦਰ ਬੜੀ ਗੁਰਮਤਿ ਦੀ ਦ੍ਰਿੜ੍ਹਤਾ ਹੋਵੇ, ਜੋ ਬੜਾ ਨਿਤਨੇਮੀ ਤੇ ਪ੍ਰੇਮੀ ਹੋਵੇ, ਉਹਦੀਆਂ ਵੀ ਜੜ੍ਹਾਂ ਹਿੱਲ ਜਾਂਦੀਆਂ ਨੇ, ਬੁਨਿਆਦਾਂ ਹਿੱਲ ਜਾਂਦੀਆਂ ਨੇ। ਐਸਾ ਦਿਖਦਾ ਹੈ ਕਿ ਬੜਾ ਨਿਤਨੇਮੀ ਹੈ, ਪ੍ਰੇਮੀ ਹੈ, ਪਰ ਕਾਮਨਾ ਦੇ ਵੇਗ ਨੇ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ।

ਅੰਦਰੋਂ ਇਹ ਕਾਮਨਾ ਜ਼ਰੂਰ ਵਗੇਗੀ। ਕਾਰਨ, ਸਾਡਾ ਇਹ ਹਿਰਦਾ ਇਕ ਐਸਾ ਪੜਾਅ ਹੈ ਕਿ ਇਹਦੇ 'ਚੋਂ ਕਾਮਨਾ ਦਾ ਝਰਨਾ ਨਿਕਲੇਗਾ। ਸੋਮਾ ਵਗ ਰਿਹਾ ਹੈ, ਪਰ ਇਹ ਰਵਾਨੀ ਉਦੋਂ ਰੁਕੇਗੀ ਜਦੋਂ ਇਸ ਨੂੰ ਕੋਈ ਕੇਂਦਰ ਮਿਲ ਜਾਏ। ਕਹਿੰਦੇ ਨੇ, ਨਦੀ ਦਾ ਕੇਂਦਰ ਸਾਗਰ ਹੈ, ਅੱਗ ਦਾ ਕੇਂਦਰ ਸੂਰਜ ਹੈ, ਉਡਦੀ ਹੋਈ ਧੂੜ ਦਾ ਕੇਂਦਰ ਧਰਤੀ ਹੈ। ਤੇ ਜਦ ਤਕ ਕੋਈ ਵੀ ਵਸਤੂ ਆਪਣੇ ਕੇਂਦਰ ਵਿਚ ਲੀਨ ਨਹੀਂ ਹੋ ਜਾਂਦੀ, ਭਟਕਦੀ ਰਹਿੰਦੀ ਹੈ। ਉਹਦੀ ਭਟਕਣਾ ਬਣੀ ਰਹਿੰਦੀ ਹੈ।

ਤੇ ਅੰਦਰੋਂ ਇਹ ਕਾਮਨਾ ਉਠੀ ਹੈ। ਮਨੁੱਖ ਕਾਮਨਾ ਕਰਦਾ ਹੈ, ਸ਼ਾਇਦ ਔਲਾਦ ਨਾਲ ਸੰਤੁਸ਼ਟਤਾ ਹੋ ਜਾਏ, ਪਰ ਗੱਲ ਨਹੀਂ ਬਣਦੀ। ਕਾਮਨਾ ਇਥੋਂ ਅਗਾਂਹ ਚਲ ਪਈ, ਸ਼ਾਇਦ ਇਤਨਾ ਕੁ ਧਨ ਮਿਲ ਜਾਏ, ਤੇ ਇਹ ਕਾਮਨਾ ਦਾ ਚੱਲ ਰਿਹਾ ਤ੍ਰਿਖਾ ਵੇਗ ਰੁਕ ਜਾਏ, ਪਰ ਧਨ ਤੋਂ ਵੀ ਗੱਲ ਅਗਾਂਹ ਚਲੀ ਗਈ। ਐਸਾ ਨਹੀਂ ਕਿ ਕਿਸੇ ਧਨਵਾਨ ਦੇ ਅੰਦਰ ਕਾਮਨਾ ਨਹੀਂ ਪੈਦਾ ਹੁੰਦੀ। ਜਿਤਨੀ ਧਨਵਾਨ ਅੰਦਰ ਹੈ, ਉਤਨੀ ਗ਼ਰੀਬ ਅੰਦਰ ਤਾਂ ਹੁੰਦੀ ਹੀ ਨਹੀਂ। ਇਹ ਵੀ ਅਰਜ਼ ਕਰ ਦਿਆਂ, ਅਗਰ ਕਿਸੇ ਗ਼ਰੀਬ ਅੰਦਰ ਕਾਮਨਾ ਚਲ ਰਹੀ ਹੈ ਤਾਂ ਇਕ ਛੋਟੀ ਜਿਹੀ ਨਾਲੀ ਦੇ ਪਾਣੀ ਜੈਸੀ, ਪਰ ਅਮੀਰ ਅੰਦਰ ਕਾਮਨਾ ਦਾ ਵੇਗ ਇੰਜ ਚਲ ਰਿਹਾ ਹੈ ਜੈਸੇ ਠਾਠਾਂ ਮਾਰਦਾ ਇਕ ਦਰਿਆ ਹੋਵੇ, ਐਸਾ ਹੈ।

ਤੇ ਧਨ ਨਾਲ ਵੀ ਇਸ ਕਾਮਨਾ ਦੇ ਵੇਗ ਨੂੰ ਰੋਕ ਨਹੀਂ ਮਿਲੀ, ਅਗਾਂਹ ਚਲ ਪਈ। ਮਨੁੱਖ ਐਸਾ ਸਮਝਦਾ ਹੈ ਕਿ ਸ਼ਾਇਦ ਮਾਨ-ਪ੍ਰਤਿਸ਼ਠਤਾ ਹੋ ਜਾਏ, ਪ੍ਰਭਤਾ ਹੋ ਜਾਏ, ਪੂਜਾ ਹੋ ਜਾਏ ਤੇ ਸ਼ਾਇਦ ਇਸ ਵੇਗ ਨੂੰ ਠਲ੍ਹ ਮਿਲ ਜਾਏਗੀ।

ਆਪ ਦੀ ਗਿਆਤ ਵਾਸਤੇ ਅਰਜ਼ ਕਰਾਂ, ਅਕਬਰ ਨੇ ਜਦ ਹਿੰਦੁਸਤਾਨ


Sri Satguru Jagjit Singh Ji eLibrary NamdhariElibrary@gmail.com

ਨੂੰ ਫ਼ਤਹ ਕਰ ਲਿਆ, ਅਰ ਦੇਸ ਦੇ ਕੀਮਤੀ ਨੌਂ ਬੰਦੇ ਉਸ ਨੇ ਨੌਂ ਰਤਨਾਂ ਦਾ ਖ਼ਿਤਾਬ ਦੇ ਕੇ ਦਰਬਾਰ 'ਚ ਰੱਖ ਲਏ, ਉਨ੍ਹਾਂ ਵਿਚ ਰਾਜਾ ਮਾਨ ਸਿੰਘ, ਕਵੀ ਫ਼ੈਜ਼, ਸੰਗੀਤ ਸਮਰਾਟ ਤਾਨਸੈਨ ਵੀ ਸੀ। ਰਹੀਮ ਖ਼ਾਨ ਖ਼ਾਨਾ ਵੀ ਸੀ। ਇਹ ਬੜੇ ਕੀਮਤੀ ਮਨੁੱਖ ਸਨ, ਜੋ ਇਸ ਪਾਸ ਸਨ। ਸਮੁੱਚੇ ਹਿੰਦੁਸਤਾਨ 'ਤੇ ਕਾਬਜ਼ ਹੋ ਗਿਆ ਹੈ, ਪਰ ਇਸ ਦੀ ਕਾਮਨਾ ਨਹੀਂ ਰੁਕੀ। ਇਸਦੇ ਅੰਦਰ ਅਵਤਾਰ ਬਣਨ ਦੀ ਇੱਛਾ ਜਾਗ ਪਈ। ਕਾਰਨ, ਬਈ ਰਾਜਿਆਂ ਦੀ ਵਕਤੀ ਤੌਰ 'ਤੇ ਪੂਜਾ ਤੇ ਹੈ, ਸਿੰਘਾਸਨ ਚਲਾ ਜਾਏ ਜਾਂ ਮਰ ਜਾਣ, ਬਾਅਦ ਵਿਚ ਕੋਈ ਪੂਜਾ ਨਹੀਂ, ਪਰ ਅਵਤਾਰਾਂ ਦੀ ਮਰਨ ਤੋਂ ਬਾਅਦ ਵੀ ਪੂਜਾ ਚਲਦੀ ਹੈ। ਉਨ੍ਹਾਂ ਦਾ ਨਾਮ ਅਮਰ ਹੁੰਦਾ ਹੈ। ਤੋ ਇਸ ਇੱਛਾ ਨੂੰ ਲੈ ਕੇ ਉਹਨੇ ਇਕ ਮਜ਼੍ਹਬ ਵੀ ਚਲਾਇਆ ਸੀ, ਜਿਸ ਦਾ ਨਾਮ ਰਖਿਆ ਸੀ—'ਦੀਨੇ ਇਲਾਹੀ', ਜੋ ਹਿੰਦੂ ਮੁਸਲਿਮ ਮਿਸ਼ਰਤ ਦੇ ਢੰਗ ਨਾਲ ਉਸ ਨੇ ਬਣਾਇਆ ਸੀ।

ਅਕਬਰ ਅਕਸਰ ਕ੍ਰਿਸ਼ਨ-ਜਯੰਤੀ ਤੇ ਰਾਮ-ਨੌਮੀ ਆਪਣੇ ਮਹੱਲਾਂ 'ਚ ਮਨਾਂਦਾ ਸੀ। ਰੋਜ਼ੇ ਵੀ ਰੱਖਦਾ ਸੀ ਤੇ ਕੁਰਾਨ ਵੀ ਪੜ੍ਹਦਾ ਸੀ। ਇਹ ਸਾਰੇ ਤਿਉਹਾਰ ਮਨਾਂਦਾ ਸੀ। ਇਸ ਦੀ ਬੇਗਮ ਮਹਾਰਾਜਾ ਮਾਨ ਸਿੰਘ ਦੀ ਭੈਣ ਸੀ, ਉਸ ਤੋਂ ਸਲੀਮ ਪੈਦਾ ਹੋਇਆ ਤੇ ਬਾਅਦ 'ਚ ਜਹਾਂਗੀਰ ਬਣਿਆ, ਖ਼ੈਰ.....

ਤੋ ਇਸ ਅੰਦਰ ਇਕ ਪੈਗ਼ੰਬਰ ਬਣਨ ਦੀ ਇੱਛਾ ਹੋਈ ਕਿ ਬਾਅਦ ਵਿਚ ਵੀ ਲੋਕੀਂ ਪੂਜਾ ਕਰਨਗੇ। ਪੈਗ਼ੰਬਰ ਦੀ ਗੱਲ ਦੁਨੀਆ ਆਖ਼ਰੀ ਦਮ ਤਕ ਪੂਜਦੀ ਹੈ। ਪੈਗ਼ੰਬਰ ਕੋਈ ਬਣਦਾ ਨਹੀਂ, ਪੈਗ਼ੰਬਰ ਆਉਂਦੇ ਨੇ। ਅਵਤਾਰ ਬਣਿਆ ਨਹੀਂ ਜਾਂਦਾ, ਅਵਤਾਰ ਆਉਂਦੇ ਨੇ। ਐਸਾ ਗੁਰੂ ਗੋਬਿੰਦ ਸਿੰਘ ਜੀ ਦਾ ਮੁਖਵਾਕ ਹੈ:

**ਜਬ ਜਬ ਹੋਤਿ ਅਰਿਸ਼ਟ ਅਪਾਰਾ ॥**
**ਤਬ ਤਬ ਦੇਹ ਧਰਤ ਅਵਤਾਰਾ ॥੨॥** *(ਚੌਬੀਸਵਾਂ ਅਵਤਾਰ)*

ਕਿ ਜਦੋਂ ਵੀ ਬਹੁਤਾ ਅਨਰਥ ਹੋਵੇ ਤਾਂ ਪਰਮਾਤਮਾ ਦੀ ਕੋਈ ਮੂਰਤੀ ਸੰਸਾਰ 'ਤੇ ਆਉਂਦੀ ਹੈ। ਤੁਲਸੀ ਨੇ ਵੀ ਕਿਹਾ ਹੈ:

**ਜਬ ਜਬ ਹੋਇ ਧਰਮ ਕੀ ਹਾਨੀ ॥**
**ਬਾਰਹਂ, ਅਸਮ, ਅਧਮ ਅਭਿਮਾਨੀ ॥**
**ਤਬ ਤਬ ਵਿਵਧ ਧਰ ਪ੍ਰਭੂ ਸਰੀਰਾ ॥**
**ਹਰੇ ਕਿਰਪਾ ਨਿਜ ਸਜਨ ਪੀਰਾ ॥**

ਕ੍ਰਿਸ਼ਨ ਜੀ ਨੇ ਵੀ ਕਿਹਾ ਹੈ,—"ਯਦਾ ਯਦਾ ਹਿ ਧਰਮੱਸਯ ਗਲਾਨੀ ਭਵਤਿ


Sri Satguru Jagjit Singh Ji eLibrary NamdhariElibrary@gmail.com

ਭਾਰਤ ॥"

ਤੇ ਅਵਤਾਰ ਆਉਂਦੇ ਨੇ, ਅਵਤਾਰ ਬਣਾਇਆਂ ਕੋਈ ਨਹੀਂ ਬਣਦਾ। ਅਗਰ ਬਣਾਇਆਂ ਅਵਤਾਰ ਬਣ ਸਕਦੇ ਤਾਂ ਅਵਤਾਰਾਂ ਨਾਲ ਹੀ ਸਾਰੀ ਦੁਨੀਆ ਭਰ ਜਾਣੀ ਸੀ।

ਬਾਈ ਮੰਜੀਆਂ ਲਗ ਗਈਆਂ ਨੇ ਬਕਾਲੇ ਵਿਚ, ਬਈ ਅਸੀਂ ਵੀ ਗੁਰੂ ਹਾਂ। ਪਰ ਕੌਣ ਦੱਸੇ, ਬਣਨ ਨਾਲ ਗੁਰੂ ਨਹੀਂ ਬਣਿਆ ਜਾਂਦਾ। ਗੁਰੂ ਆਂਵਦੇ ਨੇ। ਸਾਰਿਆਂ ਦਾ ਦਾਅਵਾ ਬੜਾ ਗ਼ਜ਼ਬ ਦਾ ਹੈ ਤੇ ਲੋਕੀਂ ਬਾਈਆਂ ਨੂੰ ਮੱਥਾ ਇਸ ਵਾਸਤੇ ਟੇਕਦੇ ਨੇ ਕਿ ਚਲੋ ਇਨ੍ਹਾਂ ਵਿਚੋਂ ਇਕ ਤਾਂ ਸੱਚਾ ਹੋਵੇਗਾ। ਸ਼ਰਧਾ ਨਹੀਂ ਸੀ। ਸ਼ਾਇਦ ਇਕ ਹੋਵੇ, ਕਿਉਂਕਿ ਗੁਰੂ ਹਰਿਕ੍ਰਿਸ਼ਨ ਜੀ ਦੇ ਮੁਖੋਂ ਨਿਕਲਿਆ ਸੀ, 'ਬਾਬਾ ਬਕਾਲੇ' ਹੈ। ਬਾਈਸ ਬੈਠ ਗਏ। ਲੋਕਾਂ ਦੀ ਸ਼ਰਧਾ ਤੇ ਪ੍ਰਬਲ ਹੁੰਦੀ ਹੈ, ਪਰ ਸਹੀ ਜਾਚਨਾ ਦਾ ਢੰਗ ਹਰ ਪਾਸ ਨਹੀਂ ਹੁੰਦਾ।

ਆਹ ਇਕ ਨਕਲੀ ਨਿਰੰਕਾਰੀ ਹੈ ਦਿੱਲੀ ਵਿਚ, ਉਹ ਆਪਣੇ ਆਪ ਨੂੰ ਨਿਰੰਕਾਰ ਅਖਵਾਉਂਦਾ ਹੈ। ਫਿਰ ਉਸ ਨੇ ਆਪਣੇ ਨਾਲ ਇਕ ਭਾਈ ਗੁਰਦਾਸ ਰਖਿਆ ਹੈ ਤੇ ਬੇਬੇ ਨਾਨਕੀ ਦਾ ਵੀ ਢੌਂਗ ਰਚਿਆ ਹੈ। ਮੈਂ ਉਸ ਨੂੰ ਕਿਹਾ ਕਿ ਜੇ ਤੂੰ ਨਕਲ ਹੀ ਕਰਨੀ ਹੈ ਤੇ ਕਮ ਸੇ ਕਮ ਨਕਲ ਤੇ ਸਹੀ ਢੰਗ ਨਾਲ ਕਰ। ਭਾਈ ਗੁਰਦਾਸ ਬਾਬੇ ਨਾਨਕ ਨਾਲ ਨਹੀਂ ਸੀ, ਉਹ ਗੁਰੂ ਅਰਜਨ ਦੇਵ ਜੀ ਨਾਲ ਸੀ। ਕਈ ਨਕਲੀਆਂ ਨੂੰ ਨਕਲ ਵੀ ਸਹੀ ਢੰਗ ਨਾਲ ਨਹੀਂ ਕਰਨੀ ਆਉਂਦੀ। ਕਮ ਸੇ ਕਮ ਜੇ ਤੂੰ ਨਕਲ ਹੀ ਕਰਨੀ ਹੈ ਤਾਂ ਉਹ ਤੇ ਠੀਕ ਹੋਵੇ।

ਤੇ ਖ਼ੈਰ ਅਕਬਰ ਦਾ ਧਰਮ ਬਹੁਤਾ ਚਿਰ ਚਲ ਨਹੀਂ ਸਕਿਆ। ਕਹਿਣ ਤੋਂ ਭਾਵ ਰਾਜ ਪਾਟ ਹੁੰਦਿਆਂ ਹੋਇਆਂ ਵੀ ਕਾਮਨਾ ਰੁਕੀ ਨਹੀਂ। ਅਗਾਂਹ ਚਲੀ, ਬਈ ਅਵਤਾਰ ਬਣ ਜਾਵਾਂ, ਧਰਮ ਚਲਾਵਾਂ। ਖ਼ੈਰ.....

ਤੇ ਮੱਥਾ ਟੇਕਣ ਵਾਲੇ ਗੁਰੂ ਦੀ ਕਾਮਨਾ ਨਹੀਂ ਸੀ ਰੱਖਦੇ, ਕਿਸੇ ਨੂੰ ਧਨ ਦੀ ਕਾਮਨਾ ਹੈ, ਕਿਸੇ ਨੂੰ ਪੁੱਤਰ ਦੀ, ਗੁਰੂ ਦੀ ਕਾਮਨਾ ਇਕ ਨੂੰ ਸੀ ਕਿ ਗੁਰੂ ਲਭ ਪਵੇ, ਕਿ ਵੇਖਣਾ ਹੈ ਕਿ ਗੁਰੂ ਕੌਣ ਹੈ ? ਮਖਣ ਸ਼ਾਹ ਲੁਬਾਣਾ, ਉਸ ਨੇ ਲਭ ਲਿਆ। ਧੰਨ ਹੈ ਉਹ ਪੁਰਸ਼, ਜਿਸ ਦੀਆਂ ਅੱਖਾਂ ਇਤਨੀਆਂ ਗਹਿਰੀਆਂ ਨੇ, ਧੋਖਾ ਨਹੀਂ ਖਾਂਦਾ। ਭਾਵੇਂ ਉਸ ਨੇ ਵੀ ਮੱਥਾ ਸਾਰਿਆਂ ਨੂੰ ਟੇਕਿਆ ਹੈ, ਪਰ ਸਿਰਫ਼ ਪਰੀਖਿਆ ਲੈਣ ਵਾਸਤੇ। ਸਾਡਾ ਕਿਸੇ ਥਾਂ 'ਤੇ ਮੱਥਾ ਝੁਕ ਜਾਂਦਾ ਹੈ ਤੇ ਬਸ ਫਿਰ ਝੁਕ ਹੀ ਜਾਂਦਾ ਹੈ।

ਅਗਾਂਹ ਚਲੀਏ, ਮਨੁੱਖ ਦੀ ਕਾਮਨਾ ਇਹ ਵੀ ਨਹੀਂ ਆਖਦੀ ਕਿ ਤੂੰ ਧਨਵਾਨ ਬਣ ਜਾ, ਇਥੇ ਹੀ ਨਹੀਂ ਰੁਕਦੀ। ਇਹ ਵੀ ਕਹਿੰਦੀ ਏ ਕਿ ਗੁਰੂ


Sri Satguru Jagjit Singh Ji eLibrary NamdhariElibrary@gmail.com

ਬਣ ਜਾ, ਰੱਬ ਬਣ ਜਾ। ਤੇ ਅਕਬਰ ਅੰਦਰ ਵੀ ਜਾਗੀ ਸੀ, ਪਰ ਰਾਜਿਆਂ ਦਾ ਮਜ਼੍ਹਬ ਨਹੀਂ ਚਲਿਆ ਕਰਦਾ, ਮਜ਼੍ਹਬ ਫ਼ਕੀਰਾਂ ਦਾ ਚਲਿਆ ਕਰਦਾ ਹੈ।

ਤੇ ਮਨੁੱਖ ਅੰਦਰ ਇਹ ਕਾਮਨਾ ਦਾ ਵੇਗ ਪੁੱਤਰਾਂ ਨਾਲ ਅਤੇ ਧਨ ਨਾਲ ਵੀ ਨਹੀਂ ਸੰਤੁਸ਼ਟ ਹੁੰਦਾ, ਧਨ ਪ੍ਰਾਪਤੀ ਤੋਂ ਬਾਅਦ 'ਚ ਵੀ ਹੋਰ ਕਾਮਨਾ ਜਾਗ ਪੈਂਦੀ ਹੈ। ਪ੍ਰਭਤਾ ਮਿਲ ਗਈ ਹੈ ਤੇ ਪੁਛੋ, ਹੁਣ ਹੋਰ ਤੇ ਕੋਈ ਕਾਮਨਾ ਨਹੀਂ। ਕਾਮਨਾ ਇਥੇ ਵੀ ਨਹੀਂ ਰੁਕੀ, ਹੋਰ ਜਾਗ ਪਈ ਹੈ। ਇਹ ਕਾਮਨਾ ਦਰਿਆ ਦੇ ਪਾਣੀ ਦੀ ਤਰ੍ਹਾਂ ਰੁਕਦੀ ਨਹੀਂ।

ਕਹਿੰਦੇ ਨੇ ਚਲਦਿਆਂ ਚਲਦਿਆਂ ਇਹ ਕਾਮਨਾ ਦਾ ਪਾਣੀ ਇਸਤਰੀ ਰੂਪੀ ਛੱਪੜ ਵਿਚ ਵੀ ਕੁਛ ਦੇਰ ਤਕ ਰੁਕਦਾ ਹੈ, ਜਿਵੇਂ ਪਿਛੇ ਰੁਕਿਆ ਸੀ। ਪੁੱਤਰਾਂ ਕੋਲ, ਧਨ ਕੋਲ, ਪ੍ਰਭਤਾ ਕੋਲ।

ਇਸਤ੍ਰੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਤੇ ਹੋਰ ਧਾਰਮਿਕ ਗਰੰਥਾਂ ਵਿਚ 'ਕਾਮਨੀ' ਆਖਿਆ ਗਿਆ ਹੈ, 'ਕਾਮਨਾ ਦੀ ਮਨੀ'। ਗੁਰੂ ਗ੍ਰੰਥ ਸਾਹਿਬ ਵਿਚ ਇਸਤ੍ਰੀ ਨੂੰ ਕਈ ਥਾਵਾਂ 'ਤੇ ਕਾਮਨੀ ਨਾਲ ਸੰਬੋਧਨ ਕੀਤਾ ਗਿਆ ਹੈ।

**ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ ॥** (੩੫੧)

ਕਾਮਨੀ ਦੇ ਅਰਥ ਹਨ—'ਕਾਮਨਾ ਦੀ ਮਨੀ'।

ਵਕਤੀ ਤੌਰ 'ਤੇ ਚਲਦੀ ਹੋਈ ਮਨੁੱਖ ਦੀ ਇਹ ਕਾਮਨਾ ਜਦ ਇਸਤ੍ਰੀ 'ਤੇ ਰੁਕਦੀ ਹੈ, ਏਸ ਅਧਾਰ 'ਤੇ ਸਾਡੇ ਦੇਸ਼ ਦੇ ਰਿਸ਼ੀਆਂ ਮੁਨੀਆਂ ਨੇ ਕਹਿ ਦਿੱਤਾ, 'ਬਈ ਇਸਤ੍ਰੀ ਕਾਮਨੀ ਹੈ।' ਵਕਤੀ ਤੌਰ 'ਤੇ ਮਨੁੱਖ ਦੀ ਕਾਮਨਾ ਇਥੇ ਰੁਕ ਜਾਂਦੀ ਹੈ। ਪੁੱਤਰਾਂ ਤੋਂ ਅਗਾਂਹ ਚਲੀ ਜਾਂਦੀ ਹੈ, ਉਲੰਘਣਾ ਕਰ ਜਾਂਦੀ ਹੈ।

ਮੈਂ ਜਦ ਵੇਖਦਾ ਹਾਂ, ਇਧਰ ਅਰਬ ਦੇਸਾਂ ਵਿਚ ਇਕ ਬੰਦੇ ਦੇ ਚਾਲੀ ਬੱਚੇ ਨੇ, ਪੰਜ ਸਤ ਇਹਨਾਂ ਨੇ ਵਿਆਹ ਕਰਵਾਏ ਹੋਏ ਹਨ ਤੇ ਅਜੇ ਵੀ ਹੋਰ ਵਿਆਹ ਕਰਵਾਉਣ ਦੀ ਸੋਚਦੇ ਹਨ। ਇਹ ਪਸ਼ੂਆਂ ਵਾਲੀ ਜ਼ਿੰਦਗੀ ਹੈ। ਉਥੋਂ ਪਤਾ ਚਲਦਾ ਹੈ ਕਿ ਅਜੇ ਵੀ ਕਾਮਨਾ ਰੱਬ ਦੇ ਦੇਸ਼ ਵਿਚ ਨਹੀਂ ਪਹੁੰਚੀ, ਰਸਤੇ 'ਚ ਹੀ ਰੁਕੀ ਹੋਈ ਹੈ। ਅਗਾਂਹ ਦੀ ਕੋਈ ਗੱਲ ਹੀ ਨਹੀਂ। ਇਸ ਮੌਜੂਦਾ ਦੌਰ ਨੂੰ ਰਵਿਦਾਸ ਜੀ ਨੇ ਇਉਂ ਕਹਿ ਦਿੱਤਾ:

**ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥**
**ਹਮ ਕਹੀਅਤ ਕਲਿਜੁਗ ਕੇ ਕਾਮੀ ॥** (੭੧੦)

ਦਰਅਸਲ ਮਨੁੱਖ ਜਿਹੜਾ ਥਾਂ ਥਾਂ 'ਤੇ, ਜਿਹੜੇ ਕੇਂਦਰ ਉਸਾਰੀ ਜਾ ਰਿਹਾ ਹੈ


Sri Satguru Jagjit Singh Ji eLibrary NamdhariElibrary@gmail.com

ਉਹ ਕਰੀਬਨ ਕਰੀਬਨ ਆਪਣੀ ਕਾਮਨਾ ਦੇ ਵੇਗ ਨੂੰ ਤਿੱਖਾ ਕਰਨ ਵਾਸਤੇ, ਤੇ ਰਸਤੇ ਨੂੰ ਰੋਕਣ ਵਾਸਤੇ। ਇਸ ਕਾਮਨਾ ਨੂੰ ਕੋਈ ਕੇਂਦਰੀ ਸਤਾ ਮਿਲ ਸਕੇ, ਕਿਸੇ ਟਿਕਾਣੇ 'ਤੇ ਪਹੁੰਚ ਸਕੇ ਤੇ ਉਸ ਸਾਗਰ ਵਿਚ ਲੀਨ ਹੋ ਸਕੇ, ਐਸੀ ਮਨੁੱਖ ਦੀ ਕੋਸ਼ਿਸ਼ ਨਹੀਂ। ਕਰੀਬਨ ਕਰੀਬਨ ਐਸੇ ਢੰਗ ਦੇ ਕਈ ਕੇਂਦਰ ਬਣ ਰਹੇ ਹਨ, ਤੇ ਰਵਿਦਾਸ ਨੂੰ ਇਹ ਭਵਿੱਖਬਾਣੀ ਕਰਨੀ ਪਈ ਕਿ "ਤੁਮ ਕਹੀਅਤ ਹੌ ਜਗਤ ਗੁਰ ਸੁਆਮੀ॥ ਹਮ ਕਹੀਅਤ ਕਲਿਜੁਗ ਕੇ ਕਾਮੀ॥" ਬਈ ਤੇਰੇ ਹੁਣ ੪੦-੫੦ ਬੱਚੇ ਨੇ, ਤੂੰ ਗ੍ਰਿਹਸਤ ਦੀ ਦੁਨੀਆ ਵੇਖ ਲਈ, ਸੰਸਾਰ ਦੀ ਦੁਨੀਆ ਵੇਖ ਲਈ। ਹੁਣ ਕਾਮਨਾ ਤੇਰੀ ਅਗਾਂਹ ਜਾਏ, ਕਿਥੇ ਜਾਏ ? ਨਾਮ ਵਿਚ ਜਾਏ, ਈਸ਼ਵਰ ਵਿਚ ਜਾਏ।

ਤੋ ਸਾਹਿਬ ਕਹਿੰਦੇ ਨੇ, ਵਕਤੀ ਤੌਰ 'ਤੇ ਜਦੋਂ ਕਾਮਨਾ ਇਥੇ (ਇਸਤ੍ਰੀ 'ਤੇ) ਰੁਕਦੀ ਹੈ ਤਾਂ ਸਾਡੇ ਦੇਸ਼ ਦੇ ਰਿਸ਼ੀਆਂ ਮੁਨੀਆਂ ਨੇ ਏਸ ਨੂੰ ਕਾਮਨੀ ਕਹਿ ਦਿੱਤਾ, ਉਂਜ ਇਹ ਕਾਮਨੀ ਨਹੀਂ ਹੈ। ਇਸ ਭੁਲੇਖੇ 'ਚ ਨਾ ਪੈਣਾ। ਹੈ ਨਹੀਂ, ਲੇਕਿਨ ਕਿਉਂ ਆਖਿਆ ਗਿਆ ? ਇਸ ਵਾਸਤੇ ਕਿ ਮਨੁੱਖ ਦੀ ਵਕਤੀ ਤੌਰ 'ਤੇ ਕਾਮਨਾ ਇਥੇ ਰੁਕ ਜਾਂਦੀ ਹੈ। ਇਥੇ ਹੀ ਨਹੀਂ ਰੁਕ ਜਾਂਦੀ, ਸਗੋਂ ਕਾਮਨਾ ਜਾਗ ਪੈਂਦੀ ਹੈ, ਹੋਰ ਅਗਾਂਹ ਜਾਂਦੀ ਹੈ।

ਧਨ ਸੰਪਦਾ 'ਤੇ ਨਹੀਂ ਰੁਕੀ, ਹੋਰ ਅਗਾਂਹ ਚਲੀ। ਪ੍ਰਭਤਾ 'ਤੇ ਨਹੀਂ ਰੁਕੀ, ਰਾਜ ਭਾਗ 'ਤੇ ਨਹੀਂ ਰੁਕੀ, ਹੋਰ ਅਗਾਂਹ ਚਲੀ ਤੇ ਵਕਤੀ ਤੌਰ 'ਤੇ ਇਸਤ੍ਰੀ 'ਤੇ ਰੁਕ ਜਾਂਦੀ ਹੈ। ਇਸ ਕਰਕੇ ਰਿਸ਼ੀਆਂ ਮੁਨੀਆਂ ਨੇ ਕਿਹਾ ਕਿ ਇਹ ਕਾਮਨੀ ਹੈ ਅਰ ਕਿਸੇ ਹੱਦ ਤਕ ਬਹੁਤ ਨਿੰਦਿਆ ਵੀ ਉਹਨਾਂ ਨੂੰ ਕਰਨੀ ਪਈ। ਭਾਈ ਗੁਰਦਾਸ ਨੇ ਐਸੇ ਨਿੰਦਕਾਂ ਨੂੰ ਚੁਪ ਵੀ ਕਰਵਾਇਆ ਕਿ ਕਸੂਰ ਮਨੁੱਖ ਦੀ ਕਾਮਨਾ ਦਾ ਹੈ ਤੇ ਭੰਡਿਆ ਜਾਂਦਾ ਹੈ ਇਸਤ੍ਰੀ ਨੂੰ। ਭਾਈ ਸਾਹਿਬ ਭਾਈ ਗੁਰਦਾਸ ਜੀ ਕਹਿੰਦੇ ਨੇ :

**ਲੋਕ ਵੇਦ ਗੁਣੁ ਗਿਆਨ ਵਿਚਿ, ਅਰਧ ਸਰੀਰੀ ਮੋਖ ਦੁਆਰੀ।੧੬।੫।**

ਰਿਸ਼ੀਆਂ ਮੁਨੀਆਂ ਨੇ ਆਖਿਆ ਕਿ ਕਾਮ-ਦੁਆਰੀ ਹੈ, ਕਿਉਂਕਿ ਆਦਮੀ ਦੀ ਕਾਮਨਾ ਹੀ ਇਥੇ ਰੁਕ ਜਾਂਦੀ ਹੈ। ਜਾਣੀ ਚਾਹੀਦੀ ਸੀ ਨਾਮ ਤਕ, ਰੱਬ ਤਕ, ਪਰ ਵਿਚ ਹੀ ਉਰੇ ਹੀ ਰੁਕ ਗਈ। ਜੇ ਧਨ ਮਿਲ ਗਿਆ, ਕਾਮਨਾ ਅੱਗੇ ਗਈ, ਜੇ ਪੁੱਤਰ ਮਿਲੇ ਤਾਂ ਵੀ ਕਾਮਨਾ ਹੋਰ ਅਗੇ ਗਈ, ਪਰ ਇਸਤ੍ਰੀ 'ਤੇ ਰੁਕ ਗਈ। ਜਿਤਨੀ ਦੇਰ ਤਕ ਇਸਤ੍ਰੀ 'ਤੇ ਰੁਕਦੀ ਹੈ, ਜੀਵਨ ਸਮਾਪਤ ਹੋ ਜਾਂਦਾ ਹੈ, ਖ਼ਤਮ ਹੋ ਜਾਂਦਾ ਹੈ। ਜ਼ਿੰਦਗੀ ਦਾ ਪੈਂਡਾ ਹੀ ਇਤਨਾ ਹੈ। ਇਹ ਕਾਮਨਾ


Sri Satguru Jagjit Singh Ji eLibrary NamdhariElibrary@gmail.com

ਮਨੁੱਖ ਦੀ ਅਗਾਂਹ ਜਾਂਦੀ ਹੀ ਨਹੀਂ। ਨਾਮ ਤਕ ਪਹੁੰਚ ਹੀ ਨਹੀਂ ਸਕਦੀ। ਪਰਮਾਤਮਾ ਤਕ ਪਹੁੰਚ ਨਹੀਂ ਸਕਦੀ। ਇਥੇ ਰੁਕ ਜਾਂਦੀ ਹੈ ਤੇ ਜੀਵਨ ਦਾ ਅੰਤ ਹੋ ਜਾਂਦਾ ਹੈ ਤੇ ਭਗਤਾਂ ਨੂੰ ਕਹਿਣਾ ਪਿਆ ਕਿ ਕਿਉਂਕਿ ਭਗਤਾਂ ਦੇ ਰਸਤੇ 'ਚ, ਮਨੁੱਖ ਦੇ ਰਸਤੇ ਦੀ ਰੋਕ ਇਕ ਇਸਤ੍ਰੀ ਹੈ, ਇਸ ਵਾਸਤੇ ਆਪ ਨੂੰ ਪਤਾ ਹੋਵੇ ਸਾਡੇ ਦੇਸ਼ ਦੇ ਜੋਗੀਆਂ ਨੇ, ਬੋਧ ਭਿਖਸ਼ੂਆਂ ਨੇ ਅਰ ਇਸ ਤਰ੍ਹਾਂ ਦੇ ਕਈ ਸਾਧੂਆਂ ਨੇ, ਜੈਨੀਆਂ ਨੇ, ਦਿਗੰਬਰੀਆਂ ਨੇ ਕਹਿ ਦਿੱਤਾ ਕਿ ਇਹ ਨਰਕ-ਦਵਾਰੀ ਹੈ। ਪਰ ਭਾਈ ਗੁਰਦਾਸ ਜੀ ਨੂੰ ਕਹਿਣਾ ਪਿਆ, ਨਹੀਂ:

**ਲੋਕ ਵੇਦ ਗੁਣੁ ਗਿਆਨ ਵਿਚਿ, ਅਰਧ ਸਰੀਰੀ ਮੋਖ ਦੁਆਰੀ।੧੬।੫।**

ਇਹ ਤੇ ਕਸੂਰ ਮਨੁੱਖ ਦਾ ਹੋਇਆ, ਬਈ ਜੇ ਮਨੁੱਖ ਦੀ ਤ੍ਰਿਪਤੀ ਪੁੱਤਰਾਂ 'ਤੇ ਨਹੀਂ ਹੋਈ, ਧਨ ਸੰਪਦਾ 'ਤੇ ਨਹੀਂ ਹੋਈ, ਸ਼ਾਨੋ ਸ਼ੌਕਤ 'ਤੇ ਨਹੀਂ ਹੋਈ, ਕਾਮਨਾ ਦਾ ਵੇਗ ਚਲਦਾ ਚਲਦਾ ਨਾਮ ਵਿਚ ਲੀਨ ਹੋਣਾ ਚਾਹੀਦਾ ਸੀ। ਪੁੱਤਰਾਂ ਦੀ ਕਾਮਨਾ, ਧਨ ਦੀ ਕਾਮਨਾ ਤੇ ਹੋਰ ਇਸ ਪ੍ਰਕਾਰ ਦੀ ਕਾਮਨਾ ਤੇ ਜਾਗ ਪਈ, ਪਰ ਨਾਮ ਤਕ ਨਹੀਂ ਜਾਗੀ। ਮਨੁੱਖ ਦੇ ਅੰਦਰ ਕਾਮਨਾ ਦੀ ਵੀ ਜਾਗ ਹੈ। ਇਤਨੇ ਅਖੰਡ ਪਾਠ ਰਖਾਏ ਜਾਂਦੇ ਨੇ, ਜੋੜ ਮੇਲੇ ਹੁੰਦੇ ਨੇ, ਕਿਸੇ ਦੀ ਤਰਫ਼ੋਂ ਲੰਗਰ ਹੁੰਦਾ ਹੈ, ਕੋਈ ਕਹਿੰਦਾ ਹੈ ਪਾਤਸ਼ਾਹ ਕੰਮ ਧੰਦਾ ਠੀਕ ਚੱਲੇ, ਕੋਈ ਤੰਦਰੁਸਤੀ ਮੰਗਦਾ ਹੈ, ਕੋਈ ਕੁਛ ਮੰਗਦਾ ਹੈ, ਕੋਈ ਕੁਛ। ਕੋਈ ਹਜ਼ਾਰਾਂ ਵਿਚੋਂ ਇਕ ਅੱਧਾ ਮਨੁੱਖ ਹੀ ਹੁੰਦਾ ਹੈ ਜੋ ਕਹਿੰਦਾ ਹੈ, 'ਪਾਤਸ਼ਾਹ, ਮੇਰੀ ਕਾਮਨਾ ਤੇਰਾ ਨਾਮ ਜਪਣਾ ਹੈ, ਮੇਰੀ ਕਾਮਨਾ ਤੇਰਾ ਰਸ ਚਾਹੁੰਦੀ ਹੈ।' ਹੁਣ ਫ਼ਰੋਲਣਾ ਆਪਣੀ ਕਾਮਨਾ ਨੂੰ, ਕਿਥੇ ਰੁਕੀ ਪਈ ਹੈ? ਕੀ ਲਭਦੀ ਪਈ ਹੈ? ਕਿਉਂਕਿ ਕਾਮਨਾ ਤੁਹਾਡੇ ਅੰਦਰ ਵਗ ਰਹੀ ਹੈ, ਮੇਰੇ ਅੰਦਰ ਵਗ ਰਹੀ ਹੈ। ਇਹ ਕਿਹੜੀ ਜਗ੍ਹਾ 'ਤੇ ਰੁਕੀ ਪਈ ਹੈ? ਹਰ ਬੰਦਾ ਆਪਣੀ ਕਾਮਨਾ ਨੂੰ ਆਪ ਪੜ੍ਹ ਸਕਦਾ ਹੈ। ਦੂਜਾ ਤੀਜਾ ਨਹੀਂ ਪੜ੍ਹ ਸਕੇਗਾ। ਇਸ ਵਾਸਤੇ ਜਦ ਅਸੀਂ ਕਹਿੰਦੇ ਹਾਂ ਨਾ, ਥਾਂ ਥਾਂ ਤੇ ਬਈ ਸਾਡਾ ਮਨ ਨਹੀਂ ਟਿਕਦਾ। ਉਸਨੂੰ ਕਹੁ, ਆਪਣਾ ਮਨ ਪੜ੍ਹ। ਆਪਣੀ ਕਾਮਨਾ ਨੂੰ ਪੜ੍ਹ। ਬਈ ਕਿਥੇ ਰੁਕੀ ਪਈ ਹੈ? ਕਿਹੜੀ ਥਾਂ 'ਤੇ ਰੁਕੀ ਪਈ ਹੈ?

ਹੋ ਸਕਦਾ ਹੈ, ਵਕਤੀ ਤੌਰ 'ਤੇ ਕਾਮਨਾ ਧਨ 'ਤੇ ਹੀ ਰੁਕੀ ਪਈ ਹੋਵੇ, ਪ੍ਰਭਤਾ 'ਤੇ ਹੀ ਰੁਕੀ ਪਈ ਹੋਵੇ, ਚੌਧਰ-ਪੁਣੇ 'ਤੇ ਹੀ ਰੁਕ ਗਈ ਹੋਵੇ।

ਲੇਕਿਨ ਇਸਤ੍ਰੀ 'ਤੇ ਰੁਕਣ ਤੋਂ ਬਾਅਦ ਇਹ ਕਾਮਨਾ ਦਾ ਵੇਗ ਹੋਰ ਅਗਾਂਹ ਵਧਦਾ ਹੈ, ਐਸਾ ਸੰਸਾਰ ਵਿਚ ਘਟ ਹੀ ਵੇਖਣ ਨੂੰ ਮਿਲਦਾ ਹੈ। ਬਹੁਤ ਹੀ ਘਟ। ਜ਼ਿੰਦਗੀ ਇਥੇ ਰੁਕ ਜਾਂਦੀ ਹੈ। ਇਸ ਵਾਸਤੇ ਭਗਤ ਰਵਿਦਾਸ ਜੀ


Sri Satguru Jagjit Singh Ji eLibrary NamdhariElibrary@gmail.com

ਨੂੰ ਕਹਿਣਾ ਪਿਆ, "ਹਮ ਕਹੀਅਤ ਕਲਿਜੁਗ ਕੇ ਕਾਮੀ॥"

ਕਾਮਨਾ ਨਾਲ ਭਰੇ ਹੋਏ ਹਾਂ। ਹੇ ਪ੍ਰਭੂ! ਇਹ ਕਾਮਨਾ ਤੇਰੇ ਤਕ ਪਹੁੰਚਦੀ ਹੀ ਨਹੀਂ, ਤੇ ਅਰਜ਼ ਕਰਦੇ ਹਾਂ ਕਿ ਕਾਮਨਾ ਨਾਲ ਭਰਿਆ ਹੋਇਆ ਮਨੁੱਖ ਧਰਮੀ ਨਹੀਂ ਹੁੰਦਾ, ਚਾਹੇ ਹਰ ਰੋਜ਼ ਗੁਰਦਵਾਰੇ ਵੀ ਆਉਂਦਾ ਹੈ। ਤੁਹਾਡੀ ਸ਼ਰਧਾ ਨੂੰ ਠੇਸ ਨਾ ਲੱਗੇ, ਕਈ ਦਫ਼ਾ ਬੜੇ ਸੰਕੋਚ ਨਾਲ ਲਫ਼ਜ਼ ਕਹਿੰਦਾ ਹਾਂ। ਖ਼ੈਰ, ਤੋ ਤੁਸੀਂ ਕਾਮਨਾ ਪੜ੍ਹਨਾ, ਕਾਮਨਾ ਧਰਮ ਦੀ ਹੈ ਜਾਂ ਪੁੱਤਰਾਂ ਦੀ, ਕਾਮਨਾ ਗੁਰਬਾਣੀ ਦੇ ਰਸ ਦੀ ਹੈ ਜਾਂ ਧਨ ਸੰਪਦਾ ਦੀ, ਕਾਮਨਾ ਪ੍ਰਭਤਾ ਦੀ ਹੈ ਜਾਂ ਨਾਮ ਧਨ ਦੀ, ਕਾਮਨਾ ਇਸਤ੍ਰੀ ਦੀ ਹੈ ਜਾਂ ਰੱਬ ਦੀ। ਇਸ ਕਾਮਨਾ ਨੂੰ ਪੜ੍ਹਨਾ। ਤੋ ਜਿਸ ਚੀਜ਼ ਦੀ ਕਾਮਨਾ ਹੈ ਮਨੁੱਖ ਉਹੀ ਚੀਜ਼ ਹੈ। ਜੇ ਧਰਮ ਦੀ ਕਾਮਨਾ ਹੀ ਕੋਈ ਨਹੀਂ, ਤੋ ਧਾਰਮਿਕ ਮੰਦਿਰ ਵਿਚ ਵੀ ਆ ਗਏ, ਪਰ ਕਾਮਨਾ ਧਨ ਦੀ ਹੈ, ਪ੍ਰਭਤਾ ਦੀ ਹੈ, ਕਾਮਨਾ ਪੁੱਤਰਾਂ ਦੀ ਹੈ, ਤੰਦਰੁਸਤੀ ਦੀ ਹੈ, ਕਾਮਨਾ ਨਾਮ ਦੀ ਨਹੀਂ ਹੈ ਤੋ ਖਿਮਾ ਕਰਨਾ, ਐਸੇ ਬੰਦੇ ਨੂੰ ਧਾਰਮਿਕ ਦੁਨੀਆ ਵਿਚ ਧਰਮੀ ਨਹੀਂ ਆਖਿਆ ਗਿਆ। ਸਾਹਿਬ ਵੀ ਕਹਿੰਦੇ ਹਨ:

**ਸੇਵਾ ਕਰਤ ਹੋਇ ਨਿਹਕਾਮੀ॥**
**ਤਿਸ ਕਉ ਹੋਤ ਪਰਾਪਤਿ ਸੁਆਮੀ॥** *(੨੮੬-੮੭)*

ਇਹ ਕਹਿਣ ਦਾ, ਸਮਝਾਣ ਦਾ ਇਕ ਢੰਗ ਹੈ। ਕਾਮਨਾ ਇਸ ਤੋਂ ਅਗਾਂਹ ਚਲਣੀ ਚਾਹੀਦੀ ਹੈ। ਨਿਹਕਾਮੀ ਤੋਂ ਮੁਰਾਦ ਹੈ ਕਾਮਨਾ ਅਗਾਂਹ ਚਲਣੀ ਚਾਹੀਦੀ ਹੈ, ਰੁਕਣੀ ਨਹੀਂ ਚਾਹੀਦੀ। ਰਸਤੇ ਵਿਚ ਰੋਕਾਂ ਨਹੀਂ ਪੈਣੀਆਂ ਚਾਹੀਦੀਆਂ। ਤੂੰ ਸੇਵਾ ਕਰੇਂ, ਕਥਾ ਕੀਰਤਨ ਕਰੇਂ, ਨਿਤਨੇਮ ਕਰੇਂ ਤੇ ਗੁਰਦਵਾਰੇ ਆਵੇਂ, ਤੇ ਕਾਮਨਾ ਤੇਰੀ ਉਹ ਹੋਵੇ ਜਿਹੜਾ ਰਸਤੇ ਦਾ ਪੜਾਅ ਹੈ। ਮੰਜ਼ਿਲ ਮਕਸੂਦ ਹੈ ਹੀ ਕੋਈ ਨਹੀਂ, ਤੋ ਕਾਮਨਾ ਆਪਣੀ ਪੜ੍ਹ ਲਿਆ ਕਰੋ। ਅੱਜ ਜੇ ਗੁਰਬਾਣੀ ਦਾ ਰਸ ਕਿਸੇ ਨੂੰ ਨਹੀਂ ਮਿਲਿਆ ਤੋ ਉਸ ਦੀ ਕਾਮਨਾ ਰਸਤੇ ਵਿਚ ਜ਼ਰੂਰ ਅਟਕੀ ਪਈ ਹੈ। ਰੁਕੀ ਭਾਵੇਂ ਵਕਤੀ ਤੌਰ 'ਤੇ ਹੋਵੇ। ਤੋ ਵੇਗ ਉਂਜ ਤੇ ਜਾਰੀ ਰਹਿੰਦਾ ਹੈ, ਕਈ ਜਨਮਾਂ ਤੋਂ ਜਾਰੀ ਹੈ। ਲੇਕਿਨ ਕਈ ਝੀਲਾਂ ਇਤਨੀਆਂ ਗਹਿਰੀਆਂ ਨੇ, ਤੇ ਦਰਿਆ ਜਦ ਉਨ੍ਹਾਂ 'ਚ ਪੈਂਦਾ ਹੈ, ਉਸ ਝੀਲ ਵਿਚੋਂ ਦਰਿਆ ਨਿਕਲੇ, ਕੁਛ ਦਿਨ ਲਗਦੇ ਹਨ, ਕੁਝ ਸਮਾਂ ਲਗਦਾ ਹੈ। ਝੀਲ ਬਹੁਤ ਵੱਡੀ ਹੁੰਦੀ ਹੈ, ਕਿਸੇ ਕਿਸੇ ਚੀਜ਼ ਦੀ ਕਾਮਨਾ ਬਹੁਤ ਵੱਡੀ ਹੁੰਦੀ ਹੈ। ਹੁਣ ਕਾਮਨਾ ਉਸ ਖੱਡ ਵਿਚ ਪੈ ਰਹੀ ਹੈ, ਕਿਸੇ ਦਿਨ ਅਗਾਂਹ ਵੀ ਵਗੇਗੀ, ਅਰ ਮਨੁੱਖ ਕਹਿ ਦੇਵੇਗਾ ਕਿ ਇਸ ਗੱਲ ਵਿਚੋਂ ਵੀ ਮੈਨੂੰ ਲਭਿਆ ਕੱਖ ਨਹੀਂ, ਤ੍ਰਿਪਤੀ ਨਹੀਂ ਹੋਈ।


Sri Satguru Jagjit Singh Ji eLibrary NamdhariElibrary@gmail.com

ਆ ਜਿਹੜੀ ਵਕਤੀ ਤੌਰ 'ਤੇ ਕੋਈ ਚੀਜ਼ ਮਿਲ ਗਈ ਹੈ, ਹੁਣ ਤ੍ਰਿਪਤ ਹੋ ਗਏ ਹਾਂ, ਹੋਰ ਕੋਈ ਕਾਮਨਾ ਨਹੀਂ ਜਾਗੇਗੀ। ਤੋ ਇਹ ਝੀਲ ਦਰਿਆ ਨੂੰ ਆਪਣੇ ਵਿਚ ਲੀਨ ਨਹੀਂ ਕਰ ਸਕਦੀ, ਸਮੁੰਦਰ ਹੀ ਲੀਨ ਕਰ ਸਕਦਾ ਹੈ। ਛਪੜਾਂ 'ਚ ਕਦੇ ਦਰਿਆ ਲੀਨ ਨਹੀਂ ਹੁੰਦੇ, ਤੇ ਛਪੜ ਵਿਚ ਕਦੇ ਦਰਿਆ ਪੈ ਵੀ ਗਿਆ ਤਾਂ ਦਰਿਆ ਨੂੰ ਅਗਾਂਹ ਵਗਣਾ ਪਵੇਗਾ। ਭਾਵ ਕੋਈ ਚੀਜ਼ ਮਿਲ ਕੇ ਜੇ ਕਾਮਨਾ ਨੂੰ ਤ੍ਰਿਪਤੀ ਮਿਲ ਵੀ ਗਈ ਹੈ ਤੇ ਵਕਤੀ ਤੌਰ 'ਤੇ ਮਿਲੀ ਹੈ, ਕਾਮਨਾ ਹੋਰ ਅਗਾਂਹ ਜਾਏਗੀ।

ਸੋ ਇਸ ਤਰੀਕੇ ਦੀ ਕਾਮਨਾ ਨਾਲ ਜੋ ਭਰਿਆ ਹੋਇਆ ਚਿਤ ਹੈ ਉਸ ਨੂੰ ਧਰਮੀ ਨਹੀਂ ਆਖਿਆ ਗਿਆ। ਇਸ ਦੀ ਵਿਆਖਿਆ ਰਾਜ-ਯੋਗੀ ਭਰਥਰੀ ਨੇ ਬੜੀ ਸੋਹਣੀ ਰੱਖੀ ਹੈ, ਤੇ ਮੈਂ ਤੁਹਾਡੇ ਸਾਹਮਣੇ ਰੱਖਾਂ, ਤਾਂਕਿ ਤੁਸੀਂ ਆਪਣੀ ਕਾਮਨਾ ਨੂੰ ਪੜ੍ਹ ਸਕੋ। ਆਪ ਨੂੰ ਪਤਾ ਹੋਵੇ ਸਿਧ ਗੋਸ਼ਟ ਵਿਚ, ਤੇ ਆਸਾ ਰਾਗ ਦੇ ਬਹੁਤ ਸਾਰੇ ਸ਼ਬਦਾਂ ਵਿਚ, ਗੁਰੂ ਨਾਨਕ ਦੇਵ ਜੀ ਨੇ, ਭਰਥਰੀ ਪ੍ਰਤੀ ਆਪਣਾ ਪਿਆਰ ਬਹੁਤ ਦਰਸਾਇਆ ਹੈ। ਬਾਕੀ ਜੋਗੀਆਂ ਨਾਲੋਂ ਜੋ ਭਰਥਰੀ ਸੀ, ਇਹ ਬਾਬੇ ਨਾਨਕ ਦਾ ਬੜਾ ਸ਼ਰਧਾਲੂ ਸੀ, ਬਹੁਤ ਸ਼ਰਧਾਲੂ ਸੀ, ਇਸ ਦੇ ਸਵਾਲਾਂ ਤੋਂ ਹੀ ਪਤਾ ਚਲਦਾ ਹੈ। ਇਸ ਨੇ ਬਾਬੇ 'ਤੇ ਬਹੁਤ ਸਵਾਲ ਕੀਤੇ ਸਨ, ਪੁਛਦਾ ਹੈ, ਬਾਬਾ ਜੀ, ਮੈਨੂੰ ਇਹ ਵੀ ਦੱਸੋ, ਉਹ ਵੀ ਦੱਸੋ, ਅਰ ਭਰਥਰੀ ਪ੍ਰਤੀ ਬਹੁਤ ਸ਼ਬਦ ਨੇ ਬਾਬੇ ਨਾਨਕ ਦੇ। ਜੈਸੇ :

**ਜਲ ਮਹਿ ਉਪਜੈ ਜਲ ਤੇ ਦੂਰਿ ॥**
**ਜਲ ਮਹਿ ਜੋਤਿ ਰਹਿਆ ਭਰਪੂਰਿ ॥** *(੪੧੧)*

**ਸੁਣਿ ਭਰਥਰਿ ਨਾਨਕੁ ਕਹੈ ਬੀਚਾਰੁ ॥**
**ਨਿਰਮਲ ਨਾਮੁ ਮੇਰਾ ਆਧਾਰੁ ॥੮॥੧॥** *(੪੧੨)*

ਆਸਾ ਰਾਗ ਦਾ ਇਹ ਸ਼ਬਦ ਹੈ। ਦੂਸਰੇ ਸ਼ਬਦ ਵਿਚ ਮਹਾਰਾਜ ਸਾਹਿਬ ਕਹਿੰਦੇ ਹਨ :

**ਸਿਫਤੀ ਰਤਾ ਸਦ ਬੈਰਾਗੀ, ਜੂਐ ਜਨਮੁ ਨ ਹਾਰੈ ॥**
**ਕਹੁ ਨਾਨਕ ਸੁਣਿ ਭਰਥਰਿ ਜੋਗੀ, ਖੀਵਾ ਅੰਮ੍ਰਿਤ ਧਾਰੈ ॥੪॥੪॥**
*(੩੬੦)*

ਇਸ ਢੰਗ ਦੀਆਂ ਜਦ ਮੈਂ ਬਹੁਤ ਸਾਰੀਆਂ ਪੰਕਤੀਆਂ, ਗੁਰੂ ਗ੍ਰੰਥ ਸਾਹਿਬ ਵਿਚ ਵੇਖੀਆਂ ਤੇ ਕੁਛ ਜੋਗੀਆਂ ਦਾ ਇਤਿਹਾਸ ਪੜ੍ਹਿਆ ਤੇ ਬਹੁਤ ਸਾਰੇ


Sri Satguru Jagjit Singh Ji eLibrary NamdhariElibrary@gmail.com

ਜੋਗੀਆਂ ਦੀ ਤਰਕ ਨੂੰ ਵੇਖਿਆ, ਅਰ ਸਾਰੇ ਜੋਗੀਆਂ ਦੀ ਸ਼ਰਧਾ ਨੂੰ ਵੀ ਵੇਖਿਆ ਤਾਂ ਉਹਨਾਂ ਵਿਚੋਂ ਭਰਥਰੀ ਕੁਝ ਜ਼ਿਆਦਾ ਹੀ ਸ਼ਰਧਾਲੂ ਜਾਪਿਆ। ਇਹ ਰਾਜਾ ਸੀ ਤੇ ਰਾਜ ਭਾਗ ਛੱਡ ਆਇਆ ਸੀ, ਧਨ ਸੰਪਦਾ ਮਹਿਲ ਮਾੜੀਆਂ ਸਭ ਕੁਛ ਛੱਡ ਆਇਆ ਸੀ। ਇਸ ਲਈ ਕਿ ਕੋਈ ਧਰਮ ਦਾ ਰਸ ਮਿਲ ਸਕੇ। ਜੋਗੀਆਂ ਦੀ ਸੰਗਤ 'ਚੋਂ ਕੋਈ ਧਰਮ ਦਾ ਰਸ ਇਸ ਨੂੰ ਮਿਲਿਆ ਨਹੀਂ ਸੀ, ਪਰ ਜੋਗ ਨਾਲ ਇਸ ਨੇ ਆਪਣੀ ਉਮਰ ਬਹੁਤ ਲੰਬੀ ਕਰ ਲਈ ਸੀ। ਇਸ ਨੇ ਪ੍ਰਾਣਾਯਾਮ ਦੀ ਵਿਧੀ ਸਿਖ ਲਈ ਤੇ ਉਸ ਨਾਲ ਸਵਾਸਾਂ ਨੂੰ ਰੋਕ ਛਡਿਆ ਸੀ। ਸਵਾਸਾਂ ਨੂੰ ਰੋਕਣਾ ਇੰਜ ਹੈ, ਜੈਸੇ ਕਿਸੇ ਬੰਦੇ ਨੇ ਧਨ ਕਮਾਇਆ ਹੋਵੇ ਤੇ ਉਸ ਨੂੰ ਫਿਰ ਜ਼ਮੀਨ ਵਿਚ ਦਬ ਦਿੱਤਾ ਹੋਵੇ, ਖ਼ਰਚ ਨਹੀਂ ਕੀਤਾ। ਸਵਾਸ ਰੋਕ ਛਡੀਏ ਤੇ ਉਮਰ ਲੰਬੀ ਹੋ ਜਾਂਦੀ ਹੈ।

ਦਰਅਸਲ ਉਮਰ ਲੰਬੀ ਨਹੀਂ ਹੋਇਆ ਕਰਦੀ, ਸਵਾਸ ਜਿਤਨੇ ਹੁੰਦੇ ਹਨ, ਉਤਨੇ ਹੀ ਹੁੰਦੇ ਨੇ, ਪਰ ਫ਼ਰਕ ਸਿਰਫ਼ ਇਤਨਾ ਹੈ ਕਿ ਜੋਗੀ ਸਵਾਸ ਰੋਕ ਛਡਦਾ ਹੈ ਤੇ ਸਾਨੂੰ ਦਿਸਦਾ ਹੈ ਬਈ ਉਮਰ ਲੰਬੀ ਹੋ ਗਈ। ਉਮਰ ਨਹੀਂ ਲੰਬੀ ਹੋਈ, ਉਮਰ ਖ਼ਰਚ ਹੀ ਨਹੀਂ ਕੀਤੀ।

ਐ ਜਿਹੜਾ ਸੰਤੋਖਸਰ ਤੀਰਥ ਹੈ ਨਾ ਅੰਮ੍ਰਿਤਸਰ ਵਿਚ। ਜਦੋਂ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਖ਼ੁਦਵਾਈ ਸ਼ੁਰੂ ਕਰਵਾਈ ਤੇ ਇਸੇ ਹੀ ਥਾਂ ਤੋਂ ਇਕ ਜੋਗੀ ਨਿਕਲਿਆ ਸੀ। ਮਟਕੇ ਦੇ ਵਿਚ ਸੀ। ਬੜੀ ਲੰਬੀ ਉਮਰ ਦਾ ਸੀ। ਮਹਾਰਾਜ ਨੇ ਆਪ ਆਖਿਆ ਹੈ ਕਿ ਇਹ ਦੁਆਪਰ ਜੁਗ ਦਾ ਬੈਠਾ ਹੈ। ਜਦ ਬਾਹਰ ਨਿਕਲਿਆ ਨਾ ਤਾਂ ਚਰਨਾਂ 'ਤੇ ਇਸ ਨੇ ਮੱਥਾ ਟੇਕਿਆ। ਕਹਿੰਦਾ, ਮੈਂ ਤੇ ਕਾਮਨਾ ਕਰ ਕੇ ਬੈਠਾ ਸੀ ਕਿ ਕੋਈ ਮੈਨੂੰ ਮਟਕੇ 'ਚੋਂ ਕਢੇਗਾ, ਤਾਂ ਹੀ ਮਟਕੇ 'ਚੋਂ ਨਿਕਲਣਾ ਹੈ, ਉਂਜ ਨਹੀਂ ਨਿਕਲਣਾ। ਇਹ ਕਾਮਨਾ ਕਰ ਕੇ ਬੈਠਾ ਸੀ, ਸਵਾਸਾਂ ਨੂੰ ਰੋਕ ਕੇ। ਅਰ ਬੈਠਾ ਵੀ ਦੁਆਪਰ ਜੁਗ ਦਾ ਸੀ। ਇਸ ਯੋਗੀ ਦੇ ਨਾਂ 'ਤੇ ਹੀ ਸੰਤੋਖਸਰ ਸਰੋਵਰ ਅਜ ਵੀ ਮੌਜੂਦ ਹੈ। ਤੇ ਖ਼ੈਰ.....

ਭਰਥਰੀ ਨੇ ਵੀ ਉਮਰ ਬਹੁਤ ਲੰਬੀ ਕਰ ਲਈ ਸੀ, ਪਰ ਉਸ ਨੂੰ ਲਭਿਆ ਕੁਛ ਨਹੀਂ, ਤੇ ਇਹ ਬਾਬੇ ਨਾਨਕ ਤੋਂ ਪੁਛਦਾ ਹੈ ਕਿ ਮੇਰੀ ਕਾਮਨਾ ਅਗਾਂਹ ਜਾ ਸਕੇ, ਪ੍ਰਭੂ ਦੇ ਦੇਸ਼ ਤਕ ਜਾ ਸਕੇ, ਕੋਈ ਐਸਾ ਸੰਦੇਸ਼ ਤੇ ਉਪਦੇਸ਼ ਦਿਓ।

ਭਰਥਰੀ ਦਾ ਵੈਰਾਗ ਸ਼ਤਕ ਗਰੰਥ ਪੜ੍ਹਨ ਤੋਂ ਬਾਅਦ ਇਹ ਵੀ ਪਤਾ ਚਲਦਾ ਹੈ ਕਿ ਇਸ ਨੇ ਆਪਣੀ ਕਾਮਨਾ ਦਾ ਬਹੁਤ ਅਛੇ ਢੰਗ ਨਾਲ ਮੁਤਾਲਿਆ ਕੀਤਾ ਸੀ, ਅਰ ਕਹਿੰਦੇ ਹਨ ਕਿ ਮਨੁੱਖ ਕੀ ਹੈ ? ਜੋ ਉਸਦੀ ਕਾਮਨਾ ਹੈ, ਹੋਰ ਕੁਛ ਨਹੀਂ। ਆਪਣੀ ਕਾਮਨਾ ਨੂੰ ਵੇਖੋ ਕਿ ਇਹ ਕਾਮਨਾ ਕਿਸ ਚੀਜ਼ ਦੀ ਹੈ ?


Sri Satguru Jagjit Singh Ji eLibrary NamdhariElibrary@gmail.com

ਬੰਦਾ ਉਹੀ ਕੁਝ ਹੈ, ਹੋਰ ਕੁਛ ਨਹੀਂ। ਬੰਦਾ ਜੋ ਕੁਛ ਦਿਸਦਾ ਪਿਆ ਹੈ ਉਹ ਨਹੀਂ ਹੈ, ਬੰਦਾ ਉਹ ਹੈ ਜੋ ਬੰਦੇ ਦੀ ਕਾਮਨਾ ਹੈ। ਅਸੀਂ ਬੰਦੇ ਨੂੰ ਪੜ੍ਹਦੇ ਹਾਂ, ਉਸ ਦੇ ਰੂਪ ਰੰਗ ਨੂੰ, ਬਾਹਰਲੀ ਵੇਸ਼ ਭੂਸ਼ਾ ਨਾਲ। ਤੇ ਧਰਮੀ ਪੁਰਸ਼ ਪੜ੍ਹਦੇ ਨੇ ਬੰਦੇ ਦੀ ਕਾਮਨਾ ਨੂੰ। ਤੇ ਕਾਮਨਾ ਤੋਂ ਹੀ ਪਤਾ ਚਲ ਜਾਂਦਾ ਹੈ ਕਿ ਇਹ ਧਰਮੀ ਹੈ ਵੀ ਕਿ ਨਹੀਂ।

ਕਈ ਬੰਦੇ ਪੁਛਦੇ ਹਨ ਕਿ ਮੂਲ-ਮੰਤਰ ਕਿਹੜਾ ਹੈ ਜੀ ? ਇਹ ਕਿਵੇਂ ਜਪੀਏ ਜੀ, ਤੋ ਉਹ ਜਪਣ ਵਾਸਤੇ ਨਹੀਂ ਪੁਛਦੇ, ਕਾਮਨਾ ਉਹਨਾਂ ਦੀ ਰਸਤੇ ਵਿਚ ਹੀ ਰੁਕੀ ਪਈ ਹੈ, ਬਈ ਅਜਿਹਾ ਗੁਰ-ਮੰਤਰ ਦੱਸੋ ਜਿਹਦੇ ਨਾਲ ਕੰਮ ਧੰਦਾ ਚਲ ਜਾਏ, ਰੋਗ ਚਲਾ ਜਾਏ, ਪੁੱਤਰ ਮਿਲ ਜਾਣ, ਕੋਈ ਮੁਕੱਦਮਾ ਜਿਤ ਲਈਏ। ਤੋ ਕਾਮਨਾ ਤੋਂ ਪਤਾ ਚਲਦਾ ਹੈ ਕਿ ਮਨੁੱਖ ਕਿਥੇ ਖੜਾ ਹੈ ?

ਭਰਥਰੀ ਨੇ ਆਪਣੀ ਕਾਮਨਾ ਦਾ ਬਹੁਤ ਅੱਛਾ ਅਧਿਐਨ ਕੀਤਾ ਹੈ। ਉਹ ਕਹਿੰਦਾ ਹੈ ਕਿ ਮੈਨੂੰ ਅਗਰ ਡੋਬਿਆ ਹੈ ਤਾਂ ਇਸ ਕਾਮਨਾ ਨੇ, ਪਾਰ ਹੋਣ ਹੀ ਨਹੀਂ ਦਿੱਤਾ। ਈਸ਼ਵਰ ਦੇ ਦਰ ਤਕ ਪਹੁੰਚਣ ਹੀ ਨਹੀਂ ਦਿੱਤਾ। ਕਾਮਨਾ ਮੈਂ ਕਰਦਾ ਹਾਂ, ਚੀਜ਼ ਮਿਲ ਗਈ, ਪਰ ਕਾਮਨਾ ਹੋਰ ਜਾਗ ਪੈਂਦੀ ਹੈ। ਹੁਣ ਇਹ ਰਾਜਾ ਸੀ ਤੇ ਰਾਜਾ ਹੁੰਦਿਆਂ ਹੋਇਆਂ ਵੀ ਕਾਮਨਾ ਜਾਗੇ, ਤੋ ਕਹਿਣਾ ਪਏਗਾ ਕਿ ਕਾਮਨਾ ਨੂੰ ਤ੍ਰਿਪਤ ਕਰਨਾ ਬੜੀ ਔਖੀ ਗੱਲ ਹੈ, ਤੋ ਇਹਦਾ ਮਤਲਬ ਹੈ ਕਿ ਇਸਦਾ ਕੇਂਦਰ ਕੋਈ ਹੋਰ ਹੈ, ਇਸ ਨੂੰ ਸਮਝਣਾ ਚਾਹੀਦਾ ਹੈ, ਪੜ੍ਹਨਾ ਚਾਹੀਦਾ ਹੈ।

ਭਰਥਰੀ ਬੜਾ ਸਿਆਣਾ ਸੀ। ਉਹਨੇ ਆਪਣੀ ਕਾਮਨਾ ਨੂੰ ਪੜ੍ਹਿਆ ਹੈ, ਕਿ ਕਿਉਂ ਨਹੀਂ ਤ੍ਰਿਪਤ ਹੁੰਦੀ ? ਇਹ ਸੰਤੁਸ਼ਟੀ ਕਿਉਂ ਨਹੀਂ ਮਿਲ ਰਹੀ ? ਜਿਤਨੀ ਦੇਰ ਤਕ ਕਿਸੇ ਵਸਤੂ ਨੂੰ ਉਸ ਦਾ ਕੇਂਦਰ ਨਹੀਂ ਮਿਲਦਾ ਤਾਂ ਉਹ ਚੀਜ਼ ਭਟਕਦੀ ਰਹਿੰਦੀ ਹੈ। ਤੋ ਜੈਸੇ ਪਾਣੀ ਦਾ ਕੇਂਦਰ ਸਾਗਰ ਹੈ ਤੋ ਆਤਮਾ ਦਾ ਕੇਂਦਰ ਪਰਮਾਤਮਾ ਹੈ। ਜੇ ਨਾ ਮਿਲੇ ਤਾਂ ਭਟਕਦੀ ਰਹਿੰਦੀ ਹੈ। ਗੱਲ ਰਸਤੇ 'ਚ ਜਿਉਂ ਅਟਕੀ ਪਈ ਹੈ ਤੋ ਇਹ ਭਟਕਣਾ ਰਹੇਗੀ।

ਤੋ ਭਰਥਰੀ ਦਾ ਸਵੈਯਾ ਜੋ ਕਾਮਨਾ ਪ੍ਰਤੀ ਹੈ ਉਹ ਮੈਂ ਤੁਹਾਡੇ ਸਾਹਮਣੇ ਰਖਾਂ ਤਾਂਕਿ ਪਤਾ ਚਲ ਸਕੇ ਕਿ ਕੀਰਤਨ ਦਾ ਰਸ ਕਿਉਂ ਨਹੀਂ ਆਇਆ, ਕਿਉਂਕਿ ਕਾਮਨਾ ਕੀਰਤਨ ਤਕ ਪਹੁੰਚੀ ਨਹੀਂ। ਰਸਤੇ 'ਚ ਹੀ ਰੁਕੀ ਪਈ ਐ। ਬਾਣੀ ਵੀ ਪੜ੍ਹਦਾ ਹੈ, ਪਰ ਕਿਸੇ ਹੋਰ ਗੱਲ ਵਾਸਤੇ। ਗੁਰਦਵਾਰੇ ਵੀ ਆ ਰਿਹਾ ਹੈ, ਪਰ ਕਿਸੇ ਹੋਰ ਚੀਜ਼ ਵਾਸਤੇ। ਤੋ ਭਗਤ ਕਬੀਰ ਜੀ ਨੇ ਠੀਕ ਹੀ ਕਿਹਾ ਹੈ ਕਿ ਲੋਕਾਂ ਨੇ ਰੱਬ ਨੂੰ ਖਿਲੌਣਾ ਹੀ ਸਮਝਿਆ ਹੈ :


Sri Satguru Jagjit Singh Ji eLibrary NamdhariElibrary@gmail.com

ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥
ਲੋਗਨ ਰਾਮੁ ਖਿਲਉਨਾ ਜਾਨਾਂ ॥੧॥ (੧੧੫੮)

ਤੇ ਭਰਥਰੀ ਗੱਲ ਇਥੋਂ ਅਰੰਭ ਕਰਦਾ ਹੈ:

**ਆਸਾ ਨਾਮ ਸਰੀ, ਮਨੋ ਰਾਜ ਨੀਰ ਭਰੀ,**
**ਤ੍ਰਿਸ਼ਨਾ ਤਰੰਗ ਖੜੀ, ਬਿਆਕੁਲੀ ਗੰਭੀਰ ਹੈ।**

ਕਹਿੰਦਾ ਹੈ ਮੇਰੇ ਹਿਰਦੇ ਵਿਚ ਇਕ ਕਾਮਨਾ ਦੀ ਨਦੀ ਉਠੀ ਹੈ। ਦਰਿਆਵਾਂ 'ਚੋਂ ਪਾਣੀ ਦੇ ਝਰਨੇ ਨਿਕਲਦੇ ਨੇ, ਮਨੁੱਖ ਦੇ ਅੰਤਿਸ਼ਕਰਣ 'ਚੋਂ ਕਾਮਨਾ ਦੇ ਝਰਨੇ ਨਿਕਲਦੇ ਨੇ। ਐਸਾ ਕੋਈ ਵੀ ਸੰਸਾਰ ਵਿਚ ਬੰਦਾ ਨਹੀਂ, ਜਿਸ ਵਿਚ ਕਾਮਨਾ ਨਹੀਂ। ਅਵਤਾਰਾਂ ਵਿਚ ਵੀ ਹੈ, ਰੱਬ ਦੇ ਮਿਲਣ ਦੀ। "ਪੂਰਨ ਹੋਇ ਹਮਾਰੀ ਆਸਾ" ਦੀ ਇੱਛਾ ਹੈ ? "ਤੋਰ ਭਜਨ ਕੀ ਰਹੈ ਪਿਆਸਾ" ਤੇਰੇ ਭਜਨ ਦੀ ਪਿਆਸ ਬਣੀ ਰਵੇ, ਤੇਰੇ ਭਜਨ ਦਾ ਰਸ ਬਣਿਆ ਰਵੇ। ਇਹ ਕਾਮਨਾ ਉਹ ਹੈ ਜੋ ਆਪਣੇ ਕੇਂਦਰ ਵਿਚ ਲੀਨ ਹੋਣਾ ਚਾਹੁੰਦੀ ਹੈ ਜਾਂ ਹੋ ਗਈ ਹੈ। ਬਾਕੀ ਕਾਮਨਾਂ ਇੰਜ ਨੇ ਜਿਵੇਂ ਰਸਤੇ 'ਚ ਪਈਆਂ ਭਟਕਦੀਆਂ ਨੇ, ਤੇ ਰਸਤੇ 'ਚ ਭਟਕਣ ਨਾਲ ਤ੍ਰਿਪਤੀ ਨਹੀਂ ਹੈ, ਸ਼ਾਂਤੀ ਨਹੀਂ ਹੈ। ਇਸ ਵਾਸਤੇ ਪੁੱਤਰਾਂ ਵਾਲੇ ਪਾਸ਼, ਧਨ ਵਾਲੇ ਪਾਸ, ਰਾਜ ਪਾਟ ਵਾਲੇ ਪਾਸ ਕਦੇ ਵੀ ਸ਼ਾਂਤੀ ਨਹੀਂ ਹੋਵੇਗੀ। ਕਿਉਂਕਿ ਸ਼ਾਂਤੀ ਦਾ ਕੇਂਦਰ ਪਰਮਾਤਮਾ ਹੈ, ਤੇ ਇਹਦੀ ਕਾਮਨਾ ਰਸਤੇ 'ਚ ਹੀ ਰੁਕੀ ਪਈ ਹੈ। ਅਗਾਂਹ ਜਾ ਹੀ ਨਹੀਂ ਰਹੀ।

ਤੇ ਭਰਥਰੀ ਕਹਿੰਦੇ ਨੇ, ਇਹ ਜਿਹੜਾ ਮਨੁੱਖ ਦਾ ਅੰਤਿਸ਼ਕਰਣ ਹੈ, ਇਸ ਵਿਚੋਂ ਉਠਦੀ ਹੈ ਕਾਮਨਾ। ਤੇ ਮੈਂ ਇਕ ਗੱਲ ਨੂੰ ਬਾਰ ਬਾਰ ਨਾ ਦੋਹਰਾਵਾਂ, ਜਦ ਵੀ ਗੁਟਕਾ ਤੁਹਾਡੇ ਹੱਥ ਵਿਚ ਹੋਵੇ ਤੇ ਕਾਮਨਾ ਪੜ੍ਹਨੀ ਸ਼ੁਰੂ ਕਰੋ ਅੰਦਰੋਂ, ਤੇ ਕਾਮਨਾ ਗੁਟਕੇ ਅੰਦਰ ਜਾ ਰਹੀ ਹੈ ਕਿ ਕਿਸੇ ਹੋਰ ਥਾਂ ਰੁਕੀ ਹੋਈ ਹੈ, ਇਹ ਕਾਮਨਾ ਨਿਤਨੇਮ ਤਕ ਜਾ ਰਹੀ ਹੈ ਜਾਂ ਕਿਸੇ ਹੋਰ ਥਾਂ ਜਾ ਰਹੀ ਹੈ। ਭਰਥਰੀ ਕਹਿੰਦੇ ਹਨ ਅੰਦਰੋਂ ਇਕ ਚਾਹਤ ਜਾਗਦੀ ਹੈ, ਇੱਛਾ ਜਾਗਦੀ ਹੈ। ਇੱਛਾ ਦੀ ਨਦੀ, ਵੇਗ ਚਲ ਪੈਂਦਾ ਹੈ। ਪਾਣੀ ਨੂੰ ਆਪਣੀ ਰਵਾਨੀ ਕਾਇਮ ਰੱਖਣ ਵਾਸਤੇ ਪਾਣੀ ਚਾਹੀਦਾ ਹੈ। ਤੇ ਆਸ਼ਾ ਨੂੰ ਕਾਇਮ ਰੱਖਣ ਵਾਸਤੇ ਪਹਿਲਾਂ ਆਸ਼ਾ ਚਾਹੀਦੀ ਹੈ। ਕਾਮਨਾ ਨੂੰ ਅਗਾਂਹ ਆਪਣੀ ਰਵਾਨੀ ਕਾਇਮ ਰਖਣ ਵਾਸਤੇ ਪਿਛੇ ਵੀ ਕਾਮਨਾ ਚਾਹੀਦੀ ਹੈ। ਅਗਰ ਇਕੋ ਹੀ ਕਾਮਨਾ ਹੋਵੇ ਨਾ ਬੰਦੇ ਦੇ ਅੰਦਰ, ਤੇ ਹੋਰ ਕਾਮਨਾਵਾਂ ਨਾ ਹੋਣ, ਤਾਂ ਇਥੇ ਹੀ ਕਾਮਨਾ ਖ਼ਤਮ ਹੋ ਜਾਂਦੀ ਹੈ। ਕਾਮਨਾ ਖ਼ਤਮ ਹੋ ਗਈ ਤੇ ਮਨੁੱਖ ਨਿਸ਼ਕਾਮ ਹੋ ਜਾਂਦਾ ਹੈ। ਪਰ ਨਹੀਂ, ਪਾਣੀ ਨੂੰ ਵਗਣ ਵਾਸਤੇ ਹੋਰ ਪਾਣੀ


Sri Satguru Jagjit Singh Ji eLibrary NamdhariElibrary@gmail.com

ਚਾਹੀਦਾ ਹੈ, ਕਾਮਨਾ ਨੂੰ ਚਲਣ ਵਾਸਤੇ ਹੋਰ ਕਾਮਨਾ ਚਾਹੀਦੀ ਹੈ। ਤੇ ਐਸਾ ਸਮਝ ਲਵੋ ਕਿ ਮਨੁੱਖ ਦੀ ਕਾਮਨਾ ਨਹੀਂ ਗਿਣੀ ਜਾ ਸਕਦੀ।

ਉਰਦੂ ਦਾ ਮਹਾਨ ਸ਼ਾਇਰ ਉਸਤਾਦ ਜ਼ੌਕ ਇੰਜ ਕਹਿੰਦਾ ਹੈ, 'ਹਜ਼ਾਰੋਂ ਖ਼ਵਾਹਸ਼ੇਂ ਸਾਥ ਲੇਕਰ ਦਮ ਨਿਕਲਤਾ ਹੈ।' ਤੇ ਕਹਿੰਦਾ ਹੈ ਆਖ਼ਰੀ ਸਮੇਂ ਜਦੋਂ ਦਮ ਨਿਕਲਦੇ ਹੈਨ ਤੇ ਖ਼ਾਲੀ ਨਹੀਂ, ਇਕ ਸਵਾਸ ਤੇ ਪਤਾ ਨਹੀਂ ਕਿਤਨੀਆਂ ਖ਼ਵਾਹਿਸ਼ਾਂ ਬੈਠੀਆਂ ਹਨ। ਇਕ ਇਕ ਦਮ ਉਤੇ ਪਤਾ ਨਹੀਂ ਕਿਤਨੀਆਂ ਕਾਮਨਾਵਾਂ ਬੈਠੀਆਂ ਹਨ, ਜੋ ਪੂਰੀਆਂ ਨਹੀਂ ਹੋ ਸਕੀਆਂ। ਅਜ ਸਵਾਸ ਨਿਕਲੇ ਨੇ ਤੇ ਇਹਨਾਂ ਨੂੰ ਵੀ ਨਿਕਲਣਾ ਪਿਆ। ਇਸ ਵਾਸਤੇ ਅਸੀਂ ਕਹਿ ਦਿੰਦੇ ਹਾਂ ਕਿ ਬਈ ਬੰਦਾ ਪੂਰਾ ਹੋ ਗਿਆ, ਅੰਦਰ ਕੋਈ ਕਾਮਨਾ ਨਹੀਂ ਰਹੀ, ਪੂਰਾ ਹੋ ਗਿਆ। ਬਈ ਹੱਦ ਹੋ ਗਈ, ਜਿਹੜਾ ਜਿਉਂਦੇ-ਜੀਅ ਪੂਰਾ ਨਹੀਂ ਹੋ ਸਕਿਆ, ਮਰ ਕੇ ਕਿਵੇਂ ਪੂਰਾ ਹੋ ਗਿਆ ? ਉਹ ਜਿਹੜੀਆਂ ਅਧੂਰੀਆਂ ਕਾਮਨਾਵਾਂ ਸਨ, ਉਹ ਜਦੋਂ ਸਵਾਸ ਨਿਕਲੇ, ਉਹਨਾਂ ਵਿਚਾਰੀਆਂ ਨੂੰ ਵੀ ਨਿਕਲਣਾ ਪਿਆ। ਉਹ ਕਹਿੰਦਾ ਹੈ ਇੰਜ ਨਾ ਸਮਝੋ ਕਿ ਬੰਦੇ ਦੇ ਸਵਾਸ ਪਏ ਨਿਕਲਦੇ ਨੇ, ਨਹੀਂ ਬੰਦੇ ਦੀਆਂ ਕਾਮਨਾਵਾਂ ਨਿਕਲ ਰਹੀਆਂ ਹਨ।

ਜਿਤਨੇ ਦਰਿਆ ਨੇ ਉਤਨੇ ਹੀ ਉਹਨਾਂ ਦੇ ਨਾਮ ਹਨ। ਜਿਵੇਂ ਗੰਗਾ, ਜਮਨਾ, ਬਿਆਸ, ਸਤਲੁਜ ਆਦਿ। ਇਸ ਪ੍ਰਕਾਰ ਮਨੁੱਖਾਂ ਅੰਦਰ ਇਹ ਜਿਹੜੀ ਨਦੀ ਵਗਦੀ ਹੈ ਨਾ, ਉਸ ਦਾ ਨਾਮ ਧਰਮੀ ਪੁਰਸ਼ਾਂ ਨੇ ਰਖਿਆ ਹੈ ਕਾਮਨਾ ਦੀ ਨਦੀ, ਇੱਛਾ ਦੀ ਨਦੀ, ਆਸਾ ਦੀ ਨਦੀ। ਬਾਬੇ ਨਾਨਕ ਦਾ ਕਹਿਣਾ ਏ, "ਆਸਾ ਵਿਚਿ ਅਤਿ ਦੁਖੁ ਘਣਾ, ਮਨਮੁਖਿ ਚਿਤੁ ਲਾਇਆ" ਅਗਰ ਕੋਈ ਵੀ ਕਾਮਨਾ ਰੱਖ ਕੇ ਆ ਰਹੇ ਹਾਂ ਤਾਂ ਬਾਬੇ ਦਾ ਇਹ ਬਚਨ ਹੈ ਕਿ 'ਮਨਮੁਖ ਨੂੰ ਯਥਾਰਥ ਗਿਆਨ ਨਹੀਂ ਹੈ' ਅਗਰ ਨਮਾਜ਼ ਪੜ੍ਹਨ ਵਾਸਤੇ ਇਹ ਲਾਲਚ ਦਿੱਤਾ ਜਾਏ ਕਿ ਤੈਨੂੰ ਅੰਗੂਰੀ ਸ਼ਰਾਬ ਮਿਲੇਗੀ, ਤੈਨੂੰ ਹੂਰਾਂ ਮਿਲਣਗੀਆਂ, ਪੜ੍ਹ ਤੂੰ ਨਮਾਜ਼ ਸਿਰਫ਼ ਇਸ ਵਾਸਤੇ। ਦੂਰ ਦ੍ਰਿਸ਼ਟ ਬੜੇ ਸਨ ਮੁਹੰਮਦ ਸਾਹਿਬ। ਬਈ ਬੁਧੂ ਲੋਕ ਅਰਬ ਦੇ ਅਨ੍ਹਪੜ੍ਹ। ਤਲਵਾਰ ਦੀ ਗੱਲ ਕਰਦੇ ਹਨ, ਦੂਜੀ ਗੱਲ ਹੀ ਨਹੀਂ ਕਰਦੇ ਤੇ ਮੈਂ ਇਹਨਾਂ ਨੂੰ ਆਖਾਂ ਬਈ ਬੰਦਗੀ ਕਰੋ, ਨਾਮ ਦਾ ਰਸ ਤੁਹਾਨੂੰ ਮਿਲੇਗਾ, ਤੇ ਨਾਮ ਦੇ ਰਸ ਵਾਸਤੇ ਕਿਸ ਨੇ ਪੜ੍ਹਨੀ ਹੈ ਨਮਾਜ਼, ਕਿਸ ਨੇ ਚਲਣਾ ਹੈ ਇਸ ਮਾਰਗ 'ਤੇ ? ਅਕਸਰ ਨਮਾਜ਼ ਪੜ੍ਹਨਗੇ। ਕੋਈ ਖ਼ਵਾਹਿਸ਼ਾਂ ਰਹਿਣਗੀਆਂ ਨਹੀਂ ਅੰਦਰ, ਬੰਦਾ ਕਿਥੇ ਨਮਾਜ਼ ਪੜ੍ਹੇਗਾ। ਬੰਦਾ ਤਾਂ ਨਮਾਜ਼ ਤਾਂ ਹੀ ਪੜ੍ਹੇਗਾ ਜੇ ਕਹਾਂਗੇ ਬਈ ਤੇਰੀਆਂ ਖ਼ਵਾਹਿਸ਼ਾਂ ਪੂਰੀਆਂ ਹੋਣਗੀਆਂ ਤਾਂ ਪੜ੍ਹਨੀ ਹੈ। ਜੇ ਕਹੀਏ ਕੋਈ ਖ਼ਵਾਹਿਸ਼ ਰਹੇਗੀ ਹੀ ਨਹੀਂ, ਤਾਂ ਕਿਸ ਨੇ ਗੁਰਦਵਾਰੇ ਜਾਣਾ


Sri Satguru Jagjit Singh Ji eLibrary NamdhariElibrary@gmail.com

ਹੈ ? ਗੁਰਬਾਣੀ ਪੜ੍ਹ ਕੇ ਕੀ ਕਰਨੀ ਹੈ ? ਇਸ ਕਰਕੇ ਮੁਹੰਮਦ ਸਾਹਿਬ ਨੇ ਕਹਿ ਦਿੱਤਾ, ਬਈ ਨਮਾਜ਼ ਪੜ੍ਹੋਗੇ ਤੇ ਇਹ ਮਿਲੇਗਾ, ਉਹ ਮਿਲੇਗਾ। ਮਤਾਂ ਨਮਾਜ਼ ਪੜ੍ਹਦਿਆਂ ਇਹਨਾਂ ਨੂੰ ਸਵਾਦ ਆ ਜਾਏ, ਮਤਾਂ ਅੱਲਾ ਅੱਲਾ ਆਖਦਿਆਂ ਕਿਸੇ ਦਿਨ ਅੱਲਾ ਦਾ ਹੀ ਰਸ ਮਿਲ ਜਾਏ ਤੇ ਇਹਨਾਂ ਹਜ਼ਾਰਾਂ ਵਿਚ ਮਤਾਂ ਕੋਈ ਆਦਮੀ ਹੀ ਪੈਦਾ ਹੋ ਜਾਏ ਤੇ ਬਥੇਰਿਆਂ ਨੂੰ ਜ਼ਿੰਦਗੀ ਦੇ ਦੇਵੇਗਾ।

ਜਦ ਕੋਈ ਵੀ ਸੰਤ ਤੁਹਾਨੂੰ ਇਹ ਆਖੇ ਨਾ, ਬਈ ਮੈਂ ਇੱਛਾ ਪੂਰੀ ਕਰ ਦਿਆਂਗਾ, ਤੁਸੀਂ ਮੇਰੇ ਕੋਲ ਆਓ। ਜੋ ਇੱਛਾ ਹੈ ਨਾ, ਉਸ ਇੱਛਾ ਨਾਲ ਜੋ ਸਾਡੀ ਸੁਰਤੀ ਜੁੜੀ ਹੋਈ ਹੈ ਉਸਦੇ ਨਾਲ ਹੀ ਆਪਣੇ ਆਪ ਨੂੰ ਪੜ੍ਹਨ ਦੀ ਕੋਸ਼ਿਸ਼ ਕਰਨੀ, ਬਈ ਅਸੀਂ ਧਰਮੀ ਹਾਂ ਜਾਂ ਅਸੀਂ ਸੰਸਾਰੀ ਹਾਂ। ਇੱਛਾ ਸੰਸਾਰ ਦੀ ਹੈ ਜਾਂ ਕਿ ਨਿਰੰਕਾਰ ਦੀ ਹੈ। ਇੱਛਾ ਪਰਮਾਤਮਾ ਦੀ ਹੈ ਜਾਂ ਜਗਤ ਦੀ ਹੈ। ਪਰ ਬਾਬੇ ਨਾਨਕ ਨੇ ਸਿੱਧਾ ਹੀ ਕਹਿ ਦਿੱਤਾ, ਲੋਭ ਲਾਲਚ ਨਹੀਂ ਦਿੱਤਾ :

**ਆਸਾ ਵਿਚਿ ਅਤਿ ਦੁਖੁ ਘਣਾ, ਮਨਮੁਖਿ ਚਿਤੁ ਲਾਇਆ ॥** *(੧੨੪੯)*

ਕਹਿੰਦੇ ਨੇ, ਮਨਮੁਖਾਂ ਦੇ ਅੰਦਰ ਹੀ ਆਸ਼ਾ ਹੈ। ਕਿਉਂ ? ਜੇ ਆਸ਼ਾ ਪੂਰੀ ਹੋ ਜਾਏ ਤਾਂ ਵੀ ਦੁਖ, ਜੇ ਨਾ ਹੋਵੇ ਤਾਂ ਵੀ ਦੁਖ। ਹੁਣ ਤੁਸੀਂ ਆਖੋਗੇ ਕਿ ਆਸ਼ਾ ਪੂਰੀ ਹੋ ਜਾਏ ਤਾਂ ਕੀ ਦੁਖ ? ਜ਼ਿੰਦਗੀ ਵਿਚ ਜਿਹੜੇ ਸਫਲ ਹੋ ਜਾਂਦੇ ਨੇ ਉਹ ਵੀ ਮੈਂ ਦੁਖੀ ਵੇਖੇ ਨੇ, ਤੇ ਜਿਹੜੇ ਅਸਫਲ ਹੋ ਜਾਂਦੇ ਨੇ ਉਹ ਤੇ ਦੁਖੀ ਹੈਨ ਹੀ। ਇਹਦਾ ਮਤਲਬ ਫਿਰ ਸੁਖ ਕਿਥੇ ? ਇਕ ਬੰਦਾ ਆਪਣੀ ਜ਼ਿੰਦਗੀ ਵਿਚ ਸਫਲ ਹੋ ਗਿਆ ਹੈ, ਉਹ ਵੀ ਬੇਚੈਨ ਹੈ ਤੇ ਜਿਹੜਾ ਅਸਫਲ ਹੈ ਉਹ ਵੀ ਬੇਚੈਨ। ਤੇ ਫਿਰ ਸੁਖ ਸ਼ਾਂਤੀ ਕਿਤੇ ਹੋਰ ਹੈ ? ਤੇ ਉਸ ਦਾ ਅਜੇ ਬੰਦੇ ਨੂੰ ਪਤਾ ਨਹੀਂ, ਮਨੁੱਖ ਨੂੰ ਅਜੇ ਉਸ ਦਾ ਬੋਧ ਨਹੀਂ, ਇਸ ਵਾਸਤੇ ਬਾਬਾ ਨਾਨਕ ਕਹਿੰਦੇ ਨੇ :

**ਆਸਾ ਵਿਚਿ ਅਤਿ ਦੁਖੁ ਘਣਾ, ਮਨਮੁਖਿ ਚਿਤੁ ਲਾਇਆ ॥**
**ਗੁਰਮੁਖਿ ਭਏ ਨਿਰਾਸ ਪਰਮ ਸੁਖੁ ਪਾਇਆ ॥੩੧॥** *(੧੨੪੯)*

ਗੁਰਮੁਖ ਕੰਮ ਧੰਦਾ ਤੇ ਕਰ ਰਿਹਾ ਹੈ ਸੰਸਾਰ ਦਾ, ਪਰ ਮਨ ਵਿਚ ਆਸ਼ਾ ਕੋਈ ਨਹੀਂ। ਕਿਸੇ ਕੰਮ ਦਾ ਫਲ ਮਿਲੇ, ਇਹ ਇੱਛਾ ਨਹੀਂ, ਪਰ ਫਿਰ ਵੀ ਕਰਮ ਕਰੀ ਜਾ ਰਿਹਾ ਹੈ। ਤੇ ਖ਼ੈਰ.....

ਭਰਥਰੀ ਕਹਿੰਦੇ ਨੇ, ਆਸ਼ਾ ਦੀ ਨਦੀ ਮੇਰੇ ਅੰਦਰੋਂ ਚਲੀ ਹੈ। "ਆਸਾ ਨਾਮ ਸਰੀ, ਮਨੋ ਰਾਜ ਨੀਰ ਭਰੀ।" ਇਹ ਤੇ ਆਸ਼ਾ ਜਾਗ ਪਈ ਹੈ। ਉਹ ਇਹ ਕਿ ਆਸ਼ਾ ਪੂਰੀ ਹੋਣੀ ਚਾਹੀਦੀ ਹੈ ਤੇ 'ਤ੍ਰਿਸ਼ਨਾ ਤਰੰਗ ਖੜੀ ਬਿਆਕੁਲੀ ਗੰਭੀਰ ਹੈ।' ਇਸ ਨਦੀ ਵਿਚ ਤਰੰਗ ਵੀ ਹੈਨ, ਆਸ਼ਾ ਤੇ ਸੰਕਲਪ ਵੀ ਹੈ।


Sri Satguru Jagjit Singh Ji eLibrary NamdhariElibrary@gmail.com

ਜੇ ਨਾ ਪੂਰੀ ਹੋਵੇ ਤੇ ਮੈਂ ਜੀਵਣਾ ਹੀ ਨਹੀਂ। ਤੇ ਫਿਰ ਤ੍ਰਿਸ਼ਨਾ ਦੀਆਂ ਲਹਿਰਾਂ ਵੀ ਹੈਨ।

ਤੋ ਫਿਰ ਇਹ ਆਸ਼ਾ ਨਦੀ ਕਿਤਨੀ ਗਹਿਰੀ ਹੈ, ਕਿਉਂਕਿ ਇਹ ਨਦੀ ਅੰਦਰ ਹੈ ਤੇ ਇਸ ਦੇ ਨਾਪਣ ਦਾ ਤਰੀਕਾ ਵੀ ਅਲੱਗ ਹੈ। ਕਾਮਨਾ ਦੀ ਨਦੀ ਦੀ ਗਹਿਰਾਈ ਹੈ, 'ਵਿਆਕੁਲਤਾ'। ਜਿਥੇ ਆਸ਼ਾ ਹੈ ਉਥੇ ਸੰਕਲਪ ਹੈ ਤੇ ਜਿਥੇ ਸੰਕਲਪ ਹੈ ਉਥੇ ਤ੍ਰਿਸ਼ਨਾ ਵੀ ਹੈ, ਤੇ ਜਿਥੇ ਤ੍ਰਿਸ਼ਨਾ ਹੈ ਉਥੇ ਵਿਆਕੁਲਤਾ ਵੀ ਹੈ। ਵਿਆਕੁਲਤਾ ਦਾ ਮਤਲਬ ਹੈ ਸਭ ਕੁਛ ਹੁੰਦਿਆਂ ਹੋਇਆਂ ਵੀ ਬੇਚੈਨ ਹੈ, ਪਰ ਪਤਾ ਨਹੀਂ ਕਿਉਂ ਹੈ? "ਧੀਰਜ ਕੋ ਪਰਹਾਰੀ, ਬੁਧ ਨਾਵ ਕੋ ਨਿਵਾਰੀ, ਭਵ ਸਿੰਧ ਗਤਵਾਰੀ, ਬਿਪਤਾ ਸਮੀਰ ਹੈ।"

ਇਸ ਨਦੀ ਕਿਨਾਰੇ ਬੈਠਾ ਮੈਂ ਪਾਰ ਹੋਣ ਦੀਆਂ ਸੋਚਾਂ ਸੋਚ ਰਿਹਾ ਹਾਂ। ਕਾਮਨਾ ਨੂੰ ਖ਼ਤਮ ਕਰਨ ਦੀਆਂ ਸੋਚਾਂ ਸੋਚ ਰਿਹਾ ਹਾਂ। ਇਸ ਨਦੀ ਤੋਂ ਮੈਂ ਪਾਰ ਬੈਠਾ ਹਾਂ, ਉਹ ਪਿਆਰਾ ਜਿਸ ਨੂੰ ਮੈਂ ਮਿਲਣਾ ਹੈ, ਜਿਸ ਦੇ ਦਰਸ਼ਨ ਕਰਨੇ ਹਨ, ਉਹ ਪਰਲੇ ਪਾਰ ਹੈ। ਭਰਥਰੀ ਕਹਿੰਦਾ ਹੈ, ਮੈਂ ਇਕ ਦਰੱਖ਼ਤ ਹੇਠ ਬੈਠ ਕੇ, ਪਾਰ ਹੋਣ ਦੀ ਸੋਚ ਰਿਹਾ ਹਾਂ, ਤੇ ਦਰਖ਼ਤ ਕੀ ਹੈ? ਧੀਰਜ, ਸਬਰ। ਤੇ ਭਰਥਰੀ ਕਹਿੰਦੇ ਨੇ, ਜੇ ਕਾਮਨਾ ਦਾ ਵੇਗ ਤਿੱਖਾ ਹੋ ਜਾਏ ਤਾਂ ਸਬਰ ਵੀ ਨਹੀਂ ਰਹੇਗਾ। "ਧੀਰਜ ਕੋ ਪਰਹਾਰੀ"। ਆਸ਼ਾ ਦੀ ਨਦੀ ਵਿਚ ਜੇ ਸੰਕਲਪ ਦਾ ਪਾਣੀ ਵਧ ਜਾਏ, ਤ੍ਰਿਸ਼ਨਾ ਦੀਆਂ ਲਹਿਰਾਂ ਵਧ ਜਾਣ, ਅਰ ਵਿਆਕੁਲਤਾ ਦੀ ਗਹਿਰਾਈ ਵਧ ਜਾਏ ਤੇ ਸਬਰ ਨਹੀਂ ਰਹੇਗਾ। ਬਹੁਤ ਵੱਡਿਆਂ ਵੱਡਿਆਂ ਹਾਦਸਿਆਂ ਵਿਚ ਸਬਰ ਰੱਖਣਾ ਤਾਂ ਬਹੁਤ ਔਖੀ ਗੱਲ ਹੈ। ਮੈਂ ਵੇਖਿਆ ਹੈ ਜੇ ਲੰਗਰ ਵੀ ਵਰਤਦਾ ਹੋਵੇ ਤਾਂ ਬੰਦਾ ਇਥੇ ਵੀ ਸਬਰ ਨਹੀਂ ਵਿਖਾਂਦਾ। ਬਈ ਕਮ ਸੇ ਕਮ ਦੋ ਮਿੰਟ ਬਾਅਦ ਵਿਚ ਮਿਲ ਜੂ, ਫੇਰ ਕੀ ਹਰਜ ਹੈ? ਇਥੇ ਵੀ ਬੇਸਬਰੀ ਹੋ ਜਾਂਦੀ ਹੈ।

**ਸਬਰੁ ਏਹੁ ਸੁਆਉ, ਜੇ ਤੂੰ ਬੰਦਾ ਦਿੜੁ ਕਰਹਿ॥**
**ਵਧਿ ਥੀਵਹਿ ਦਰੀਆਉ, ਟੁਟਿ ਨ ਥੀਵਹਿ ਵਾਹੜਾ॥੧੧੭॥** *(੧੩੮੪)*

ਭਗਤੀ ਦਾ ਇਕ ਬਹੁਤ ਵੱਡਾ ਅੰਗ ਮੰਨਿਆ ਗਿਆ ਹੈ—ਸਬਰ। ਤੇ ਜਿਹੜਾ ਬੰਦਾ ਬੇਸਬਰਾ ਹੋਵੇ, ਸਬਰ ਹੋਵੇ ਹੀ ਨਾ, ਸਮਝ ਲੈਣਾ ਵਿਆਕੁਲ ਹੈ। ਵਿਆਕੁਲ ਇਸ ਵਾਸਤੇ ਹੈ ਕਿ ਤ੍ਰਿਸ਼ਨਾ ਹੈ। ਤ੍ਰਿਸ਼ਨਾ ਇਸ ਵਾਸਤੇ ਹੈ ਕਿ ਬੜੇ ਸੰਕਲਪ ਨੇ। ਅਰ ਸੰਕਲਪ ਇਸ ਵਾਸਤੇ ਨੇ ਕਿ ਕਾਮਨਾ ਬੜੀ ਪ੍ਰਬਲ ਹੈ।

ਭਰਥਰੀ ਕਹਿੰਦਾ ਹੈ ਕਿ ਜਿਸ ਦਰੱਖ਼ਤ ਹੇਠ ਬੈਠ ਕੇ ਮੈਂ ਸੋਚ ਰਿਹਾ ਸੀ


Sri Satguru Jagjit Singh Ji eLibrary NamdhariElibrary@gmail.com

ਪਾਰ ਹੋਣ ਲਈ, ਉਹ ਦਰੱਖ਼ਤ ਹੀ ਨਹੀਂ ਰਿਹਾ, ਬੇਸਬਰੀ ਹੋ ਗਈ। "ਬੁਧ ਨਾਵ ਕੋ ਨਿਵਾਰੀ।" ਭਰਥਰੀ ਕਹਿੰਦੇ ਨੇ, ਇਕ ਨੌਕਾ ਸੀ ਮੇਰੇ ਕੋਲ ਬੁਧੀ ਦੀ, ਸੋਚਿਆ ਸੀ ਕਿ ਉਸ ਵਿਚ ਬੈਠ ਕੇ ਪਾਰ ਹੋਵਾਂਗਾ, ਭਾਵ ਸੋਚਾਂਗਾ ਕਿ ਕਾਮਨਾ ਕਿਉਂ ਹੈ ? ਤ੍ਰਿਸ਼ਨਾ ਕਿਉਂ ਹੈ ? ਬੇ-ਸਬਰੀ ਕਿਉਂ ਹੈ ? ਮੈਂ ਆਪਣੇ ਦਿਮਾਗ਼ ਤੋਂ ਕੰਮ ਲਵਾਂਗਾ ਤੇ ਇਹਨਾਂ ਸਾਰੀਆਂ ਗੱਲਾਂ ਨੂੰ ਕੱਢ ਦੇਵਾਂਗਾ, ਪਰ ਇਹ ਨੌਕਾ ਹੀ ਡੁਬ ਗਈ। ਇੰਨਾ ਪਾਣੀ ਵਧ ਗਿਆ ਹੈ ਕਾਮਨਾ ਦਾ ਨਦੀ ਵਿਚ, ਤ੍ਰਿਸ਼ਨਾ ਇਤਨੀ ਪ੍ਰਬਲ ਹੋ ਗਈ ਹੈ, ਵਿਆਕੁਲਤਾ ਇਤਨੀ ਗਹਿਰੀ ਹੋ ਗਈ ਹੈ ਕਿ ਨੌਕਾ ਹੀ ਡੁਬ ਗਈ ਹੈ। ਕਾਮਨਾ 'ਚ ਗ੍ਰਸੇ ਹੋਏ ਬੰਦੇ ਵਿਚ, ਬਹੁਤੇ ਵਿਆਕੁਲ ਬੰਦੇ ਪਾਸ ਦਿਮਾਗ਼ ਨਹੀਂ ਹੁੰਦਾ। ਬਹੁਤ ਕਾਮਨਾ 'ਚ ਗ੍ਰਸਿਆ ਹੋਇਆ ਮਨੁੱਖ ਆਪਣੇ ਦਿਮਾਗ਼ ਤੋਂ ਕੰਮ ਨਹੀਂ ਲੈ ਸਕਦਾ। ਬੇੜੀ ਤਾਂ ਸੀ, ਪਰ ਡੁਬ ਚੁਕੀ ਹੈ।

ਸੰਸਾਰੀ ਆਪਣੇ ਗੁਣ ਹਥੇਲੀ 'ਤੇ ਰੱਖਦੇ ਹਨ, ਤੇ ਸੰਤ ਆਪਣੇ ਔਗੁਣ, ਤੇ ਜਿਹੜੀ ਚੀਜ਼ ਸਾਹਮਣੇ ਹੁੰਦੀ ਹੈ ਉਹ ਲੁੱਟੀ ਜਾਂਦੀ ਹੈ। ਭਰਥਰੀ ਆਪਣੀਆਂ ਕਮਜ਼ੋਰੀਆਂ ਨੂੰ ਸਾਹਮਣੇ ਰੱਖ ਰਿਹਾ ਹੈ।

ਤੇ ਇਸ ਨਦੀ 'ਤੇ ਹੁਣ ਹਵਾ ਚਲਦੀ ਪਈ ਹੈ ਬਿਪਤਾ ਦੀ। ਬਿਪਤਾ ਕਿਥੇ ਹੁੰਦੀ ਹੈ ਜਿਥੇ ਬੁਧੀ ਕੰਮ ਹੀ ਨਾ ਕਰੇ, ਜਿਥੇ ਦਿਮਾਗ਼ ਕੰਮ ਹੀ ਨਾ ਕਰੇ, ਉਥੇ ਸਿਵਾਏ ਪਰੇਸ਼ਾਨੀਆਂ ਤੋਂ ਹੋਰ ਕੀ ਹੋਣਾ ਹੈ ?

ਫਿਰ ਇਸ ਨਦੀ ਦੇ ਕੰਢੇ 'ਤੇ ਬਗਲੇ ਵੀ ਬੜੇ ਹਨ। ਨਦੀ 'ਚ ਮਛਲੀਆਂ ਵੀ ਹਨ ਤੇ ਕਿਨਾਰੇ 'ਤੇ ਬਗਲੇ ਵੀ। "ਮਦ ਨਾਦਿ ਖਗ ਭੀਰ, ਰਾਗ ਦ੍ਵੈਖ ਗ੍ਰਾਹਿ ਗੀਰ, ਮੋਹ ਚਕ੍ਰ ਯਾਂ ਕੋ ਨੀਰ ਜਾਰੇ ਵਾਂ ਕੋ ਸੀਰ ਹੈ।"

ਕਹਿੰਦਾ ਹੈ, ਇਹ ਜੋ ਕਾਮਨਾ ਦੀ ਨਦੀ ਹੈ, ਇਹਦੇ ਕਿਨਾਰੇ 'ਤੇ ਕਾਮ, ਕ੍ਰੋਧ ਇਹ ਦੋ ਬਗਲੇ ਬੈਠੇ ਆਪਣੀਆਂ ਮੱਛੀਆਂ ਲੱਭ ਰਹੇ ਨੇ। ਬਹੁਤ ਸਾਰੇ ਔਗੁਣਾਂ ਦਾ ਇਕੱਠ ਉਥੇ ਹੋ ਜਾਂਦਾ ਹੈ ਜਿਥੇ ਦਿਮਾਗ਼ ਕੰਮ ਹੀ ਨਾ ਕਰੇ।

"ਰਾਗ ਦ੍ਵੈਖ ਗ੍ਰਾਹਿ ਗੀਰ" ਨੌਕਾ ਤੇ ਡੁਬ ਗਈ ਹੈ, ਸੋਚਿਆ ਚਲੋ ਉਂਜ ਹੀ ਤਰ ਕੇ ਪਾਰ ਹੋਈਏ। ਦਿਮਾਗ਼, ਮਤਿ ਜੇ ਕੰਮ ਨਹੀਂ ਕਰਦੀ ਤਾਂ ਚਲੋ ਉਂਜ ਹੀ ਵਾਹਿਗੁਰੂ ਵਾਹਿਗੁਰੂ ਕਰੀ ਜਾਈਏ। ਉਂਜ ਹੀ ਪਰਮਾਤਮਾ ਦਾ ਨਾਮ ਜਪੀਏ ਤੇ ਪਾਰ ਹੋ ਜਾਈਏ। ਭਰਥਰੀ ਕਹਿੰਦਾ ਹੈ, ਮੈਂ ਇੰਜ ਤਰਨ ਦੀ ਕੋਸ਼ਿਸ਼ ਕੀਤੀ। ਜੇ ਵਿਚਾਰ ਕੇ ਸੋਚ ਕੇ ਨਾਮ ਨਹੀਂ ਜਪਣਾ ਤਾਂ ਚਲੋ ਉਂਜ ਹੀ ਸਹੀ।

**ਉਰ ਧਾਰਿ ਬੀਚਾਰਿ ਮੁਰਾਰਿ ਰਮੋ ਰਮੁ, ਮਨਮੋਹਨ ਨਾਮੁ ਜਪੀਨੇ ॥** *(੬੬੮)*

ਨਾਮ ਸੋਚ ਕੇ ਜਪ, ਤੇ ਖ਼ੈਰ ਜਦ ਵੀ ਮੈਂ ਇੰਜ ਪਾਰ ਹੋਣ ਦੀ ਕੋਸ਼ਿਸ਼


Sri Satguru Jagjit Singh Ji eLibrary NamdhariElibrary@gmail.com

ਕੀਤੀ ਤਾਂ ਦੋ ਮਗਰਮੱਛ ਆ ਗਏ। 'ਰਾਗ ਤੇ ਦਵੈਖ਼'। ਜਦੋਂ ਉਹ ਐਨ ਸਾਬਤ ਹੀ ਨਿਗਲਣ ਨੂੰ ਤਿਆਰ ਹੋ ਗਏ ਤਾਂ ਭਰਥਰੀ ਕਹਿੰਦੈ, ਮੈਂ ਉਰਾਂ ਹੀ ਆ ਗਿਆ। ਰਾਗ ਦਵੈਖ ਕਈ ਵਾਰ ਪੈਦਾ ਹੋ ਜਾਂਦੀ ਹੈ। ਉਂਜ ਵਾਹਿਗੁਰੂ ਆਖਦਿਆਂ ਵੀ ਕਈ ਵਾਰ ਦਵੈਖ ਪੈਦਾ ਹੋ ਜਾਂਦੀ ਹੈ। ਫਿਰ ਦੁਬਿਧਾ ਖੜੀ ਹੋ ਜਾਂਦੀ ਹੈ। ਜਦੋਂ ਬੰਦਾ ਬੰਦੇ ਨਾਲ ਲੜਦਾ ਹੈ ਨਾ, ਤਾਂ ਅਸੀਂ ਗੁਰਦਵਾਰਾ ਵੀ ਗੁਰਦਵਾਰੇ ਨਾਲ ਲੜਾ ਕੇ ਰੱਖ ਦਿੰਦੇ ਹਾਂ। ਉਹ ਦੁਬਿਧਾ ਹੀ ਤੇ ਹੁੰਦੀ ਹੈ ਸਾਰੀ ਗੱਲ। ਬਈ ਅਸੀਂ ਤਾਂ ਲੜਦੇ ਹੀ ਹਾਂ, ਗੁਰੂ ਨੂੰ ਕਿਉਂ ਨਾ ਲੜਾਈਏ ? ਹੁਣ ਉਹਨਾਂ ਨੂੰ ਕੌਣ ਦੱਸੇ ਬਈ ਗੁਰੂ ਕਿਸ ਤਰ੍ਹਾਂ ਲੜੇਗਾ ? ਕਹਿੰਦੇ ਨੇ ਜਿਵੇਂ ਗੁਰਦਵਾਰੇ ਲੜਦੇ ਨੇ ਤੇ ਸਭ ਕੁਛ ਰਾਗ ਦਵੈਖ ਤੋਂ ਹੀ ਪੈਦਾ ਹੁੰਦਾ ਹੈ।

ਭਰਥਰੀ ਕਹਿੰਦਾ ਹੈ ਕਿ ਮੈਂ ਰੱਬ ਦਾ ਨਾਮ ਤੇ ਲਿਆ, ਪਰ ਪਾਰ ਨਾ ਹੋ ਸਕਿਆ। ਆਹ ਦੋ ਮਗਰਮੱਛ ਆ ਗਏ ਨੇ ਮੈਨੂੰ ਨਿਗਲਣ ਵਾਸਤੇ। ਜੇ ਮੈਂ ਇਨ੍ਹਾਂ ਤੋਂ ਬਚਣ ਦੀ ਕੋਸ਼ਿਸ਼ ਨਾ ਕਰਦਾ ਤਾਂ ਫਿਰ ਅਗੇ ਘੁੰਮਣ-ਘੇਰੀ ਸੀ, "ਮੋਹ ਚਕਰ ਯਾਂ ਕੋ ਨੀਰ।" ਬੰਦਾ ਜੇ ਘੁੰਮਣ-ਘੇਰੀ 'ਚ ਫਸ ਜਾਏ ਤਾਂ ਫਿਰ ਬਾਹਰ ਨਹੀਂ ਨਿਕਲ ਸਕਦਾ। ਉਦੋਂ ਹੀ ਬਾਹਰ ਆਉਂਦਾ ਹੈ ਜਦੋਂ ਮਰ ਜਾਏ। ਮਰਿਆ ਹੋਇਆ ਬੰਦਾ ਹੀ ਤੈਰਦਾ ਹੈ।

ਭਾਈ ਗੁਰਦਾਸ ਜੀ ਨੇ ਕਿਹਾ ਹੈ "ਮੁਰਦੇ ਵਾਂਗ ਮੁਰੀਦ ਹੋਇ" ਬਈ ਮੁਰਦੇ ਵਾਂਗ ਮੁਰੀਦ ਬਣ ਜਾਓ, ਜੇ ਤੈਰਨਾ ਹੀ ਹੈ। ਬੰਦਾ ਜੀਂਵਦਾ ਕਿਉਂ ਡੁਬਦਾ ਹੈ ? ਅੰਦਰ ਬੋਝ ਬੜਾ ਹੈ ਕਾਮ, ਕ੍ਰੋਧ, ਲੋਭ, ਮੋਹ, ਤ੍ਰਿਸ਼ਨਾ ਆਦਿ ਦਾ, ਇਹ ਬੰਦਾ ਮਰਿਆ ਪਿਆ ਹੈ। ਮਨੁੱਖ ਨੇ ਬਹੁਤ ਕੁਛ ਨਾਪ ਲਿਆ ਹੈ, ਚੰਦ ਸੂਰਜ ਨਾਪ ਲਏ ਨੇ, ਪਰ ਕਾਮਨਾ ਦੀ ਬੁਲੰਦੀ ਨਹੀਂ ਨਾਪੀ ਗਈ ਤੇ ਜਿਉਂ ਸਵਾਸ ਨਿਕਲਦੇ ਨੇ, ਤਿਉਂ ਕਾਮਨਾ ਵੀ ਨਿਕਲਦੀ ਹੈ ਤੇ ਬੰਦਾ ਹੌਲਾ ਹੋ ਜਾਂਦਾ ਹੈ। ਤੇ ਪਾਣੀ ਵੀ ਫਿਰ ਕਹਿੰਦਾ ਹੈ ਹੌਲੇ ਬੰਦੇ ਨੂੰ ਕੀ ਡੋਬਣਾ, ਭਾਰੀ ਨੂੰ ਹੀ ਡੋਬਿਆ ਜਾਵੇ।

ਤੇ ਇਸ ਕਾਮਨਾ ਦੀ ਨਦੀ ਵਿਚ ਘੁੰਮਣ-ਘੇਰੀ ਹੈ 'ਮੋਹ' ਦੀ। ਤੇ ਮੋਹ ਦੇ ਚੱਕਰ ਵਿਚ ਇਕ ਵਾਰ ਬੰਦਾ ਫਸ ਜਾਏ ਨਾ, ਤਾਂ ਨਿਕਲ ਨਹੀਂ ਸਕਦਾ। ਇਸ 'ਚੋਂ ਨਿਕਲਣਾ ਬਹੁਤ ਔਖਾ ਹੈ।

**ਮੋਹ ਚਕ੍ਰ ਯਾਂ ਕੋ ਨੀਰ, ਜਾਰੇ ਵਾਂ ਕੋ ਸੀਰ ਹੈ॥**

ਭਰਥਰੀ ਕਹਿੰਦੈ, ਬਈ ਉਂਜ ਕਿਸੇ ਨਦੀ 'ਚ ਇਸ਼ਨਾਨ ਕਰੀਏ ਤਾਂ ਮੈਲ ਲਹਿ ਜਾਂਦੀ ਹੈ, ਪਰ ਜੇ ਕਾਮਨਾ ਦੀ ਨਦੀ ਵਿਚ ਵੜ ਜਾਈਏ ਤਾਂ ਅੱਗ ਲਗ


Sri Satguru Jagjit Singh Ji eLibrary NamdhariElibrary@gmail.com

ਉਠਦੀ ਹੈ, ਤੇ ਪਿੰਡਾ ਮੈਲਾ ਹੋ ਜਾਂਦਾ ਹੈ। ਕਾਮਨਾ ਵਿਚ ਗ੍ਰਸੇ ਹੋਏ ਮਨੁੱਖ ਦਾ ਤਨ ਬੜਾ ਮੈਲਾ ਹੁੰਦਾ ਹੈ। ਧਰਮ ਤਾਂ ਐਸਾ ਵੀ ਕਹਿੰਦਾ ਹੈ ਕਿ ਜੇ ਬਹੁਤ ਸਾਰੀਆਂ ਕਾਮਨਾਵਾਂ ਇਕੱਠੀਆਂ ਹੋ ਜਾਵਣ ਮਨੁੱਖ ਦੇ ਸਰੀਰ ਅੰਦਰ ਤਾਂ ਸਰੀਰ ਵਿਚੋਂ ਵੀ ਬਦਬੂ ਆਣ ਲਗ ਜਾਂਦੀ ਹੈ। ਅਰ ਉਸ ਪਾਸ ਬੈਠਣਾ ਔਖਾ ਹੋ ਜਾਂਦਾ ਹੈ। ਅੰਦਰ ਕਾਮਨਾਵਾਂ ਸੜ ਰਹੀਆਂ ਨੇ, ਤੇ ਸੜ੍ਹਾਨ ਬਾਹਰ ਨਿਕਲ ਰਹੀ ਹੈ। ਅਜੇ ਸਾਇੰਸ ਇਥੇ ਨਹੀਂ ਪਹੁੰਚੀ। "ਜਾਰੇ ਵਾਂ ਕੋ ਸੀਰ ਹੈ" ਉਹ ਕਹਿੰਦਾ ਹੈ ਕਿ ਇਸ ਪ੍ਰਕਾਰ ਦੀ ਨਦੀ ਮੇਰੇ ਅੰਦਰੋਂ ਚਲ ਰਹੀ ਹੈ।

**ਉਚੇ ਚਿੰਤਾ ਤਟ ਜਾਂ ਤੇ ਤਰਣੀ ਕਠਿਨ**
**ਭੋਗੀ ਤਾਂ ਮੋਂ ਬਹੇ, ਯੋਗੀ ਬਹੇ ਪਾਰ ਤੀਰ ਹੈ ॥੧੯॥** *(ਧਿਆਇ ੬)*

ਕਾਮਨਾ ਨਦੀ ਦੇ ਜੋ ਕਿਨਾਰੇ ਹਨ ਉਹ ਬਹੁਤ ਉਚੇ ਹਨ। ਭਿਅੰਕਰ ਚਿੰਤਾ, ਬੜੀ ਉਚੀ ਚਿੰਤਾ ਜੋ ਹੈ ਉਹ ਕਿਨਾਰੇ ਨੇ ਇਸ ਨਦੀ ਦੇ। ਮੇਰੇ ਵਰਗੇ ਪੁਰਸ਼ ਇਸ ਕਾਮਨਾ ਦੀ ਨਦੀ ਵਿਚ ਡੁਬ ਰਹੇ ਨੇ ਤੇ ਕੋਈ ਵਿਰਲਾ ਹੀ ਬੰਦਾ ਇਸ ਕਾਮਨਾ ਦੀ ਨਦੀ ਤੋਂ ਪਾਰ ਹੋ ਕੇ ਅਨੰਦ ਮਾਣ ਰਿਹਾ ਹੈ।

ਤੇ ਜਿਥੇ ਕਾਮਨਾ ਹੁੰਦੀ ਹੈ, ਉਥੇ ਸੰਕਲਪ ਹੁੰਦੇ ਨੇ। ਤੇ ਜਿਥੇ ਸੰਕਲਪ ਹੋਵਣ, ਉਥੇ ਤ੍ਰਿਸ਼ਨਾ ਹੁੰਦੀ ਹੈ। ਜਿਥੇ ਤ੍ਰਿਸ਼ਨਾ ਹੋਵੇ, ਉਥੇ ਵਿਆਕੁਲਤਾ ਹੁੰਦੀ ਹੈ। ਤੇ ਜਿਥੇ ਵਿਆਕੁਲਤਾ ਹੋਵੇ, ਉਥੇ ਬੇਸਬਰੀ ਹੁੰਦੀ ਹੈ। ਤੇ ਜਿਸ ਵਿਚ ਬੇਸਬਰੀ ਹੋਵੇ ਉਸ ਬੰਦੇ ਦਾ ਦਿਮਾਗ਼ ਕੰਮ ਹੀ ਨਹੀਂ ਕਰਦਾ, ਉਸ ਵਿਚ ਮਤਿ ਹੁੰਦੀ ਹੀ ਨਹੀਂ। ਤੇ ਜਿਸ ਬੰਦੇ ਪਾਸ ਮਤਿ ਹੀ ਨਾ ਹੋਵੇ, ਉਥੇ ਬਿਪਤਾ ਜ਼ਰੂਰ ਹੋਵੇਗੀ। ਤੇ ਜਿਹੜਾ ਬੰਦਾ ਬਿਪਤਾ ਵਿਚ ਹੈ ਉਹ ਖਿਝੀ ਹੋਈ ਤਬੀਅਤ ਦਾ, ਚਿੜਚਿੜੇ ਸੁਭਾਵ ਦਾ ਜ਼ਰੂਰ ਹੋਵੇਗਾ। ਉਸ ਵਿਚ ਕ੍ਰੋਧ ਹੋਵੇਗਾ। ਤੇ ਜਿਥੇ ਕ੍ਰੋਧ ਹੋਵੇਗਾ ਉਥੇ ਰਾਗ ਤੇ ਦਵੈਖ ਹੈ, ਉਥੇ ਮੋਹ ਹੋਵੇਗਾ। ਜਿਥੇ ਮੋਹ ਹੈ, ਉਥੇ ਚਿੰਤਾ ਹੋਵੇਗੀ। ਤੇ ਜਿਥੇ ਚਿੰਤਾ ਹੈ, ਭਰਥਰੀ ਕਹਿੰਦੇ ਨੇ ਉਥੇ ਜਨਮ ਤੇ ਮਰਨ ਹੈ। ਉਸ ਕਾਮਨਾ ਦੇ ਪਰਵਾਹ ਵਿਚ ਜਨਮ ਤੇ ਮਰਨ ਦਾ ਪਰਵਾਹ ਵੀ ਚਲਦਾ ਰਹੇਗਾ। ਇਹ ਵੇਗ ਚਲਦਾ ਹੀ ਰਹੇਗਾ, ਤੇ ਪਰਮਾਤਮਾ ਦਾ ਮਿਲਾਪ ਨਸੀਬ ਨਹੀਂ ਹੋ ਸਕੇਗਾ। ਪਰਮਾਤਮਾ ਦਾ ਮਿਲਾਪ ਉਸ ਵਕਤ ਹੀ ਨਸੀਬ ਹੋ ਸਕੇਗਾ, ਜਦੋਂ ਕਾਮਨਾ ਦਾ ਵੇਗ ਖ਼ਤਮ ਹੋਵੇਗਾ।

ਜਾਂ ਤੇ ਇਹ ਵਗਦਾ ਹੋਇਆ ਦਰਿਆ ਸਮੁੰਦਰ ਵਿਚ ਲੀਨ ਹੋਵੇ ਤੇ ਜਾਂ ਫਿਰ ਜਿਥੋਂ ਇਹ ਨਿਕਲ ਰਿਹਾ ਹੈ, ਉਥੋਂ ਨਿਕਲਣਾ ਹੀ ਬੰਦ ਹੋਵੇ। ਬੱਸ, ਇਹੀ ਦੋ ਤਰੀਕੇ ਨੇ ਮੁਕਤ ਹੋਣ ਦੇ।


Sri Satguru Jagjit Singh Ji eLibrary NamdhariElibrary@gmail.com

# ਜੋਰੁ ਨ ਜੀਵਣਿ ਮਰਣਿ ਨਹ ਜੋਰੁ

ਜਨਮ ਕੀ ਹੈ ? ਮੌਤ ਕੀ ਹੈ ? ਤੇ ਜੀਵਨ ਕੀ ਹੈ ? ਅਗਰ ਮਨੁੱਖ ਨੂੰ ਇਨ੍ਹਾਂ ਤਿੰਨਾਂ ਦੀ ਸਮਝ ਪੈ ਜਾਏ ਤੇ ਫਿਰ ਜ਼ਿੰਦਗੀ ਮੁਕੰਮਲ ਹੋ ਜਾਂਦੀ ਹੈ।

ਬਹੁਤ ਸਾਰੇ ਮਨੁੱਖਾਂ ਨੂੰ ਨਾ ਜਨਮ ਦਾ ਪਤਾ ਹੈ, ਤੇ ਨਾ ਹੀ ਜੀਵਨ ਦਾ, ਅਤੇ ਨਾ ਹੀ ਮੌਤ ਦਾ ਪਤਾ ਹੈ। ਸਤਿਸੰਗਤ ਦਾ, ਗੁਰਦਵਾਰੇ ਆਣ ਦਾ, ਬਸ ਇੰਨਾ ਹੀ ਮਤਲਬ ਹੈ, ਕਿ ਐ ਮਨੁੱਖ ! ਤੇਰੀ ਜ਼ਿੰਦਗੀ 'ਚ ਏਹ ਜਿਹੜੀਆਂ ਘਟਨਾਵਾਂ ਘਟਦੀਆਂ ਨੇ, ਇਹਨਾਂ ਦਾ ਤੈਨੂੰ ਬੋਧ ਹੋਵੇ, ਇਹਨਾਂ ਦਾ ਤੈਨੂੰ ਗਿਆਨ ਹੋਵੇ।

ਇਕ ਪੰਕਤੀ ਹੈ ਜਪੁਜੀ ਸਾਹਿਬ ਦੀ "ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥"

ਅਸੀਂ ਆਪਣੀ ਮਰਜ਼ੀ ਦੇ ਮੁਤਾਬਕ ਜਨਮ ਨਹੀਂ ਲੈਂਦੇ। ਇਹ ਚੋਣ ਸਾਡੇ ਉਤੇ ਨਹੀਂ ਹੈ। ਜੈਸੇ ਅਸੀਂ ਕੋਈ ਮਕਾਨ ਬਨਾਣਾ ਹੋਵੇ, ਤੇ ਮਕਾਨ ਤੋਂ ਅਸੀਂ ਪੁਛਦੇ ਨਹੀਂ ਕਿ ਬਈ ਤੂੰ ਬਣਨਾ ਵੀ ਚਾਹੁੰਦਾ ਹੈਂ ਯਾ ਨਹੀਂ। ਬਿਨਾਂ ਪੁਛੇ ਬਣਾ ਲੈਂਦੇ ਹਾਂ। ਤੇ ਜੇ ਉਸ ਨੂੰ ਢਾਣਾ ਹੋਵੇ ਤੇ ਅਸੀਂ ਨਹੀਂ ਪੁਛਦੇ ਕਿ ਬਈ ਐ ਮਕਾਨ, ਅਸੀਂ ਤੈਨੂੰ ਢਾਣ ਲਗੇ ਹਾਂ, ਤੂੰ ਢਹਿਣਾ ਵੀ ਚਾਹੁੰਦਾ ਹੈਂ ਯਾ ਨਹੀਂ, ਨਹੀਂ ਪੁਛਦੇ। ਢਾਹ ਛਡਦੇ ਹਾਂ, ਤੇ ਬਣਾ ਛਡਦੇ ਹਾਂ। ਇਸੇ ਤਰੀਕੇ ਨਾਲ ਪਰਮਾਤਮਾ ਸਾਥੋਂ ਪੁਛਦਾ ਨਹੀਂ, ਬਈ ਤੂੰ ਜੰਮਣਾ ਵੀ ਚਾਹੁੰਦਾ ਹੈਂ ਯਾ ਨਹੀਂ ? ਨਹੀਂ ਪੁਛਦਾ। ਤੇ ਇਹ ਵੀ ਨਹੀਂ ਪੁਛਦਾ ਕਿ ਬਈ ਤੂੰ ਮਰਣਾ ਵੀ ਚਾਹੁੰਦਾ ਹੈਂ ਯਾ ਨਹੀਂ। ਤੇ ਅਸੀਂ ਆਪਣੀ ਮਰਜ਼ੀ ਦੇ ਮੁਤਾਬਕ ਜੂਨ ਵੀ ਨਹੀਂ ਚੁਣਦੇ :

**ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥**

ਕਹਿੰਦੇ ਨੇ, ਜੀਵਨ ਮਨੁੱਖ ਦੇ ਕੋਲ ਹੈ, ਜਨਮ ਤੇ ਮਰਨ ਮਨੁੱਖ ਦੇ ਕੋਲ ਨਹੀਂ ! ਜਨਮ ਤੇ ਮਰਨ ਦੀ ਘਟਨਾ ਪਰਮਾਤਮਾ ਦੇ ਕੋਲ ਹੈ, ਪਰ ਜੀਵਨ ਦੀ ਗੱਲ ਰੱਬ ਨੇ ਸਾਨੂੰ ਦਿੱਤੀ ਹੈ। ਬਈ ਜੀਵਣਾ ਤੂੰ ਕੈਸੇ ਹੈ, ਚੋਣ ਕਰ ਲੈ। ਤੇਰੀ ਮਰਜ਼ੀ ਹੈ। ਲੇਕਿਨ ਜਨਮ ਤੇ ਮਰਨ ਵਿਚ ਤੇਰੀ ਮਰਜ਼ੀ ਨਹੀਂ।


Sri Satguru Jagjit Singh Ji eLibrary NamdhariElibrary@gmail.com

ਜੀਵਨ ਕਿਥੇ ਹੈ ? ਕੀ ਹੈ ? ਜਨਮ ਤੇ ਮਰਨ ਦੇ ਵਿਚਕਾਰ ਦਾ ਸਫ਼ਰ ਜੀਵਨ ਹੈ। ਤੇ ਮਨੁੱਖ ਨੂੰ ਸੁਤੰਤਰਤਾ ਪਰੀਪੂਰਨ ਪਰਮਾਤਮਾ ਨੇ ਦੇ ਦਿੱਤੀ ਹੈ।

ਵੇਖੋ, ਗੰਨੇ ਵਿਚ ਮਿਠਾਸ ਰੱਬ ਨੇ ਪਾ ਦਿੱਤੀ ਹੈ, ਰਸ ਪਾ ਦਿੱਤਾ ਹੈ। ਪਰ ਇਹ ਸਾਡੀ ਮਰਜ਼ੀ ਹੈ ਕਿ ਉਹਦੀ ਸ਼ਕਰ ਬਨਾਣੀ ਹੈ ਕਿ ਉਹਦਾ ਗੁੜ ਬਨਾਣਾ ਹੈ, ਜਾਂ ਉਹਦੀ ਸ਼ਰਾਬ ਬਨਾਣੀ ਹੈ। ਇਹ ਸਾਡੀ ਇੱਛਾ ਹੈ। ਅੰਗੂਰਾਂ ਵਿਚ ਰਸ ਹੈ, ਸਾਡੀ ਮਰਜ਼ੀ ਹੈ ਕਿ ਉਹਦਾ ਗੁਲੋਕੋਜ਼ ਬਨਾਣਾ ਹੈ ਜਾਂ ਸ਼ਰਾਬ ਬਨਾਣੀ ਹੈ। ਅੰਗੂਰ ਨਹੀਂ ਕਹਿੰਦੇ, ਬਈ ਸ਼ਰਾਬ ਬਣਾਓ ਜਾਂ ਗੁਲੋਕੋਜ਼। ਕਿਸ ਢੰਗ ਨਾਲ ਅਸੀਂ ਅੰਗੂਰਾਂ ਦਾ ਇਸਤੇਮਾਲ ਕਰਨਾ ਹੈ ਤੇ ਕਿਸ ਢੰਗ ਨਾਲ ਗੰਨੇ ਦੇ ਰਸ ਦਾ ਇਸਤੇਮਾਲ ਕਰਨਾ ਹੈ, ਇਹ ਸਾਡੀ ਮਰਜ਼ੀ ਹੈ।

ਜਿਸ ਢੰਗ ਦੀ ਅਸੀਂ ਜ਼ਿੰਦਗੀ ਬਤੀਤ ਕਰਨੀ ਹੈ, ਉਹ ਤੇ ਸਾਡੀ ਮਰਜ਼ੀ ਹੈ, ਪਰ ਜਨਮ ਤੇ ਮਰਨ ਸਾਡੀ ਮਰਜ਼ੀ ਦੇ ਮੁਤਾਬਿਕ ਨਹੀਂ। ਇਸ ਵਾਸਤੇ ਸਾਹਿਬ ਕਹਿੰਦੇ ਨੇ, ਜੀਵਨ ਦੀ ਚੋਣ ਕਰ ਲਿਆ ਕਰ।

ਮੈਂ ਇਕ ਵਾਰ ਇਸਲਾਮੀ ਸਾਹਿਤ ਪੜ੍ਹ ਰਿਹਾ ਸੀ, ਤੇ ਆਪ ਨੂੰ ਪਤਾ ਹੋਵੇ, ਹਜ਼ਰਤ ਮੁਹੰਮਦ ਸਾਹਿਬ ਤੋਂ ਬਾਅਦ ਇਸਲਾਮ ਵਿਚ ਦੋ ਵੱਡੇ ਖ਼ਲੀਫ਼ੇ ਹੋਏ ਨੇ, ਹਜ਼ਰਤ ਉਮਰ ਤੇ ਹਜ਼ਰਤ ਅਲੀ। ਹਜ਼ਰਤ ਅਲੀ ਨੇ ਇਕ ਦਿਨ ਬੇਨਤੀ ਕੀਤੀ ਹੱਥ ਜੋੜ ਕੇ ਕਿ ਹਜ਼ਰਤ ! ਇਹ ਮੈਨੂੰ ਦਸੋ ਕਿ ਸਭ ਕੁਛ ਖ਼ੁਦਾ ਹੀ ਕਰਦਾ ਹੈ, ਜਾਂ ਕੁਝ ਮੈਂ ਵੀ ਕਰਦਾ ਹਾਂ ? ਸਭ ਕੁਝ ਖ਼ੁਦਾ ਦੇ ਹੀ ਵਸ ਹੈ ਜਾਂ ਕੁਛ ਮੇਰੇ ਵਸ ਵੀ ਹੈ ?

ਸਵਾਲ ਬਹੁਤ ਵੱਡਾ ਸੀ। ਬਹੁਤ ਅਹਿਮ ਸਵਾਲ ਹੈ। ਬੜਾ ਹੀ ਪੇਚੀਦਾ ਹੈ, ਬਾਰੀਕ ਹੈ। ਹਜ਼ਰਤ ਮੁਹੰਮਦ ਸਾਹਿਬ ਕਹਿਣ ਲੱਗੇ, 'ਅਲੀ ਗੱਲ ਸੁਣ, ਉਂਜ ਲਫ਼ਜ਼ਾਂ ਨਾਲ ਜੇ ਮੈਂ ਤੈਨੂੰ ਸਮਝਾਇਆ, ਤੇ ਸਮਝ ਨਹੀਂ ਪਵੇਗੀ, ਪ੍ਰਤੱਖ ਪ੍ਰਮਾਣ ਦੇਣਾ ਪਵੇਗਾ।'

ਅਲੀ ਖੜਾ ਸੀ ਤੇ ਮੁਹੰਮਦ ਸਾਹਿਬ ਬੈਠੇ ਨੇ। ਆਖਿਆ, 'ਤੂੰ ਆਪਣਾ ਇਕ ਪੈਰ ਜ਼ਮੀਨ ਤੋਂ ਚੁਕ।' ਤੇ ਹੁਣ ਦੋ ਪੈਰਾਂ 'ਤੇ ਹੀ ਬੰਦਾ ਜ਼ਮੀਨ 'ਤੇ ਖੜਾ ਹੁੰਦਾ ਹੈ। ਤੇ ਅਲੀ ਨੇ ਦਾਇਆਂ ਪੈਰ ਜ਼ਮੀਨ ਤੋਂ ਚੁਕ ਲਿਆ ਤੇ ਮੁਹੰਮਦ ਸਾਹਿਬ ਕਹਿਣ ਲਗੇ, 'ਹੁਣ ਤੂੰ ਦੂਜਾ ਵੀ ਚੁਕ।' ਤੇ ਹਜ਼ਰਤ ਅਲੀ ਕਹਿਣ ਲਗੇ, 'ਇਹ ਤੇ ਨਹੀਂ ਹੋ ਸਕਦਾ। ਮੈਂ ਜ਼ਮੀਨ ਤੋਂ ਇਕ ਪੈਰ ਤੇ ਚੁਕ ਸਕਦਾ ਹਾਂ, ਪਰ ਦੋਵੇਂ ਚੁਕ ਕੇ ਨਹੀਂ ਖੜਾ ਹੋ ਸਕਦਾ। ਆਖ਼ਿਰ ਜ਼ਮੀਨ 'ਤੇ ਖੜਾ ਰਹਿਣ ਵਾਸਤੇ, ਕੁਛ ਨਾ ਕੁਛ ਸਹਾਰਾ ਚਾਹੀਦਾ ਹੈ।' 'ਤੂੰ ਜਿਹੜਾ ਪੈਰ ਜ਼ਮੀਨ ਤੋਂ ਉਠਾਇਆ


Sri Satguru Jagjit Singh Ji eLibrary NamdhariElibrary@gmail.com

ਹੈ, ਦਾਇਆਂ, ਤੇਰੀ ਮਰਜ਼ੀ ਸੀ, ਤੂੰ ਪਹਿਲੇ ਬਾਇਆਂ ਵੀ ਉਠਾ ਸਕਦਾ ਸੀ। ਪਰ ਜੇ ਹੁਣ ਤੈਨੂੰ ਬਾਇਆਂ ਉਠਾਣਾ ਹੋਵੇ ਤੇ ਕੀ ਕਰੇਂਗਾ, ਦਾਇਆਂ ਪੈਰ ਪਹਿਲੇ ਜ਼ਮੀਨ 'ਤੇ ਰੱਖਣਾ ਪਵੇਗਾ। ਦੋਵੇਂ ਨਹੀਂ ਉਠਾ ਸਕਦਾ।'

ਤੋ ਉਥੇ ਮੁਹੰਮਦ ਸਾਹਿਬ ਨੇ ਸਮਝਾਇਆ, ਕਿ ਬਈ ਕਰਮ ਦੀ ਚੋਣ ਬੰਦਾ ਕਰ ਸਕਦਾ ਹੈ। ਤੂੰ ਕੀ ਕਰਨਾ ਹੈ, ਇਹ ਤੇ ਚੋਣ ਤੂੰ ਕਰ ਸਕਦਾ ਹੈਂ ਪਰ ਜਦ ਤੂੰ ਚੋਣ ਕਰ ਲਈ, ਫਿਰ ਫਲ ਤੇਰੇ ਹੱਥ ਵਿਚ ਨਹੀਂ ਹੈ।

ਤੋ ਮੇਰੀ ਮਰਜ਼ੀ ਹੈ, ਮੈਂ ਸ਼ਰਾਬ ਪੀਣੀ ਹੈ ਜਾਂ ਅੰਮ੍ਰਿਤ ਪੀਣਾ ਹੈ, ਤੇ ਜੇ ਮੈਂ ਅੰਮ੍ਰਿਤ ਪੀ ਲਿਆ ਤੇ ਉਸਦਾ ਫਿਰ ਆਪਣਾ ਅਸਰ ਹੈ। ਤੇ ਜੇ ਮੈਂ ਸ਼ਰਾਬ ਪੀ ਲਈ ਤੇ ਉਸਦਾ ਫਿਰ ਆਪਣਾ ਅਸਰ ਹੈ। ਸ਼ਰਾਬ ਮੈਂ ਰਜ ਕੇ ਪੀ ਲਵਾਂ ਤੇ ਆਖਾਂ ਨਸ਼ਾ ਨਾ ਚੜ੍ਹੇ, ਇਹ ਨਹੀਂ ਹੋ ਸਕਦਾ। ਜ਼ਹਿਰ ਦਾ ਪਿਆਲਾ ਮੈਂ ਪੀ ਲਵਾਂ ਤੇ ਆਖਾਂ, ਮੈਂ ਬਰਕਰਾਰ ਰਵਾਂ, ਜ਼ਿੰਦਾ ਰਵਾਂ, ਐਸਾ ਨਹੀਂ ਹੋ ਸਕਦਾ। ਬਿਲਕੁਲ ਨਹੀਂ ਹੋਵੇਗਾ। ਮੈਂ ਪਾਣੀ ਪੀ ਲਵਾਂ ਤੇ ਆਖਾਂ ਮੇਰੀ ਪਿਆਸ ਨਾ ਬੁਝੇ, ਬਿਲਕੁਲ ਨਹੀਂ ਹੋਵੇਗਾ। ਮੈਂ ਰੋਟੀ ਰਜ ਕੇ ਖਾ ਲਵਾਂ ਤੇ ਫਿਰ ਵੀ ਆਖਾਂ ਮੇਰੇ ਅੰਦਰ ਭੁਖ ਬਣੀ ਰਵੇ, ਐਸੀ ਗੱਲ ਨਹੀਂ ਹੋਵੇਗੀ। ਗ਼ੈਰ ਕੁਦਰਤੀ ਗੱਲ ਨਹੀਂ ਹੋ ਸਕਦੀ। ਲੇਕਿਨ ਚੋਣ ਮੈਂ ਕਰ ਸਕਦਾ ਹਾਂ। ਐਸਾ ਨਹੀਂ ਹੋ ਸਕਦਾ ਕਿ ਮੈਂ ਕਪੜੇ ਪਹਿਨ ਲਵਾਂ ਤਾਂ ਵੀ ਨੰਗਾ ਰਹਿ ਜਾਵਾਂ। ਨੰਗੇਜ਼ ਢਕਣਾ ਹੈ ਕਪੜਿਆਂ ਨਾਲ। ਹਰ ਕਰਮ ਦੀ ਮਨੁੱਖ ਚੋਣ ਕਰ ਸਕਦਾ ਹੈ ਤੇ ਜਦੋਂ ਚੋਣ ਕਰ ਲੈਂਦਾ ਹੈ ਮਨੁੱਖ ਫਿਰ ਫਸ ਜਾਂਦਾ ਹੈ, ਉਸ ਕਰਮ ਦੇ ਬੰਧਨ ਵਿਚ।

ਜੀਵਨ ਮਨੁੱਖ ਦੇ ਕੋਲ ਹੈ, ਜਨਮ ਤੇ ਮਰਨ ਮਨੁੱਖ ਦੇ ਕੋਲ ਨਹੀਂ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਇਹ ਕਹਿੰਦੀ ਹੈ—ਪੁਰਖਾ, ਜਿਸ ਵਕਤ ਤੂੰ ਗੁਰਦਵਾਰੇ ਆ, ਸਤਿ ਸੰਗਤਿ 'ਚ ਆ, ਜੀਵਨ ਨੂੰ ਪਿਛੇ ਰੱਖ। ਮੌਤ ਨੂੰ ਕਬੂਲ ਕਰ ਕੇ ਆ।

**ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥**
**ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥੧॥੨੩॥** *(੧੧੦੨)*

ਸਾਡੇ ਦੇਸ ਦੇ ਧਾਰਮਿਕ ਮਨੁੱਖ ਕਹਿੰਦੇ ਹਨ, ਜਿਸ ਨੂੰ ਮੌਤ ਚੇਤੇ ਹੈ ਉਸ ਨੂੰ ਰੱਬ ਚੇਤੇ ਹੈ, ਤੇ ਜਿਸ ਨੂੰ ਮੌਤ ਚੇਤੇ ਹੈ ਉਹ ਬੰਦਾ 'ਨਿਰਮਾਣ' ਹੁੰਦਾ ਹੈ, ਹੰਕਾਰੀ ਨਹੀਂ ਹੁੰਦਾ। ਜਿਸ ਨੂੰ ਮੌਤ ਚੇਤੇ ਹੈ ਉਹ ਬੜਾ ਪਵਿੱਤਰ ਹੁੰਦਾ ਹੈ। ਪਰ ਜਿਸ ਨੂੰ ਮੌਤ ਭੁਲ ਗਈ ਹੈ ਉਹ ਬਿਲਕੁਲ ਦੈਂਤ ਤੇ ਦੁਸ਼ਟ ਬਣ ਜਾਂਦਾ ਹੈ।


Sri Satguru Jagjit Singh Ji eLibrary NamdhariElibrary@gmail.com

ਉਹ ਕਿਸੇ ਦਾ ਲਿਹਾਜ਼ ਨਹੀਂ ਕਰੇਗਾ। ਜਿਸ ਨੂੰ ਮੌਤ ਹੀ ਭੁਲੀ ਹੈ ਉਸ ਨੂੰ ਰੱਬ ਵੀ ਭੁਲਿਆ ਹੈ। ਤੇ ਜੇ ਰੱਬ ਭੁਲਿਆ ਹੈ ਤਾਂ ਸਭ ਕੁਛ ਭੁਲਿਆ ਹੈ ਤੇ ਜੇ ਇਸ ਤਰੀਕੇ ਨਾਲ ਰੱਬ ਭੁਲਿਆ ਹੈ ਤਾਂ ਉਹ ਬੰਦਾ ਸੁਖੀ ਹੋ ਹੀ ਨਹੀਂ ਸਕਦਾ।

ਭਾਈ ਸਾਹਿਬ ਭਾਈ ਨੰਦ ਲਾਲ ਜੀ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਵਾਰ ਬੜਾ ਹੀ ਸੁੰਦਰ ਸਵਾਲ ਕੀਤਾ:

ਗ਼ਮ ਚਿ ਬਾਸ਼ਿਦ ? ਗ਼ਮ ਕੀ ਹੈ ? ਦੁਖ ਕਿਹਨੂੰ ਕਹਿੰਦੇ ਨੇ ?

ਸੱਚ ਜਾਣੋ, ਅਜੇ ਸਾਨੂੰ ਦੁਖ ਤੇ ਸੁਖ ਦਾ ਵੀ ਨਹੀਂ ਪਤਾ। ਕੁਛ ਮਿਲ ਜਾਏ ਤੇ ਅਸੀਂ ਕਹਿੰਦੇ ਹਾਂ, ਸੁਖ ਹੈ। ਲੇਕਿਨ ਇਕ ਵਕਤੀ ਤੌਰ 'ਤੇ ਸਹੂਲਤ ਮਿਲਦੀ ਹੈ, ਦੁਖ ਆਪਣੀ ਥਾਂ 'ਤੇ ਹੀ ਖੜਾ ਰਹਿੰਦਾ ਹੈ। ਮੈਂ ਦੇਖਦਾ ਹਾਂ ਕਿ ਨਿਰਧਨ ਤੇ ਦੁਖੀ ਹੈ ਹੀ, ਪਰ ਧਨਵਾਨ ਵੀ ਦੁਖੀ ਹੈ। ਬੀਮਾਰ ਨੂੰ ਤੇ ਦੁਖ ਹੋਣਾ ਹੀ ਚਾਹੀਦਾ ਹੈ, ਪਰ ਤੰਦਰੁਸਤ ਵੀ ਦੁਖੀ ਹੈ। ਐਸਾ ਵੇਖਣ ਵਿਚ ਆਇਆ ਹੈ ਕਿ ਕਮਜ਼ੋਰ ਬੰਦਾ ਤੇ ਦੁਖੀ ਹੈ, ਪਰ ਬਲਵਾਨ ਵੀ ਦੁਖੀ ਹੈ। ਦੁਖ ਸਾਰੇ ਜਗਤ ਵਿਚ ਵਿਆਪਕ ਹੈ। ਮਹਾਰਾਜ ਨੇ ਬੜਾ ਸੁੰਦਰ ਨਾਹਰਾ ਲਾਇਆ ਹੈ ਤੇ ਇਸ ਨਾਹਰੇ ਨੂੰ ਅੱਜ ਸਾਰਾ ਜਗਤ ਕਬੂਲ ਰਿਹਾ ਹੈ ਕਿ "ਨਾਨਕ ਦੁਖੀਆ ਸਭੁ ਸੰਸਾਰੁ ॥" (੯੫੪)

ਤੋ ਉਥੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਨੇ ਭਾਈ ਨੰਦ ਲਾਲ ਨੂੰ, 'ਗ਼ਮ ਚਿ ਬਾਸ਼ਿਦ' ? ਗ਼ਮ ਕੀ ਹੈ ? ਦੁਖ ਕੀ ਹੈ ? ਦੱਸ।

ਆਪ ਨੂੰ ਪਤਾ ਹੋਵੇ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਈ ਤਰ੍ਹਾਂ ਦੇ ਸਵਾਲ ਭਾਈ ਨੰਦ ਲਾਲ ਜੀ 'ਤੇ ਕਰਿਆ ਕਰਦੇ ਸਨ। ਸਾਹਿਬਾਂ ਦਾ ਬੜਾ ਭਾਰੀ ਮਾਣ ਸੀ ਨੰਦ ਲਾਲ 'ਤੇ, ਬਈ ਇਹ ਬੜਾ ਜ਼ਰਖ਼ੇਜ਼ ਦਿਮਾਗ਼ ਦਾ ਬੰਦਾ ਹੈ, ਬਹੁਤ ਸੂਝ ਰੱਖਣ ਵਾਲਾ ਹੈ। ਤੇ ਉਹ ਵੀ ਗੁਰੂ-ਘਰ ਦਾ ਅਨਿੰਨ ਭਗਤ ਸੀ।

ਸਾਹਿਬਾਂ ਨੇ ਇਕ ਵਾਰ ਇਹ ਵੀ ਸਵਾਲ ਕੀਤਾ ਭਾਈ ਨੰਦ ਲਾਲ 'ਤੇ, ਦੱਸ, ਅਸਮਾਨ ਦਾ ਰੰਗ ਕਾਲਾ ਕਿਉਂ ਹੈ ? ਤੋ ਭਾਈ ਸਾਹਿਬ ਹੱਥ ਜੋੜ ਕੇ ਕਹਿੰਦੇ ਨੇ ਕਿ ਮਹਾਰਾਜ ਮੈਂ ਕੋਈ ਸਾਇੰਸਦਾਨ ਤੇ ਹੈ ਨਹੀਂ। ਅਸਮਾਨ ਦਾ ਰੰਗ ਕਾਲਾ ਕਿਉਂ ਹੈ ? ਕਰਤਾ ਪੁਰਖ ਜਾਣੇ। ਤੇ ਸਾਹਿਬ ਕਹਿਣ ਲਗੇ, 'ਆਖ਼ਿਰ ਭਾਈ ਨੰਦ ਲਾਲ, ਤੂੰ ਵੀ ਸ਼ਾਇਰ ਹੈਂ, ਕਵੀ ਹੈਂ, ਤੇ ਸ਼ਾਇਰਾਂ ਦੀ ਕਲਪਨਾ ਦੇ ਆਸਰੇ 'ਤੇ ਦੱਸ ਕਿ ਅਸਮਾਨ ਦਾ ਰੰਗ ਕਾਲਾ ਕਿਉਂ ਹੈ ?' ਤੋ ਹੱਥ ਜੋੜ ਕੇ ਕਹਿਣ ਲੱਗਾ ਕਿ ਪਾਤਸ਼ਾਹ, ਜੇ ਹੁਣ ਕਲਪਨਾ ਦੀ ਗੱਲ ਕਰਦੇ ਹੋ, ਤੇ ਮੇਰੀ ਕਲਪਨਾ ਇਹ ਕਹਿੰਦੀ ਏ:

ਰੰਗਸ਼ ਕਬੂਦ ਕਰਦ, ਵ ਦਿਲ ਪੁਰ ਸ਼ਰਾਰਹ ਸਾਖ਼ਤ।
ਅਜ਼ ਬਸ ਕਿ ਦੂਦਿ ਆਹਿ ਮਨ, ਅਜ਼ ਆਸਮਾਂ ਗੁਜ਼ੱਸ਼ਤ।੨।(੭)

ਭਾਵ, ਮੇਰੇ ਤੜਪੇ ਹੋਏ ਹਿਰਦੇ 'ਚੋਂ, ਮੇਰੇ ਦੁਖੀ ਹਿਰਦੇ 'ਚੋਂ, ਵਿਛੋੜੇ ਨਾਲ ਭਰੇ ਹਿਰਦੇ 'ਚੋਂ ਜਿਹੜੇ ਹੌਕੇ ਨਿਕਲੇ ਹੈਨ ਨਾ, ਉਹ ਉਡ ਕੇ ਅਸਮਾਨ 'ਤੇ ਗਏ ਹਨ ਤੇ ਉਹਨਾਂ ਸਾੜ ਕੇ ਅਸਮਾਨ ਦਾ ਰੰਗ ਕਾਲਾ ਕਰ ਛਡਿਆ ਹੈ। ਇਹ ਮੇਰੇ ਹੌਕਿਆਂ ਦਾ ਸੜਿਆ ਹੋਇਆ ਹੈ।

ਭਾਈ ਨੰਦ ਲਾਲ ਨੇ ਸਤ ਕਿਤਾਬਾਂ ਲਿਖੀਆਂ ਨੇ, ਤੇ ਹਰ ਕਿਤਾਬ ਨੂੰ ਗੁਰੂ ਗੋਬਿੰਦ ਸਿੰਘ ਨੇ ਬਖ਼ਸ਼ਿਸ਼ ਕੀਤੀ ਹੈ। ਜਦ ਪਹਿਲੀ ਕਿਤਾਬ 'ਬੰਦਗੀ ਨਾਮਾ' ਸਾਹਿਬਾਂ ਦੇ ਚਰਨਾਂ 'ਚ ਰਖੀ ਤੇ ਸਾਹਿਬਾਂ ਨੇ ਜਦ ਪੜ੍ਹੀ ਤੋ ਸਾਹਿਬ ਕਹਿਣ ਲਗੇ, 'ਨੰਦ ਲਾਲ, ਇਹ ਨਿਰੀ 'ਬੰਦਗੀ ਨਾਮਾ' ਹੀ ਨਹੀਂ, 'ਜ਼ਿੰਦਗੀ ਨਾਮਾ' ਵੀ ਹੈ। ਜਿਹੜਾ ਇਸ ਨੂੰ ਪੜ੍ਹੇਗਾ ਉਸ ਨੂੰ ਜ਼ਿੰਦਗੀ ਮਿਲੇਗੀ।'

ਅੱਜ ਤਾਂ ਸਾਡੇ ਪਾਸ ਜਪੁਜੀ ਸਾਹਿਬ ਪੜ੍ਹਨ ਦਾ ਵੀ ਵਕਤ ਕੋਈ ਨਹੀਂ, ਅਸੀਂ ਨੰਦ ਲਾਲ ਨੂੰ ਕਿਥੋਂ ਪੜ੍ਹੀਏ ? ਭਾਈ ਗੁਰਦਾਸ ਨੂੰ ਕਿਥੋਂ ਪੜ੍ਹੀਏ ? ਅਸੀਂ ਉਹਨਾਂ ਕਵੀਆਂ ਨੂੰ ਕਿਸ ਤਰ੍ਹਾਂ ਪੜ੍ਹੀਏ ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸਿਫ਼ਤਿ-ਸਾਲਾਹ ਕੀਤੀ ਸੀ। ਸਮੁੱਚੇ ਜਗਤ ਵਿਚ ਇਕੋ ਹੀ ਕੌਮ ਹੈ, ਸਿਖ ਕੌਮ ਜਿਸ ਪਾਸ ਬੜਾ ਹੀ ਧਾਰਮਿਕ ਸਾਹਿਤ ਹੈ। ਲੇਕਿਨ ਖਿਮਾ ਕਰਨੀ ਇਕੋ ਇਕ ਹੀ ਇਹ ਕੌਮ ਹੈ, ਜੋ ਆਪਣਾ ਸਾਹਿਤ ਨਹੀਂ ਪੜ੍ਹਦੀ, ਆਪਣਾ ਲਿਟਰੇਚਰ ਨਹੀਂ ਵੇਖਦੀ। ਔਰ ਇਹੀ ਕਾਰਨ ਹੈ ਕਿ ਇਕ ਪਾਖੰਡੀ ਬੰਦਾ ਆਉਂਦਾ ਹੈ ਤੇ ਸਾਨੂੰ ਗੁਰਮਤਿ ਨਾਲੋਂ ਤੋੜ ਕੇ ਰੱਖ ਦਿੰਦਾ ਹੈ, ਗੁਰੂ ਗ੍ਰੰਥ ਸਾਹਿਬ ਨਾਲੋਂ ਤੋੜ ਕੇ ਰੱਖ ਦਿੰਦਾ ਹੈ। ਅਸੀਂ ਪੜ੍ਹਦੇ ਕਿਉਂ ਨਹੀਂ ? ਬੜੀਆਂ ਕੁਰਬਾਨੀਆਂ ਨਾਲ ਸਿਖ ਕੌਮ ਦਾ ਸਾਹਿਤ ਲਿਖਿਆ ਗਿਆ ਸੀ, ਅਰ ਜਦ ਕਵੀਆਂ ਦੀਆਂ ਰਚਨਾਵਾਂ ਪੜ੍ਹਦੇ ਹਾਂ ਤਾਂ ਦੰਗ ਰਹਿ ਜਾਂਦੇ ਹਾਂ।

ਪਿਛਲੇ ਦਿਨੀਂ ਇਕ ਬੰਦੇ ਨੇ ਮੇਰੇ 'ਤੇ ਤਨਜ਼ ਵੀ ਕੀਤੀ ਕਿ ਜਿਸ ਕੌਮ ਕੋਲ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਹੈ, ਭਾਈ ਸਾਹਿਬ ਭਾਈ ਨੰਦ ਲਾਲ ਵਰਗੇ ਤੇ ਭਾਈ ਗੁਰਦਾਸ ਵਰਗਿਆਂ ਦੀਆਂ ਰਚਨਾਵਾਂ ਹਨ, ਤੇ ਇਤਨੇ ਸ਼ਹੀਦਾਂ ਦਾ ਲੰਬਾ ਚੌੜਾ ਇਤਿਹਾਸ ਕੋਲ ਹੈ, ਉਹ ਸਿਖ ਥੋੜ੍ਹੇ ਕਿਉਂ ਨੇ ? ਸੰਸਾਰ ਵਿਚ ਇਹ ਇਤਨੀ ਛੋਟੀ ਕੌਮ ਕਿਉਂ ਹੈ ? ਬਿਲਕੁਲ ਛੋਟੀ। ਤੇ ਦਿਲ ਦੀ ਤਸੱਲੀ ਵਾਸਤੇ ਤੇ ਉਸਦੀ ਤਸੱਲੀ ਕਰਵਾਣ ਵਾਸਤੇ ਮੈਂ ਦੋ ਲਫ਼ਜ਼ ਕਹੇ, ਭਾਵੇਂ ਅੰਦਰੋਂ ਮੇਰੀ ਜ਼ਮੀਰ ਨਹੀਂ ਸੀ ਮੰਨਦੀ, ਪਰ ਮੈਂ ਫਿਰ ਵੀ ਕਿਹਾ। ਮੈਂ ਕਿਹਾ—ਇਹਨਾਂ


Sri Satguru Jagjit Singh Ji eLibrary NamdhariElibrary@gmail.com

ਦਾ ਥੋੜ੍ਹੇ ਹੋਣਾ ਹੀ ਬਹੁਤੇ ਹੋਣ ਦਾ ਸਬੂਤ ਹੈ। ਮੈਂ ਕਿਹਾ ਕੁਦਰਤ ਜਿਹੜੀ ਕੀਮਤੀ ਚੀਜ਼ ਪੈਦਾ ਕਰਦੀ ਹੈ, ਉਹ ਥੋੜੀ ਹੀ ਰਖਦੀ ਹੈ। ਜ਼ਮੀਨ ਦੇ ਵਿਚੋਂ ਜਿਤਨਾ ਲੋਹਾ ਨਿਕਲਦਾ ਹੈ ਨਾ, ਉਤਨਾ ਸੋਨਾ ਨਹੀਂ ਨਿਕਲਦਾ। ਹੁਣ ਜਿਤਨਾ ਲੋਹਾ ਨਿਕਲਦਾ ਹੈ ਜੇ ਉਤਨਾ ਸੋਨਾ ਵੀ ਨਿਕਲੇ ਤੇ ਫਿਰ ਸੋਨੇ ਨੇ ਤੋਲਿਆਂ ਦੇ ਹਿਸਾਬ ਨਾਲ ਨਹੀਂ ਵਿਕਣਾ। ਫਿਰ ਉਸ ਦੀ ਕੀਮਤ ਵੀ ਕੁਛ ਨਹੀਂ ਹੋਵੇਗੀ। ਸੋਨੇ ਦੀ ਕੀਮਤ ਇਸ ਵਾਸਤੇ ਜ਼ਿਆਦਾ ਹੈ ਕਿ ਉਹ ਥੋੜ੍ਹਾ ਹੈ। ਅਰ ਸੰਖ ਤੇ ਸਿਪੀਆਂ ਜਿਤਨੀਆਂ ਸਮੁੰਦਰ ਵਿਚੋਂ ਨਿਕਲਦੀਆਂ ਹੈਨ, ਮੋਤੀ ਨਹੀਂ ਨਿਕਲਦੇ। ਅਰ ਜੰਗਲ ਵਿਚ ਜਿਤਨਾ ਫ਼ਾਲਤੂ ਦਰੱਖ਼ਤ ਮੌਜੂਦ ਹੈ, ਉਤਨਾ ਚੰਦਨ ਨਹੀਂ। ਕੀਮਤੀ ਚੀਜ਼ ਜੋ ਹੈ, ਉਸ ਪਰਮਾਤਮਾ ਨੇ ਬਹੁਤ ਘੱਟ ਬਣਾਈ ਹੈ। ਇਸ ਵਾਸਤੇ ਕਿ ਇਸਦੀ ਮਹਾਨਤਾ ਬਣੀ ਰਹੇ। ਅਰ ਇਸ ਦੀ ਪ੍ਰਭਤਾ ਜੋ ਹੈ, ਮਨੁੱਖ ਦੇ ਦਿਲ ਦਿਮਾਗ਼ ਤੇ ਛਾਈ ਰਵੇ। ਖ਼ੈਰ !

ਮਹਾਰਾਜ ਸਾਹਿਬ ਕਹਿਣ ਲਗੇ, ਭਾਈ ਨੰਦ ਲਾਲ ਨੂੰ ਕਿ 'ਗ਼ਮ ਚਿ ਬਾਸ਼ਿਦ ?' ਗ਼ਮੀ ਕੀ ਹੈ ? ਦੁਖ ਕੀ ਹੈ ?

ਕਈ ਭਗਤਾਂ ਕੋਲ ਬੜੀ ਜੁਗਤ ਹੈ, ਉਹ ਦੁਖ ਨੂੰ ਵੀ ਸੁਖ ਬਣਾ ਲੈਂਦੇ ਹਨ। ਤੇ ਕਈਆਂ ਕੋਲ ਜੁਗਤੀ ਨਹੀਂ ਹੁੰਦੀ ਤੇ ਉਹ ਸੁਖ ਨੂੰ ਵੀ ਦੁਖ ਬਣਾ ਲੈਂਦੇ ਨੇ। ਮਰਜ਼ੀ ਹੈ ਸਾਡੀ। ਐਸਾ ਵੀ ਹੋ ਸਕਦਾ ਹੈ ਕਿ ਇਕ ਫੁੱਲਾਂ ਦੀ ਸੇਜ 'ਤੇ ਤੜਫਦਾ ਰਵੇ ਤੇ ਐਸਾ ਵੀ ਹੋ ਸਕਦਾ ਹੈ ਕਿ ਇਕ ਤੱਤੀ ਤਵੀ 'ਤੇ ਵੀ ਮੁਸਕਰਾ ਰਿਹਾ ਹੋਵੇ। ਐਸਾ ਵੀ ਹੋ ਸਕਦਾ ਹੈ ਕਿ ਏਅਰ ਕੰਡੀਸ਼ਨ ਕਮਰੇ 'ਚ ਬੈਠਾ ਹੈ ਤੇ ਤੜਪ ਰਿਹਾ ਹੈ। ਤੇ ਐਸਾ ਵੀ ਹੋ ਸਕਦਾ ਹੈ ਕਿ ਉਬਲਦੀ ਦੇਗ ਵਿਚ ਵੀ ਮੁਸਕਰਾਏ। ਜੀਵਨ ਦਾ ਢੰਗ ਹੈ। ਸਾਡੀ ਜ਼ਿੰਦਗੀ ਐਸੀ ਹੈ ਕਿ ਅਸੀਂ ਸੁਖ ਨੂੰ ਵੀ ਦੁਖ 'ਚ ਬਦਲ ਛਡਦੇ ਹਾਂ। ਪਰ ਗੁਰੂ ਨੇ ਜਿਸ ਢੰਗ ਦੀ ਜ਼ਿੰਦਗੀ ਸਾਡੇ ਸਾਹਮਣੇ ਰੱਖੀ ਹੈ ਪੁਰਖਾ ! ਤੂੰ ਉਸ ਢੰਗ ਦਾ ਜੀਵਨ ਬਤੀਤ ਕਰ ਕਿ ਹਰ 'ਦੁਖ' ਸੁਖ ਬਣ ਜਾਏ। "ਦੁਖ ਵਿਚਿ ਸੂਖ ਮਨਾਈ" ਕਰਕੇ ਕਿਹਾ ਹੈ। ਕੋਸ਼ਿਸ਼ ਕਰ ਕਿ ਹਰ ਦੁਖ ਨੂੰ ਸੁਖ ਬਣਾ। ਦੁਖ, ਦੁਖ ਰਵੇ ਹੀ ਨਾ। ਪਰ ਯਕੀਨ ਜਾਣੋ ਅਸੀਂ ਹਰ ਸੁਖ ਨੂੰ ਦੁਖ ਬਣਾਈ ਜਾਂਦੇ ਹਾਂ। ਅਰ ਜੋ ਕੁਝ ਵੀ ਸੰਸਾਰ ਵਿਚੋਂ ਮਿਲਦਾ ਹੈ, ਸਾਡੇ ਲਈ ਉਹ ਦੁਖ ਦਾ ਹੀ ਬਾਇਸ ਬਣਦਾ ਹੈ।

ਤੇ ਸਾਹਿਬ ਕਹਿੰਦੇ ਨੇ, 'ਗ਼ਮ ਚਿ ਬਾਸ਼ਿਦ' ? ਗ਼ਮ ਕੀ ਹੈ ? ਦੁਖ ਕੀ ਹੈ ? 'ਚੀਸਤ ਸ਼ਾਦੀ' ? ਖ਼ੁਸ਼ੀ ਕੀ ਹੈ ? ਇਹ ਦੂਜਾ ਸਵਾਲ ਹੈ ਕਿ ਇਹ ਦੱਸ ਨੰਦ ਲਾਲ, ਖ਼ੁਸ਼ੀ ਕਿਹਨੂੰ ਕਹਿੰਦੇ ਨੇ ? ਗ਼ਮ ਕਿਹਨੂੰ ਕਹਿੰਦੇ ਨੇ ?


Sri Satguru Jagjit Singh Ji eLibrary NamdhariElibrary@gmail.com

ਸਿਖ ਜਗਤ ਦੇ ਮਹਾਨ ਇਸ ਪ੍ਰਸਿੱਧ ਸ਼ਾਇਰ ਨੇ ਜੋ ਜਵਾਬ ਦਿੱਤਾ, ਕਲਗੀਧਰ ਪਾਤਸ਼ਾਹ ਨੂੰ, ਬੜਾ ਹੀ ਬਾਕਮਾਲ ਹੈ 'ਗ਼ਮ ਚਿ ਬਾਸ਼ਿਦ' ? ਭਾਈ ਸਾਹਿਬ ਜਵਾਬ ਦਿੰਦੇ ਨੇ—'ਗ਼ਫ਼ਲਤ ਅਜ਼ ਯਾਦੇ ਖ਼ੁਦਾ'। ਭਾਵ ਪਰਮਾਤਮਾ ਦੀ ਯਾਦ ਤੋਂ ਗ਼ਫ਼ਲਤ ਕਰਨੀ ਇਹ ਹੀ ਗ਼ਮ ਹੈ। ਇਹ ਹੀ ਦੁਖ ਹੈ। ਜਿਸ ਘਰ ਵਿਚ ਗ਼ਫ਼ਲਤ ਹੈ, ਜਿਸ ਹਿਰਦੇ 'ਚ ਗ਼ਫ਼ਲਤ ਹੈ, ਉਥੇ ਦੁਖਾਂ ਤੋਂ ਇਲਾਵਾ ਹੋਰ ਕੁਛ ਨਹੀਂ ਹੋਵੇਗਾ।

ਕਿਤਨੇ ਦੁਖ ਹੋਵਣਗੇ ? ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਫ਼ੈਸਲਾ ਹੈ : ਜਿਸ ਦੀ ਸੁਰਤ ਰੱਬ ਨਾਲੋਂ ਟੁਟਦੀ ਏ, ਜਿਸ ਦੇ ਦਿਮਾਗ਼ ਵਿਚ ਰੱਬ ਦਾ ਚੇਤਾ ਨਹੀਂ ਰਹਿੰਦਾ, ਉਥੇ ਕਿੰਨੇ ਦੁਖ ਹੁੰਦੇ ਨੇ, ਸਾਹਿਬ ਕਹਿੰਦੇ ਨੇ :

**ਪਰਮੇਸਰ ਤੇ ਭੁਲਿਆਂ, ਵਿਆਪਨਿ ਸਭੇ ਰੋਗ ॥੯॥** *(੧੩੫)*

ਜਿੰਨੇ ਸਰੀਰਕ ਰੋਗ ਨੇ, ਜਿੰਨੇ ਮਾਨਸਿਕ ਰੋਗ ਨੇ, ਜਿਤਨੇ ਸੰਸਾਰਿਕ ਰੋਗ ਨੇ, ਸਾਰੇ ਦੇ ਸਾਰੇ ਉਸ ਬੰਦੇ ਨੂੰ ਆ ਚੰਬੜਦੇ ਨੇ, ਜਿਹੜਾ ਬੰਦਾ ਸੁਖ ਵਿਚ ਪਰਮਾਤਮਾ ਨਾਲੋਂ ਆਪਣੇ ਸੰਬੰਧ ਤੋੜ ਕੇ ਰੱਖਦਾ ਹੈ।

**ਗ਼ਮ ਚਿ ਬਾਸ਼ਿਦ ? ਗ਼ਫ਼ਲਤ ਅਜ਼ ਯਾਦੇ-ਖ਼ੁਦਾ ॥**
**ਚੀਸਤ ਸ਼ਾਦੀ ? ਯਾਦੇ-ਬੇਮੁਨਤਹਾ ॥**

ਉਸ ਪਰਮਾਤਮਾ ਦੀ ਯਾਦ 'ਚ ਜੁੜ ਬੈਠਣਾ, ਭਾਈ ਨੰਦ ਲਾਲ ਕਹਿੰਦੇ ਨੇ, ਇਸ ਨਾਲੋਂ ਵੱਡੀ ਹੋਰ ਕੋਈ ਖ਼ੁਸ਼ੀ ਨਹੀਂ। ਅਰ ਇਤਨੀ ਵੱਡੀ ਇਹ ਖ਼ੁਸ਼ੀ ਹੈ ਕਿ ਦੁਨੀਆਂ ਦਾ ਕੋਈ ਵੀ ਬੰਦਾ ਉਸ ਨੂੰ ਗ਼ਮਗੀਨ ਕਰ ਹੀ ਨਹੀਂ ਸਕਦਾ। ਉਹ ਹਰ ਥਾਂ 'ਤੇ ਮੁਸਕਰਾਂਦਾ ਰਵੇਗਾ। ਹਰ ਵਕਤ ਮੁਸਕਰਾਏਗਾ। ਸਾਨੂੰ ਤਾਂ ਕੋਈ ਮਾਮੂਲੀ ਜਿਹਾ ਕੋਈ ਬੰਦਾ ਗੱਲ ਆਖਦਾ ਹੈ ਤੇ ਬੇਚੈਨ ਕਰ ਜਾਂਦਾ ਹੈ, ਪ੍ਰੇਸ਼ਾਨ ਕਰ ਜਾਂਦਾ ਹੈ, ਦੁਖੀ ਕਰ ਜਾਂਦਾ ਹੈ। ਪਰ ਅਸੀਂ ਦੇਖਦੇ ਹਾਂ ਕਿ ਕਈਆਂ ਦੀ ਸੁਰਤ ਇਤਨੀ ਉੱਚੀ ਹੈ ਕਿ ਸਾਰਾ ਜਗਤ ਵੀ ਉਹਨਾਂ ਨੂੰ ਅਗਰ ਦੁਖ ਦੇਣ ਦੀ ਕੋਸ਼ਿਸ਼ ਕਰੇ, ਤਾਂ ਵੀ ਉਹ ਮੁਸਕਰਾਂਦੇ ਰਹਿੰਦੇ ਨੇ, ਉਹ ਪ੍ਰਸੰਨਤਾ ਵਿਚ ਰਹਿੰਦੇ ਨੇ। ਉਹਨਾਂ ਨੂੰ ਜੀਵਨ ਦੀ ਅਸਲੀਅਤ ਦਾ ਪਤਾ ਚਲ ਗਿਆ ਹੈ, ਸੰਸਾਰ ਦੀ ਅਸਲੀਅਤ ਦਾ ਪਤਾ ਚਲ ਗਿਆ ਹੈ। ਇਸ ਗੱਲ ਦਾ ਪਤਾ ਚਲ ਗਿਆ ਹੈ ਕਿ ਜੀਵਨ ਸਾਡੇ ਕੋਲ ਹੈ ਅਤੇ ਜੰਮਣਾ ਅਰ ਮਰਣਾ ਸਾਡੇ ਕੋਲ ਨਹੀਂ। ਜੰਮੇ ਅਸੀਂ ਆਪਣੀ ਮਰਜ਼ੀ ਨਾਲ ਨਹੀਂ ਤੇ ਮਰਾਂਗੇ ਵੀ ਆਪਣੀ ਮਰਜ਼ੀ ਨਾਲ ਨਹੀਂ। ਅੱਜ ਤਕ ਆਪਣੀ ਮਰਜ਼ੀ ਨਾਲ ਨਾ ਕੋਈ ਜੰਮਿਆ ਹੈ ਅਤੇ


Sri Satguru Jagjit Singh Ji eLibrary NamdhariElibrary@gmail.com

ਨਾ ਕੋਈ ਮਰਿਆ ਹੈ।

ਮੈਂ ਕਈ ਵਾਰ ਦੇਖਿਆ ਹੈ ਕਿ ਕਈ ਬੰਦੇ ਖ਼ੁਦਕੁਸ਼ੀ ਕਰਦਿਆਂ ਵੀ ਬਚ ਗਏ ਹਨ, ਨਹੀਂ ਮਰੇ। ਐਸਾ ਹੈ। ਅਰ ਜੰਮਦੇ ਤੇ ਅਸੀਂ ਆਪਣੀ ਮਰਜ਼ੀ ਨਾਲ ਹੈ ਹੀ ਨਹੀਂ। ਇਸ ਵਾਸਤੇ ਸਾਹਿਬ ਕਹਿੰਦੇ ਨੇ, ਜੋ ਕਿਛ ਤੇਰੀ ਮਰਜ਼ੀ ਨਾਲ ਨਹੀਂ ਹੋਇਆ, ਅਰ ਜਿਸ ਦੀ ਮਰਜ਼ੀ ਨਾਲ ਹੋਇਆ ਹੈ, ਉਸ 'ਤੇ ਹੀ ਰਹਿਣ ਦੇ। ਉਸ ਦੀ ਮਰਜ਼ੀ 'ਤੇ ਹੀ ਰਹਿਣ ਦੇ, ਹੁਣੇ ਹੀ ਆਨੰਦ ਬਣ ਜਾਏਗਾ।

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਇਸ ਜ਼ਿੰਦਗੀ ਨੂੰ ਇਕ ਸੁਪਨਾ ਕਹਿੰਦੇ ਹਨ। ਹੁਣ ਇਕ ਬੰਦਾ ਰਾਤ ਨੂੰ ਸੁਪਨੇ ਵਿਚ ਜੇ ਗਵਰਨਰ ਬਣ ਜਾਏ, ਤੇ ਸਵੇਰੇ ਜਾਗਣ ਤੇ ਬੰਦਾ ਥੋੜੀ ਕਹਿੰਦਾ ਹੈ ਕਿ ਹੁਣ ਲੋਕੀਂ ਮੇਰੇ ਗਲ ਵਿਚ ਫੁੱਲਾਂ ਦਾ ਹਾਰ ਪਾਉਣ ਕਿ ਬਈ ਮੈਂ ਰਾਤੀ ਸੁਪਨੇ 'ਚ ਗਵਰਨਰ ਬਣ ਗਿਆ ਸੀ। ਇਹ ਤਾਂ ਐਵੇਂ ਝੂਠ ਹੀ ਹੈ, ਸੁਪਨਾ ਹੀ ਆਇਆ ਹੈ। ਤੇ ਸੁਪਨੇ ਵਿਚ ਜੇ ਕਿਧਰੇ ਮਰ ਗਿਆ ਹੋਵੇ ਤਾਂ ਜਾਗਣ 'ਤੇ ਇਹ ਥੋੜੀ ਕਹਿੰਦਾ ਹੈ ਕਿ ਮੈਂ ਮਰ ਗਿਆ ਸੀ ਤੇ ਮੈਨੂੰ ਹੁਣ ਸਾੜੋ ਜੀ। ਸੁਪਨਾ ਹੀ ਸੀ।

ਪਰ ਮਹਾਰਾਜ ਕਹਿੰਦੇ ਨੇ, ਉਹ ਜੋ ਤੂੰ ਰਾਤ ਨੂੰ ਸੁਪਨਾ ਵੇਖਦਾ ਹੈਂ ਨਾ, ਉਹ ਤਾਂ ਹੈ ਬੰਦ ਅੱਖ ਦਾ ਸੁਪਨਾ। ਇਹ ਜਿਹੜਾ ਤੂੰ ਖੁਲ੍ਹੀ ਅੱਖ ਨਾਲ ਵੇਖਦਾ ਹੈਂ ਨਾ, ਇਹ ਵੀ ਇਕ ਸੁਪਨਾ ਹੈ।

**ਜਗਿ ਜੀਵਨੁ ਐਸਾ, ਸੁਪਨੇ ਜੈਸਾ, ਜੀਵਨੁ ਸੁਪਨ ਸਮਾਨੰ॥** *(੪੮੨)*

**ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥੨੩॥** *(੧੪੨੭)*

ਕਿਉਂ ਭੁਲੇਖੇ 'ਚ ਪੈਂਦਾ ਹੈਂ ?

ਉਜੈਨ ਦਾ ਇਕ ਰਾਜਾ ਸੀ। ਬੜਾ ਪ੍ਰਸਿੱਧ, ਸਿਆਣਾ ਤੇ ਭਗਤੀ-ਭਾਵ ਵਾਲਾ ਸੀ। ਇਹਦਾ ਇਕੋ ਹੀ ਇਕਲੌਤਾ ਬੇਟਾ, ਉਹ ਵੀ ਆਖ਼ਰੀ ਦਮਾਂ 'ਤੇ ਪਿਆ ਹੈ। ਸ਼ਾਹੀ ਵੈਦਾਂ ਨੇ ਜਵਾਬ ਦੇ ਦਿੱਤਾ ਕਿ ਰਾਜਨ, ਹੁਣ ਸਾਡੇ ਵਸ ਦੀ ਗੱਲ ਨਹੀਂ ਰਹੀ। ਅਸੀਂ ਹੁਣ ਇਸ ਨੂੰ ਨਹੀਂ ਬਚਾ ਸਕਦੇ। ਅਸੀਂ ਇਸ ਦਾ ਇਲਾਜ ਨਹੀਂ ਕਰ ਸਕਦੇ। ਜਦੋਂ ਬੰਦਾ ਚਾਰੇ ਪਾਸੇ ਤੋਂ ਬੇ-ਆਸਰਾ ਹੋਵੇ ਨਾ, ਉਦੋਂ ਹੀ ਰੱਬ ਦਾ ਆਸਰਾ ਪਕੜਦਾ ਹੈ। ਇਸ ਤੋਂ ਪੇਸ਼ਤਰ ਨਹੀਂ। ਤੇ ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ, ਜੇ ਤੂੰ ਸਾਰੇ ਆਸਰੇ ਟੁਟ ਜਾਣ 'ਤੇ ਹੀ ਰੱਬ ਦਾ ਆਸਰਾ ਪਕੜਨਾ ਹੈ ਤੇ ਫਿਰ ਸਭ ਤੋਂ ਪਹਿਲੇ ਹੀ ਰੱਬ ਦਾ ਆਸਰਾ ਪਕੜ, ਤਾਂਕਿ ਤੈਨੂੰ ਹੋਰ ਆਸਰੇ ਲਭਣੇ ਹੀ ਨਾ ਪੈਣ।


Sri Satguru Jagjit Singh Ji eLibrary NamdhariElibrary@gmail.com

ਇਤਨੀ ਮੈਂ ਹੋਰ ਅਰਜ਼ ਕਰ ਦਿਆਂ ਕਿ ਉਹ ਪਰਮਾਤਮਾ, ਗੁਰੂ, ਨਿਆਸਰਿਆਂ ਦਾ ਆਸਰਾ ਹੈ, ਨਿਓਟਿਆਂ ਦੀ ਓਟ ਹੈ। ਗੁਰੂ ਕੀ ਹੈ? ਗ਼ਰੀਬ-ਨਿਵਾਜ਼ ਹੈ। ਕਿਸੇ ਧਾਰਮਿਕ ਗ੍ਰੰਥ ਵਿਚ ਇਹ ਨਹੀਂ ਲਿਖਿਆ ਕਿ ਉਹ ਈਸ਼ਵਰ ਅਮੀਰ-ਨਿਵਾਜ਼ ਹੈ। ਕੋਈ ਵੀ ਐਸੀ ਧਾਰਮਿਕ ਪੁਸਤਕ ਨਹੀਂ। ਉਸ ਲਈ ਤਾਂ ਇਹ ਆਖਿਆ ਗਿਆ ਹੈ ਕਿ ਗ਼ਰੀਬ-ਨਿਵਾਜ਼ ਹੈ, ਦੀਨ ਦਿਆਲ ਹੈ। ਐਸਾ ਕਿਉਂ ਆਖਿਆ ਗਿਆ ਹੈ ਕਿ ਰੱਬ ਸਿਰਫ਼ ਗ਼ਰੀਬਾਂ ਦਾ ਹੈ, ਅਮੀਰਾਂ ਦਾ ਨਹੀਂ। ਦਰਅਸਲ ਗੱਲ ਇਹ ਹੈ ਕਿ ਅਮੀਰ ਨੂੰ ਧਨ ਦਾ ਇਤਨਾ ਮਾਣ ਹੁੰਦਾ ਹੈ ਕਿ ਉਹ ਗੁਰੂ ਦਾ ਮਾਣ ਕਰ ਹੀ ਨਹੀਂ ਸਕਦਾ। ਅਮੀਰ ਨੂੰ ਆਪਣੀਆਂ ਮਹਿਲ ਮਾੜੀਆਂ 'ਤੇ ਇਤਨਾ ਮਾਣ ਹੁੰਦਾ ਹੈ ਕਿ ਉਹ ਰੱਬ 'ਤੇ ਮਾਣ ਕਰ ਹੀ ਨਹੀਂ ਸਕਦਾ।

ਮਾਣ ਭਗਤਾਂ ਕੋਲ ਵੀ ਹੁੰਦਾ ਹੈ। ਭਗਤ ਨਿਮਾਣੇ ਨਹੀਂ ਹੁੰਦੇ। ਭਗਤ ਕਹਿੰਦੇ ਨੇ, ਹੇ ਪ੍ਰਭੂ, ਜੇ ਲੋਕਾਂ ਨੂੰ ਫ਼ਲਾਣਾ ਫ਼ਲਾਣਾ ਮਾਣ ਹੋਵੇਗਾ, ਕਿਸੇ ਨੂੰ ਧੀਆਂ ਪੁੱਤਰਾਂ ਦਾ, ਕਿਸੇ ਨੂੰ ਕਿਸੇ ਦਾ, ਤੇ ਪ੍ਰਭੂ! ਮੈਨੂੰ ਤੇਰਾ ਮਾਣ ਹੈ।

**ਤੁਝ ਊਪਰਿ ਮੇਰਾ ਹੈ ਮਾਣਾ .......॥** *(੭੭੯)*

ਉਹਨਾਂ ਦਾ ਵੀ ਬਾਕਾਇਦਾ ਮਾਣ ਹੁੰਦਾ ਹੈ। ਰਬ ਨਿਰਮਲ ਹੈ, ਤੇ ਰੱਬ ਦਾ ਮਾਣ ਵੀ ਨਿਰਮਲ ਹੈ।

ਧਨਵਾਨ ਦਾ ਧਨ 'ਤੇ ਇਤਨਾ ਮਾਣ ਹੁੰਦਾ ਹੈ ਕਿ ਉਹ ਰੱਬ ਦਾ ਮਾਣ ਕਰਦਾ ਹੀ ਨਹੀਂ, ਤੇ ਜੇ ਧਨ ਹੁੰਦਿਆਂ ਕਿਸੇ ਨੂੰ ਧਨ ਦਾ ਮਾਣ ਨਹੀਂ, ਤੇ ਰੱਬ ਦਾ ਮਾਣ ਹੈ ਤਾਂ ਖਿਮਾ ਕਰਨੀ ਉਸ ਵਰਗਾ ਉਤਮ ਬੰਦਾ ਵੀ ਹੋਰ ਕੋਈ ਨਹੀਂ।

ਰਾਜਾ ਜਨਕ ਸੋਨੇ ਦੇ ਸਿੰਘਾਸਨ 'ਤੇ ਬੈਠਦਾ ਸੀ। ਲੇਕਿਨ ਮਜਾਲ ਹੈ ਕਿ ਉਸ ਨੂੰ ਧਨ ਦਾ ਮਾਣ ਹੋਵੇ। ਰੱਬ ਦਾ ਹੀ ਮਾਣ ਸੀ, ਈਸ਼ਵਰ ਦਾ ਮਾਣ ਸੀ। ਰੱਬ ਦੀ ਟੇਕ ਰੱਖਦਾ ਸੀ। ਮਹਾਰਾਜਾ ਰਣਜੀਤ ਸਿੰਘ ਪਾਸ ਧਨ ਸੰਪਤੀ ਬਹੁਤ ਸੀ। ਮਜਾਲ ਹੈਂ ਧਨ ਦਾ ਮਾਣ ਹੋਵੇ। ਗੁਰੂ ਦਾ ਮਾਣ ਹੈ। ਨਜ਼ਾਮ ਹੈਦਰਾਬਾਦ ਨੇ ਇਕ ਚਾਨਣੀ ਬੜੀ ਹੀ ਖ਼ੂਬਸੂਰਤ ਭੇਜੀ ਮਹਾਰਾਜੇ ਵਾਸਤੇ ਅਤੇ ਉਸ 'ਤੇ ਬੜੇ ਹੀ ਹੀਰੇ ਮੋਤੀ ਜੜੇ ਹੋਏ ਨੇ। ਅੱਜ ਸੰਸਾਰ ਵਿਚ ਉਸ ਦੀ ਕੀਮਤ ਪਾਣੀ ਹੋਵੇ ਤਾਂ ਲੱਖਾਂ ਕ੍ਰੋੜਾਂ ਦੀ ਬਣਦੀ ਹੈ। ਜਦ ਇਹ ਚਾਨਣੀ ਆਈ ਤੇ ਸਿੰਘਾਸਨ 'ਤੇ ਟੰਗੀ। ਮਹਾਰਾਜ ਸਾਹਿਬ ਆ ਰਹੇ ਨੇ, ਦੇਖਿਆ ਖ਼ੂਬਸੂਰਤ ਚਾਨਣੀ ਨੂੰ। ਆਖਣ ਲੱਗੇ, ਨਹੀਂ, ਇਹ ਤੇ ਗੁਰੂ ਰਾਮਦਾਸ ਮਹਾਰਾਜ ਦੇ ਸੀਸ 'ਤੇ ਸ਼ੋਭਾ ਪਾਂਦੀ ਹੈ, ਸਾਡੇ ਸੀਸ 'ਤੇ ਨਹੀਂ। ਉਹ ਜਦ ਵੀ ਕੋਈ ਕੀਮਤੀ ਚੀਜ਼ ਵੇਖਦਾ


Sri Satguru Jagjit Singh Ji eLibrary NamdhariElibrary@gmail.com

ਹੈ ਤਾਂ ਉਸ ਨੂੰ ਗੁਰੂ ਚੇਤੇ ਆਉਂਦਾ ਹੈ। ਅਤੇ ਅਸੀਂ ਕੀਮਤੀ ਜਿਹੀ ਚੀਜ਼ ਵੇਖ ਲਈਏ ਤੇ ਗੁਰੂ ਭੁਲ ਜਾਂਦਾ ਹੈ। ਮਕਾਨ ਚੰਗਾ ਵੇਖ ਲਈਏ ਤਾਂ ਗੁਰੂ ਭੁਲ ਜਾਂਦਾ ਹੈ। ਪੁੱਤਰ ਚੰਗੀ ਨੌਕਰੀ 'ਤੇ ਲੱਗ ਜਾਏ ਤਾਂ ਗੁਰੂ ਭੁਲ ਜਾਂਦਾ ਹੈ। ਜਾਂ ਇਸ ਤਰ੍ਹਾਂ ਦੀ ਕੋਈ ਹੋਰ ਸ਼ਾਨੋ-ਸ਼ੌਕਤ ਮਿਲ ਜਾਏ ਤਾਂ ਗੁਰੂ ਨੂੰ ਭੁਲਾ ਛਡਦੇ ਹਾਂ। ਤੇ ਇਕ ਉਹ ਮਹਾਰਾਜਾ ਹੈ ਜਿਸ ਨੂੰ ਕੋਈ ਵੀ ਕੀਮਤੀ ਚੀਜ਼ ਮਿਲਦੀ ਹੈ ਤੇ ਉਹ ਉਸ ਵਿਚੋਂ ਵੀ ਗੁਰੂ ਦੇ ਦਰਸ਼ਨ ਕਰਦਾ ਹੈ। ਗੁਰੂ ਦਾ ਮਾਣ ਕਰਦਾ ਹੈ।

ਮੈਂ ਅਰਜ਼ ਕਰ ਰਿਹਾ ਸੀ ਕਿ ਈਸ਼ਵਰ ਨੂੰ ਆਖਿਆ ਗਿਆ ਹੈ ਨਿਆਸਰਿਆਂ ਦਾ ਆਸਰਾ ਹੈ। ਤੇ ਜਿਸ ਵਕਤ ਬੰਦਾ ਇਹ ਆਖੇ ਕਿ ਹੇ ਗੁਰੂ, ਮੈਨੂੰ ਨਾ ਪੁੱਤਰਾਂ ਦਾ ਆਸਰਾ ਹੈ ਤੇ ਨਾ ਭਰਾਵਾਂ ਦਾ, ਤੇ ਨਾ ਧਨ ਸੰਪਤਾ ਦਾ, ਇਕ ਤੇਰਾ ਹੀ ਆਸਰਾ ਹੈ ਤਾਂ ਸੱਚ ਜਾਣੋ, ਇਹ ਆਸਰਾ ਫਿਰ ਟੁਟਦਾ ਵੀ ਨਹੀਂ। ਇਹ ਐਸਾ ਪੁਖ਼ਤਾ, ਮੁਕੰਮਲ ਆਸਰਾ ਹੈ।

ਤੇ ਸ਼ਾਹੀ ਵੈਦਾਂ ਨੇ ਜਵਾਬ ਦੇ ਦਿੱਤਾ, 'ਰਾਜਨ, ਸਾਡੇ ਵਸ ਦੀ ਗੱਲ ਨਹੀਂ। ਇਸ ਬੱਚੇ ਨੂੰ ਹੁਣ ਅਸੀਂ ਨਹੀਂ ਜਿਵਾ ਸਕਦੇ।' ਬੜਾ ਦੁਖੀ ਤੇ ਬੇਜ਼ਾਰ ਹੋਇਆ ਇਹ ਰਾਜਾ। ਸੋਚਦਾ ਹੈ ਕਿ ਇਕੋ ਇਕ ਇਹ ਮੇਰਾ ਬੱਚਾ, ਜਿਸ ਨੇ ਰਾਜ ਪਾਟ ਸੰਭਾਲਣਾ ਸੀ, ਰਾਜ ਕਰਨਾ ਸੀ, ਜਾ ਰਿਹਾ ਹੈ। ਆਖ਼ਰੀ ਦਮਾਂ 'ਤੇ ਹੈ। ਤੇ ਰਾਜਾ ਗਹਿਰੀ ਸੋਚ ਵਿਚ ਪੈ ਗਿਆ। ਤੇ ਕਈ ਦਫ਼ਾ ਗਹਿਰੀ ਸੋਚ ਵਿਚ ਪਿਆਂ ਨੀਂਦ ਆ ਜਾਂਦੀ ਹੈ। ਤੇ ਰਾਜੇ ਨੂੰ ਵੀ ਬਹੁਤ ਸੋਚਣ ਨਾਲ ਨੀਂਦ ਆ ਗਈ। ਕੋਲ ਰਾਣੀ ਬੈਠੀ ਹੈ। ਤੇ ਨੀਂਦ ਵਿਚ ਆਇਆ ਹੈ ਸੁਪਨਾ। ਕੀ ਆਇਆ ਸੁਪਨਾ ਕਿ ਮੈਂ ਇਕ ਛਤਰ-ਪਤੀ ਰਾਜਾ ਹਾਂ, ਮੇਰੇ ਛੇ ਬੱਚੇ ਨੇ, ਨੂੰਹਾਂ ਹਨ, ਪੋਤਰੇ ਹਨ। ਤੇ ਸੁਪਨੇ 'ਚ ਇਨ੍ਹਾਂ ਛੇ ਬੱਚਿਆਂ 'ਚ ਬੈਠ ਕੇ ਭੋਜਨ ਪਿਆ ਛਕਦਾ ਹੈ। ਤੇ ਆਪਸ ਵਿਚ ਗੱਲਾਂ ਪਏ ਕਰਦੇ ਨੇ, ਰਾਜਾ ਤੇ ਇਹ ਛੀਏ ਬੱਚੇ ਰਾਜੇ ਦੇ। ਐਸਾ ਸੁਪਨਾ ਸੁਖਾਂ ਨਾਲ ਭਰਿਆ ਇਹ ਵੇਖ ਰਿਹਾ ਹੈ।

ਇਧਰ ਜਿਹੜਾ ਬੱਚਾ ਸੀ, ਉਸ ਦਾ ਆਖ਼ਰੀ ਦਮ ਨਿਕਲ ਗਿਆ। ਤੇ ਜਿਉਂ ਆਖ਼ਰੀ ਦਮ ਨਿਕਲਿਆ, ਕੋਲ ਬੈਠੀ ਰਾਣੀ ਧਾਈਆਂ ਮਾਰ ਕੇ ਰੋ ਉਠੀ। ਜਦੋਂ ਚੀਕ ਨਿਕਲੀ, ਤੇ ਰਾਜੇ ਦੀ ਅੱਖ ਖੁਲ੍ਹ ਗਈ। ਤੇ ਜਿਉਂ ਉਸਦੀ ਅੱਖ ਖੁਲ੍ਹੀ ਤੇ ਰਾਜਾ ਮੁਸਕਾਣ ਲੱਗ ਪਿਆ। ਰਾਣੀ ਕਹਿਣ ਲੱਗੀ, 'ਪਾਗਲ ਹੋ ਗਿਆ ਹੈਂ। ਇਕੋ ਇਕ ਬੱਚਾ ਜਾਂਦਾ ਰਿਹਾ ਤੇ ਤੁਸੀਂ ਹੱਸਦੇ ਹੋ। ਇਹ ਕੋਈ ਹਾਸੇ ਦੀ ਗੱਲ ਹੈ ?' ਰਾਜਾ ਕਹਿੰਦਾ, 'ਅੱਜ ਕੋਈ ਜ਼ਿੰਦਗੀ ਦੀ ਅਸਲੀਅਤ ਦਾ ਪਤਾ ਚਲਿਆ ਹੈ। ਜਦ ਮੇਰੀ ਅੱਖ ਖੁਲ੍ਹੀ ਸੀ ਤੇ ਮੈਂ ਜਾਗਦਾ ਸੀ ਤੇ ਮੈਂ ਇਕ ਬੱਚੇ


Sri Satguru Jagjit Singh Ji eLibrary NamdhariElibrary@gmail.com

ਦਾ ਪਿਓ ਸੀ। ਤੇ ਜਦ ਮੈਂ ਸੌਂ ਗਿਆ, ਮੇਰੀ ਅੱਖ ਬੰਦ ਹੋ ਗਈ, ਤੋ ਮੈਂ ਛੇ ਬੱਚਿਆਂ ਦਾ ਪਿਓ ਬਣ ਗਿਆ। ਤੇ ਹੁਣ ਜਦ ਮੇਰੀ ਅੱਖ ਖੁਲ੍ਹੀ ਹੈ ਤੇ ਨਾ ਉਹ ਛੇ ਨੇ, ਤੇ ਨਾ ਹੀ ਇਹ ਇਕ ਹੈ। ਤੋ ਮੈਂ ਸੋਚਦਾ ਹਾਂ ਕਿ ਮੈਂ ਹੁਣ ਉਹਨਾਂ ਛੇਆਂ ਨੂੰ ਰੋਵਾਂ ਜਾਂ ਇਸ ਇਕ ਨੂੰ। ਮੈਨੂੰ ਅੱਜ ਇਹ ਪਤਾ ਚਲਿਆ ਹੈ ਕਿ ਜੈਸੇ ਉਹ ਛੇ ਸੁਪਨਾ ਸਨ, ਤੈਸੇ ਇਹ ਇਕ ਵੀ ਸੁਪਨਾ ਹੈ। ਫ਼ਰਕ ਸਿਰਫ਼ ਇਤਨਾ ਹੈ, ਉਹ ਬੰਦ ਅੱਖ ਦਾ ਸੁਪਨਾ ਸੀ ਇਹ ਖੁਲ੍ਹੀ ਅੱਖ ਦਾ ਸੁਪਨਾ ਹੈ।'

**ਜਗਿ ਜੀਵਨੁ ਐਸਾ, ਸੁਪਨੇ ਜੈਸਾ, ਜੀਵਨੁ ਸੁਪਨ ਸਮਾਨੰ ॥** *(੪੮੨)*

ਅਭਿਮੰਨਿਊ ਅਰਜਨ ਦਾ ਇਕਲੌਤਾ ਬੇਟਾ ਹੈ। ਮੈਦਾਨੇ ਜੰਗ ਵਿਚ ਉਸਨੂੰ ਦੁਸ਼ਮਨਾਂ ਨੇ ਮਾਰ ਦਿੱਤਾ। ਅਰਜਨ ਉਸ ਦੀ ਲਾਸ਼ ਨੂੰ ਚੁਕ ਕੇ ਲਿਆਇਆ ਕ੍ਰਿਸ਼ਨ ਕੋਲ, ਅਰ ਕਹਿੰਦਾ ਹੈ, 'ਭਗਵਾਨ, ਤੁਹਾਡੇ ਹੁੰਦਿਆਂ ਹੋਇਆਂ ਮੇਰਾ ਬੱਚਾ ਚਲਾ ਜਾਏ, ਅਰ ਉਹ ਵੀ ਇਕਲੌਤਾ ਬੇਟਾ! ਮੇਹਰ ਕਰੋ! ਬਖ਼ਸ਼ਿਸ਼ ਕਰੋ! ਇਸ ਨੂੰ ਜ਼ਿੰਦਾ ਕਰੋ।'

ਤੇ ਹੁਣ ਕ੍ਰਿਸ਼ਨ ਵਰਗਾ ਪੁਰਸ਼ ਢੰਗ ਨਾਲ ਸਮਝਾਏਗਾ ਤੇ ਕ੍ਰਿਸ਼ਨ ਕਹਿੰਦੇ, ਅਰਜੁਨ ਤੂੰ ਅਸਲੀਅਤ ਨੂੰ ਸਮਝ, ਹਕੀਕਤ ਨੂੰ ਸਮਝ :

**ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥**

ਇਸ ਦੀ ਲੰਬੀ ਚੌੜੀ ਵਿਆਖਿਆ ਹੈ ਗੀਤਾ ਵਿਚ ਕਿ ਬਈ ਮੌਤ ਕੀ ਹੈ ਤੇ ਜ਼ਿੰਦਗੀ ਕੀ ਹੈ? ਅਰਜਨ ਬਹੁਤ ਸਮਝਾਣ 'ਤੇ ਵੀ ਨਹੀਂ ਸਮਝਿਆ।

ਜੇਕਰ ਬਹੁਤ ਦੁਖੀ ਹਿਰਦਾ ਹੋਵੇ ਤਾਂ ਉਸ 'ਤੇ ਗਿਆਨ ਦਾ ਅਸਰ ਨਹੀਂ ਹੁੰਦਾ ਅਤੇ ਬਹੁਤਾ ਸੁਖੀ ਹਿਰਦਾ ਹੋਵੇ ਤਾਂ ਉਸ 'ਤੇ ਵੀ ਗਿਆਨ ਦਾ ਅਸਰ ਨਹੀਂ। ਗਿਆਨ ਲਈ ਦਰਮਿਆਨੀ ਅਵਸਥਾ ਚਾਹੀਦੀ ਹੈ। ਆਹ ਸਿਤਾਰ ਦੀਆਂ ਜਿਹੜੀਆਂ ਤਾਰਾਂ ਨੇ, ਜੇਕਰ ਇਹਨਾਂ ਨੂੰ ਬਹੁਤਾ ਕੱਸ ਦੇਈਏ ਤਾਂ ਰਾਗੀਆਂ ਵਾਸਤੇ ਵਜਾਣਾ ਔਖਾ ਹੋ ਜਾਂਦਾ ਹੈ। ਸੁਰ ਬਹੁਤੀ ਉੱਚੀ ਹੋ ਜਾਂਦੀ ਹੈ। ਜੇਕਰ ਢਿੱਲਾ ਕਰ ਦੇਈਏ, ਫਿਰ ਸੰਗੀਤ ਉਹ ਨਹੀਂ ਨਿਕਲਦਾ। ਸੋ ਸਿਤਾਰ ਦੀ ਦਰਮਿਆਨੀ ਅਵਸਥਾ ਹੀ ਸੁਰ ਕਢਦੀ ਹੈ।

ਕਈਆਂ ਦੀਆਂ ਜ਼ਿੰਦਗੀ ਦੀਆਂ ਤਾਰਾਂ ਇੰਨੀਆਂ ਕੱਸੀਆਂ ਹੋਈਆਂ ਨੇ, ਇਤਨੀਆਂ ਟਾਈਟ ਨੇ ਕਿ ਮਜਾਲ ਹੈ ਜਪੁਜੀ ਸਾਹਿਬ ਦਾ ਪਾਠ ਉਹਨਾਂ ਵਿਚੋਂ ਨਿਕਲੇ? ਕੀ ਮਜਾਲ ਐ ਆਸਾ ਦੀ ਵਾਰ ਦਾ ਕੀਰਤਨ ਨਿਕਲੇ। ਅਰ ਐਸੇ ਬੰਦੇ ਨੇ ਜੋ ਕਹਿੰਦੇ ਨੇ, ਗਿਆਨੀ ਜੀ, ਸਾਨੂੰ ਤਾਂ ਮਰਨੇ ਦੀ ਵੇਹਲ ਹੀ ਨਹੀਂ,


Sri Satguru Jagjit Singh Ji eLibrary. NamdhariElibrary@gmail.com

ਤੁਸੀਂ ਜਪੁਜੀ ਸਾਹਿਬ ਦੀ ਗੱਲ ਕਰਦੇ ਹੋ। ਤੇ ਮੈਂ ਕਹਿੰਦਾ ਹੁੰਦਾਂ, ਕੋਈ ਗੱਲ ਨਹੀਂ, ਤੁਹਾਨੂੰ ਵੇਹਲ ਕੋਈ ਨਹੀਂ, ਮੌਤ ਨੇ ਵੇਹਲ ਕਢ ਹੀ ਲੈਣੀ ਹੈ। ਤੁਸੀਂ ਵੇਖਦੇ ਰਹਿ ਜਾਉਗੇ।

ਤੇ ਜੇ ਹੁਣ ਜ਼ਿੰਦਗੀ ਦੀਆਂ ਤਾਰਾਂ ਇਤਨੀਆਂ ਢਿੱਲੀਆਂ ਹੋਵਣ ਕਿ ਸਵੇਰੇ ਪੇਟ ਵਿਚ ਅੰਨ ਨਾ ਪਿਆ ਹੋਵੇ ਤੇ ਸ਼ਾਮ ਦੀ ਕੋਈ ਆਸ਼ਾ ਵੀ ਨਾ ਹੋਵੇ, ਖ਼ਬਰੇ ਅੰਨ ਲਭਣਾ ਵੀ ਹੈ ਕਿ ਨਹੀਂ, ਤਾਰਾਂ ਇਤਨੀਆਂ ਢਿੱਲੀਆਂ ਹੋਵਣ ਤਾਂ ਵੀ ਜਪੁਜੀ ਸਾਹਿਬ ਕਿਥੇ ਨਿਕਲਦਾ ਹੈ ? ਤੇ ਜੇ ਪੇਟ ਬਿਲਕੁਲ ਹੀ ਆਫਰਿਆ ਹੋਵੇ, ਤੇ ਬੇਅੰਤ ਖਾਧਾ ਹੋਵੇ, ਤੇ ਪਚਾਣ ਵਾਸਤੇ ਪਤਾ ਨਹੀਂ ਉਤੋਂ ਹੋਰ ਵੀ ਕੁਛ ਖਾਣਾ ਪਵੇਗਾ ਤੇ ਐਸਾ ਬੰਦਾ ਵੀ ਰੱਬ ਦਾ ਨਾਂ ਨਹੀਂ ਲੈ ਸਕਦਾ। ਐਸੇ ਬੰਦੇ ਤੋਂ ਵੀ ਪ੍ਰਭੂ ਦੇ ਗੀਤ ਨਹੀਂ ਨਿਕਲਦੇ। ਦਰਮਿਆਨੀ ਅਵਸਥਾ ਚਾਹੀਦੀ ਹੈ। ਤਾਂ ਹੀ ਗੱਲ ਜੋ ਹੈ, ਬਣਦੀ ਹੈ।

ਹੁਣ ਅਰਜਨ ਦੇ ਹਿਰਦੇ 'ਤੇ ਬਹੁਤ ਗਹਿਰੀ ਸੱਟ ਵੱਜੀ ਹੈ, ਬਈ ਇਕੋ ਇਕ ਬੱਚਾ ਤੇ ਉਹ ਵੀ ਜਾਂਦਾ ਰਿਹਾ ਹੈ, ਤੇ ਸ੍ਰੀ ਕ੍ਰਿਸ਼ਨ ਜੀ ਗੀਤਾ ਵਿਚ ਗੱਲ ਪਏ ਕਰਦੇ ਨੇ। ਇਹ ਫ਼ਿਲਾਸਫ਼ੀ ਸੁਣਾਂਦੇ ਨੇ, ਇਹ ਰੱਬ ਦੀ ਗੱਲ ਸੁਣਾਂਦੇ ਨੇ ਤੇ ਰੱਬ ਦੀ ਗੱਲ ਸੁਣਨ ਵਾਸਤੇ ਵੀ ਬਾਕਾਇਦਾ ਇਕ ਦਰਮਿਆਨੀ ਅਵਸਥਾ ਚਾਹੀਦੀ ਹੈ, ਬਹੁਤੀ ਖ਼ੁਸ਼ੀ ਨਹੀਂ ਤੇ ਬਹੁਤਾ ਦੁਖ ਵੀ ਨਹੀਂ। ਬਹੁਤਾ ਦੁਖੀ ਬੰਦਾ ਬਹੁਤਾ ਬੇਚੈਨ ਹੋ ਜਾਂਦਾ ਹੈ। ਕੀ ਮਜਾਲ ਹੈ ਕਿ ਸਵੇਰੇ ਉਠ ਸਕੇ। ਆਹ ਪਤਾ ਹੈ ਸਿੱਖਾਂ ਦਾ ਅੰਮ੍ਰਿਤ ਕਿਉਂ ਟੁੱਟ ਗਿਆ! ਅੰਮ੍ਰਿਤ ਵੇਲਾ ਟੁਟ ਗਿਆ। ਅੰਮ੍ਰਿਤ-ਵੇਲੇ ਦੇ ਆਸਰੇ 'ਤੇ ਰਹਿਣਾ ਸੀ ਤੇ ਜਦ ਅੰਮ੍ਰਿਤ ਵੇਲਾ ਹੀ ਨਹੀਂ ਰਿਹਾ ਤੇ ਅੰਮ੍ਰਿਤ ਕਿਥੋਂ ? ਅੰਮ੍ਰਿਤ ਦੀ ਗੱਲ ਕਿਥੋਂ ? ਸਹਿਜੇ ਸਹਿਜੇ ਟੁਟਦੀ ਜਾ ਰਹੀ ਹੈ। ਜਦ ਮੈਥੋਂ ਕੋਈ ਪੁਛਦਾ ਹੈ ਕਿ ਕੀ ਗੱਲ ਲੋਕੀਂ ਅੰਮ੍ਰਿਤ ਨਹੀਂ ਛਕਦੇ ਤੇ ਮੈਂ ਕਹਿੰਦਾ ਹੁੰਦਾ ਹਾਂ ਕਿ ਅੰਮ੍ਰਿਤ ਨੇ ਰਹਿਣਾ ਸੀ ਅੰਮ੍ਰਿਤ ਵੇਲੇ ਦੇ ਆਸਰੇ 'ਤੇ। ਜਦ ਅੰਮ੍ਰਿਤ ਵੇਲੇ ਕੋਈ ਉਠਦਾ ਹੀ ਨਹੀਂ, ਸਿੱਖਾਂ ਨੇ ਜਦ ਉਠਣਾ ਹੀ ਅੱਠ ਵਜੇ ਹੈ ਤੇ ਫਿਰ ਕਿਥੇ ਰਹੀ ਅੰਮ੍ਰਿਤ ਦੀ ਗੱਲ।

ਤੇ ਅਰਜਨ ਕਹਿਣ ਲੱਗਾ, 'ਭਗਵਾਨ, ਇਹ ਗਿਆਨ ਦੀਆਂ ਗੱਲਾਂ ਰੱਖੋ ਆਪਣੇ ਕੋਲ, ਆਹ ਮੇਰਾ ਤੇ ਬੱਚਾ ਜ਼ਿੰਦਾ ਕਰ ਛਡੋ।' ਕਈਆਂ ਨੂੰ ਭੁਲੇਖਾ ਹੁੰਦਾ ਹੈ ਕਿ ਫ਼ਲਾਣਾ ਸੰਤ ਜਿਵਾ ਛਡੇਗਾ, ਆਹ ਕਰ ਛਡੇਗਾ, ਉਹ ਕਰ ਛਡੇਗਾ। ਸੱਚ ਜਾਣੋ, ਜਦ ਤਕ ਮੂਰਖਾਂ ਦੀ ਤਾਦਾਦ ਸੰਸਾਰ ਵਿਚ ਰਵੇਗੀ, ਪਾਖੰਡੀਆਂ ਦੀਆਂ ਦੁਕਾਨਾਂ ਚਲਦੀਆਂ ਰਹਿਣਗੀਆਂ। ਤੇ ਸ੍ਰੀ ਕ੍ਰਿਸ਼ਨ ਸੋਚਣ ਲੱਗੇ, ਬਈ


Sri Satguru Jagjit Singh Ji eLibrary NamdhariElibrary@gmail.com

ਇਹਨੇ ਹੁਣ ਗੱਲ ਸਮਝਣੀ ਨਹੀਂ। ਸੱਚ ਜਾਣੋ ਧਰਮ ਦੀ ਗੱਲ ਸਮਝਣ ਲਗਿਆਂ ਤੇ ਸਮਝਾਣ ਲਗਿਆਂ ਜਿਤਨੀ ਔਖਿਆਈ ਏ, ਹੋਰ ਕਿਸੇ ਗੱਲ ਲਈ ਨਹੀਂ।

ਕ੍ਰਿਸ਼ਨ ਨੇ ਸੋਨੇ ਦਾ ਕਰਮੰਡਲ ਅਰਜਨ ਨੂੰ ਦਿੱਤਾ ਤੇ ਕਿਹਾ ਕਿ ਜਾਹ! ਸਾਹਮਣੇ ਸਰੋਵਰ 'ਚੋਂ ਭਰ ਲਿਆ। ਤੋ ਅਰਜਨ ਨੇ ਸੋਚਿਆ ਸ਼ਾਇਦ ਕੋਈ ਮੰਤਰ ਪੜ੍ਹਨਗੇ ਤੇ ਮੇਰੇ ਪੁੱਤਰ 'ਤੇ ਛਿੱਟੇ ਮਾਰ ਕੇ ਜ਼ਿੰਦਾ ਕਰ ਦੇਣਗੇ। ਖ਼ੁਸ਼ੀ ਨਾਲ ਭੱਜਿਆ ਗਿਆ ਤੋ ਭਰ ਲਿਆਇਆ ਤੇ ਕਹਿਣ ਲੱਗਾ, 'ਲਉ ਭਗਵਾਨ, ਜ਼ਿੰਦਾ ਕਰੋ।' ਤੋ ਕ੍ਰਿਸ਼ਨ ਕਹਿਣ ਲਗਾ, 'ਜਾ ਹੁਣ ਡੋਲ੍ਹ ਆ ਉਸ ਸਰੋਵਰ ਵਿਚ।' ਤੇ ਅਰਜਨ ਸੋਚਣ ਲੱਗਾ ਕਿ ਚਲੋ ਇਹ ਵੀ ਕੋਈ ਮੰਤਰ ਹੋਵੇਗਾ ਤੇ ਭੱਜਿਆ ਗਿਆ ਅਤੇ ਪਾਣੀ ਡੋਲ੍ਹ ਆਇਆ। ਫਿਰ ਵਾਪਸ ਆਇਆ ਖ਼ਾਲੀ ਕਰਮੰਡਲ ਲੈ ਕੇ ਤੇ ਕਹਿਣ ਲੱਗਾ, 'ਕਰੋ ਜ਼ਿੰਦਾ ਮੇਰਾ ਬੱਚਾ।'

ਤੋ ਕ੍ਰਿਸ਼ਨ ਜੀ ਕਹਿਣ ਲੱਗੇ, 'ਗੱਲ ਸੁਣ ਜਿਹੜਾ ਪਾਣੀ ਤੂੰ ਸਰੋਵਰ 'ਚ ਡੋਲ੍ਹ ਕੇ ਆਇਆ ਸੀ, ਉਹ ਪਾਣੀ ਕੱਢ ਕੇ ਲਿਆ।' ਤੋ ਅਰਜਨ ਕਹਿਣ ਲੱਗਾ, 'ਭਗਵਾਨ ਫਿਰ ਮੇਰੇ ਨਾਲ ਮਜ਼ਾਕ, ਜਿਹੜਾ ਪਾਣੀ ਮੈਂ ਡੋਲ੍ਹ ਆਇਆ ਹਾਂ ਉਹ ਤੇ ਸਰੋਵਰ ਦੇ ਪਾਣੀ 'ਚ ਲੀਨ ਹੋ ਗਿਆ ਹੈ। ਮੈਂ ਕਿਸ ਤਰ੍ਹਾਂ ਕੱਢਾਂ।' ਤੇ ਕ੍ਰਿਸ਼ਨ ਕਹਿਣ ਲਗੇ, 'ਭੋਲਿਆ, ਤੂੰ ਗੱਲ ਨੂੰ ਸਮਝ! ਜੇ ਭਰਿਆ ਹੋਇਆ ਕਰਮੰਡਲ ਦਾ ਪਾਣੀ ਤੂੰ ਸਰੋਵਰ 'ਚ ਡੋਲ੍ਹਿਆ ਹੈ ਤੇ ਕੱਢ ਨਹੀਂ ਸਕਦਾ, ਤੋ ਆਤਮਾ ਜਿਹੜੀ ਪਰਮਾਤਮਾ ਰੂਪੀ ਸਰੋਵਰ ਵਿਚ ਲੀਨ ਹੋ ਗਈ ਹੈ, ਮੈਂ ਕਿਸ ਤਰ੍ਹਾਂ ਕੱਢਾਂ? ਗੱਲ ਨੂੰ ਸਮਝ। ਤੂੰ ਲੀਨ ਹੋਇਆ ਪਾਣੀ ਨਹੀਂ ਕਢ ਸਕਦਾ, ਮੈਂ ਲੀਨ ਹੋਈ ਆਤਮਾ ਨੂੰ ਨਹੀਂ ਕਢ ਸਕਦਾ।' ਅਰਜਨ ਨੇ ਗੱਲ ਨੂੰ ਸਮਝਿਆ, ਹੱਥ ਜੁੜ ਗਏ।

ਇਥੇ ਹੀ ਆ ਕੇ ਬਾਬਾ ਨਾਨਕ ਕਹਿੰਦੇ ਨੇ, ਪੁਰਖਾ, ਜੀਵਨ ਤੇਰੇ ਹੱਥ ਵਿਚ ਹੈ, ਜੰਮਣਾ ਤੇ ਮਰਣਾ ਤੇਰੇ ਹੱਥ ਵਿਚ ਨਹੀਂ। ਤੇਰੀ ਮਰਜ਼ੀ ਵਿਚ ਨਹੀਂ। ਤੇ ਜਿਸ ਦੀ ਮਰਜ਼ੀ ਵਿਚ ਹੋਇਆ ਹੈ, ਉਹਦੇ ਅੱਗੇ ਸਿਜਦਾ ਕਰ। ਉਹਨੂੰ ਮੱਥਾ ਟੇਕ। ਤੇ ਜਿਉਂ ਜਿਉਂ ਭਾਣਾ ਮੰਨੇਂਗਾ ਤਾਂ ਉਸ ਪੂਰਨ ਪਰਮਾਤਮਾ ਦੀ ਪ੍ਰਸੰਨਤਾ ਹੋਵੇਗੀ।

ਗਿਆਨੀ ਸਰੂਪ ਸਿੰਘ ਕਡਿਆਣਾ
ਪੰਥਕ ਢਾਡੀ ਜਥਾ
98150-03075
ਪਿੰਡ ਕਡਿਆਣਾ ਤਹਿ: ਫਿਲੌਰ (ਜਲੰਧਰ)



Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਸਿਰਮੌਰ ਸਰੂਪ ਸਿੰਘ ਕਹਿਣਿਆਲ ਪੰਥਕ ਢਾਡੀ ਜਥਾ 98150-03075 ਪਿੰਡ ਕਹਿਣਿਆਣਾ ਤਹਿ. ਫਿਲੌਰ (ਜਲੰਧਰ)

# ਜੀਵਨ ਦਾ ਨਿਸ਼ਾਨਾ

ਧਰਮੀ ਬਣਨਾ ਮਨੁੱਖ ਉਸ ਦਿਨ ਤੋਂ ਸ਼ੁਰੂ ਹੁੰਦਾ ਹੈ ਜਿਸ ਦਿਨ ਇਹ ਸੋਚੇ ਕਿ ਮੈਂ ਕਿਉਂ ਹਾਂ ? ਮੇਰੀ ਸੰਸਾਰ ਵਿਚ ਹੋਂਦ ਨਾਲ ਸੰਸਾਰ ਨੂੰ ਕੀ ਲਾਭ ਹੈ ? ਯਾ ਕੀ ਹਾਨੀ ਹੈ ? ਐਸੇ ਮਨੁੱਖ ਦਾ ਜ਼ਿੰਦਾ ਰਹਿਣਾ ਸੰਸਾਰ ਵਾਸਤੇ ਹਾਨੀਕਾਰਕ ਹੈ ਜਿਸ ਨੇ ਆਪਣੀ ਮੰਜ਼ਿਲੇ-ਮਕਸੂਦ ਨੂੰ ਪਿਛੇ ਰਖਿਆ ਹੈ। ਧਰਮ ਨੂੰ ਅਗਾਂਹ ਮੰਜ਼ਿਲੇ-ਮਕਸੂਦ ਦੀ ਤਰ੍ਹਾਂ ਰਖਣਾ ਪਵੇਗਾ ਤੇ ਫਿਰ ਚਲਣਾ ਪਵੇਗਾ। ਮਨੁੱਖ ਦੀ ਪਹਿਚਾਨ ਇਥੋਂ ਹੁੰਦੀ ਹੈ ਕਿ ਉਸ ਨੇ ਜੀਵਨ ਦਾ ਲਕਸ਼ ਕੀ ਰਖਿਆ ਹੈ ? ਕਿਉਂ ਜੀਵਣਾ ਹੈ ? ਕਿਸ ਵਾਸਤੇ ਜੀਵਣਾ ਹੈ ? ਇਥੋਂ ਪਹਿਚਾਨ ਹੁੰਦੀ ਹੈ ਕਿ ਬਈ ਇਹ ਮਨੁੱਖ ਕਿਥੇ ਖੜ੍ਹਾ ਹੈ ? ਤੇ ਇਹਨਾਂ ਨੁਕਤਿਆਂ ਤੋਂ, ਬਈ ਕਿਉਂ ਜੀਵਣਾ ਹੈ, ਕਿਸ ਲਈ ਜੀਵਣਾ ਹੈ ? ਮਨੁੱਖ ਦੀ ਸਾਰੀ ਜ਼ਿੰਦਗੀ ਪੜ੍ਹੀ ਜਾ ਸਕਦੀ ਹੈ ਕਿ ਬਈ ਇਹ ਕੀ ਹੈ ? ਅਰ ਇਸ ਨੇ ਪਹੁੰਚਣਾ ਕਿਥੇ ਹੈ ਤੇ ਮਰਨ ਤੋਂ ਬਾਅਦ ਵਿਚ ਇਸ ਨੇ ਕਿਥੇ ਜਾਣਾ ਹੈ ? ਇਸ ਢੰਗ ਦੀ ਖੋਜ ਵੀ ਕੀਤੀ ਹੈ ਸਾਡੇ ਦੇਸ ਦੇ ਆਲਮਾਂ ਨੇ। ਫ਼ਰਕ ਸਿਰਫ਼ ਇਤਨਾ ਹੈ ਕਿ ਪਤਾ ਚਲ ਜਾਏ ਕਿ ਇਸ ਦੇ ਜੀਵਨ ਦਾ ਮਨੋਰਥ ਕੀ ਹੈ ? ਇਹ ਕਿਉਂ ਜੀਵਣਾ ਚਾਹੁੰਦਾ ਹੈ ? ਬਸ ਇਸ ਗੱਲ ਦਾ ਪਤਾ ਚਲਦਿਆਂ ਹੀ ਉਸ ਦੇ ਜੀਵਨ ਦੀ ਜੋ ਝਾਕੀ ਹੈ, ਦੇਖੀ ਜਾ ਸਕਦੀ ਹੈ।

ਕਿਸੇ ਕਿਸੇ ਥਾਂ ਮਨੁੱਖ ਨੂੰ ਇਹ ਪਤਾ ਨਹੀਂ ਚਲਦਾ, ਤੇ ਉਹ ਖੋਜ ਵੀ ਕਰਦਾ ਹੈ। ਨੱਕ ਸੂੰਕਣੇ ਦੀ ਤਰ੍ਹਾਂ ਸਵਾਸ ਅੰਦਰ ਕਰ ਲੈਣੇ, ਬਾਹਰ ਕਰ ਲੈਣੇ, ਕ੍ਰਿਆ ਇਹੀ ਜ਼ਿੰਦਗੀ ਹੈ ? ਚਲਦੀ ਜ਼ਿੰਦਗੀ ਇਸੇ ਢੰਗ ਨਾਲ ਹੀ ਹੈ ਅਰ ਸਾਰੀ ਜ਼ਿੰਦਗੀ ਮਨੁੱਖ ਇਸੇ ਢੰਗ ਨਾਲ ਬਤੀਤ ਕਰੀ ਜਾ ਰਿਹਾ ਹੈ। ਕਦੀ ਕਦੀ ਗਹਿਰੀ ਦ੍ਰਿਸ਼ਟੀ ਰੱਖਣ ਵਾਲਾ ਪੁਰਸ਼ ਇਹ ਸਵਾਲ ਮਹਾਂ-ਪੁਰਸ਼ਾਂ 'ਤੇ ਕਰ ਬੈਠਦਾ ਹੈ, ਯਾ ਪਰੀਪੂਰਨ ਪਰਮਾਤਮਾ ਦੇ ਸਾਹਮਣੇ ਰੱਖਦਾ ਹੈ, ਆਪਣੀ ਅਨੁਭਵੀ ਬਿਰਤੀ ਦਵਾਰਾ ਕਿ ਮੈਂ ਕਿਉਂ ਹਾਂ ?

ਐਸਾ ਇਕ ਪ੍ਰਸ਼ਨ ਸਿਰਮੌਰ ਭਗਤ ਕਬੀਰ ਜੀ ਵੀ ਕਰਦੇ ਹਨ :



Sri Satguru Jagjit Singh Ji eLibrary NamdhariElibrary@gmail.com

ਗੁਰ ਚਰਣ ਲਾਗਿ ਹਮ ਬਿਨਵਤਾ, ਪੂਛਤ ਕਹ ਜੀਉ ਪਾਇਆ ॥ (੪੭੫)

ਉਹ ਕਹਿੰਦੇ ਨੇ, ਗੁਰੂ ਚਰਨਾਂ 'ਤੇ ਮੇਰੀ ਇਹ ਬਿਨੈ ਹੈ ਕਿ ਮੈਨੂੰ ਰੱਬ ਨੇ ਕਿਉਂ ਪੈਦਾ ਕੀਤਾ ਹੈ?

ਇਹ ਸੂਰਜ ਉਸ ਨੇ ਬਣਾਇਆ ਹੈ ਤਾਂ ਕਿਸੇ ਕੰਮ ਵਾਸਤੇ। ਗ੍ਰਹਿ, ਨਛੱਤਰ, ਤਾਰੇ, ਪ੍ਰਿਥਵੀ ਬਣਾਈ ਹੈ ਤਾਂ ਕਿਸੇ ਮਕਸੂਦ ਦੀ ਪੂਰਤੀ ਵਾਸਤੇ। ਹੁਣ ਤੋਂ ਇਥੋਂ ਤਕ ਵੀ ਕਿਹਾ ਜਾਂਦਾ ਹੈ ਕਿ ਜੇ ਬਨਸਪਤੀ ਨਾ ਹੋਵੇ, ਦਰਖ਼ਤ ਨਾ ਹੋਵਣ ਤਾਂ ਮਨੁੱਖਾਂ ਦਾ ਰਹਿਣਾ ਔਖਾ ਹੋ ਜਾਵੇਗਾ। ਇਕ ਦੇ ਆਸਰੇ 'ਤੇ ਦੂਜਾ ਖੜਾ ਹੈ ਤੇ ਦੂਜੇ ਦੇ ਆਸਰੇ 'ਤੇ ਤੀਜਾ। ਇਹ ਨਾ ਸਮਝਣਾ ਕਿ ਅਸੀਂ ਦਰਖ਼ਤਾਂ ਨਾਲੋਂ ਕੋਈ ਬਹੁਤ ਉਚੇ ਹਾਂ। ਸਾਡੀ ਸਾਰੀ ਜ਼ਿੰਦਗੀ ਦਰਖ਼ਤਾਂ, ਬਨਸਪਤੀ ਉਪਰ ਨਿਰਭਰ ਹੈ। ਐਸਾ ਵੀ ਹੋ ਸਕਦਾ ਹੈ ਕਿ ਉਹਨਾਂ ਦੀ ਜ਼ਿੰਦਗੀ ਦਾ ਸੰਬੰਧ ਸਾਡੇ ਨਾਲ ਹੋਵੇ ਤੇ ਸਾਡੀ ਜ਼ਿੰਦਗੀ ਦਾ ਸੰਬੰਧ ਉਹਨਾਂ ਨਾਲ। ਇਸ ਜ਼ਿੰਦਗੀ 'ਚ ਜਿਸ ਨੂੰ ਅਸੀਂ ਨੀਵਾਂ ਮੰਨ ਲੈਂਦੇ ਹਾਂ, ਉਹ ਵੀ ਕਿਸੇ ਦਾ ਆਧਾਰ ਹੈ। ਇਥੇ ਹੀ ਪਹੁੰਚ ਕੇ ਬਾਬੇ ਨਾਨਕ ਨੇ ਕਿਹਾ ਸੀ:

**ਹਮ ਨਹੀ ਚੰਗੇ, ਬੁਰਾ ਨਹੀ ਕੋਇ ॥**
**ਪ੍ਰਣਵਤਿ ਨਾਨਕੁ ਤਾਰੇ ਸੋਇ ॥** (੭੨੮)

ਇਕ ਮਕਾਨ ਬਨਾਣਾ ਹੋਵੇ ਤੇ ਉਹ ਜਿਹੜੀ ਸਭ ਤੋਂ ਥੱਲੇ ਇੱਟ ਹੈ, ਤੇ ਇਕ ਇੱਟ ਉਹ ਵੀ ਜੋ ਸਭ ਤੋਂ ਉਤੇ ਹੈ, ਦੀਵਾਰ ਦਾ ਆਖ਼ਰੀ ਹਿੱਸਾ। ਤੇ ਉਪਰ ਵਾਲੀ ਇੱਟ ਹੁਣ ਇਹ ਆਖੇ ਕਿ 'ਬਈ ਤੂੰ ਨੀਵੀਂ ਹੈਂ, ਥਲੇ ਹੈਂ, ਮੈਂ ਸਭ ਤੋਂ ਉਚੀ ਹਾਂ।' ਐਸਾ ਕਹਿ ਸਕਦੀ ਹੈ 'ਬਈ ਤੂੰ ਬਿਲਕੁਲ ਜ਼ਮੀਨ 'ਤੇ ਪਈ ਹੈਂ, ਥਲੇ ਹੈਂ। ਤੇ ਦੇਖ ਮੈਂ ਛੱਤ ਨਾਲ ਜੁੜੀ ਹੋਈ ਹਾਂ, ਮੈਂ ਬਹੁਤ ਉਚੀ ਹਾਂ।' ਅਰ ਧਾਰਮਿਕ ਦ੍ਰਿਸ਼ਟੀ ਰੱਖਣ ਵਾਲਾ ਪੁਰਸ਼ ਇਹ ਕਹਿ ਦੇਵੇਗਾ ਕਿ ਨੀਵੀਂ ਇੱਟ ਦੇ ਆਸਰੇ 'ਤੇ ਹੀ ਇਹ ਉਚੀ ਇੱਟ ਖੜੀ ਹੈ। ਇਹ ਬਿਲਕੁਲ ਸਪੱਸ਼ਟ ਹੈ। ਅਗਰ ਥਲੇ ਇੱਟ ਨਾ ਹੋਵੇ ਤਾਂ ਉਚੀ ਇੱਟ ਵੀ ਨਹੀਂ ਰਹਿ ਸਕਦੀ। ਇਹ ਗੱਲ ਵੱਖਰੀ ਹੈ ਕਿ ਉਚੀ ਇੱਟ ਨੂੰ ਮਾਣ ਹੋ ਜਾਵੇ ਕਿ ਬਾਕੀ ਸਭ ਮੇਰੇ ਥਲੇ ਹੈ, ਪਰ ਜੇ ਗਹਿਰੀ ਦ੍ਰਿਸ਼ਟੀ ਉਸ ਵਿਚ ਹੋਵੇ ਤਾਂ ਉਹ ਕਹਿ ਸਕਦੀ ਹੈ ਕਿ ਜੇ ਥਲੇ ਵਾਲੀ ਇੱਟ ਨਾ ਹੋਵੇ ਤਾਂ ਮੈਂ ਵੀ ਨਹੀਂ ਰਹਿ ਸਕਦੀ।

ਨਿਰਬਲ ਦੇ ਆਸਰੇ 'ਤੇ ਹੀ ਬਲਵਾਨ ਖੜਾ ਹੈ। ਨਿਰਧਨ ਦੇ ਆਸਰੇ 'ਤੇ ਹੀ ਕੋਈ ਧਨਵਾਨ ਖੜਾ ਹੈ। ਕਮਜ਼ੋਰ ਦੇ ਆਸਰੇ 'ਤੇ ਹੀ ਕੋਈ ਤਾਕਤਵਰ


Sri Satguru Jagjit Singh Ji eLibrary NamdhariElibrary@gmail.com

ਖੜਾ ਹੈ, ਪਰ ਇਹ ਸਭ ਕੁਛ ਹੈ ਵੇਖਣ 'ਤੇ ਹੀ। ਦੇਖਣ ਵਿਚ ਇਹ ਇੱਟ ਹੈ ਨੀਵੀਂ, ਪਰ ਇਸ ਨੀਵੀਂ ਇੱਟ ਦੇ ਆਸਰੇ 'ਤੇ ਹੀ ਉਚੀ ਇੱਟ ਖੜੀ ਹੈ।

ਕਿਸੇ ਹਦ ਤਕ ਇਹ ਲਫ਼ਜ਼ ਠੋਕਰ ਦੇ ਰੂਪ ਵਿਚ ਜਦ ਚੰਦੂ ਨੇ ਕਹੇ ਸਨ ਆਪਣੇ ਪਰੋਹਿਤ ਨੂੰ ਕਿ ਬਈ ਤੂੰ ਚੁਬਾਰੇ ਦੀ ਇੱਟ ਮੋਰੀ ਨੂੰ ਲਾ ਆਇਆ ਹੈਂ, ਤੇ ਗੁਰੂ ਅਰਜਨ ਦੇਵ ਜੀ ਦੇ ਹਿਰਦੇ ਨੂੰ, ਸੰਗਤਾਂ ਦੇ ਹਿਰਦੇ ਨੂੰ ਬਹੁਤ ਠੇਸ ਲੱਗੀ ਸੀ, ਅਰ ਕਹਿ ਦਿੱਤਾ ਸੀ ਕਿ ਚੰਦੂ ਨਾਲ ਰਿਸ਼ਤਾ ਨਹੀਂ ਕਰਨਾ। ਇਹਨੂੰ ਸਮਝ ਹੀ ਨਹੀਂ ਨਜ਼ਾਮ ਦੀ, ਸੰਸਾਰ ਦੀ ਇਸ ਨੂੰ ਸਮਝ ਹੀ ਨਹੀਂ। ਬਈ ਰਿਸ਼ਤਾ ਲਭਣਾ ਸੀ ਤਾਂ ਕਿਸੇ ਧਨਵਾਨ ਦਾ ਘਰ ਲਭਣਾ ਸੀ, ਨਿਰੇ ਧਰਮੀ ਦਾ ਘਰ ਕਿਉਂ ਲਭ ਲਿਆ। ਇਥੋਂ ਮਨੁੱਖ ਦੇ ਜੀਵਨ ਦੇ ਲਕਸ਼ ਦਾ ਵੀ ਪਤਾ ਚਲਦਾ ਹੈ ਕਿ ਮਨੁੱਖ ਨੇ ਧਰਮ ਨੂੰ ਕਿਸੇ ਹਦ ਤਕ ਬਹੁਤ ਨੀਵਾਂ ਸਮਝਿਆ ਹੈ। ਕਿ ਧਰਮ ਮਨੁਖ ਦਾ ਲਕਸ਼ ਨਹੀਂ, ਧਰਮ ਮਨੁਖ ਦੀ ਮੰਜ਼ਿਲੇ-ਮਕਸੂਦ ਨਹੀਂ ਹੈ।

ਇਕ ਗਾਥਾ ਹੈ, ਸ਼ਾਇਦ ਉਸ ਨਾਲ ਗੱਲ ਸਪੱਸ਼ਟ ਹੋ ਸਕੇ। ਤੇ ਕਈ ਦਫ਼ਾ ਇਹ ਅਲਫ਼ਾਜ਼ ਵੀ ਦੀਵਾਰਾਂ ਦੀ ਤਰ੍ਹਾਂ ਖੜੇ ਹੋ ਜਾਂਦੇ ਨੇ। ਭਾਵ ਕੁਛ ਹੁੰਦੇ ਨੇ, ਖ਼ਿਆਲ ਕੁਛ ਹੋਰ ਹੁੰਦੇ ਨੇ। ਕਈ ਦਫ਼ਾ ਲਫ਼ਜ਼ ਬਹੁਤ ਵੱਡਾ ਹੋ ਜਾਂਦਾ ਹੈ ਤੇ ਖ਼ਿਆਲ ਬਹੁਤ ਛੋਟੇ ਹੋ ਜਾਂਦੇ ਨੇ। ਤੇ ਕਈ ਦਫ਼ਾ ਭਾਵ ਬਹੁਤ ਵੱਡਾ ਹੁੰਦਾ ਹੈ ਤੇ ਲਫ਼ਜ਼ ਬਹੁਤ ਛੋਟੇ ਹੁੰਦੇ ਹਨ। ਤੇ ਅੰਤਰੀਵ ਭਾਵ, ਅੰਦਰ ਦੇ ਖ਼ਿਆਲ ਭੁਲ ਜਾਂਦੇ ਨੇ। ਔਰ ਇਹੀ ਕਾਰਨ ਹੈ ਕਿ ਹਰ ਭਗਤ ਨੇ ਕਿਹਾ ਹੈ ਕਿ ਜੋ ਕੁਛ ਕਹਿਣਾ ਚਾਹੁੰਦੇ ਹਾਂ, ਕਹਿ ਨਹੀਂ ਸਕਦੇ, ਲਫ਼ਜ਼ ਛੋਟੇ ਨੇ, ਅੰਦਰ ਗੱਲ ਬਹੁਤ ਵੱਡੀ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਤਾਂ ਸਾਫ਼ ਕਹਿ ਦਿੱਤਾ ਹੈ ਕਿ "ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥" ਆਖਣ ਵਾਸਤੇ ਮੇਰੇ ਪਾਸ ਬਹੁਤ ਕੁਛ ਹੈ, ਪਰ ਕਥਨੀ ਬੜੀ ਛੋਟੀ ਹੈ। ਲਫ਼ਜ਼ ਬੜੇ ਛੋਟੇ ਨੇ। ਖ਼ਿਆਲ ਬਹੁਤ ਨੇ, ਭਾਵ ਬੜੇ ਨੇ, ਪਰ ਇਹ ਜਿਹੜਾ ਸ਼ਬਦਾਂ ਦਾ ਭੰਡਾਰ ਹੈ ਨਾ, ਅੱਖਰਾਂ ਦੇ ਭਾਂਡੇ ਨੇ, ਇਹ ਬਹੁਤ ਛੋਟੇ ਨੇ, ਉਹ ਸਾਗਰ ਇਸ ਵਿਚ ਆ ਨਹੀਂ ਸਕਦਾ।

ਰਾਸ਼ਟਰੀਆ ਕਵੀ ਰਵਿੰਦਰ ਨਾਥ ਟੈਗੋਰ ਜਦੋਂ ਮਰਨ ਲਗੇ ਨਾ, ਤਾਂ ਇਹਨਾਂ ਦੇ ਚੇਲੇ ਕਹਿਣ ਲਗੇ, 'ਗੁਰੂਦੇਵ ਠਾਕੁਰ ਜੀ, ਤੁਸੀਂ ਜੋ ਕੁਛ ਗਾਣਾ ਸੀ ਗਾ ਲਿਆ ਹੋਵੇਗਾ, ਜੋ ਕੁਛ ਕਹਿਣਾ ਸੀ ਕਹਿ ਲਿਆ ਹੋਵੇਗਾ ਤੇ ਬੜੀ ਸ਼ਾਂਤੀ ਨਾਲ ਹੁਣ ਜਾ ਰਹੇ ਹੋ। ਕੋਈ ਤਮੰਨਾ ਰਹਿ ਤੇ ਨਹੀਂ ਗਈ ?' ਤੇ ਕਹਿੰਦੇ


Sri Satguru Jagjit Singh Ji eLibrary NamdhariElibrary@gmail.com

ਨੇ, ਟੈਗੋਰ ਦੀਆਂ ਅੱਖਾਂ ਭਰ ਆਈਆਂ। ਕਹਿਣ ਲਗੇ, 'ਐਸੀ ਗੱਲ ਨਹੀਂ, ਜੋ ਵੀ ਮੈਂ ਗਾਵਣਾ ਸੀ ਸੰਗੀਤ ਮੇਰੇ ਅੰਦਰ ਰਹਿ ਗਿਆ ਹੈ ਤੇ ਸਾਰੀ ਉਮਰ ਸਾਜ਼ਾਂ ਨੂੰ ਸੁਰ ਕਰਨ ਵਿਚ ਹੀ ਸਮਾਂ ਲੰਘ ਗਿਆ ਹੈ। ਸਿਰਫ਼ ਸਾਜ਼ ਹੀ ਸੁਰ ਵਿਚ ਕਰ ਸਕਿਆ ਹਾਂ। ਅਗਰ ਲੋਕਾਂ ਦੇ ਕੰਨ ਤਕ ਕੋਈ ਗੱਲ ਪਹੁੰਚੀ ਹੈ ਤਾਂ ਸਿਰਫ਼ ਉਹੀ ਹੈ ਜੋ ਮੈਂ ਸਾਜ਼ਾਂ ਨੂੰ ਸੁਰ ਪਿਆ ਕਰਦਾ ਸੀ।' ਤਬਲੇ ਨੂੰ ਸੁਰ ਕਰਨਾ ਹੋਵੇ ਨਾ, ਤਾਂ ਖਟ ਖਟ ਕਰਨੀ ਪੈਂਦੀ ਹੈ। ਤੇ ਟੈਗੋਰ ਕਹਿੰਦੇ ਨੇ, 'ਜਦ ਸਾਜ਼ ਸੁਰ ਵਿਚ ਹੋ ਗਿਆ ਤਾਂ ਵਜਾਣ ਦਾ ਸਮਾਂ ਹੀ ਨਹੀਂ ਰਿਹਾ। ਹੁਣ ਜਾ ਰਿਹਾ ਹਾਂ। ਬਾਕੀ ਸਾਰੀ ਜ਼ਿੰਦਗੀ ਸਾਜ਼ਾਂ ਨੂੰ ਸੁਰ ਕਰਨ ਵਿਚ ਲੰਘੀ ਤੇ ਅਜ ਵਜਾਣ ਲਗਾ ਹਾਂ ਤਾਂ ਸਮਾਂ ਹੀ ਕੋਈ ਨਹੀਂ। ਉਹ ਜੋ ਅਨੁਭਵ ਮੈਂ ਇਕੱਠਾ ਕੀਤਾ ਹੈ, ਉਸ ਨੂੰ ਕਹਿਣ ਦਾ ਹੁਣ ਮੇਰੇ ਪਾਸ ਸਮਾਂ ਹੀ ਕੋਈ ਨਹੀਂ।'

ਕਈ ਦਫ਼ਾ ਕੋਈ ਮਹਾਂਪੁਰਸ਼ ਤਪੱਸਿਆ ਕਰਦਿਆਂ ਕਰਦਿਆਂ, ਸਾਧਨਾ ਕਰਦਿਆਂ ਕਰਦਿਆਂ ਜ਼ਿੰਦਗੀ ਦੇ ਬੜੇ ਰਾਜ਼ ਲੱਭ ਲੈਂਦਾ ਹੈ ਤੇ ਜਦ ਰਾਜ਼ ਉਸ ਪਾਸ ਇਕੱਠੇ ਹੋ ਜਾਂਦੇ ਨੇ ਤੇ ਜਦੋਂ ਕਹਿਣ ਦੀ ਵਾਰੀ ਆਉਂਦੀ ਹੈ ਤਾਂ ਉਹਦੀ ਜ਼ਿੰਦਗੀ ਖ਼ਤਮ ਹੋ ਜਾਂਦੀ ਹੈ, ਫਿਰ ਜੀਵਨ ਹੀ ਖ਼ਤਮ ਹੋ ਜਾਂਦਾ ਹੈ। ਇਸ ਵਾਸਤੇ ਕਹਿੰਦੇ ਨੇ ਕਿ ਮਹਾਂਪੁਰਸ਼ ਆਪਣੀਆਂ ਕਰਨੀਆਂ ਆਪਣੇ ਨਾਲ ਹੀ ਲੈ ਜਾਂਦੇ ਨੇ।

ਸ਼ਾਇਦ ਭਾਵ ਬਹੁਤ ਵੱਡਾ ਸੀ ਇਸ ਵਾਸਤੇ ਗੁਰੂ ਨਾਨਕ ਨੂੰ ਦਸ ਜਾਮੇ ਪਾਰ ਕਰਨੇ ਪਏ। ਇਕ ਜਾਮੇ 'ਚ ਗੱਲ ਨਹੀਂ ਆਖੀ ਜਾ ਸਕਦੀ ਸੀ, ਵਿਸਥਾਰ ਬਹੁਤ ਵੱਡਾ ਸੀ, ਅਨੁਭਵ ਬਹੁਤ ਵੱਡਾ ਸੀ, ਤੋ ਐਸਾ ਹੀ, ਟੈਗੋਰ ਕਹਿੰਦੇ ਨੇ, ਮੈਂ ਜੋ ਕੁਛ ਗਾਵਣਾ ਸੀ ਨਹੀਂ ਗਾ ਸਕਿਆ, ਜੋ ਕੁਛ ਕਹਿਣਾ ਸੀ ਨਹੀਂ ਕਹਿ ਸਕਿਆ, ਤੇ ਲੋਕਾਂ ਦੇ ਕੰਨਾਂ ਵਿਚ ਜੋ ਆਵਾਜ਼ ਪਈ ਹੈ ਉਹ ਸਿਰਫ਼ ਉਹੀ ਹੈ ਜੋ ਮੈਂ ਸਾਜ਼ ਠੀਕ ਕਰਦਾ ਰਿਹਾ ਹਾਂ। ਇਥੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸਾਜ਼ ਨੂੰ ਸੁਰ ਕਰਨ ਲਗਿਆਂ ਵੀ ਜਿਹੜੀ ਧੁਨ ਨਿਕਲੀ ਹੈ ਉਹ ਕਿਤਨੀ ਚੰਗੀ ਹੈ। ਉਸ ਨੇ ਵੀ ਕਿਤਨਾ ਮਨ ਨੂੰ ਮੋਹਿਆ ਹੈ, ਉਹ ਵੀ ਮਨ ਨੂੰ ਕਿਤਨਾ ਮੁਤਾਸਰ ਕਰਦੀ ਹੈ। ਕਿਤਨੇ ਗਹਿਰੇ ਖ਼ਿਆਲ ਉਹ ਦੇ ਗਿਆ। ਅੰਤਿਮ ਸਮੇਂ ਉਹਨਾਂ ਦੀਆਂ ਵੀ ਅੱਖਾਂ ਸਜਲ ਸਨ ਕਿ ਹੁਣ ਜਦ ਗਾਣ ਦਾ ਸਮਾਂ ਆਇਆ ਹੈ ਤਾਂ ਜੀਵਨ ਸਾਥ ਨਹੀਂ ਦੇ ਰਿਹਾ। ਤੇ ਜੋ ਕੁਛ ਤੁਹਾਡੇ ਸਾਹਮਣੇ ਹੈ ਦੁਨੀਆ ਦੇ ਲੋਕੋ, ਇਹ ਗਾਇਆ ਨਹੀਂ, ਇਹ ਤੇ ਸਿਰਫ਼ ਸਾਜ਼ ਹੀ ਸੁਰ ਕੀਤਾ ਹੈ।

"ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥" ਗੱਲ ਬਹੁਤ ਵੱਡੀ ਹੈ, ਅੱਖਰ ਬਹੁਤ ਛੋਟੇ ਹੋ ਜਾਂਦੇ ਨੇ। ਇਸ ਵਾਸਤੇ ਕਈ ਮਹਾਂਪੁਰਸ਼


Sri Satguru Jagjit Singh Ji eLibrary NamdhariElibrary@gmail.com

ਕਹਾਣੀਆਂ ਨਾਲ ਸਮਝਾਣ ਦੀ ਕੋਸ਼ਿਸ਼ ਕਰਦੇ ਨੇ, ਕਿ ਮਤਾਂ ਗੱਲ ਹਿਰਦੇ ਤਕ ਪਹੁੰਚ ਜਾਏ।

ਤੇ ਇਕ ਗਾਥਾ ਹੈ ਜਿਸ ਵਿਚ ਇਹ ਹੈ ਕਿ ਮਨੁੱਖ, ਤੂੰ ਲਕਸ਼ ਕੀ ਰਖਿਆ ਹੈ, ਤੇਰੇ ਜੀਉਣ ਦਾ ਮਨੋਰਥ ਕੀ ਹੈ ? ਤੇਰੇ ਜੀਵਨ ਦਾ ਪ੍ਰਯੋਜਨ ਕੀ ਹੈ ? ਜੇ ਖਾਣ ਪੀਣ ਵਾਸਤੇ ਜੀਵਣਾ ਚਾਹਨਾ ਹੈਂ ਤਾਂ ਪਸ਼ੂ ਪੰਛੀ ਵੀ ਖਾਂਦੇ ਨੇ। ਜੇ ਬੱਚਿਆਂ ਵਾਸਤੇ ਜੀਵਣਾ ਚਾਹਨਾ ਹੈਂ ਤਾਂ ਪਸ਼ੂ ਪੰਛੀ ਵੀ ਪਾਲਦੇ ਨੇ, ਇਸੇ ਪ੍ਰਕਾਰ ਪਸ਼ੂ ਪੰਛੀ ਵੀ ਮਨੁੱਖ ਦੀ ਤਰ੍ਹਾਂ ਘਰ ਬਣਾ ਲੈਂਦੇ ਨੇ।

ਬਹੁਤ ਸਾਰੇ ਜੀਵਨ ਦੇ ਲਕਸ਼ ਪਸ਼ੂਆਂ ਦੇ ਤੇ ਮਨੁੱਖ ਦੇ ਮਿਲਦੇ ਨੇ, ਤੇ ਸਵਾਲ ਇਥੇ ਇਹ ਪੈਦਾ ਹੁੰਦਾ ਹੈ ਕਿ ਜੇ ਇਹੀ ਤੇਰਾ ਲਕਸ਼ ਹੈ ਜੀਵਨ ਦਾ ਕਿ ਮੈਂ ਸਿਰਫ਼ ਖਾਣ ਪੀਣ ਵਾਸਤੇ ਜੀਵਣਾ ਹੈ, ਜੇ ਤੂੰ ਬੱਚਿਆਂ ਦੀ ਪਾਲਨਾ ਵਾਸਤੇ ਹੀ ਜੀਵਣਾ ਹੈ ਤਾਂ ਇਹ ਸਾਰੇ ਕੰਮ ਪਸ਼ੂ ਵੀ ਪਏ ਕਰਦੇ ਨੇ। ਤੇ ਤੇਰੀ ਜ਼ਿੰਦਗੀ ਇਹਨਾਂ ਨਾਲੋਂ ਕੋਈ ਉਚੀ ਨਹੀਂ, ਇਥੇ ਹੀ ਆ ਕੇ ਗੁਰੂਆਂ ਨੂੰ ਕਹਿਣਾ ਪਿਆ ਕਿ ਬੰਦਾ ਹੁੰਦੇ ਹੋਏ ਵੀ ਇਸ ਦੀ ਜ਼ਿੰਦਗੀ ਪਸ਼ੂਆਂ ਨਾਲੋਂ ਉਚੀ ਨਹੀਂ, ਬੰਦਾ ਹੁੰਦੇ ਹੋਏ ਵੀ ਪਸ਼ੂ ਹੈ। ਇਸ ਦੇ ਜੀਵਨ ਦਾ ਲਕਸ਼ ਕੋਈ ਉਚਾ ਨਹੀਂ। ਜੇ ਕੋਈ ਕੋਹਿ ਦੇਵੇ ਕਿ ਮੈਂ ਧਨ ਕਮਾਣ ਵਾਸਤੇ ਜੀਂਦਾ ਹਾਂ ਤਾਂ ਧਨ ਵੀ ਰੋਟੀ ਵਾਸਤੇ ਹੀ ਕਮਾਇਆ ਜਾਂਦਾ ਹੈ, ਤੇ ਫਿਰ ਰੋਟੀ ਵਾਸਤੇ ਹੀ ਜੀਣਾ ਹੋ ਗਿਆ।

ਇਥੇ ਆ ਕੇ ਹੀ ਕੁਝ ਮਹਾਂਪੁਰਸ਼ਾਂ ਨੇ ਔਖਿਆਈ ਵੀ ਜ਼ਾਹਰ ਕੀਤੀ ਹੈ ਕਿ ਹੇ ਕਰਤਾ ਪੁਰਖ, ਜਾਪਦਾ ਐਸਾ ਹੈ ਕਿ ਪਸ਼ੂਆਂ ਨਾਲੋਂ ਤੂੰ ਮਨੁੱਖ 'ਤੇ ਕੁਛ ਜ਼ਿਆਦਾ ਹੀ ਕਰੋਪੀ ਕੀਤੀ ਹੈ। ਪਤਾ ਹੈ ਐਸੇ ਮਹਾਂਪੁਰਸ਼ ਕੌਣ ਨੇ, ਜੋ ਰੱਬ ਨੂੰ ਦੋਸ਼ੀ ਠਹਿਰਾਂਦੇ ਨੇ। ਉਹਨਾਂ ਵਿਚ ਕਵੀ ਸੁੰਦਰ ਹੈ। ਰਾਜ ਯੋਗੀ ਭਰਥਰੀ ਹੈ ਤੇ ਭਾਵਰਸਾਮ੍ਰਿਤ ਦਾ ਕਰਤਾ ਪੰਡਤ ਗੁਲਾਬ ਸਿੰਘ ਹੈ। ਇਸ ਤੋਂ ਇਲਾਵਾ ਕਵੀ ਸੂਰਦਾਸ। ਇਹਨਾਂ ਨੇ ਇਕ ਥਾਂ 'ਤੇ ਸਿੱਧਾ ਹੀ ਰੱਬ 'ਤੇ ਗਿਲਾ ਕੀਤਾ ਹੈ ਕਿ ਐਸਾ ਜਾਪਦਾ ਹੈ ਕਿ ਪਸ਼ੂਆਂ 'ਤੇ ਤੇਰੀ ਬੜੀ ਕਿਰਪਾ ਹੈ ਤੇ ਮਨੁੱਖਾਂ 'ਤੇ ਤੇਰੀ ਬੜੀ ਕਰੋਪੀ। ਆਪ ਨੇ ਛੰਦਾਂ ਵਿਚ ਐਸੇ ਤਾਹਨੇ ਮਾਰੇ ਨੇ। ਜਿਵੇਂ :

**ਬਿਧ ਏਕ, ਅਨੀਤ, ਅਨੀਤ ਰਚੀ, ਸਭ ਸੰਤਨ ਕੇ ਤਨ ਪੇਟ ਲਗਾਇਓ।**

ਇਥੇ ਪੰਡਤ ਗੁਲਾਬ ਸਿੰਘ ਇਹ ਕਹਿੰਦਾ ਹੈ ਕਿ ਹੇ ਕਰਤਾ ਪੁਰਖ, ਤੂੰ ਰਿਜ਼ਕ ਦੀ ਚਿੰਤਾ ਮਨੁੱਖ ਨੂੰ ਐਸੀ ਦੇ ਦਿੱਤੀ ਹੈ ਕਿ ਇਹ ਤੈਨੂੰ ਭੁੱਲ ਜਾਂਦਾ ਹੈ ਤੇ ਆਪਣਾ ਮਕਸਦ ਰੋਟੀ ਕਮਾਉਣਾ ਹੀ ਰੱਖ ਲੈਂਦਾ ਹੈ। ਜਿਸ ਨੂੰ ਅਸੀਂ ਬੜੇ ਤੋਂ ਬੜਾ ਫ਼ਿਲਾਸਫ਼ਰ ਸਮਝਦੇ ਹਾਂ ਨਾ, ਬਈ ਬੜਾ ਲਿਖਾਰੀ ਹੈ, ਪਰ ਜੀਵਨ


Sri Satguru Jagjit Singh Ji eLibrary NamdhariElibrary@gmail.com

ਦਾ ਮਕਸਦ ਇਥੇ ਹੀ ਮੁਕ ਜਾਂਦਾ ਹੈ। ਰੋਟੀ ਨੂੰ ਸੱਟ ਨਾ ਲਗੇ, ਜ਼ਮੀਰ ਨੂੰ ਲਗਦੀ ਹੈ ਤਾਂ ਲਗੇ। ਤੋ ਇਥੇ ਪੰਡਤ ਗੁਲਾਬ ਸਿੰਘ ਇਹ ਕਹਿੰਦਾ ਹੈ ਕਿ ਹੇ ਕਰਤਾ ਪੁਰਖ, ਗੱਲ ਇਹ ਹੈ ਕਿ ਜਿਹੜੇ ਤੇਰੀ ਮੰਜ਼ਿਲ 'ਤੇ ਚਲਣ ਵਾਲੇ ਬੰਦੇ ਸਨ, ਜਿਨ੍ਹਾਂ ਦੀਆਂ ਸੁਭਾਵਕ ਰੁਚੀਆਂ ਐਸੀਆਂ ਸਨ, ਤੂੰ ਉਹਨਾਂ ਦੇ ਪੇਟ ਅੰਦਰ ਆਲਾ ਐਸਾ ਫਿਟ ਕਰਨਾ ਸੀ ਕਿ ਉਹ ਪੱਤਰ ਖਾ ਕੇ, ਪਾਣੀ ਪੀ ਕੇ ਸੰਤੁਸ਼ਟ ਰਹਿੰਦੇ ਤੇ ਜ਼ਿੰਦਗੀ ਦੇ ਗਹਿਰੇ ਰਾਜ਼ ਜਗਤ ਨੂੰ ਦੇ ਸਕਦੇ।

ਅਗਾਂਹ ਚਲੀਏ, ਕਵੀ ਸੁੰਦਰ ਤਾਂ ਇਥੋਂ ਤਕ ਕਹਿੰਦੇ ਨੇ :

**ਸੁੰਦਰ ਪੇਟ ਦੀਓ, ਬਡ ਪਾਪ ਕੀਓ।**

ਹੇ ਈਸ਼ਵਰ, ਠੀਕ ਹੈ ਪਾਪ ਸਾਥੋਂ ਵੀ ਹੁੰਦੇ ਨੇ, ਪਰ ਪਾਪ ਤੈਥੋਂ ਵੀ ਹੁੰਦੇ ਨੇ। ਪਸ਼ੂਆਂ ਪੰਛੀਆਂ ਦੇ ਪੇਟ ਕਿਉਂ ਲਾਏ ਤੇ ਪੇਟ ਦੀ ਖ਼ਾਤਰ ਸ਼ੇਰ, ਪਤਾ ਨਹੀਂ ਕਿੰਨੇ ਖ਼ੂਨ ਕਰਦਾ ਹੈ। ਵੱਡੀ ਮੱਛੀ ਪਤਾ ਨਹੀਂ ਕਿੰਨੀਆਂ ਛੋਟੀਆਂ ਮੱਛੀਆਂ ਨੂੰ ਨਿਗਲ ਜਾਂਦੀ ਹੈ। ਵੱਡੇ ਕੀੜੇ ਪਤਾ ਨਹੀਂ ਕਿੰਨੇ ਛੋਟਿਆਂ ਮੋਟਿਆਂ ਨੂੰ ਨਿਗਲ ਜਾਂਦੇ ਨੇ। ਬਾਜ਼ ਪਤਾ ਨਹੀਂ ਕਿਤਨੀਆਂ ਚਿੜੀਆਂ ਨੂੰ ਖਾ ਜਾਂਦਾ ਹੈ। ਸਿਰਫ਼ ਪੇਟ ਵਾਸਤੇ। ਤੇ ਇਕ ਤਾਕਤਵਰ ਮਨੁੱਖ ਪਤਾ ਨਹੀਂ ਕਿਤਨੇ ਗ਼ਰੀਬ ਮਨੁੱਖਾਂ ਦਾ ਖ਼ੂਨ ਚੂਸ ਜਾਂਦਾ ਹੈ ਤਾਂ ਜਾ ਕੇ ਆਪਣੇ ਪੇਟ ਨੂੰ ਭਰਦਾ ਹੈ। ਇਸ ਢੰਗ ਦਾ ਜੋ ਤੂੰ ਸਿਲਸਿਲਾ ਬਣਾ ਛਡਿਆ ਹੈ, ਇਹ ਤੇਰੇ ਪਾਸੋਂ ਬਹੁਤ ਵੱਡਾ ਪਾਪ ਹੋਇਆ ਹੈ।

ਹੋਰ ਅਗੇ ਚਲੀਏ, ਰਾਜਯੋਗੀ ਭਰਥਰੀ ਨੂੰ ਵੀ ਪੜ੍ਹੀਏ। ਇਸ ਨੇ ਤਾਂ ਆਪਣੇ ਇਕ ਛੰਦ ਵਿਚ ਕਮਾਲ ਹੀ ਕੀਤਾ ਹੈ ਤੇ ਰੱਬ ਨੂੰ ਗਾਲ੍ਹ ਤਕ ਵੀ ਕੱਢ ਦਿੱਤੀ ਹੈ :

**ਨਾਗੋਂ ਕਾ ਆਹਾਰ ਬਿਆਰ, ਮਾਟੀ ਕੀਨੋ ਮੁਖ-ਚਾਰ,**
**ਉਦਮ ਨਾ ਹਿੰਸਾ ਵਾਰ, ਸੁਖ ਲਾਭ ਹੋਇ ਹੈ।**

ਹੇ ਪਰਮਾਤਮਾ, ਤੂੰ ਸੱਪਾਂ ਦਾ ਅਹਾਰ ਬਣਾ ਦਿੱਤਾ ਮਿੱਟੀ। ਨੜ੍ਹਿੰਨਵੇਂ ਫ਼ੀਸਦੀ ਸੱਪ ਮਿੱਟੀ ਖਾਂਦੇ ਨੇ। ਕੁਛ ਹੀ ਸੱਪ ਨੇ ਜੋ ਮਾਸਾਹਾਰੀ ਹਨ। ਪਰ ਬਹੁਤੇ ਸੱਪ ਖੁੱਡਾਂ 'ਚ ਪਏ ਮਿੱਟੀ ਹੀ ਖਾਈ ਜਾਂਦੇ ਹਨ। ਜੋ ਪਾਣੀ ਹੈ ਉਹ ਮਿੱਟੀ ਦੀ ਨਮੀ ਵਿਚੋਂ ਹੀ ਪੂਰਾ ਕਰ ਲੈਂਦੇ ਹਨ। ਐਸੀ ਗੱਲ ਜੋ ਹੈ ਕੁਦਰਤ ਨੇ ਉਹਨਾਂ ਦੇ ਮੂੰਹ ਵਿਚ ਫ਼ਿਟ ਕਰ ਦਿੱਤੀ ਹੈ। ਪਵਨ ਵਿਚੋਂ ਪਾਣੀ ਕੱਢ ਲੈਂਦੇ ਹਨ ਤੇ ਛੇ ਛੇ ਮਹੀਨੇ ਪਾਣੀ ਪੀਣ ਦੀ ਲੋੜ ਹੀ ਨਹੀਂ ਤੇ ਖੁੱਡ ਵਿਚ ਬੈਠੇ ਰਹਿੰਦੇ ਹਨ।


Sri Satguru Jagjit Singh Ji eLibrary NamdhariElibrary@gmail.com

ਤੇ ਭਰਥਰੀ ਨੇ ਜਦ ਇਹ ਗੱਲ ਵੇਖੀ ਕਿ ਬਈ ਜਾਨਵਰ ਇਤਨਾ ਖ਼ਤਰਨਾਕ ਅਰ ਬਖ਼ਸ਼ਿਸ਼ ਤੇਰੀ ਉਸ ਉਪਰ ਇਤਨੀ ਕਿ ਰਿਜ਼ਕ ਦੀ ਉਸ ਨੂੰ ਕੋਈ ਚਿੰਤਾ ਹੀ ਨਹੀਂ। ਅਰ ਇਸਦਾ ਅਹਾਰ ਤੂੰ ਬਣਾ ਦਿੱਤਾ ਮਿੱਟੀ।

**ਅੰਕੁਰ ਤ੍ਰਿਣਾਦਿ ਸ੍ਵਾਦੀ ਸੁਧਾ ਸੋ ਪ੍ਰਸਾਦਿ ਪਾਇ**
**ਪਸੂ ਬ੍ਰਿੰਦ ਅਹਿਲਾਦ ਧਾਰ ਧਰਾ ਸੋਇ ਹੈਂ।**

ਜੰਗਲ ਦੇ ਜਾਨਵਰ ਨੀਲ ਗਾਂ, ਹਿਰਨ ਇਤਿਆਦਿ ਇਹਨਾਂ ਦਾ ਤੂੰ ਅਹਾਰ ਬਣਾ ਦਿੱਤਾ ਹੈ ਘਾਸ ਫੂਸ। ਤੇ ਘਾਸ ਫੂਸ ਤੂੰ ਪੈਦਾ ਵੀ ਬੜਾ ਕੀਤਾ ਹੈ। ਪੇੜ ਪੌਦੇ ਬੜੇ ਪੈਦਾ ਕੀਤੇ ਨੇ। ਇਹ ਖਾ ਲੈਂਦੇ ਹਨ ਤੇ ਪਾਣੀ ਪੀ ਲੈਂਦੇ ਹਨ ਸਰੋਵਰਾਂ ਦਾ, ਝੀਲਾਂ ਆਦਿ ਦਾ ਤੇ ਮਸਤੀਆਂ ਮਾਰਦੇ ਨੇ। ਤੇ ਅਗੇ ਕਹਿੰਦਾ ਹੈ :

**ਰਚੀ ਨਰੋਂ ਕੀ ਕੁਬ੍ਰਿਤ ਸਿਧ ਜੋ ਨਾ ਬਿਨਾ ਬਿਤ**
**ਧਨ ਸਿੱਧਤਾਂ ਨਮਿੱਤ ਨਿਤ ਨਿਤ ਖੋਇ ਹੈ।**
**ਜਨੋਂ ਸੋ ਵਿਰੋਧ ਵਿਧ ਕਰਿ ਕਹਾਂ ਕੀਨੋ ਸਿਧ**
**ਰੰਡੀ ਪੂਤ ਸਮ ਤਾਹਿ ਡੰਡੀ ਨਾਹੀ ਕੋਇ ਹੈ ॥੪॥** *(ਧਿਆਇ ੫)*

ਭਰਥਰੀ ਕਹਿੰਦਾ ਹੈ ਕਿ ਤੂੰ ਮਨੁੱਖ ਦਾ ਅਹਾਰ ਇਹੋ ਜਿਹਾ ਬਣਾ ਦਿੱਤਾ ਹੈ ਤੇ ਇਹਨੂੰ ਆਪਣੇ ਅਹਾਰ ਵਾਸਤੇ ਸੌ ਸਿਆਪੇ ਕਰਨੇ ਪੈਂਦੇ ਨੇ। ਮੈਨੂੰ ਤਾਂ ਜਾਪਦਾ ਹੈ ਕਿ ਤੂੰ ਰੰਡੀ ਦਾ ਪੁਤ ਹੈਂ। ਤੈਨੂੰ ਦੰਡ ਦੇਣ ਵਾਲਾ ਕੋਈ ਨਹੀਂ।

ਵੈਰਾਗ ਸ਼ਤਕ ਇਕ ਗਰੰਥ ਹੈ ਭਰਥਰੀ ਦਾ, ਜਿਸ ਵਿਚ ਇਹ ਸਵੈਯਾ ਉਸਨੇ ਲਿਖਿਆ ਹੈ ਤੇ ਸਿੱਧਾ ਹੀ ਕਹਿ ਦਿੱਤਾ ਹੈ ਰੱਬ ਨੂੰ, ਬਈ ਤੈਨੂੰ ਡਰ ਤੇ ਹੈ ਨਹੀਂ, ਕਿਉਂਕਿ ਤੂੰ ਰੰਡੀ ਦਾ ਪੁਤ ਹੋਇਆ, ਪਿਉ ਤੇਰਾ ਕੋਈ ਹੈ ਨਹੀਂ, ਜਿਸ ਤੋਂ ਤੂੰ ਡਰੇਂ। ਤੇਰੇ ਲਈ ਕੋਈ ਵੱਡੀ ਗੱਲ ਤੇ ਹੈ ਨਹੀਂ ਸੀ ਕਿ ਜਿਸ ਪ੍ਰਕਾਰ ਤੂੰ ਸੱਪਾਂ, ਪਸ਼ੂ ਪਕਸ਼ੀਆਂ ਦੀ ਰੋਜ਼ੀ ਬਣਾ ਦਿੱਤੀ ਸੀ, ਮਨੁੱਖਾਂ ਦੀ ਵੀ ਬਣਾ ਦਿੰਦਾ, ਤਾਂਕਿ ਹਰ ਮਨੁੱਖ ਤੇਰੇ ਰਸਤੇ 'ਤੇ ਚਲਦਾ ਤੇ ਸਾਰੇ ਸੰਸਾਰ ਦੇ ਸਿਆਪੇ ਹੀ ਖ਼ਤਮ ਹੋ ਜਾਂਦੇ।

ਪਰ ਜਾਪਦਾ ਹੈ ਪਰਮਾਤਮਾ ਦਾ ਇਕੋ ਹੀ ਪਹਿਲੂ ਦੇਖਿਆ ਗਿਆ ਹੈ। ਅਗਰ ਰੋਟੀ ਦੀ ਚਿੰਤਾ ਮਨੁੱਖ ਦੇ ਅੰਦਰ ਰੱਬ ਨਾ ਪਾਂਦਾ, ਮਕਾਨ ਨਹੀਂ ਬਣਨੇ ਸਨ, ਇਹ ਸੜਕਾਂ ਨਹੀਂ ਸਨ ਬਣਨੀਆਂ, ਕੋਈ ਮਸ਼ੀਨ ਈਜਾਦ ਨਹੀਂ ਸੀ ਹੋਣੀ, ਮੋਟਰ-ਗੱਡੀਆਂ ਕਿਥੋਂ ਚਲਦੀਆਂ ? ਫਿਰ ਸ਼ਹਿਰ ਤੇ ਕਸਬੇ ਨਹੀਂ ਸਨ ਵਸਣੇ।


Sri Satguru Jagjit Singh Ji eLibrary NamdhariElibrary@gmail.com

ਕਿਸ ਨੇ ਖੇਤੀਬਾੜੀ ਕਰਨੀ ਸੀ ? ਕਿਸ ਕਪੜਾ ਬੁਣਨਾ ਸੀ ? ਭਾਵ ਕੁਛ ਵੀ ਨਹੀਂ ਸੀ ਹੋਣਾ। ਇਸ ਵਾਸਤੇ ਗੁਰਮਤਿ ਬਹੁਤ ਗਹਿਰੀ ਜਾਂਦੀ ਹੈ :

**ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥**
**ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥** *(੫੨੨)*

ਅਗਰ ਰੋਜ਼ੀ ਇਸ ਢੰਗ ਦੀ, ਜਿਸ ਤਰ੍ਹਾਂ ਦੀ ਪਸ਼ੂਆਂ ਦੀ ਹੈ, ਮਨੁੱਖ ਦੀ ਬਣਾ ਦਿੰਦਾ, ਤੇ ਫਿਰ ਮਨੁੱਖ ਨੇ ਵੀ ਕਿਸੇ ਦਰਾਰ ਵਿਚ ਪਏ ਰਹਿਣਾ ਸੀ, ਸੱਪ ਦੀ ਤਰ੍ਹਾਂ। ਫਿਰ ਕਰਨਾ ਵੀ ਕੀ ਸੀ ਕੁਛ ਕਰ ਕੇ। ਹੁਣ ਵੀ ਮੈਂ ਵੇਖਦਾ ਹਾਂ ਕਿ ਗ਼ਰੀਬਾਂ ਦੇ ਬੱਚੇ ਤਾਂ ਫ਼ਸਟ ਡਵੀਜ਼ਨਾਂ ਵਿਚ ਪਾਸ ਹੁੰਦੇ ਹਨ ਤੇ ਅਮੀਰਾਂ ਦੇ ਇਕ ਕਲਾਸ ਵਿਚ ਚਾਰ ਚਾਰ ਸਾਲ ਬੈਠੇ ਰਹਿੰਦੇ ਹਨ। ਟਿਊਸ਼ਨਾਂ ਵੀ ਰਖੀਆਂ ਹੋਈਆਂ ਹਨ ਤਾਂ ਵੀ ਫ਼ੇਲ੍ਹ ਹੋ ਜਾਂਦੇ ਹਨ ਤੇ ਗ਼ਰੀਬਾਂ ਦੇ ਬੱਚੇ ਆਪੇ ਹੀ ਮੇਹਨਤ ਕਰ ਕੇ ਪਾਸ ਹੋ ਜਾਂਦੇ ਹਨ। ਇਹ ਨਿਸਚਿੰਤ ਹੋ ਗਿਆ, ਬਈ ਠੀਕ ਹੈ ਰੋਟੀ ਤੇ ਹੈ ਹੀ, ਇਸ ਨਿਸਚਿੰਤਤਾ ਨੇ ਸਾਰੇ ਵਿਕਾਸ ਨੂੰ ਹੀ ਰੋਕ ਦਿੱਤਾ ਹੈ। ਤਰੱਕੀ ਨੂੰ ਰੋਕ ਦਿੱਤਾ। ਬਹੁਤ ਉਪੱਦ੍ਰਵ ਖੜਾ ਹੋ ਰਿਹਾ ਹੈ, ਜਿਥੇ ਇਸ ਢੰਗ ਦੀ ਰੋਟੀ ਦੀ ਚਿੰਤਾ ਨਹੀਂ ਹੈ।

ਅਮਰੀਕਾ ਵਿਚ ਬਹੁਤ ਉਪੱਦ੍ਰਵ ਖੜੇ ਹੋ ਗਏ ਹਨ, ਬੜੀ ਖ਼ੁਦਕਸ਼ੀ ਹੋਣ ਲਗ ਪਈ ਹੈ। ਆਹ ਹਿੱਪੀ ਜੋ ਬਣੇ ਹਨ, ਉਥੋਂ ਹੀ ਬਣੇ ਨੇ, ਸਾਡੇ ਦੇਸ਼ ਵਿਚੋਂ ਨਹੀਂ। ਅਜੇ ਜੀਵਨ ਦਾ ਮਕਸਦ ਕੁਛ ਹੈ। ਥੋੜ੍ਹਾ ਜਿਹਾ ਰਿਜ਼ਕ ਦਾ ਭੈ, ਰਿਜ਼ਕ ਦੀ ਲੋੜ ਮਨੁੱਖ ਦੇ ਅੰਦਰ ਬਣੀ ਰਵੇ ਤਾਂਕਿ ਮਨੁੱਖ ਇਸ ਤੋਂ ਕੁਛ ਬਣਦਾ ਰਵੇ। ਸੰਗੀਤਕਾਰ ਬਣੇ, ਕਵੀ ਬਣੇ, ਸਾਇੰਸਦਾਨ ਬਣੇ ਤੇ ਸੰਸਾਰ ਨੂੰ ਕੁਝ ਦੇ ਸਕੇ।

ਦੂਸਰੀ ਗੱਲ ਇਹ ਹੈ ਕਿ ਜਿਹੜੀ ਬਹੁਤ ਲੋੜੀਂਦੀ ਚੀਜ਼ ਹੈ ਉਹ ਪਰਮਾਤਮਾ ਨੇ ਆਪੇ ਹੀ ਬਣਾ ਦਿੱਤੀ ਹੈ। ਦੇਖੋ ਰੋਟੀ ਤੋਂ ਬਿਨਾਂ ਬੰਦਾ ਚਾਰ ਪੰਜ ਦਿਨ ਤਕ ਰਹਿ ਸਕਦਾ ਹੈ। ਬਲਕਿ ਜਿਨ੍ਹਾਂ ਜਿਨ੍ਹਾਂ ਬੰਦਿਆਂ ਨੇ ਮਰਨ ਵਰਤ ਰਖੇ ਹੈਨ ਨਾ, ਉਹ 70-75 ਦਿਨਾਂ ਤਕ ਵੀ ਬਿਨਾਂ ਰੋਟੀ ਰਹੇ ਹਨ। ਫੇਰੂਮਾਨ ਨੇ 75 ਦਿਨਾਂ ਦਾ ਵਰਤ ਰਖਿਆ ਸੀ। ਤੇ 75 ਦਿਨ ਤਕ ਵੀ ਬੰਦਾ ਬਗ਼ੈਰ ਰੋਟੀ ਤੋਂ ਰਹਿ ਸਕਦਾ ਹੈ। ਸਿਰਫ਼ ਪਾਣੀ ਪੀਈ ਜਾਏ। ਅੰਨ ਤੋਂ ਬਿਨਾਂ ਕੁਝ ਦਿਨ ਕੱਢੇ ਜਾ ਸਕਦੇ ਹਨ। ਅਤੇ ਜੋ ਵਰਤ ਰੱਖਦੇ ਹਨ ਉਹ ਸਿਰਫ਼ ਅੰਨ ਦਾ ਹੀ ਤਿਆਗ ਕਰਦੇ ਹਨ ਪਾਣੀ ਦਾ ਨਹੀਂ। ਜੇ ਪਾਣੀ ਨਾ ਮਿਲੇ ਤਾਂ ਬੰਦਾ 4-5 ਦਿਨ ਹੀ ਮੁਸ਼ਕਲ ਨਾਲ ਕਟ ਸਕੇਗਾ। ਤੇ ਰੋਟੀ ਨਾਲੋਂ ਪਾਣੀ ਬੜਾ ਲਾਜ਼ਮੀ


Sri Satguru Jagjit Singh Ji eLibrary NamdhariElibrary@gmail.com

ਹੈ। ਪਾਣੀ ਦਾ ਤਿਆਗ ਨਹੀਂ ਕੀਤਾ ਜਾ ਸਕਦਾ। ਤੇ ਰੱਬ ਨੇ ਪਾਣੀ ਬਹੁਤ ਪੈਦਾ ਕਰ ਦਿੱਤਾ ਹੈ ਕਿ ਬੰਦੇ ਨੂੰ ਇਸ ਦੀ ਬਹੁਤੀ ਚਿੰਤਾ ਨਾ ਹੋਵੇ। ਤੇ ਫੇਰ ਵੀ ਐਸਾ ਹੋ ਸਕਦਾ ਹੈ ਕਿ ਬੰਦਾ ਪਾਣੀ ਤੋਂ ਬਿਨਾਂ 4-5 ਦਿਨ ਜ਼ਿੰਦਾ ਰਹਿ ਜਾਵੇ। ਲੇਕਿਨ ਇਹ ਜੋ ਹਵਾ ਹੈ, ਇਸ ਤੋਂ ਬਿਨਾ ਤਾਂ ਇਕ ਸੈਕਿੰਡ ਵੀ ਨਹੀਂ ਰਹਿ ਸਕਦੇ। ਕਦੀ ਤੁਸੀਂ ਇਹ ਸੁਣਿਆ ਹੈ ਕਿ ਹਵਾ ਬੰਦਾ ਕਮਾਣ ਵਾਸਤੇ ਜਾ ਰਿਹਾ ਹੈ। ਨਹੀਂ ਜਿਸ ਚੀਜ਼ ਦੀ ਬਹੁਤੀ ਲੋੜ ਹੈ ਉਹ ਕਾਦਰ ਕਰੀਮ ਨੇ ਬਣਾਈ ਵੀ ਬਹੁਤੀ ਹੈ। ਇਥੋਂ ਹੀ ਉਸ ਦੇ ਰਾਜ਼ਕ ਰਹੀਮ ਹੋਣ ਨੂੰ ਸਮਝਣਾ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਹਿ ਦਿੱਤਾ ਹੈ:

**ਕਿ ਕਾਮਲ ਕਰੀਮ ਹੈਂ॥ ਕਿ ਰਾਜ਼ਕ ਰਹੀਮ ਹੈਂ॥੧੫੧॥**

ਪਵਨ ਤੋਂ ਬਿਨਾਂ ਕੋਈ ਵੀ ਨਹੀਂ ਰਹਿ ਸਕਦਾ। ਉਹ ਬਹੁਤ ਖੁਲ੍ਹੀ ਬਣਾ ਦਿੱਤੀ। ਪਾਣੀ ਦੀ ਉਸ ਤੋਂ ਜ਼ਰਾ ਘਟ ਲੋੜ ਹੈ, ਇਸ ਵਾਸਤੇ ਜ਼ਰਾ ਘਟ ਹੈ ਤੇ ਰੋਟੀ ਤੋਂ ਬਿਨਾਂ ਤੇ ਬਹੁਤ ਦੇਰ ਰਹਿ ਸਕਦਾ ਹੈ, ਇਸ ਕਰਕੇ ਇਹ ਉਸ ਤੋਂ ਵੀ ਘਟ ਹੈ। ਇਸ ਲਈ ਕਿ ਬੰਦਾ ਥੋੜ੍ਹੀ ਬਹੁਤ ਭਜ ਦੌੜ ਕਰੇ। ਨਹੀਂ ਤੇ ਪੱਥਰਾਂ ਦੀ ਤਰ੍ਹਾਂ ਪਿਆ ਰਵੇਗਾ। ਜਿਵੇਂ ਖੁੱਡਾਂ ਵਿਚ ਸੱਪ ਬੈਠੇ ਨੇ ਇਸ ਤਰ੍ਹਾਂ ਹੀ ਪਿਆ ਰਵੇਗਾ। ਕਿਸੇ ਸਭਿਅਤਾ ਨੇ ਕਿਸੇ ਸੰਸਕ੍ਰਿਤੀ ਨੇ ਫਿਰ ਜਨਮ ਨਹੀਂ ਲੈਣਾ, ਕਿਸੇ ਮਸ਼ੀਨਰੀ ਨੇ ਵੀ ਜਨਮ ਨਹੀਂ ਸੀ ਲੈਣਾ।

ਇਕਬਾਲ ਤੇ ਏਦਾਂ ਕਹਿੰਦਾ ਹੈ:

**ਤਖ਼ਰੀਬ ਜ਼ਨੋਂ ਕੇ ਪਰਦੇ ਮੇਂ, ਤਾਅਮੀਰ ਕੇ ਸਾਮਾਂਅ ਹੋਤੇ ਹੈਂ।**

ਉਹ ਕਹਿੰਦੇ ਨੇ, ਨਿਰੀ ਤਬਾਹੀ ਨੂੰ ਤੂੰ ਤਬਾਹੀ ਨਾ ਸਮਝ। ਅਗਰ ਕੋਈ ਘਟਨਾ ਐਸੀ ਵੀ ਘਟ ਗਈ ਏ, ਤਖ਼ਰੀਬ ਕਾਰੀ ਹੋ ਗਈ ਏ ਤੇ ਉਸ ਤਬਾਹੀ ਨੂੰ ਵੀ ਤਬਾਹੀ ਨਾ ਸਮਝ। ਹਰ ਤਬਾਹੀ ਵਿਚ ਵੀ ਕੋਈ ਤਾਮੀਰੀ ਕੰਮ ਛਿਪੇ ਹੁੰਦੇ ਨੇ। ਸਭ ਤੋਂ ਪਹਿਲੇ ਸੜਕਾਂ ਫ਼ੌਜਾਂ ਵਾਸਤੇ ਹੀ ਬਣੀਆਂ ਸਨ। ਬਰਾਤਾਂ ਵਾਸਤੇ ਨਹੀਂ ਸਨ ਰਸਤੇ ਬਣਾਏ ਗਏ। ਇਹ ਹਵਾਈ ਜਹਾਜ਼ ਪਹਿਲੇ ਪਹਿਲ ਸਿਰਫ਼ ਲੜਾਈ ਵਾਸਤੇ ਹੀ ਬਣੇ ਸਨ। ਦਰਿਆਵਾਂ ਦੇ ਪੁਲ ਵੀ ਫ਼ੌਜਾਂ ਵਾਸਤੇ ਹੀ ਬਣੇ ਸਨ, ਬਰਾਤਾਂ ਵਾਸਤੇ ਨਹੀਂ। ਤੇ ਇਹ ਮਹਾਨ ਸ਼ਾਇਰ ਕਹਿੰਦਾ ਹੈ ਕਿ ਅਗਰ ਕੋਈ ਤਖ਼ਰੀਬ ਕਾਰੀ ਵੀ ਹੋ ਰਹੀ ਹੈ ਉਸ ਵਿਚ ਵੀ ਕੋਈ ਗੱਲ ਛੁਪੀ ਪਈ ਹੈ।

ਜਿਹਨਾਂ ਭਗਤਾਂ ਨੇ ਕਹਿ ਦਿੱਤਾ ਕਿ ਹੇ ਪਰੀਪੂਰਨ ਪਰਮਾਤਮਾ, ਇਸ ਰੋਟੀ ਦੀ ਖ਼ਾਤਰ ਉਪੱਦਰ ਬੜੇ ਨੇ, ਬੜਾ ਉਪੱਦਰ ਹੈ ਸੰਸਾਰ ਵਿਚ। ਇਸ ਵਾਸਤੇ:


Sri Satguru Jagjit Singh Ji eLibrary NamdhariElibrary@gmail.com

ਰੰਡੀ ਪੂਤ ਸਮ ਤਾਹਿੰ ਡੰਡੀ ਨਾਹਿ ਕੋਇ ਹੈ।

ਭਰਥਰੀ ਵਰਗੇ ਮਹਾਨ ਸੋਚਣੀ ਵਾਲਿਆਂ ਨੇ ਵੀ ਕਹਿ ਦਿੱਤਾ ਕਿ ਤੂੰ ਰੰਡੀ ਦਾ ਪੁੱਤ ਹੈਂ। ਤੈਨੂੰ ਸਜ਼ਾ ਦੇਣ ਵਾਲਾ ਕੋਈ ਨਹੀਂ ? ਮਨੁੱਖਾਂ ਨਾਲ ਤੂੰ ਬਹੁਤ ਵਿਤਕਰਾ ਕੀਤਾ ਹੈ। ਇਹ ਰੋਟੀ ਸਾਹਮਣੇ ਆ ਗਈ ਹੈ ਤੇ ਇਹ ਮੰਜ਼ਿਲੇ-ਮਕਸੂਦ ਭੁਲ ਗਿਆ ਹੈ ਤੇ ਕਈ ਦਫ਼ਾ ਮਨੁੱਖ ਰੋਟੀ ਨੂੰ ਹੀ ਮੰਜ਼ਿਲੇ-ਮਕਸੂਦ ਸਮਝ ਲੈਂਦਾ ਹੈ।

ਪਰ ਅਸਲ ਰੋਟੀ ਹੈ ਜੀਵਨ ਵਾਸਤੇ, ਤੇ ਜੀਵਨ ਹੈ ਕਿਸੇ ਟਿਕਾਣੇ 'ਤੇ ਪਹੁੰਚਣ ਵਾਸਤੇ। ਬਸ ਇੰਨੀ ਗੱਲ ਹੈ। ਜਿਸ ਦੀ ਸਮਝ ਵਿਚ ਆ ਗਈ ਉਹ ਗੁਰਸਿਖ ਹੈ ਉਹ ਧਰਮੀ ਹੈ।

ਤੇ ਮੈਂ ਵੀਚਾਰਾਂ ਇਥੋਂ ਆਰੰਭ ਕੀਤੀਆਂ ਸਨ ਕਿ ਮਨੁੱਖ ਦੀ ਪਹਿਚਾਣ ਇਥੋਂ ਹੁੰਦੀ ਹੈ ਕਿ ਇਹਨੇ ਮਕਸਦ ਕੀ ਰਖਿਆ ਹੈ, ਇਸ ਦੇ ਜੀਵਨ ਦਾ ਮੁੱਦਾਅ ਕੀ ਹੈ ? ਜੇ ਸਿਰਫ਼ ਰੋਟੀ ਹੈ ਤਾਂ ਫਿਰ ਬਹੁਤ ਅਧੂਰਾ ਮਕਸਦ ਹੈ। ਇਹਦੇ ਜ਼ਿੰਦਾ ਰਹਿਣ ਦਾ ਮਕਸਦ ਕੀ ਹੈ ? ਇਹਨੇ ਕੀ ਸੋਚਿਆ ਹੈ ? ਤੇ ਮੇਰੇ ਜ਼ਿੰਦਾ ਰਹਿਣ ਨਾਲ ਜਗਤ ਨੂੰ ਕੀ ਲਾਭ ਹੈ ? ਮੇਰੀ ਮੰਜ਼ਿਲੇ-ਮਕਸੂਦ ਕੀ ਹੈ ? ਹਰ ਬੰਦੇ ਦੀ ਪਹਿਚਾਣ ਇਥੋਂ ਹੋ ਜਾਵੇਗੀ। ਇਸ ਵਾਸਤੇ ਅਜੋਕੇ ਸਿਆਣੇ ਕਹਿਣ ਲਗ ਪਏ ਨੇ।

ਇਕ ਜ਼ਮਾਨਾ ਸੀ ਕਿ ਸੰਸਾਰ ਵਿਚ ਬ੍ਰਾਹਮਣ ਬੜੇ ਸਨ। ਸੁਕਰਾਤ ਵਰਗੇ ਚਿੰਤਕ ਭਗਤਾਂ ਦੀਆਂ ਵਹੀਰਾਂ ਦੀਆਂ ਵਹੀਰਾਂ ਸਨ। ਕਿਧਰੇ ਕੋਈ ਸੰਤ ਹੋ ਗਿਆ ਹੈ ਤੇ ਕਿਧਰੇ ਕੋਈ। ਸ੍ਰੀ ਨਾਮਦੇਵ ਵਰਗੇ ਰੱਬ ਦਾ ਨਾਮ ਲੈਣ ਵਾਲਿਆਂ ਦੀ ਭਰਮਾਰ ਹੋ ਗਈ ਸੀ, ਇਸ ਵਾਸਤੇ ਕਹਿਣਾ ਪਿਆ, ਉਹ ਯੁਗ ਬਹੁਤ ਚਿੰਤਨ ਕਰਨ ਵਾਲਿਆਂ ਦਾ ਯੁਗ ਸੀ। ਬ੍ਰਾਹਮਣਾਂ ਦਾ ਯੁਗ ਸੀ। ਸਹਿਜੇ ਸਹਿਜੇ ਉਹ ਯੁਗ ਖ਼ਤਮ ਹੋ ਗਿਆ। ਹੁਣ ਕਬੀਰ ਵਰਗਾ ਤੇ ਭਗਤ ਰਵਿਦਾਸ ਵਰਗਾ ਕੋਈ ਲਭੋਗੇ ਤਾਂ ਕੋਈ ਐਸੀ ਗੱਲ ਨਹੀਂ। ਉਹ ਯੁਗ ਖ਼ਤਮ ਹੋ ਗਿਆ। ਫਿਰ ਇਕ ਖਤਰੀਆਂ ਦਾ ਯੁਗ ਆਇਆ, ਬੱਸ ਤਲਵਾਰ ਹੀ ਚਲਦੀ ਰਹੀ, ਖ਼ੂਨ ਖ਼ਰਾਬਾ ਹੀ ਹੁੰਦਾ ਰਿਹਾ :

**ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥**

(੭੨੨)

ਹਰ ਪਾਸੇ ਖ਼ੂਨ ਦੇ ਸੋਹਿਲੇ ਸਨ, ਹਰ ਪਾਸੇ ਤਲਵਾਰ ਦੀ ਗੱਲ ਹੀ ਸੀ। ਗਿਆਨ ਦੀ ਗੱਲ ਹੀ ਨਹੀਂ ਸੀ। ਉਹ ਦੌਰ ਵੀ ਖ਼ਤਮ ਹੋਇਆ।

ਹੁਣ ਤੀਜਾ ਦੌਰ ਹੈ ਵੈਸ਼ਾਂ ਦਾ, ਬਾਣੀਆਂ ਦਾ। ਜ਼ਿੰਦਗੀ ਦਾ ਮਨੋਰਥ


Sri Satguru Jagjit Singh Ji eLibrary NamdhariElibrary@gmail.com

ਤਲਵਾਰ ਵੀ ਨਹੀਂ, ਗਿਆਨ ਤੇ ਵੀਚਾਰ ਵੀ ਨਹੀਂ। ਹੁਣ ਜ਼ਿੰਦਗੀ ਦਾ ਮਨੋਰਥ ਹੈ ਸਿਰਫ਼ ਧਨ ਦਾ। ਕਿਸੇ ਤਰੀਕੇ ਨਾਲ ਵੀ ਮਿਲੇ। ਹਰ ਬੰਦਾ ਬਾਣੀਆ ਬਣ ਗਿਆ ਹੈ। ਤੋ ਜਿਸ ਵਕਤ ਐਸੀ ਬਿਰਤੀ ਹੋ ਜਾਏ ਤੇ ਐਸੇ ਬੰਦੇ ਗੁਰਦਵਾਰਿਆਂ ਨੂੰ ਵੀ ਦੁਕਾਨ ਬਣਾ ਕੇ ਰੱਖ ਦਿੰਦੇ ਹਨ। ਧਰਮ ਨੂੰ ਵੀ ਦੁਕਾਨ ਬਣਾ ਛਡਣਗੇ। ਬਿਰਤੀ ਜੁ ਐਸੀ ਹੋ ਗਈ।

ਤੋ ਮਨੁੱਖ ਕੀ ਹੈ ? ਇਹ ਉਸ ਦੇ ਜੀਵਨ ਦੇ ਲਕਸ਼ ਤੋਂ ਪਤਾ ਚਲਦਾ ਹੈ। ਇਹਨੇ ਲਕਸ਼ ਕੀ ਰਖਿਆ ਹੈ ? ਇਸ ਨੇ ਜੀਵਨ ਦਾ ਮੁੱਦਾਅ ਕੀ ਰਖਿਆ ਹੈ ?

ਇਕ ਫ਼ਕੀਰ ਬੈਠਾ ਹੈ ਰਸਤੇ ਵਿਚ ਬਹੁਤ ਮਸਤ। ਸ਼ਹਿਨਸ਼ਾਹ ਰਥ 'ਤੇ ਰੋਜ਼ ਲੰਘਦਾ ਹੈ। ਇਸ ਦੇ ਮਨ ਵਿਚ ਖ਼ਿਆਲ ਆਇਆ ਕਿ ਇਹ ਮੇਰੇ ਮਹਿਲਾਂ ਵਿਚ ਚਲੇ, ਇਕ ਦੋ ਦਿਨ ਮਹਿਮਾਨ-ਨਿਵਾਜ਼ੀ ਦਾ ਸਮਾਂ ਦੇਵੇ, ਮੇਰੀ ਦਾਅਵਤ ਕਬੂਲੇ। ਪਰ ਜੁਰਅਤ ਨਹੀਂ ਪੈਂਦੀ ਕਹਿਣ ਦੀ, ਲੰਘ ਜਾਂਦਾ ਹੈ। ਆਂਵਦਿਆਂ ਜਾਂਵਦਿਆਂ ਇਸ ਦੀ ਨਜ਼ਰ ਫ਼ਕੀਰ 'ਤੇ ਪੈਂਦੀ ਹੈ। ਇਹ ਉਸ ਦੀ ਇਕਾਗਰਤਾ ਵੇਖਦਾ ਹੈ, ਉਸ ਦੀ ਮਸਤੀ, ਉਸ ਦੀ ਬੇਪਰਵਾਹੀ ਦੇਖਦਾ ਹੈ। ਤੇ ਬਾਰ ਬਾਰ ਖ਼ਿਆਲ ਆਂਦਾ ਹੈ ਕਿ ਆਖਾਂ ਕਿ ਨਾ ਆਖਾਂ। ਇਕ ਦਿਨ ਇਸ ਨੇ ਆਪਣਾ ਖ਼ਿਆਲ ਪੁਖ਼ਤਾ ਕੀਤਾ, ਰਥ ਰੁਕਵਾਇਆ ਤੇ ਉਤਰ ਕੇ ਕਹਿਣ ਲਗਾ ਕਿ ਮਹਾਤਮਾ ਜੀ ! ਜੇ ਹੋ ਸਕੇ ਤਾਂ ਸਾਡੇ ਘਰ ਚਰਨ ਪਾਉ ਤੇ ਉਥੇ ਰਹਿਣਾ ਕਬੂਲ ਕਰੋ। ਸਾਧੂ ਇਕ-ਦਮ ਖੜਾ ਹੋ ਗਿਆ। ਕਹਿੰਦਾ, ਚਲੋ। ਕਹਿੰਦੇ, ਇਥੇ ਸ਼ਹਿਨਸ਼ਾਹ ਦੇ ਮਨ ਨੂੰ ਸੱਟ ਬੜੀ ਲੱਗੀ। ਬਈ ਆਖਿਆ ਤੇ ਇਹ ਚਲ ਪਿਆ, ਸੰਤ ਤੇ ਉਹ ਹੁੰਦਾ ਹੈ ਕਿ ਦਸ ਪੰਦਰ੍ਹਾਂ ਬਾਰ ਆਖਿਆ ਜਾਵੇ ਤੇ ਨਾਂਹ-ਨੂੰਹ ਕਰੇ, ਜਾ ਕੇ ਫੇਰ ਕਿਧਰੇ ਗੱਲ ਬਣਦੀ ਹੈ। ਸਾਦਾ ਤਬੀਅਤ ਬੰਦਾ ਬਹੁਤੇ ਨਖ਼ਰੇ ਨਹੀਂ ਕਰਿਆ ਕਰਦਾ। ਅਜੋਕੇ ਸੰਤਾਂ ਪਾਸ ਸਿਵਾਏ ਨਾਜ਼ੋ-ਨਖ਼ਰਿਆਂ ਦੇ ਹੋਰ ਕੱਖ ਵੀ ਨਹੀਂ। ਉਹ ਬੜੀ ਸਾਦੀ ਤਬੀਅਤ ਦਾ ਬੰਦਾ ਕਹਿੰਦੈ, ਚਲੋ। ਗੱਲ ਐਸੀ ਹੋਈ ਕਿ ਉਸ ਬਾਦਸ਼ਾਹ ਨੇ ਅੱਧੀ ਦਾਅਵਤ ਤਾਂ ਅੰਦਰੋਂ ਹੀ ਅੰਦਰ ਵਾਪਸ ਲੈ ਲਈ, ਇਸ ਨੂੰ ਘਰ ਕੀ ਲਿਜਾਣਾ ਹੈ, ਇਕੋ ਹੀ ਦਫ਼ਾ ਆਖਿਆ ਹੈ ਤੇ ਇਹ ਰਾਜ਼ੀ ਹੋ ਗਿਆ, ਕਮ ਸੇ ਕਮ ਮਿੰਨਤਾਂ ਆਦਿ ਤੇ ਕਰਾਂਦਾ, 'ਨਾਂਹ' ਕਰਦਾ, ਮੈਂ 'ਹਾਂ' ਕਰਦਾ। 'ਨਾਂਹ' ਕਹਿ ਕੇ 'ਹਾਂ' ਕਰਨਾ ਕਿਤਨਾ ਵੱਡਾ ਝੂਠ ਹੈ ?

ਇਹ ਝੂਠ ਅਕਸਰ ਬੋਲਿਆ ਜਾਂਦਾ ਹੈ। ਬਈ ਜਿਸ ਨੂੰ ਤੂੰ ਹਾਂ ਕਰਨੀ ਹੈ ਤੇ ਕਿਉਂ ਨਾਂਹ ਕਰਦਾ ਹੈਂ। ਤੇ ਜੇ ਨਾਂਹ ਕਰ ਕੇ ਹਾਂ ਕਰਨੀ ਪਏ, ਇਹ ਤੇ ਇੰਝ ਹੈ ਕਿ ਥੁਕਿਆ ਹੋਇਆ ਫਿਰ ਮੂੰਹ ਵਿਚ ਪਾਣਾ ਹੈ।

ਬਾਦਸ਼ਾਹ ਨੇ ਕਿਹਾ, ਚਲ ਸਾਡੇ ਘਰ ਮਹਿਮਾਨ ਬਣ, ਉਹ ਖੜਾ ਹੋ ਗਿਆ। ਬਾਦਸ਼ਾਹ ਸੰਸਾਰੀ ਸੀ। ਉਹਨੇ ਆਪਣਾ ਖੱਪਰ ਚੁਕ ਲਿਆ, ਝੋਲੀ ਚੁਕ ਲਈ। ਪਰ ਬਾਦਸ਼ਾਹ ਹੈਰਾਨ। ਕਹਿ ਜੋ ਬੈਠਾ ਸੀ, ਤੇ ਕਹੀ ਹੋਈ ਗੱਲ ਵਾਪਸ ਲੈਣੀ ਔਖੀ ਹੋ ਗਈ। ਬਿਠਾ ਲਿਆ ਨਾਲ ਰੱਥ 'ਤੇ। ਪਰ ਅੰਦਰੋਂ ਮਨ ਇਨਕਾਰੀ ਹੋ ਗਿਆ ਕਿ ਕਿਸ ਬੰਦੇ ਨੂੰ ਲੈ ਜਾ ਰਿਹਾ ਹਾਂ। ਅੱਜ ਤਕ ਸੋਚਦਾ ਸੀ ਕਿ ਤਪੱਸਵੀ ਹੈ, ਸਾਧੂ ਹੈ ਤੇ ਅੱਜ ਪਤਾ ਲਗਿਆ ਹੈ ਕਿ ਇਹ ਤੇ ਬੈਠਾ ਹੀ ਇਸ ਤਾਕ ਵਿਚ ਸੀ ਕਿ ਕਦੋਂ ਬਾਦਸ਼ਾਹ ਆਖੇ ਤੇ ਮੈਂ ਨਾਲ ਉਠ ਕੇ ਚਲ ਪਵਾਂ। ਹੋਰ ਇਸ ਵਿਚ ਕੋਈ ਗੱਲ ਨਹੀਂ। ਚਲਾ ਗਿਆ, ਸ਼ਹਿਨਸ਼ਾਹ ਨੇ ਮਹਿਮਾਨਖ਼ਾਨੇ ਵਿਚ ਉਸ ਨੂੰ ਰਖਿਆ। ਸਵੇਰ ਉਠਦੇ ਸਾਰ ਅੱਜ ਸ਼ਹਿਨਸ਼ਾਹ ਨੇ ਉਸ ਨੂੰ ਮੱਥਾ ਨਹੀਂ ਟੇਕਿਆ। ਸਤਿਕਾਰ ਨਾਲ ਪੇਸ਼ ਨਹੀਂ ਆਇਆ ਤੇ ਫ਼ਕੀਰ ਵੀ ਸਮਝ ਗਿਆ।

ਬਾਦਸ਼ਾਹ ਕਹਿੰਦਾ, ਫ਼ਕੀਰ ਜੀ, ਹੁਣ ਤੇ ਅਸੀਂ ਇਕ ਹੋ ਗਏ ਹਾਂ। ਬਰਾਬਰ ਹੋ ਗਏ ਹਾਂ, ਵੇਖੋ ਰਾਤ ਜਿਹੜੇ ਪਲੰਘ 'ਤੇ ਮੈਂ ਸੌਂਦਾ ਹਾਂ, ਉਹੋ ਜਿਹੇ ਪਲੰਘ 'ਤੇ ਤੁਸੀਂ ਵੀ ਸੁੱਤੇ ਹੋ। ਜਿਹੜਾ ਖਾਣਾ ਮੈਂ ਖਾਂਦਾ ਹਾਂ ਉਹ ਤੂੰ ਖਾਧਾ ਅਤੇ ਜਿਹੜੇ ਬਸਤਰ ਮੈਂ ਪਹਿਨੇ ਨੇ ਉਹੀ ਤੂੰ ਪਹਿਨੇ। ਤੇਰੀ ਮੇਰੀ ਬਰਾਬਰੀ ਹੋ ਗਈ, ਤੇ ਬਰਾਬਰੀ ਵਿਚ ਝੁਕਣਾ ਨਹੀਂ ਹੁੰਦਾ। ਝੁਕਣ ਵਾਸਤੇ ਕੋਈ ਉਚਾ ਤੇ ਕੋਈ ਨੀਵਾਂ ਚਾਹੀਦਾ ਹੈ। ਤੇਰੀ ਮੇਰੀ ਬਰਾਬਰੀ ਹੈ।

ਮਹਾਤਮਾ ਕਹਿੰਦਾ ਕਿ ਬਾਹਰੋਂ ਤਾਂ ਆਪਾਂ ਬਰਾਬਰ ਹੋ ਗਏ ਹਾਂ, ਅੰਦਰੋਂ ਕੋਈ ਨਹੀਂ। ਮੇਰੀ ਮੰਜ਼ਿਲ ਕੋਈ ਹੋਰ ਹੈ ਤੇਰੀ ਕੁਛ ਹੋਰ। ਮੈਂ ਅੱਜ ਵੀ ਅਹਮ ਹਾਂ, ਤੂੰ ਅੱਜ ਵੀ ਤਿਨਕੇ ਦੀ ਤਰ੍ਹਾਂ ਹੈਂ। ਬਾਦਸ਼ਾਹ ਕਹਿੰਦਾ, ਕਿਵੇਂ ? ਫ਼ਕੀਰ ਕਹਿੰਦਾ, ਬਾਹਰ ਚਲ, ਇਥੇ ਨਹੀਂ, ਬਾਹਰ ਸਮਝਾਵਾਂਗਾ ਤੈਨੂੰ ਕੱਲੇ ਨੂੰ। ਕਹਿੰਦੇ ਇਕ ਫ਼ਰਲਾਂਗ ਦੀ ਦੂਰੀ 'ਤੇ ਗਏ, ਹੱਥ ਬੰਨ੍ਹ ਕੇ ਕਹਿਣ ਲੱਗਾ, ਦੱਸੋ ਮਹਾਤਮਾ ਜੀ ਤੁਹਾਡੇ ਮੇਰੇ 'ਚ ਕੀ ਫ਼ਰਕ ਹੈ ? ਅੱਗੇ ਦੱਸਾਂਗਾ, ਹੋਰ ਅੱਗੇ ਚੱਲ। ਇਕ ਮੀਲ 'ਤੇ ਚਲੇ ਗਏ ਤਾਂ ਰਾਜਾ ਕਹਿੰਦਾ, ਦੱਸੋ ਤੁਹਾਡੇ ਤੇ ਮੇਰੇ 'ਚ ਕੀ ਫ਼ਰਕ ਹੈ, ਇੰਨੀ ਨਿਕੀ ਜਿਹੀ ਗੱਲ ਲਈ ਤੁਸੀਂ ਮੈਥੋਂ ਇਤਨਾ ਪੈਂਡਾ ਕਰਵਾ ਲਿਆ ਹੈ। ਮਹਾਤਮਾ ਕਹਿੰਦੇ, ਹੋਰ ਅੱਗੇ ਚੱਲ। ਬਾਦਸ਼ਾਹ ਨੂੰ ਬੁਰਾ ਲੱਗਾ ਕਿ ਬਈ ਕਿਹੋ ਜਿਹੇ ਗ਼ਲਤ ਬੰਦੇ ਦੇ ਨਾਲ ਚੱਲ ਪਿਆ ਹਾਂ। ਹੋਰ ਅਗੇ ਚੱਲ ਪਿਆ। ਰਾਜਾ ਕਹਿੰਦਾ, ਦੱਸੋ, ਮੇਰੇ ਰਾਜ ਭਾਗ ਦੀ ਹੱਦ ਆ ਗਈ ਹੈ, ਅਗੇ ਤਾਂ ਹੱਦ ਹੀ ਦੂਜੇ ਦੀ ਸ਼ੁਰੂ ਹੁੰਦੀ ਹੈ, ਦੱਸੋ ਕੀ ਫ਼ਰਕ ਹੈ ? ਮਹਾਤਮਾ ਕਹਿੰਦਾ, ਬਸ ਇਹੀ


Sri Satguru Jagjit Singh Ji eLibrary NamdhariElibrary@gmail.com

ਫ਼ਰਕ ਹੈ, ਤੇਰੀ ਸਰਹੱਦ ਇਥੇ ਮੁਕਦੀ ਹੈ ਤੇ ਤੇਰਾ ਰਾਜ ਪਾਟ ਇਥੇ ਖ਼ਤਮ ਹੈ। ਮੇਰਾ ਸ਼ੁਰੂ ਹੁੰਦਾ ਹੈ। ਤੇਰੇ ਮਹਿਲ, ਤੇਰੇ ਬਾਲ ਬੱਚੇ, ਤੇਰੀ ਦੁਨੀਆ ਪਿਛੇ ਹੈ। ਮੇਰੀ ਦੁਨੀਆ ਅਗੇ ਹੈ, ਤੇ ਹਰ ਵਕਤ ਮੈਂ ਸੁਰਤ ਅਗੇ ਰੱਖਦਾ ਹਾਂ, ਮੇਰੀ ਮੰਜ਼ਿਲ ਅਗੇ ਹੈ, ਤੂੰ ਮੰਦਿਰ ਵਿਚ ਜਾ ਕੇ ਵੀ ਸੁਰਤ ਪਿਛੇ ਮਹਿਲ 'ਚ ਰੱਖਦਾ ਹੈਂ, ਮੈਂ ਜੰਗਲ 'ਚ ਬਹਿ ਕੇ ਵੀ ਸੁਰਤ ਅਗੇ ਰੱਖਦਾ ਹਾਂ, ਬਸ ਇਹੀ ਫ਼ਰਕ ਹੈ।

ਮਨੁੱਖ ਦੀ ਪਹਿਚਾਨ ਹੀ ਏਥੇ ਹੁੰਦੀ ਹੈ ਕਿ ਉਹ ਜਾ ਕਿਧਰ ਨੂੰ ਰਿਹਾ ਹੈ ? ਉਸ ਦੀ ਮੰਜ਼ਿਲ ਕੀ ਹੈ ? ਜੇ ਮੰਜ਼ਿਲ ਕਿਧਰੇ ਪਿਛੇ ਪਈ ਹੈ ਤਾਂ ਉਹ ਬੰਦਾ ਪਛੜਿਆ ਹੋਇਆ ਹੈ ਤੇ ਅਗਲੀ ਜੂਨ ਸ਼ਾਇਦ ਇਸ ਨੂੰ ਪਛੜੀ ਹੋਈ ਮਿਲੇ। ਚੂੰਕਿ ਇਸ ਦਾ ਮਕਸਦ ਹੀ ਪਛੜਿਆ ਹੋਇਆ ਹੈ ਤੇ ਪਛੜੀ ਹੋਈ ਜੂਨ ਮਿਲੇਗੀ, ਜੇ ਬੰਦੇ ਦਾ ਮਕਸਦ ਬੱਚਿਆਂ ਦੀ ਪਾਲਨਾ ਦਾ ਹੀ ਹੈ ਤਾਂ ਇਹ ਤੇ ਪਸ਼ੂ ਪੰਛੀ ਵੀ ਕਰਦੇ ਨੇ, ਤੇ ਐਸੇ ਮਨੁੱਖ ਦੀ ਮੰਜ਼ਿਲ ਅਗੇ ਨਹੀਂ ਹੋ ਸਕਦੀ।

ਤੇ ਜਿਸ ਦਾ ਜੀਵਨ ਦਾ ਲਕਸ਼ ਹੋਵੇ ਹੀ ਅਗੇ, ਤੇ ਹਮੇਸ਼ਾ ਲਕਸ਼ ਅਗੇ ਹੀ ਹੈ, ਧਰਮ ਨੂੰ ਲਕਸ਼ ਦੀ ਤਰ੍ਹਾਂ ਅਗੇ ਰੱਖਣਾ ਹੈ, ਧਰਮ ਨੂੰ ਮੰਜ਼ਿਲੇ-ਮਕਸੂਦ ਬਣਾਓ, ਸੰਸਾਰ ਨੂੰ ਸਾਧਨ ਬਣਾ ਲਓ। ਨਿਰੰਕਾਰ ਨੂੰ ਮੰਜ਼ਿਲੇ-ਮਕਸੂਦ ਬਣਾ ਲਓ, ਫਿਰ ਜ਼ਿੰਦਗੀ ਸਫਲ ਹੋ ਜਾਏਗੀ।

ਅੱਜ ਪੜ੍ਹਨਾ ਕਿ ਜੀਵਨ ਦਾ ਮਕਸਦ ਕੀ ਹੈ ? ਤੇ ਜੇ ਜੀਵਨ ਦਾ ਮਕਸਦ ਕੁਛ ਧਨ ਕਮਾਣਾ ਹੀ ਹੈ ਤੇ ਫਿਰ ਉਸ ਜ਼ਿੰਦਗੀ ਦੀ ਨੀਂਹ ਕੁਛ ਧਨ ਹੀ ਹੈ, ਇਸ ਤੋਂ ਇਲਾਵਾ ਕੁਛ ਨਹੀਂ। ਤੇ ਜੀਵਨ ਦਾ ਮਕਸਦ ਪਰਮਾਤਮਾ ਦੀ ਪ੍ਰਾਪਤੀ ਹੈ ਤੇ ਜੈਸੇ ਪਰਮਾਤਮਾ ਅਮੁੱਲ ਹੈ ਤੇ ਉਹ ਬੰਦਾ ਹੀ ਅਮੁੱਲ ਹੈ, ਜਿਸ ਨੇ ਜ਼ਿੰਦਗੀ ਦਾ ਨਿਸ਼ਾਨਾ ਪਰਮਾਤਮਾ ਨੂੰ ਬਣਾਇਆ ਹੈ। ਸਾਹਿਬਾਂ ਨੇ ਸਾਫ਼ ਕਿਹਾ ਹੈ :

**ਅਮੁਲ ਗੁਣ ਅਮੁਲ ਵਾਪਾਰ ॥**
**ਅਮੁਲ ਵਾਪਾਰੀਏ ਅਮੁਲ ਭੰਡਾਰ ॥੨੬॥**

ਪਰਮਾਤਮਾ ਦੇ ਗੁਣ ਅਮੁੱਲ ਨੇ, ਪਰ ਇਹਨਾਂ ਗੁਣਾਂ ਦਾ ਜੋ ਵਪਾਰੀ ਵਪਾਰ ਕਰਦੇ ਨੇ, ਉਹ ਵੀ ਅਮੁੱਲ ਹੀ ਹਨ।

ਰੋਟੀ ਤੋਂ ਬਿਨਾਂ ਜੀਵਣਾ ਔਖੀ ਗੱਲ ਹੈ, ਪਰ ਨਿਰਾ ਰੋਟੀ ਵਾਸਤੇ ਜੀਵਣਾ ਐਸੇ ਜੀਵਨ ਨੂੰ ਵੀ ਮਹਾਂਪੁਰਖਾਂ ਨੇ ਲਾਹਨਤ ਪਾਈ ਹੈ। ਧਨ ਤੋਂ ਬਿਨਾਂ, ਬੱਚਿਆਂ ਤੋਂ ਬਿਨਾ ਜੀਵਣਾ ਮੁਸ਼ਕਲ ਹੈ, ਪਰ ਸਿਰਫ਼ ਇਹਨਾਂ ਲਈ ਹੀ ਜੀਵਣਾ ਕੋਈ ਜੀਵਣਾ ਨਹੀਂ। ਸਤਿਗੁਰੂ ਮਹਾਰਾਜ ਸਾਹਿਬ ਬਖ਼ਸ਼ਿਸ਼ ਕਰਨ, ਆਪਣੀ ਜ਼ਿੰਦਗੀ ਦਾ ਲਕਸ਼ ਪਰਮਾਤਮਾ ਦੀ ਪ੍ਰਾਪਤੀ ਹੋਵੇ, ਨਾ ਕਿ ਧਨ ਜਾਂ ਰੋਟੀ।

Sri Satguru Jagjit Singh Ji eLibrary NamdhariElibrary@gmail.com

# ਸ਼ਬਦ ਗੁਰੂ

'ਗੁਰੂ' ਗੁਰਬਾਣੀ ਹੈ, ਅਰ ਸਿਖ ਕੀ ਹੈ:

**ਸਿਖੀ ਸਿਖਿਆ ਗੁਰ ਵੀਚਾਰਿ॥** *(੪੬੫)*

ਫਿਰ ਗੁਰਮੁਖ ਤੇ ਮਨੁਮਖ ਦੀ ਗੱਲ, ਅਤੇ:

**ਮਾਇਆਧਾਰੀ ਅਤਿ ਅੰਨਾ ਬੋਲਾ॥** *(੩੧੩)*

ਇਸ ਗੱਲ ਦੀ ਵੀਚਾਰ ਅੱਜ ਮੈਂ ਤੁਹਾਡੇ ਸਾਹਮਣੇ ਰੱਖਣੀ ਹੈ। ਗੁਰੂ ਗ੍ਰੰਥ ਸਾਹਿਬ ਜੀ ਸ਼ਕਤੀ ਗੁਰੂ ਨੇ, ਵਿਅਕਤੀ ਗੁਰੂ ਨਹੀਂ, ਸ਼ਖ਼ਸੀ ਗੁਰੂ ਨਹੀਂ। ਈਸ਼ਵਰ ਕੋਈ ਵਿਅਕਤੀ ਨਹੀਂ, ਈਸ਼ਵਰ ਇਕ ਸ਼ਕਤੀ ਹੈ। ਇਕ ਵਿਅਕਤੀ, ਇਕ ਮਨੁੱਖ ਇਕ ਸਮੇਂ ਇਕ ਥਾਂ 'ਤੇ, ਤੇ ਹੋ ਸਕਦਾ ਹੈ, ਪਰ ਸਾਰੀਆਂ ਥਾਵਾਂ 'ਤੇ ਨਹੀਂ ਹੋ ਸਕਦਾ।

ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਜਿਸ ਦਿਨ ਹਰਿਮੰਦਰ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਪ੍ਰਕਾਸ਼ ਕਰਵਾਇਆ ਸੀ, ਉਸ ਦਿਨ ਸੰਗਤਾਂ ਦੇ ਸਾਹਮਣੇ ਕਥਾ ਰੱਖੀ ਸੀ। ਅਰ ਖ਼ੁਸ਼ਕਿਸਮਤ ਸਨ ਉਹ ਸਿਖ ਜੋ ਗੁਰੂ ਦੇ ਮੁਖਾਰਬਿੰਦ ਤੋਂ ਕਥਾ ਸ੍ਵਣ ਕਰਦੇ ਸਨ। ਸਾਹਿਬਾਂ ਨੇ ਜਿਹੜੀ ਉਥੇ ਸਭ ਤੋਂ ਪਹਿਲੇ ਗੱਲ ਰੱਖੀ ਸੰਗਤਾਂ ਸਾਹਮਣੇ, ਉਹ ਇਹ ਕਿ:

**ਸਤਿਗੁਰੂ ਕੇ ਸਰੀਰ ਹੈਂ ਜੋਊ, ਸਭ ਥਾਨ ਸਮੇਂ ਸਭ ਨਾ ਦਰਸੈ ਹੈਂ॥**

ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਖ਼ਿਆਲਾਂ ਨੂੰ ਕਲਮ-ਬੰਦ ਕਰਦੇ ਨੇ। ਮਹਾਰਾਜ ਨੇ ਆਖਿਆ, 'ਇਹ ਮੇਰਾ ਜੋ ਸਰੀਰ ਹੈ ਨਾ, ਇਹਦੇ ਤੁਸੀਂ ਸਾਰੀਆਂ ਥਾਵਾਂ 'ਤੇ ਦਰਸ਼ਨ ਨਹੀਂ ਕਰ ਸਕਦੇ। ਮੇਰਾ ਸਰੀਰ ਇਥੇ ਤੇ ਹੈ ਪਰ ਦੂਜੀ ਤੀਜੀ ਥਾਵਾਂ 'ਤੇ ਇਕੋ ਸਮੇਂ ਨਹੀਂ।'

**ਸਤਿਗੁਰੂ ਕੇ ਸਰੀਰ ਹੈਂ ਜੋਊ, ਸਭ ਥਾਨ ਸਮੇਂ ਸਭ ਨਾ ਦਰਸੈ ਹੈਂ॥**

ਜੇ ਸੌ ਸ਼ਹਿਰਾਂ ਵਿਚ ਸਿਖ ਰਹਿੰਦੇ ਨੇ ਤਾਂ ਮੇਰੇ ਸਰੀਰ ਨੂੰ ਇਕ ਸ਼ਹਿਰ


Sri Satguru Jagjit Singh Ji eLibrary NamdhariElibrary@gmail.com

ਦੇ ਲੋਕ ਹੀ ਵੇਖ ਸਕਦੇ ਨੇ, ਨੜ੍ਹਿੰਨਵੇਂ ਸ਼ਹਿਰਾਂ ਦੇ ਨਹੀਂ। ਕਿਉਂਕਿ ਸਰੀਰ ਵਿਆਪਕ ਨਹੀਂ ਹੈ। ਇਕ ਥਾਂ 'ਤੇ ਸਰੀਰ ਰਹਿ ਸਕਦਾ ਹੈ, ਦੂਜੀ ਤੀਜੀ ਥਾਂ 'ਤੇ ਨਹੀਂ। ਫਿਰ ਕਿਸ ਤਰ੍ਹਾਂ ਕਰੀਏ, ਜੇ ਹਰ ਥਾਂ 'ਤੇ ਦਰਸ਼ਨ ਕਰਨੇ ਹੋਵਣ ? ਤੋ ਮਹਾਰਾਜ ਨੇ ਉਥੇ ਹੁਕਮ ਕੀਤਾ:

**ਗ੍ਰੰਥ ਰਿਦਾ ਗੁਰ ਕੋ ਇਹੋ ਜਾਨੋਂ, ਉਤਮ ਹੈ ਸਭ ਕਾਲ ਰਹੇ ਹੈਂ॥**

ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਦਾ ਦਿਲ ਤੇ ਦਿਮਾਗ਼ ਜਾਨਣਾ ਹੀ ਉੱਤਮ ਹੈ, ਕਿਉਂਕਿ ਇਹ ਸਭ ਕਾਲ ਰਹੇ ਹੈਂ। ਮੇਰਾ ਸਰੀਰ ਅੱਜ ਹੈ ਤੇ ਕੱਲ ਨਹੀਂ। ਫਿਰ ਹੋਰ ਗੁਰੂ ਲਭੋਗੇ। ਤੇ ਫਿਰ ਸਾਰੀ ਜ਼ਿੰਦਗੀ ਗੁਰੂਆਂ ਨੂੰ ਹੀ ਲਭਦੇ ਰਹੋਗੇ। ਮੈਂ ਅੱਜ ਹਾਂ ਤੇ ਕੱਲ ਨਹੀਂ। "ਉਤਮ ਹੈ ਸਭ ਕਾਲ ਰਹੇ ਹੈਂ॥" ਹਰ ਸਮੇਂ ਵਿਚ ਰਹਿਣ ਵਾਲੇ ਹਨ—ਗੁਰੂ ਗ੍ਰੰਥ ਸਾਹਿਬ ਜੀ।

ਫਿਰ ਤੀਜੀ ਪੰਕਤੀ ਵਿਚ ਸਾਹਿਬਾਂ ਨੇ ਸਾਫ਼ ਹੁਕਮਨਾਮਾ ਕਰ ਦਿੱਤਾ ਹੈ:

**ਮੇਰੇ ਸਰੂਪ ਤੇ, ਯਾਂ ਤੇ ਹੈਂ ਦੀਰਘ, ਸਾਹਿਬ ਜਾਨ ਅਦਾਇਬ ਕਰੇ ਹੈਂ॥**

ਭਾਵ, ਮੇਰੇ ਸਰੀਰ ਤੋਂ ਗੁਰੂ ਗ੍ਰੰਥ ਸਾਹਿਬ ਨੂੰ ਵੱਡਾ ਕਰਕੇ ਜਾਨਣਾ, ਕਿਉਂਕਿ ਮੈਂ ਆਪ ਮੱਥਾ ਟੇਕਦਾ ਹਾਂ। ਮੈਂ ਆਪ ਇਸ ਗ੍ਰੰਥ ਨੂੰ ਸਜਦਾ ਕਰਦਾ ਹਾਂ। ਮੈਂ ਆਪ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਹਾਂ।

ਤੋ ਜਿਸ ਸ਼ਬਦ ਨੂੰ, ਜਿਸ ਕਲਾਮ ਨੂੰ ਗੁਰੂ ਅਰਜਨ ਦੇਵ ਜੀ ਮਹਾਰਾਜ ਆਪ ਮੱਥਾ ਟੇਕਦੇ ਨੇ, ਜਿਸ ਕਲਾਮ ਨੂੰ ਗੁਰੂ ਨਾਨਕ ਸਾਹਿਬ ਵੀ ਗੁਰੂ ਕਹਿੰਦੇ ਨੇ:

**ਸਬਦੁ ਗੁਰੂ ਸੁਰਤਿ ਧੁਨਿ ਚੇਲਾ॥** *(੯੪੩)*

ਅਤੇ

**ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ॥**

ਭਾਵ, ਸ਼ਬਦ, ਵੀਚਾਰ, ਗਿਆਨ ਹੀ ਗੁਰੂ ਹੈ।

ਮੈਂ ਵਿਚਾਰ ਕਰਨੀ ਹੈ ਕਿ ਸ਼ਬਦ ਗੁਰੂ ਦੇ ਦਰਸ਼ਨ ਤੁਹਾਨੂੰ ਹੋ ਸਕਣ। ਸ਼ਬਦ 'ਗੁਰੂ' ਕਿਵੇਂ ਹੈ ? ਇਹ ਵਿਚਾਰ ਤੁਹਾਡੇ ਸਾਹਮਣੇ ਰੱਖ ਰਿਹਾ ਹਾਂ। ਜਿਸ ਦਿਨ ਇਹ ਪਤਾ ਚਲਿਆ ਕਿ ਸ਼ਬਦ ਹੀ ਗੁਰੂ ਹੈ, ਵੀਚਾਰ ਹੀ ਗੁਰੂ ਹੈ, ਗਿਆਨ ਹੀ ਗੁਰੂ ਹੈ, ਉਸ ਦਿਨ ਅਸਲੀਅਤ ਦਾ ਪਤਾ ਚਲ ਜਾਏਗਾ।

ਜਦ ਕਹਿੰਦੇ ਹਨ ਨਾ, ਕਿ ਫ਼ਲਾਣਾ ਬੰਦਾ ਬਦਲ ਗਿਆ ਹੈ, ਤੇ ਕੀ


Sri Satguru Jagjit Singh Ji eLibrary NamdhariElibrary@gmail.com

ਬਦਲਦਾ ਹੈ ? ਕੁਝ ਵੀ ਨਹੀਂ। ਸਿਰਫ਼ ਉਸ ਦੇ ਖ਼ਿਆਲ ਹੀ ਬਦਲਦੇ ਹਨ। ਵੀਚਾਰ ਬਦਲ ਜਾਂਦੇ ਹਨ। ਨਾ ਹੱਥ ਬਦਲਦੇ ਨੇ, ਅਤੇ ਨਾ ਹੀ ਪੈਰ ਆਦਿ, ਨਾ ਮੂੰਹ ਮੱਥਾ ਬਦਲਦਾ ਹੈ। ਮਨੁੱਖ ਦੇ ਅੰਦਰ ਦੀ ਵੀਚਾਰ-ਧਾਰਾ ਬਦਲ ਜਾਂਦੀ ਹੈ, ਤੇ ਮਨੁੱਖ ਬਦਲ ਜਾਂਦਾ ਹੈ। ਸਭ ਕੁਝ ਤਬਦੀਲ ਹੋ ਜਾਂਦਾ ਹੈ। ਇਕ ਗ਼ਲਤ ਵੀਚਾਰ ਅੰਦਰ ਪੈਦਾ ਹੋਈ ਤੇ ਜੀਵਨ ਗ਼ਲਤ ਧਾਰਾ 'ਤੇ ਚਲਾ ਜਾਵੇਗਾ। ਇਕ ਡਾਕੂ ਕੌਣ ਹੈ ? ਉਸਦੇ ਸੋਚਣ ਦਾ ਢੰਗ ਗ਼ਲਤ ਹੈ। ਇਕ ਜ਼ਾਲਮ ਕੌਣ ਹੈ ? ਇਕ ਦੁਰਾਚਾਰੀ ਕੌਣ ਹੈ ? ਬਸ ਉਹਨਾਂ ਦੇ ਸੋਚਣ ਦਾ ਢੰਗ ਗ਼ਲਤ ਹੈ। ਇਕ ਠੱਗ, ਇਕ ਮੂਰਖ ਕੌਣ ਹੈ ? ਬਸ ਉਹਨਾਂ ਦੇ ਸੋਚਣ ਦਾ ਢੰਗ ਹੀ ਗ਼ਲਤ ਹੈ।

*ਮਹਾਨ ਕੋਸ਼* ਵਿਚ ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ ਵਾਲਿਆਂ ਨੇ ਮੂਰਖ ਦੇ ਅਰਥ ਬੜੇ ਗ਼ਜ਼ਬ ਦੇ ਕੀਤੇ ਨੇ। ਉਹ ਕਹਿੰਦੇ ਨੇ, ਜਿਸ ਬੰਦੇ ਨੇ ਬੋਲਣ ਲਗਿਆਂ ਸਿਰਫ਼ ਮੂੰਹ ਹੀ ਅਗੇ ਰਖਿਆ ਹੈ, ਦਿਮਾਗ਼ ਨਹੀਂ, ਸੋਚਣਾ ਨਹੀਂ, ਸਿਰਫ਼ ਮੂੰਹ ਹੀ ਅਗੇ ਰਖਿਆ ਹੈ, ਉਸਨੂੰ ਕਹਿੰਦੇ ਨੇ ਮੂੰਹ-ਰੱਖ। ਮੂੰਹ 'ਤੇ ਅਸੀਂ ਰੱਖ ਦਿੱਤਾ ਹੈ, ਜ਼ਬਾਨ ਤੇ ਚਲ ਗਈ ਹੈ, ਪਰ ਦਿਮਾਗ਼ ਨਾਲ ਨਹੀਂ ਸੋਚਿਆ। ਦਿਲ ਦਿਮਾਗ਼ ਤੋਂ ਕੰਮ ਨਹੀਂ ਲਿਆ। ਸਿਰਫ਼ ਮੂੰਹ ਤੋਂ ਹੀ ਕੰਮ ਲਿਆ ਹੈ, ਤੇ ਹਰ ਮਹਿਫ਼ਲ ਵਿਚ ਮੂੰਹ ਹੀ ਅਗੇ ਕੀਤਾ ਹੈ। ਉਹਨੂੰ ਕਹੀਏ ਮੂਰਖ।

ਫਿਰ ਖਾਣ ਲਗਿਆਂ ਜਿਸ ਨੇ ਸੋਚਿਆ ਹੀ ਨਹੀਂ ਕਿ ਮੈਂ ਇਹ ਖਾਣਾ ਹੈ ਕਿ ਨਹੀਂ ? ਸਿਰਫ਼ ਮੂੰਹ ਹੀ ਅਗੇ ਰਖਿਆ ਹੈ, ਉਸ ਨੂੰ ਆਖਿਆ ਗਿਆ ਹੈ—ਮੂਰਖ। ਫਿਰ ਕਿਸੇ ਦਾ ਮੂੰਹ ਰੱਖ ਕੇ ਹੀ ਗੱਲ ਕਰਨੀ, ਬਈ ਜਿਹੜੀ ਗੱਲ ਕਹੀਏ, ਸੱਚ ਤੇ ਹੈ ਨਹੀਂ, ਫਿਰ ਵੀ ਹਾਂ ਕਹੀ ਜਾਏ, ਕਿਉਂਕਿ ਮੂੰਹ ਜੁ ਰੱਖਣਾ ਸੀ, ਤੇ ਅੰਦਰੋਂ ਜ਼ਮੀਰ ਨਾ ਮੰਨੇ ਤੇ ਸਿਰਫ਼ ਮੂੰਹ ਰੱਖ ਕੇ ਗੱਲ ਕਰਨੀ ਪਏ, ਤੇ ਗੱਲ ਕਰਨ ਵਾਲਾ ਮੂਰਖ ਹੈ।

ਕਿਸੇ ਥਾਂ 'ਤੇ ਕੁਛ ਆਖਣਾ ਹੈ ਤੇ ਚੁਪ ਕਰ ਰਿਹਾ, ਨਹੀਂ ਆਖਿਆ। ਪੁਛਿਆ, ਬਈ ਤੂੰ ਕਿਉਂ ਨਹੀਂ ਬੋਲਿਆ ਤੇ ਕਹਿਣ ਲਗਾ, ਅਗਲੇ ਦਾ ਮੂੰਹ ਜੁ ਰੱਖਣਾ ਸੀ। ਤੇ ਮੂੰਹ ਰੱਖ ਕੇ ਚੁਪ ਕਰ ਜਾਣਾ, ਤੇ ਮੂੰਹ ਰੱਖ ਕੇ ਬੋਲ ਪੈਣਾ ਤੇ ਬੋਲਣ ਲਗਿਆਂ ਸਿਰਫ਼ ਮੂੰਹ ਹੀ ਅਗੇ ਰੱਖਣਾ, ਤੇ ਦਿਲ ਦਿਮਾਗ਼ ਤੋਂ ਕੰਮ ਨਾ ਲੈਣਾ ਉਸਨੂੰ ਆਖਿਆ ਗਿਆ ਹੈ—ਮੂਰਖ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਕੀ ਹੈ ? ਇਕ ਵੀਚਾਰ, ਬ੍ਰਹਮ ਗਿਆਨ ਹੈ। ਗੁਰੂ ਗ੍ਰੰਥ ਸਾਹਿਬ ਜੀ 'ਤੇ ਜੋ ਰੁਮਾਲੇ ਹੈਨ ਨਾ, ਇਹ ਬਸ ਇਉਂ ਹੈ, ਜਿਵੇਂ ਮੇਰੇ ਸਿਰ 'ਤੇ ਪੱਗ ਹੈ, ਮੇਰੀ ਕਮੀਜ਼ ਹੈ, ਇਹਨਾਂ ਨਾਲ ਮੈਂ


Sri Satguru Jagjit Singh Ji eLibrary NamdhariElibrary@gmail.com

ਆਪਣਾ ਤਨ ਢਕਿਆ ਹੈ, ਪਰ ਮੈਂ ਕੁੜਤਾ ਨਹੀਂ ਹਾਂ। ਮੈਂ ਪਜਾਮੇ ਨਾਲ ਆਪਣਾ ਨੰਗੇਜ਼ ਢਕਿਆ ਹੈ, ਪਰ ਮੈਂ ਪਜਾਮਾ ਨਹੀਂ।

ਇਸੇ ਤਰ੍ਹਾਂ ਪਾਲਕੀ ਗੁਰੂ ਨਹੀਂ, ਇਹ ਰੁਮਾਲੇ ਵੀ ਗੁਰੂ ਨਹੀਂ ਹਨ। ਇਹ ਪੀੜ੍ਹੀ ਵੀ ਗੁਰੂ ਨਹੀਂ ਹੈ, ਫਿਰ ਗੁਰੂ ਕੀ ਹੈ ?

**ਸਬਦੁ ਗੁਰੂ, ਸੁਰਤਿ ਧੁਨਿ ਚੇਲਾ॥** *(੯੪੩)*

ਤੇ

**ਬਾਣੀ ਗੁਰੂ, ਗੁਰੂ ਹੈ ਬਾਣੀ.....॥** *(੯੮੨)*

ਸੱਚ ਜਾਣੋ, ਬਹੁਤੇ ਬੰਦੇ ਪਾਲਕੀ ਨਾਲ ਜੁੜਦੇ ਹਨ, ਰੁਮਾਲਿਆਂ ਨਾਲ ਜੁੜਦੇ ਨੇ। ਅਰ ਕਈ ਕਹਿਣਗੇ ਰੁਮਾਲੇ ਚੁਕ ਕੇ ਦਰਸ਼ਨ ਕਰਵਾਓ। ਤੁਸੀਂ ਭੁਲੇਖੇ 'ਚ ਹੋ। ਦਰਸ਼ਨ ਕੀ ਹੈ—ਗੁਰੂ ਦਾ ਸ਼ਬਦ ਸੁਣਨਾ।

ਇਕ ਹੁੰਦਾ ਹੈ ਨੇਤਰ ਦਰਸ਼ਨ, ਇਕ ਸਰਵਣ ਦਰਸ਼ਨ। ਇਕ ਹੁੰਦਾ ਹੈ ਸੁਪਨ ਦਰਸ਼ਨ ਤੇ ਇਕ ਹੁੰਦਾ ਹੈ ਚਿਤਰ ਦਰਸ਼ਨ। ਦਰਸ਼ਨ ਵੀ ਛੇ, ਸਤ ਪ੍ਰਕਾਰ ਦੇ ਆਲਮਾਂ ਨੇ ਮੰਨੇ ਨੇ। ਅਸੀਂ ਹੁਣ ਜੋ ਗੁਰੂ ਦਾ ਦਰਸ਼ਨ ਕਰਨਾ ਹੈ, ਉਹ ਹੈ ਸਰਵਣ ਦਰਸ਼ਨ। ਕੰਨਾਂ ਨਾਲ ਗੱਲ ਸੁਣਨੀ ਹੈ, ਬਈ ਗੁਰੂ ਕੀ ਹੈ ? ਫਿਰ ਉਸ ਸੁਣੀ ਹੋਈ ਵਿਚੋਂ ਗੁਰੂ ਦੇ ਦਰਸ਼ਨ ਕਰਨੇ ਹਨ। ਬਈ ਗੁਰੂ ਜੋ ਕੁਛ ਆਖ ਰਿਹਾ ਹੈ, ਕੀ ਆਖ ਰਿਹਾ ਹੈ। ਇਸ ਤਰੀਕੇ ਨਾਲ ਖ਼ਿਆਲੀ ਦਰਸ਼ਨ ਕਰਨੇ ਨੇ। ਫਿਰ ਜਦ ਇਹ ਵੀਚਾਰ ਸਾਡੀ ਕਲਪਨਾ, ਸਾਡੇ ਅੰਤਿਸ਼ਕਰਨ ਵਿਚ ਚਲੀ ਗਈ ਤੇ ਜ਼ਿੰਦਗੀ ਬਦਲ ਜਾਏਗੀ। ਨਹੀਂ ਤੇ ਖਿਮਾ ਕਰਨੀ, ਗੁਰੂ ਨਾਨਕ ਨੂੰ ਵੇਖਣ ਵਾਲਿਆਂ 'ਚੋਂ ਉਹ ਵੀ ਸਨ ਜੋ ਬਾਬੇ ਨੂੰ ਪੱਥਰ ਮਾਰਦੇ ਸਨ। ਤੇ ਨਿਰੀ ਵੇਖਣ ਨਾਲ ਹੀ ਗੱਲ ਨਹੀਂ ਬਣਦੀ।

ਸੋ ਤੁਸੀਂ ਗੁਰੂ ਨੂੰ ਇਕ ਸ਼ਕਤੀ ਸਮਝੋ, ਇਕ ਵਿਅਕਤੀ ਨਹੀਂ। ਤੁਸੀਂ ਈਸ਼ਵਰ ਨੂੰ ਇਕ ਸ਼ਕਤੀ ਸਮਝੋ, ਵਿਅਕਤੀ ਨਹੀਂ। ਉਹ ਇਕ ਤਾਕਤ ਹੈ, ਸ਼ਖ਼ਸੀਅਤ ਨਹੀਂ ਹੈ। ਮਨੁਖ ਨਹੀਂ ਹੈ, ਪੰਚ ਤਤ ਦਾ ਸਰੀਰ ਨਹੀਂ ਹੈ। ਮਨੁੱਖ ਇਕੋ ਥਾਂ ਹੋ ਸਕਦਾ ਹੈ, ਸਾਰੀਆਂ ਥਾਵਾਂ 'ਤੇ ਨਹੀਂ ਹੋ ਸਕਦਾ।

ਤੇ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਕਿ ਮੈਂ ਇਥੇ ਬੈਠਾ ਹਾਂ, ਮੇਰੇ ਕੋਲ ਜਿਹੜੇ ਬੈਠੇ ਨੇ ਉਹ ਤੇ ਮੇਰੇ ਕੋਲ ਅਰਦਾਸ ਤੇ ਜੋਦੜੀ ਅਤੇ ਮੇਰੇ ਦਰਸ਼ਨ ਕਰ ਸਕਦੇ ਨੇ, ਤੇ ਬਾਕੀ ਦੇ ਸਿਖ ਕਿਥੇ ਜਾਣਗੇ ? ਉਹ ਮੈਨੂੰ ਕਿਸ ਤਰ੍ਹਾਂ ਵੇਖਣਗੇ ? ਇਸ ਵਾਸਤੇ ਗੁਰੂ ਨਾਨਕ ਦੇਵ ਜੀ ਤੇ ਗੁਰੂ ਅਰਜਨ ਦੇਵ ਜੀ ਨੂੰ ਕਹਿਣਾ ਪਿਆ ਤੇ ਅਗਾਂਹ ਚਲ ਕੇ ਪੂਰੀ ਰਸਮ ਤੇ ਮਰਯਾਦਾ ਨਾਲ


Sri Satguru Jagjit Singh Ji eLibrary NamdhariElibrary@gmail.com

ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਕਹਿਣਾ ਪਿਆ ਕਿ ਬਾਣੀ ਹੀ ਗੁਰੂ ਹੈ। ਸ਼ਬਦ ਗੁਰੂ ਹੈ:

**ਮੇਰੇ ਸਰੂਪ ਤੇ, ਯਾਂ ਤੇ ਹੈਂ ਦੀਰਘ, ਸਾਹਿਬ ਜਾਨ ਅਦਾਇਬ ਕਰੇ ਹੈਂ॥**

ਇਹ ਸਪੱਸ਼ਟ ਸ਼ਬਦ ਨੇ ਕਿ ਮੇਰੇ ਸਰੂਪ ਨਾਲੋਂ ਗੁਰੂ ਗ੍ਰੰਥ ਸਾਹਿਬ ਨੂੰ ਵੱਡਾ ਜਾਨਣਾ, ਕਿਉਂਕਿ ਮੈਂ ਸਵੈਮ, ਖ਼ੁਦ ਗੁਰਬਾਣੀ ਦਾ ਉਪਾਸ਼ਕ ਹਾਂ।

ਤੋ ਸਵਾਲ ਪੈਦਾ ਇਹ ਹੁੰਦਾ ਹੈ ਕਿ ਪਾਤਸ਼ਾਹ, ਕੀ ਗੁਰਬਾਣੀ ਤੁਹਾਡੀ ਨਹੀਂ? ਮਹਾਰਾਜ ਕਹਿੰਦੇ ਨੇ:

**ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ॥**

(੭੨੨)

ਮਹਾਰਾਜ ਨੇ ਸਪੱਸ਼ਟ ਕਹਿ ਦਿਤਾ ਹੈ ਕਿ ਇਹ ਬਾਣੀ ਮੇਰੀ ਨਹੀਂ। ਇਹ ਮੇਰੇ ਖ਼ਿਆਲ ਨਹੀਂ ਹਨ। ਇਹ ਮੇਰੇ ਜ਼ਿਹਨ 'ਚੋਂ ਨਹੀਂ ਨਿਕਲੇ। ਆਤਮਾ ਮੇਰੀ ਜਦ ਪ੍ਰਭੂ ਨਾਲ ਜੁੜਦੀ ਹੈ ਤੋ ਮੈਂ ਬੋਲਦਾ ਹਾਂ, ਇਹ ਬਚਨ ਮੇਰੇ ਨਹੀਂ।

ਮੁਹੰਮਦ ਸਾਹਿਬ ਆਪਣੇ ਸ਼ਿਸ਼ਾਂ ਨੂੰ ਕਹਿੰਦੇ ਨੇ ਕਿ ਇਲਹਾਮ ਹੋਇਆ ਹੈ। ਖ਼ੁਦਾ ਦੀ ਤਰਫ਼ੋਂ ਕਲਾਮ ਆਇਆ ਹੈ, ਇਹ ਗੱਲ ਗ਼ਲਤ ਨਹੀਂ। ਜਦ ਵੀ ਕੋਈ ਪੈਗ਼ੰਬਰ ਅਵਤਾਰ ਬੋਲਦਾ ਹੈ, ਉਹ ਆਪ ਨਹੀਂ ਬੋਲਦਾ। ਉਹ ਆਪ ਨਹੀਂ ਕਹਿੰਦਾ।

ਇਕ ਗਿਆਨ ਉਹ ਹੁੰਦਾ ਹੈ ਜੋ ਬਾਹਰੋਂ ਇਕੱਠਾ ਕੀਤਾ ਜਾਂਦਾ ਹੈ ਤੇ ਇਕ ਹੁੰਦਾ ਹੈ ਉਹ, ਜਿਹੜਾ ਅੰਦਰੋਂ ਫੁਟਦਾ ਹੈ। ਜਿਹੜਾ ਗਿਆਨ ਬਾਹਰੋਂ ਇਕੱਠਾ ਕੀਤਾ ਜਾਂਦਾ ਹੈ ਉਹ ਹੌਜ਼ ਦਾ ਪਾਣੀ ਸਮਝੋ, ਜਾਂ ਟੈਂਕੀ ਦਾ ਪਾਣੀ। ਤੇ ਜੇ ਬਹੁਤ ਦਿਨ ਉਹ ਪਾਣੀ ਪਿਆ ਰਵੇ ਤੋ ਉਹ ਪਾਣੀ ਗੰਦਾ ਹੋ ਜਾਂਦਾ ਹੈ। ਤੋ ਬੜੇ ਬੜੇ ਗਿਆਨੀਆਂ ਦਾ ਦਿਮਾਗ਼ ਗੰਦਾ ਵੀ ਹੋ ਸਕਦਾ ਹੈ। ਲੇਕਿਨ ਜਿਹੜਾ ਅੰਦਰੋਂ ਗਿਆਨ ਉਠਦਾ ਹੈ ਉਹ ਨਿਰਮਲ ਜਲ ਹੈ, ਝਰਨੇ ਦਾ ਪਾਣੀ। ਇਹ ਜੋ ਗੁਰਬਾਣੀ ਹੈ ਨਾ, ਇਹ ਬਾਹਰੋਂ ਇਕੱਠਾ ਕੀਤਾ ਗਿਆਨ ਨਹੀਂ। ਇਹ ਤਾਂ:

**.....ਅਮਿਉ ਚਲਹਿ ਝਰਣੇ॥** (੩੨੦)

ਇਹ ਤਾਂ ਸਤਿਗੁਰਾਂ ਦੇ ਅੰਤਿਸ਼ਕਰਨ 'ਚੋਂ ਝਰਨੇ ਚਲੇ ਨੇ।

ਤੋ ਜਦ ਮੈਂ ਹਜ਼ਰਤ ਮੂਸਾ ਬਾਰੇ ਪੜ੍ਹਦਾ ਹਾਂ, ਉਹ ਵੀ ਆਪਣੇ ਸ਼ਿਸ਼ਾਂ ਨੂੰ ਕਹਿੰਦੇ ਹਨ, 'ਕੋਹਨੂਰ ਤੇ ਜਦ ਮੈਂ ਬੈਠਦਾ ਹਾਂ, ਖ਼ੁਦਾ ਮੇਰੇ ਨਾਲ ਗੱਲਾਂ ਕਰਦਾ ਹੈ।' ਦਰਅਸਲ ਆਤਮਾ 'ਚੋਂ ਜਿਹੜੇ ਖ਼ਿਆਲ ਉਠਦੇ ਨੇ ਉਹ ਪ੍ਰਤੀਤ ਹੁੰਦੇ


Sri Satguru Jagjit Singh Ji eLibrary NamdhariElibrary@gmail.com

ਨੇ ਬਈ ਇਹ ਮੇਰੇ ਆਪਣੇ ਤੇ ਹੈਨ ਨਹੀਂ। ਇਤਨੀ ਗਹਿਰੀ ਜਿਹੜੀ ਗੱਲ ਹੈ, ਨਿਕਲ ਰਹੀ ਹੈ ਹਿਰਦੇ ਦੀ ਗਹਿਰਾਈ 'ਚੋਂ, ਇਹ ਆਪਣੀ ਨਹੀਂ ਹੋਵੇਗੀ। ਤੇ ਮਹਾਂਪੁਰਸ਼ਾਂ ਨੂੰ ਪਤਾ ਚਲ ਜਾਂਦਾ ਹੈ ਕਿ ਇਹ ਸਿੱਧੀ ਰੱਬ ਦੀ ਗੱਲ ਹੈ, ਈਸ਼ਵਰ ਦੀ ਗੱਲ ਹੈ।

ਗੁਰੂ ਗੋਬਿੰਦ ਸਿੰਘ ਜੀ *ਬਚਿਤ੍ਰ ਨਾਟਕ* ਵਿਚ ਸਾਫ਼ ਕਹਿੰਦੇ ਨੇ:

**ਅਕਾਲ ਪੁਰਖ ਬਾਚ, ਇਸ ਕੀਟ ਪ੍ਰਤੀ॥**

'ਅਕਾਲ ਪੁਰਖ ਦੇ ਬਚਨ, ਅਕਾਲ ਪੁਰਖ ਦਾ ਹੁਕਮ, ਮੈਂ ਕੀੜੇ ਨੂੰ। ਅਕਾਲ ਪੁਰਖ ਨੇ ਮੈਨੂੰ ਕੀ ਆਖਿਆ, ਤੁਸੀਂ ਸੁਣੋ।' ਤੇ ਜੋ ਕੁਛ ਮਹਾਰਾਜ ਨੇ *ਬਚਿਤ੍ਰ ਨਾਟਕ* ਵਿਚ ਸੁਣਾਇਆ ਹੈ, ਕਹਿੰਦੇ ਮੇਰੇ ਨਹੀਂ, ਇਹ ਅਕਾਲ ਪੁਰਖ ਦੇ ਬਚਨ ਨੇ। ਇਸੇ ਤਰੀਕੇ ਨਾਲ ਪਹਿਲੇ ਪਾਤਸ਼ਾਹ ਤੇ ਗੁਰੂ ਅਰਜਨ ਦੇਵ ਜੀ ਕਹਿ ਰਹੇ ਹਨ, ਕਿ ਜੋ ਕੁਛ ਅਸੀਂ ਕਹਿ ਰਹੇ ਹਾਂ ਇਹ ਖਸਮ ਦੀ ਬਾਣੀ ਹੈ। ਖਸਮ ਦੀ ਗੱਲ ਹੈ। ਈਸ਼ਵਰ ਤੋਂ ਆਈ ਹੈ, ਸਾਡੀ ਨਹੀਂ।

ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਇੰਜ ਕਹਿੰਦੇ ਨੇ ਕਿ ਭਾਂਡੇ ਗੁਰੂ ਨਾਨਕ ਦੇ ਨੇ ਤੇ ਭੋਜਨ ਅਕਾਲ ਪੁਰਖ ਦਾ ਹੈ, ਬਸ ਇੰਨੀ ਗੱਲ ਹੈ। ਜ਼ਬਾਨ ਗੁਰੂ ਨਾਨਕ ਦੀ ਹੈ, ਆਵਾਜ਼ ਗੁਰੂ ਨਾਨਕ ਦੀ ਹੈ, ਪਰ ਇਨ੍ਹਾਂ ਭਾਂਡਿਆਂ ਵਿਚ ਜਿਹੜੀ ਵਸਤੂ ਏ, ਪਦਾਰਥ ਪਿਆ ਹੈ, ਉਹ ਅਕਾਲ ਪੁਰਖ ਦਾ ਹੈ। ਭਾਂਡੇ, ਆਖ਼ਰ ਗੁਰੂ ਨਾਨਕ ਦੇ ਨੇ। ਪਰ ਸਾਹਿਬ ਕਹਿੰਦੇ ਨੇ, ਇਹਨਾਂ ਭਾਂਡਿਆਂ ਵਿਚ ਪਰੋਸ ਕੇ ਜੋ ਮੈਂ ਦੇ ਰਿਹਾ ਹਾਂ, ਉਹ ਖਸਮ ਦੀ ਬਾਣੀ ਹੈ। ਉਹ ਗੱਲ ਈਸ਼ਵਰੀ ਹੈ। ਜਿਸ ਦਿਨ ਬੰਦਾ ਗੁਰਬਾਣੀ ਨਾਲ ਜੁੜਦਾ ਹੈ ਉਸ ਦਿਨ ਹੀ ਉਹ ਖਸਮ ਨਾਲ ਜੁੜ ਜਾਂਦਾ ਹੈ।

ਇਹ ਗੁਰਬਾਣੀ, ਇਹ ਕਲਾਮ ਹਰ ਬੰਦਾ ਨਹੀਂ ਸੁਣ ਸਕਦਾ। ਇਹਦੇ ਸੁਣਨ ਵਾਸਤੇ ਦਿਲ ਦਿਮਾਗ਼ ਪਹਿਲੋਂ ਬਨਾਣਾ ਪੈਂਦਾ ਹੈ। ਇਸੇ ਕਾਰਨ ਧਰਮ ਗ੍ਰੰਥ ਇਹ ਕਹਿੰਦਾ ਹੈ ਕਿ ਮਨੁੱਖ ਨੂੰ ਸੰਸਾਰ ਵਿਚ ਉਹ ਵਸਤੂ ਮਿਲ ਜਾਂਦੀ ਹੈ, ਜਿਸ ਦੇ ਯੋਗ ਮਨੁੱਖ ਆਪਣੇ ਆਪ ਨੂੰ ਬਣਾ ਲੈਂਦਾ ਹੈ। ਤੇ ਜਿਹੜੀ ਚੀਜ਼ ਸੰਸਾਰ ਵਿਚ ਅੱਜ ਤਕ ਮਨੁੱਖ ਨੂੰ ਨਹੀਂ ਮਿਲੀ, ਈਸ਼ਵਰ ਦਾ ਦੋਸ਼ ਨਹੀਂ, ਮਨੁੱਖ ਨੇ ਆਪਣੇ ਆਪ ਨੂੰ ਪਾਤਰ ਨਹੀਂ ਬਣਾਇਆ, ਉਸ ਦੇ ਯੋਗ ਨਹੀਂ ਬਣਾਇਆ।

ਅਗਰ ਇਹ ਬੰਦਾ ਇਹ ਆਖੇ ਕਿ ਮੈਂ ਅੱਖਾਂ ਖੋਲ੍ਹਣੀਆਂ ਹੀ ਨਹੀਂ ਤੇ ਸੂਰਜ ਨੂੰ ਵੇਖਣਾ ਹੈ ਤੇ ਸਵਾਲ ਹੀ ਪੈਦਾ ਨਹੀਂ ਹੋ ਸਕਦਾ ਕਿ ਉਹ ਵੇਖ ਲਵੇ। ਸੂਰਜ ਨੂੰ ਵੇਖਣ ਵਾਸਤੇ ਅੱਖਾਂ ਦਾ ਖੋਲ੍ਹਣਾ ਲਾਜ਼ਮੀ ਹੈ। ਅੱਖਾਂ ਬਿਨਾਂ ਉਹ


Sri Satguru Jagjit Singh Ji eLibrary NamdhariElibrary@gmail.com

ਸੂਰਜ ਨੂੰ ਨਹੀਂ ਵੇਖ ਸਕੇਗਾ। ਤੇ ਹੁਣ ਉਹ ਆਖੇ ਮੈਂ ਕੋਸ਼ਿਸ਼ ਕਰਦਾ ਹਾਂ ਕੁਛ ਦਿਨ ਇੰਤਜ਼ਾਰ ਕਰਦਾ ਹਾਂ, ਸਾਧਨਾ ਕਰਦਾ ਹਾਂ, ਤੇ ਕਹੇ ਮੈਂ ਬਗ਼ੈਰ ਅੱਖਾਂ ਖੋਲ੍ਹੇ ਹੀ ਕੋਸ਼ਿਸ਼ ਕਰਨੀ ਹੈ ਤਾਂ ਹੋ ਸਕਦਾ ਹੈ ਕਿ ਅੱਖਾਂ ਦੀ ਜੋਤ ਹੀ ਗਵਾ ਬੈਠੇ, ਜੇ ਬਹੁਤ ਦਿਨ ਉਸ ਨੇ ਅੱਖਾਂ ਬੰਦ ਰਖੀਆਂ। ਕਹਿੰਦੇ ਨੇ ਤਹਿਖ਼ਾਨੇ ਵਿਚ ਕੋਈ ਬੰਦਾ ਸਾਲ ਦੋ ਸਾਲ ਰਵੇ, ਜਿਥੇ ਸੂਰਜ ਦੀ ਰੌਸ਼ਨੀ ਜਾਏ ਹੀ ਨਾ, ਅਗਰ ਉਹ ਦੋ ਸਾਲ ਬਾਅਦ ਹਨੇਰੇ 'ਚੋਂ ਬਾਹਰ ਆਵੇਗਾ ਤੇ ਅੱਖਾਂ ਵਿਚ ਰੌਸ਼ਨੀ ਨਹੀਂ ਹੋਵੇਗੀ। ਇੰਜ ਕਹਿੰਦੇ ਨੇ ਸਿਆਣੇ ਕਿ ਉਹ ਸੂਰਜ ਨੂੰ ਨਹੀਂ ਵੇਖ ਸਕੇਗਾ। ਵੇਖਣ ਦੀ ਸ਼ਕਤੀ ਗਵਾ ਬੈਠੇਗਾ।

ਜਦ ਕੋਈ ਬੰਦਾ ਬਹੁਤ ਮੁਦਤ ਤਕ ਪਾਖੰਡ, ਝੂਠ, ਫ਼ਰੇਬ ਤੇ ਮੂਰਖਤਾ ਦੇ ਆਲੇ ਦੁਆਲੇ ਰਵੇ ਤੇ ਸੱਚ ਸੁਣਨ ਦੀ ਸ਼ਕਤੀ ਉਸ ਵਿਚੋਂ ਖ਼ਤਮ ਹੋ ਜਾਂਦੀ ਹੈ, ਨਹੀਂ ਸੁਣ ਸਕਦਾ। ਤੁਸੀਂ ਤਜਰਬਾ ਕਰ ਕੇ ਵੇਖ ਲੈਣਾ। ਪਾਖੰਡ, ਝੂਠ, ਫ਼ਰੇਬ ਦੇ ਆਲੇ ਦੁਆਲੇ ਰਹਿਣ ਨਾਲ ਮਨੁੱਖ ਦੇ ਅੰਦਰ ਉਹ ਸ਼ਕਤੀ ਖ਼ਤਮ ਹੋ ਜਾਂਦੀ ਹੈ ਜਿਸ ਨਾਲ ਸੱਚ ਵੇਖ ਸਕੀਏ, ਜਿਸ ਨਾਲ ਈਸ਼ਵਰ ਦੇ ਦਰਸ਼ਨ ਕਰੀਦੇ ਨੇ, ਜਿਸ ਨਾਲ ਗੁਰੂ ਦੀ ਜੋਤ ਦੇ ਦਰਸ਼ਨ ਕਰੀਦੇ ਨੇ। ਇਹ ਠੀਕ ਹੈ ਕਿ ਐਸੇ ਬੰਦੇ ਦਾ ਕੋਈ ਕਸੂਰ ਨਹੀਂ, ਜਿਸ ਨੂੰ ਸੂਰਜ ਨਹੀਂ ਦਿਸ ਰਿਹਾ। ਕਿਉਂਕਿ ਸੂਰਜ ਨੂੰ ਵੇਖਣ ਵਾਸਤੇ, ਅੱਖਾਂ ਵਿਚ ਨੂਰ ਚਾਹੀਦਾ ਹੈ। ਜਦ ਅੱਖਾਂ ਵਿਚ ਨੂਰ ਹੀ ਕੋਈ ਨਹੀਂ, ਤੇ ਉਹ ਕਿਸ ਤਰ੍ਹਾਂ ਵੇਖੇਗਾ। ਯਕੀਨ ਜਾਣੋ ਗੁਰੂ ਗ੍ਰੰਥ ਸਾਹਿਬ ਨੂੰ ਵੇਖਣ ਵਾਸਤੇ ਵਿਸ਼ੇਸ਼ ਅੱਖ ਚਾਹੀਦੀ ਏ। ਇਕ ਖ਼ਾਸ ਅੱਖ ਚਾਹੀਦੀ ਏ। ਇਕ ਖ਼ਾਸ ਹਿਰਦਾ ਚਾਹੀਦਾ ਏ।

ਇਹ ਵੀਚਾਰਾਂ ਰੱਖਣ ਦਾ ਮੇਰਾ ਮਕਸਦ ਇਹੀ ਹੈ ਕਿ ਕਿਸੇ ਤਰੀਕੇ ਨਾਲ ਅਸੀਂ ਗੁਰਬਾਣੀ ਦੇ ਦਰਸ਼ਨ ਕਰ ਸਕੀਏ। ਬਸ ਦਰਸ਼ਨ ਕਰਨਾ ਹੀ ਕਾਫ਼ੀ ਹੈ। ਜਿਸ ਦਿਨ ਦਰਸ਼ਨ ਕੀਤਾ, ਗੁਰਬਾਣੀ ਦਾ ਪ੍ਰਭਾਵ ਆਪੇ ਹੀ ਪਵੇਗਾ। ਗੁਰਬਾਣੀ 'ਚ ਰਸ ਹੈ। ਗੁਰਬਾਣੀ 'ਚ ਗੱਲ ਹੀ ਐਸੀ ਹੈ। ਗੁਰਬਾਣੀ 'ਚ ਸ਼ਕਤੀ ਹੀ ਐਸੀ ਹੈ। ਅਜੇ ਤਕ ਸਾਡੇ ਹਿਰਦਿਆਂ ਨੇ ਪ੍ਰਭਾਵ ਨਹੀਂ ਕਬੂਲਿਆ। ਤੇ ਅਸੀਂ ਗੁਰੂ ਨੂੰ ਵੇਖ ਨਹੀਂ ਸਕੇ। ਅਸੀਂ ਪਾਲਕੀ ਹੀ ਵੇਖੀ ਹੈ, ਚੰਦੋਆ ਹੀ ਵੇਖਿਆ ਹੈ, ਰੁਮਾਲੇ ਵੇਖੇ ਨੇ, ਪੀੜ੍ਹੀ ਵੇਖੀ ਹੈ ਜਾਂ ਕਾਗਜ਼ਾਂ 'ਤੇ ਲਿਖੇ ਹੋਏ ਅੱਖਰ ਵੇਖੇ ਨੇ, ਇਸ ਤੋਂ ਅਗੇ ਨਹੀਂ ਗਏ। ਇਹ ਨਹੀਂ ਵੇਖਿਆ ਕਿ ਇਕ ਇਕ ਅੱਖਰ ਵਿਚ ਕੀ ਹੈ ? ਇਕ ਇਕ ਸ਼ਬਦ ਵਿਚ ਕਿਹੜੇ ਖ਼ਿਆਲ ਨੇ, ਕਿਹੜਾ ਨੂਰ ਹੈ, ਇਥੇ ਤਕ ਅਜੇ ਸਾਡੀ ਦ੍ਰਿਸ਼ਟੀ ਨਹੀਂ ਜਾ ਸਕੀ।


Sri Satguru Jagjit Singh Ji eLibrary NamdhariElibrary@gmail.com

# ਚਿਤਰ ਗੁਪਤ

ਚਿਤ ਦਾ ਅਰਥ ਹੈ ਚੇਤਾ-ਸ਼ਕਤੀ, ਅਰ ਇਸੇ ਚਿਤ ਨੂੰ 'ਚਿਤਰ ਗੁਪਤ' ਵੀ ਕਿਹਾ ਗਿਆ ਹੈ। ਇਸ ਦੇ ਅੱਖਰੀ ਅਰਥ ਕਰੀਏ (ਚਿਤਰ ਗੁਪਤ ਦੇ) ਤਾਂ 'ਉਹ ਤਸਵੀਰ ਜੋ ਦਿਖਦੀ ਨਹੀਂ'। ਅਸੀਂ ਸਾਖੀਆਂ ਨਾਲ, ਕਹਾਣੀਆਂ ਨਾਲ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਇਕ ਮਾਸੂਮ ਬੱਚਾ ਜਦੋਂ ਸੱਚ ਨੂੰ ਨਾ ਸਮਝੇ ਤੋ ਕਹਾਣੀ ਜੋੜਨੀ ਪੈਂਦੀ ਹੈ। ਤੇ ਕਹਾਣੀ ਦਾ ਮਤਲਬ ਹੈ 'ਕਹਾ-ਨਹੀਂ'। ਜੋ ਆਖਿਆ ਹੈ ਪਰ ਹੈ ਨਹੀਂ। ਤੋ ਫਿਰ ਜਦ ਆਖਿਆ ਹੈ ਤੇ ਹੈ ਨਹੀਂ, ਫਿਰ ਕਿਉਂ ਆਖਿਆ ਹੈ ? ਇਸ ਵਾਸਤੇ ਆਖਿਆ ਹੈ ਕਿ ਅਗਲਾ ਸਮਝ ਜਾਏ। ਅਗਲੇ ਦੇ ਜ਼ਿਹਨ ਵਿਚ ਕੁਛ ਗੱਲ ਪੈ ਜਾਏ।

ਜੈਸੇ ਕਿਸੇ ਮਾਸੂਮ ਬੱਚੇ ਨੂੰ ਬਾਲ ਉਪਦੇਸ਼ ਪੜ੍ਹਾਣਾ ਹੋਵੇ ਤੋ ਅੱਖਰਾਂ ਨਾਲ ਤਸਵੀਰਾਂ ਬਣਾਈਆਂ ਜਾਂਦੀਆਂ ਹਨ। ਬੱਚੇ ਨੂੰ ਪੜ੍ਹਾਇਆ ਜਾਂਦਾ ਹੈ ਬਈ 'ੳ' ਊਠ, 'ਚ' ਚਾਕੂ, 'ਕ' ਕਲਮ। ਹੈਰਾਨਗੀ ਹੁੰਦੀ ਹੈ ਬਈ ਊੜੇ ਦਾ ਊਠ ਨਾਲ ਕੀ ਸੰਬੰਧ ? ਕੱਕੇ ਦਾ ਕਲਮ ਨਾਲ ਕੀ ਸੰਬੰਧ ? ਦਰਅਸਲ ਸਿਆਣੇ ਬੰਦੇ ਇਸ ਨਤੀਜੇ 'ਤੇ ਪਹੁੰਚੇ ਹਨ ਕਿ ਬੱਚਾ ਬਹੁਤ ਛੇਤੀ ਅੱਖਰਾਂ ਨੂੰ ਨਹੀਂ ਪੜ੍ਹ ਸਕਦਾ ਤੇ ਜਦ ਉਹ ਊਠ ਨੂੰ ਵੇਖੇਗਾ ਤਾਂ ਉਸ ਨੂੰ ਖ਼ਿਆਲ ਆ ਜਾਏਗਾ ਕਿ ਇਹ ਅੱਖਰ 'ਊੜਾ' ਹੋਵੇਗਾ। ਇਸੇ ਤਰ੍ਹਾਂ ਜਦ ਕਲਮ ਵੇਖੇਗਾ ਤੋ ਉਸ ਨੂੰ ਖ਼ਿਆਲ ਆ ਜਾਵੇਗਾ ਬਈ ਇਹ ਅੱਖਰ 'ਕੱਕਾ' ਹੋਵੇਗਾ। ਸੋ ਤਸਵੀਰਾਂ ਰਾਹੀਂ ਵੀ ਰੱਬ ਦੀ ਗੱਲ ਕੁਛ ਸਿਆਣਿਆਂ ਨੇ ਸਮਝਾਈ ਹੈ। ਤਸਵੀਰਾਂ ਰਾਹੀਂ ਜਿਹੜਾ ਬੰਦਾ ਹੁਣ ਸਮਝਦਾ ਹੈ ਜਾਂ ਸਮਝਾਇਆ ਜਾਂਦਾ ਹੈ ਉਹ ਅਜੇ ਬਾਲ-ਬੁਧ ਹੈ। ਕਈ ਦਫ਼ਾ ਸਰੀਰਕ ਤੌਰ 'ਤੇ ਬੰਦਾ ਬੁਢਾ ਹੋ ਜਾਂਦਾ ਹੈ, ਪਰ ਦਿਮਾਗ਼ੀ ਤੌਰ 'ਤੇ ਅਜੇ ਬੱਚਾ ਹੀ ਹੁੰਦਾ ਹੈ। ਅਜੇ ਵੀ ਉਸ ਨੇ ਅਗਰ ਰੱਬ ਦੀ ਗੱਲ ਸਮਝਣੀ ਹੈ ਤੋ ਤਸਵੀਰਾਂ ਨਾਲ ਹੀ ਸਮਝਣੀ ਹੈ। ਕਹਾਣੀਆਂ ਨਾਲ ਸਮਝਣੀ ਹੈ।

ਅਰ ਕਹਾਣੀ ਉਸ ਦੀ ਹੁੰਦੀ ਹੈ, ਜਿਸ ਦਾ ਜਨਮ ਹੋਵੇ, ਜਿਸ ਦਾ ਜੀਵਨ ਹੋਵੇ, ਅਰ ਜਿਸ ਦੀ ਮੌਤ ਹੋਵੇ, ਬਾਕੀ ਕਿਸੇ ਦੀ ਕਹਾਣੀ ਨਹੀਂ। ਤੇ ਜੋ ਹੁਣ

Sri Satguru Jagjit Singh Ji eLibrary NamdhariElibrary@gmail.com

ਰੱਬ ਦੀ ਕਹਾਣੀ ਸ਼ੁਰੂ ਕੀਤੀ ਹੈ ਤੋ ਇਹਦਾ ਮਤਲਬ ਰੱਬ ਦਾ ਜਨਮ ਵੀ ਮੰਨ ਲਿਆ ਹੈ। ਤੋ ਫਿਰ ਜਿਹੜਾ ਜੰਮਦਾ ਹੈ ਉਹ ਮਰਦਾ ਵੀ ਹੈ। ਬਾਬਾ ਨਾਨਕ ਕਹਿੰਦੇ ਨੇ :

**ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥** (੧੧੩੬)

ਉਸ ਦੀ ਜ਼ਬਾਨ ਜਲ ਜਾਣੀ ਚਾਹੀਦੀ ਹੈ ਜਿਹੜਾ ਇਹ ਕਹੇ ਕਿ ਠਾਕਰ ਜੰਮ ਪੈਂਦਾ ਹੈ। ਇਸ ਤੋਂ ਰੱਬ ਨੂੰ ਬਹੁਤ ਵੱਡੀ ਗਾਲ੍ਹ ਹੈ, ਜੇ ਰੱਬ ਨੂੰ ਇਹ ਆਖਿਆ ਜਾਏ ਕਿ ਉਹ ਜੰਮ ਪਿਆ ਹੈ। ਈਸ਼ਵਰ ਨੂੰ ਅਜਨਮਾ ਕਿਹਾ ਹੈ। ਤੋ ਐਸੇ ਪਰਮਾਤਮਾ ਦੀ ਗੱਲ, ਜਿਹੜਾ ਜੰਮਿਆ ਨਹੀਂ, ਮਰਦਾ ਨਹੀਂ, ਜਿਸ ਦਾ ਕੋਈ ਮਾਂ ਬਾਪ ਨਹੀਂ, ਜੋ ਵਿਅਕਤੀ ਨਹੀਂ, ਜੋ ਇਕ ਸ਼ਕਤੀ ਹੈ, ਸਰਬ-ਵਿਆਪਕ ਹੈ ਤੇ ਉਸ ਦੀ ਗੱਲ ਆਖੀਏ ਤੇ ਬੰਦਾ ਉਸ ਦੇ ਸਰੂਪ ਨੂੰ ਨਹੀਂ ਪਕੜਦਾ, ਤੋ ਤਸਵੀਰਾਂ ਨਾਲ ਕਹਾਣੀਆਂ ਨਾਲ ਸਮਝਾਣਾ ਪੈਂਦਾ ਹੈ। ਧਰਮ-ਰਾਜ ਦੀ ਗੱਲ ਵੀ ਜਦ ਆਖਾਂਗੇ, ਬਈ ਅਗਾਂਹ ਚਲ ਕੇ ਬੜੀ ਮਾਰ ਪਵੇਗੀ, ਤੋ ਮੈਂ ਕਈ ਦਫ਼ਾ ਪੜ੍ਹ ਕੇ ਤੇ ਸੁਣ ਕੇ ਦੰਗ ਹੁੰਦਾ ਹਾਂ, ਬਈ ਕੈਸੀਆਂ ਕਹਾਣੀਆਂ ਬਣਾਈਆਂ ਗਈਆਂ ਨੇ।

ਆਖਿਆ ਗਿਆ ਹੈ ਜਮਾਂ ਦੀ ਮਾਰ ਤੇ, ਆਪ ਨੂੰ ਪਤਾ ਹੋਵੇ ਜਿਸ ਦਾ ਅਰਥ ਬਸ ਇੰਨਾ ਹੀ ਹੈ ਕਿ ਜੰਮ ਪੈਣਾ। ਹੋਰ ਕੁਝ ਨਹੀਂ। ਕਤਈ ਨਹੀਂ, ਕਿ ਕੋਈ ਐਸੇ ਦੂਤ ਆਂਦੇ ਨੇ ਜੋ ਬੰਦੇ ਨੂੰ ਪਕੜਦੇ ਨੇ ਤੇ ਮਾਰ ਕੁਟਾਈ ਕਰਦੇ ਨੇ, ਇਹ ਗੱਲ ਨਹੀਂ। ਦਰਅਸਲ ਮਾਰ ਸਹਾਰਨ ਵਾਸਤੇ, ਦੁਖ ਝਲਣ ਵਾਸਤੇ ਜਨਮ ਚਾਹੀਦਾ ਹੈ। ਜਨਮ ਤੋਂ ਬਿਨਾਂ ਬੰਦਾ ਦੁਖ ਨਹੀਂ ਝਲ ਸਕਦਾ। ਤੋ ਜਦ ਆਖਿਆ ਜਾਂਦਾ ਹੈ ਨਾ, ਜਮਾਂ ਦੀ ਮਾਰ, ਉਸ ਤੋਂ ਭਾਵ ਹੈ ਜਨਮਾਂ ਦੀ ਮਾਰ। ਐਸੇ ਜਨਮ ਮਿਲ ਸਕਦੇ ਨੇ ਜੋ ਸਿਵਾਏ ਮਾਰ ਤੋਂ ਹੋਰ ਕੁਝ ਨਾ ਹੋਵਣ, ਐਸੇ ਜਨਮ ਹੋ ਸਕਦੇ ਨੇ।

ਮੈਂ ਦੇਖਦਾ ਹਾਂ ਕਿ ਇਕ ਘੋੜਾ ਟਾਂਗੇ ਨਾਲ ਜੁਤਿਆ ਹੋਇਆ ਹੈ, ਜੋ ਜਦ ਤਕ ਜ਼ਿੰਦਾ ਹੈ, ਮਾਰ ਹੀ ਖਾਧੀ ਹੈ। ਹੋਰ ਤੇ ਕੁਛ ਨਹੀਂ। ਇਕ ਅਜਗਰ ਸੱਪ ਹੈ, ਪਿਆ ਹੈ ਵਿਚਾਰਾ, ਇਕੋ ਹੀ ਥਾਂ 'ਤੇ ਸਾਰੀ ਜ਼ਿੰਦਗੀ ਬੀਤ ਜਾਂਦੀ ਹੈ। ਇਹ ਮਾਰ ਨਹੀਂ ਤੇ ਹੋਰ ਕੀ ਹੈ ? ਔਰ ਇਸੇ ਹੀ ਤਰੀਕੇ ਨਾਲ ਅਣਗਿਣਤ ਜੂਨੀਆਂ ਦੇਖੀਆਂ ਜਾਂਦੀਆਂ ਨੇ। ਕਈ ਐਸੇ ਬੰਦੇ ਵੀ ਨੇ ਜੋ ਪਏ ਨੇ ਮੰਜੇ 'ਤੇ, ਕਈ ਸਾਲ ਬੀਤ ਗਏ ਨੇ, ਸਰੀਰ ਕੰਮ ਹੀ ਨਹੀਂ ਕਰਦਾ। ਇਹ ਮਾਰ ਨਹੀਂ ਤੇ ਹੋਰ ਕੀ ਹੈ ? ਸੰਸਾਰ ਨਾਲੋਂ ਸੰਬੰਧ ਟੁਟਿਆ ਹੈ, ਪਰ ਫਿਰ ਵੀ ਜ਼ਿੰਦਾ ਹੈ। ਇਹ


Sri Satguru Jagjit Singh Ji eLibrary NamdhariElibrary@gmail.com

ਕੀ ਹੈ, ਜਮਾਂ ਦੀ ਹੀ ਮਾਰ ਹੈ। ਐਸੇ ਜਨਮ ਮਿਲ ਜਾਣੇ ਜੋ ਸਿਵਾਏ ਦੁਖ ਤੋਂ ਹੋਰ ਕੁਝ ਨਹੀਂ, ਬਸ ਜਮਾਂ ਦੀ ਮਾਰ ਹੈ।

ਫਿਰ ਚਿਤਰ ਗੁਪਤ ਦੀ ਬੜੀ ਗ਼ਜ਼ਬ ਦੀ ਸਾਖੀ ਘੜੀ ਗਈ। ਬਈ ਬੈਠਾ ਹੈ ਰੱਬ ਦੇ ਦਰਬਾਰ ਵਿਚ, ਤੇ ਬੰਦਿਆਂ ਦਾ ਹਿਸਾਬ ਲਿਖੀ ਜਾ ਰਿਹਾ ਹੈ। ਐਸੀ ਕੋਈ ਗੱਲ ਨਹੀਂ ਹੈ। ਚਿਤਰ ਗੁਪਤ ਸੰਸਕ੍ਰਿਤ ਦਾ ਸ਼ਬਦ ਹੈ। ਇਸ ਦੇ ਅੱਖਰੀ ਅਰਥ ਨੇ—'ਉਹ ਤਸਵੀਰ ਜਿਹੜੀ ਗੁਪਤ ਹੈ'—ਚਿਤਰ ਗੁਪਤ।

ਤੁਸੀਂ ਮੈਨੂੰ ਵੇਖ ਰਹੇ ਹੋ। ਮੈਂ ਤੁਹਾਨੂੰ ਵੇਖ ਰਿਹਾ ਹਾਂ। ਇਹ ਸਾਡੀ ਹੈ ਬਹਿਰੂਨੀ ਤਸਵੀਰ। ਪ੍ਰਗਟ ਚਿਤਰ। ਇਕ ਬਾਹਰ ਦਾ ਚਿਤਰ ਹੈ। ਪਰ ਮੈਂ ਅੰਦਰੋਂ ਕੀ ਹਾਂ, ਤੇ ਤੁਸੀਂ ਅੰਦਰੋਂ ਕੀ ਹੋ ? ਨਾ ਮੈਨੂੰ ਪਤਾ ਹੈ ਤੇ ਨਾ ਹੀ ਤੁਹਾਨੂੰ ਪਤਾ ਹੈ। ਉਹ ਚਿਤਰ ਗੁਪਤ ਹੈ ਜਿਹੜੀ ਤਸਵੀਰ ਦਿਸੇ ਨਾ। ਬੈਠੇ ਅਸੀਂ ਗੁਰਦਵਾਰੇ 'ਚ ਹਾਂ, ਪਤਾ ਨਹੀਂ ਅੰਦਰ ਕੀ ਕਰ ਰਹੇ ਹਾਂ। ਮੈਨੂੰ ਨਹੀਂ ਪਤਾ, ਮੈਂ ਤੁਹਾਡਾ ਚਿਤਰ ਗੁਪਤ ਨਹੀਂ ਵੇਖ ਸਕਦਾ ਤੇ ਤੁਸੀਂ ਮੇਰਾ ਚਿਤਰ ਗੁਪਤ ਨਹੀਂ ਵੇਖ ਸਕਦੇ।

ਹੋ ਸਕਦਾ ਹੈ ਕਥਾ ਕਰਦਿਆਂ ਹੋਇਆਂ ਵੀ ਮੇਰਾ ਚਿਤ ਅੰਦਰ ਗ਼ਲਤ ਸਿਮਰਤੀ ਕਰੇ। ਤੇ ਹੋ ਸਕਦਾ ਹੈ ਗੁਰਦਵਾਰੇ ਬੈਠਿਆਂ ਹੋਇਆਂ ਵੀ ਤੁਸੀਂ ਗ਼ਲਤ ਗੱਲਾਂ ਯਾਦ ਕਰੋ। ਔਰ ਹਰ ਬੰਦੇ ਦੀਆਂ ਦੋ ਤਸਵੀਰਾਂ ਨੇ। ਹੋ ਸਕਦਾ ਹੈ ਜਿਹੜਾ ਬਾਹਰੋਂ ਸ਼ਰੀਫ਼ ਦਿਸਦਾ ਹੋਵੇ, ਅੰਦਰੋਂ ਬਦਮਾਸ਼ ਹੋਵੇ। ਹੋ ਸਕਦਾ ਹੈ ਜਿਹੜਾ ਬਾਹਰੋਂ ਦਾਸ ਆਪਣੇ ਆਪ ਨੂੰ ਆਖਦਾ ਹੋਵੇ, ਅੰਦਰੋਂ ਅਹੰਕਾਰੀ ਹੋਵੇ। ਹੋ ਸਕਦਾ ਹੈ ਜਿਹੜਾ ਬਾਹਰੋਂ ਧਰਮੀ ਦਿਸਦਾ ਹੋਵੇ, ਅੰਦਰੋਂ ਪੱਕਾ ਅਧਰਮੀ ਹੋਵੇ। ਹੋ ਸਕਦਾ ਹੈ ਜਿਹੜਾ ਬਾਹਰੋਂ ਸਤਵਾਦੀ ਦਿੱਸਦਾ ਹੋਵੇ, ਅੰਦਰੋਂ ਪੱਕਾ ਝੂਠਾ ਤੇ ਫ਼ਰੇਬੀ ਹੋਵੇ। ਇਹ ਦੋ ਤਸਵੀਰਾਂ ਮਨੁੱਖ ਦੀਆਂ ਹੁੰਦੀਆਂ ਨੇ।

ਪਸ਼ੂ ਦੀਆਂ ਦੋ ਤਸਵੀਰਾਂ ਨਹੀਂ ਹੁੰਦੀਆਂ। ਕਹਿੰਦੇ ਨੇ ਪਸ਼ੂਆਂ ਤੇ ਪੰਛੀਆਂ ਵਿਚ ਚਿਤਰ ਗੁਪਤ ਨਹੀਂ ਹੁੰਦਾ। ਜੋ ਉਹ ਬਾਹਰੋਂ ਨੇ, ਉਹੀ ਅੰਦਰੋਂ ਨੇ। ਜੋ ਅੰਦਰੋਂ ਨੇ, ਉਹੀ ਬਾਹਰੋਂ ਨੇ। ਕਾਇਨਾਤ ਦੇ ਅੰਦਰ ਸਿਰਫ਼ ਬੰਦਾ ਹੀ ਹੈ, ਜਿਸ ਦੀਆਂ ਦੋ ਤਸਵੀਰਾਂ ਨੇ। ਇਸ ਵਾਸਤੇ ਅਸੀਂ ਕਦੇ ਭੁਲ ਕੇ ਵੀ ਨਹੀਂ ਆਖਾਂਗੇ ਕਿ ਐ ਕੁੱਤੇ ਤੂੰ ਕੁੱਤਾ ਬਣ। ਜਾਂ ਐ ਗਊ, ਤੈਨੂੰ ਗਊ ਬਣਨਾ ਚਾਹੀਦਾ ਹੈ। ਪਰ ਇਹ ਅਸੀਂ ਭੁਲ ਕੇ ਵੀ ਨਹੀਂ ਆਖਦੇ।

ਪਰ ਇਹ ਮੁਹਾਵਰਾ ਅੱਜ ਵਰਤਿਆ ਜਾਂਦਾ ਹੈ ਕਿ ਐ ਬੰਦੇ, ਤੂੰ ਬੰਦਾ ਬਣ ਜਾ। ਇਸ ਦਾ ਮਤਲਬ ਹੈ ਗਊ ਤੇ ਗਊ ਹੈ, ਉਹਨੂੰ ਆਖਣ ਦੀ ਲੋੜ ਨਹੀਂ ਕਿ ਤੂੰ ਗਊ ਬਣ ਜਾ। ਕੁੱਤਾ ਤੇ ਕੁੱਤਾ ਹੈ, ਉਹਨੂੰ ਆਖਣ ਦੀ ਲੋੜ ਨਹੀਂ


Sri Satguru Jagjit Singh Ji eLibrary NamdhariElibrary@gmail.com

ਕਿ ਤੂੰ ਕੁੱਤਾ ਬਣ ਜਾ। ਐ ਸ਼ੇਰ, ਤੂੰ ਸ਼ੇਰ ਬਣ, ਕੋਈ ਆਖਣ ਦੀ ਲੋੜ ਨਹੀਂ। ਪਰ ਇਹ ਆਖਣ ਦੀ ਰੋਜ਼ ਲੋੜ ਪੈਂਦੀ ਹੈ ਕਿ ਐ ਬੰਦੇ, ਤੂੰ ਬੰਦਾ ਬਣ ਜਾ। ਐ ਇਨਸਾਨ, ਤੂੰ ਇਨਸਾਨ ਬਣ ਜਾ। ਮੁਹਾਵਰਾ ਐਵੇਂ ਨਹੀਂ ਪ੍ਰਚਲਿਤ ਹੋਇਆ, ਸਿਰਫ਼ ਇਸ ਵਾਸਤੇ ਕਿ ਬੰਦਾ ਇਕੋ ਸਮੇਂ ਵਿਚ ਅੰਦਰੋਂ ਪਸ਼ੂ ਵੀ ਹੋ ਸਕਦਾ ਹੈ ਤੇ ਬੰਦਾ ਵੀ ਹੋ ਸਕਦਾ ਹੈ।

**ਕਰਤੂਤਿ ਪਸੂ ਕੀ ਮਾਨਸ ਜਾਤਿ ॥**
**ਲੋਕ ਪਚਾਰਾ ਕਰੈ ਦਿਨੁ ਰਾਤਿ ॥** *(੨੬੭)*

ਐਵੇਂ ਨਹੀਂ ਮਹਾਰਾਜ ਨੇ ਕਿਹਾ ਕਿ ਇਹ ਮਨੁੱਖਾਂ ਵਾਲੀ ਸ਼ਕਲ ਸੂਰਤ ਰੱਖ ਕੇ ਵੀ ਕਰਤੂਤ ਪਸ਼ੂਆਂ ਵਾਲੀ ਰੱਖ ਸਕਦਾ ਹੈ। ਇਹਦੀਆਂ ਦੋ ਤਸਵੀਰਾਂ ਹੋ ਸਕਦੀਆਂ ਨੇ। ਅਰ ਇਹ ਜੋ ਦੋ ਤਸਵੀਰਾਂ ਨੇ, ਉਸ ਅਧਾਰ 'ਤੇ ਸ਼ਬਦ ਘੜਿਆ ਗਿਆ ਹੈ 'ਚਿਤਰ ਗੁਪਤ' ਭਾਵ ਅੰਦਰ ਇਕ ਉਹ ਤਸਵੀਰ ਵੀ ਹੈ ਜਿਹੜੀ ਨਹੀਂ ਦਿਸਦੀ। ਨਾ ਤੁਸੀਂ ਮੈਨੂੰ ਵੇਖ ਸਕਦੇ ਹੋ, ਨਾ ਮੈਂ ਤੁਹਾਨੂੰ ਵੇਖ ਸਕਦਾ ਹਾਂ। ਉਸ ਤਸਵੀਰ ਦੇ ਦਰਸ਼ਨ ਕਰਨਾ ਬੜੀ ਔਖੀ ਗੱਲ ਹੈ।

ਲੇਕਿਨ ਅੰਤਿਮ ਸਮੇਂ ਜਦੋਂ ਬਾਹਰਲੇ ਚਿਤਰ ਨੂੰ ਸਾੜ ਦਿੱਤਾ ਜਾਂਦਾ ਹੈ, ਫਿਰ ਕਹਿੰਦੇ ਨੇ ਅਗੇ ਚਿਤਰ ਗੁਪਤ ਹੀ ਜਾਂਦਾ ਹੈ। ਜਿਹੜੀ ਗੁਪਤ ਤਸਵੀਰ ਹੈ ਨਾ ਅੰਦਰ ਦੀ, ਸੰਸਕਾਰਾਂ ਦਾ ਜੋ ਇਕੱਠ ਹੈ, ਉਹੀ ਅਗੇ ਜਾਂਦਾ ਹੈ, ਤੇ ਉਹ ਜੈਸਾ ਹੋਵੇਗਾ ਵੈਸਾ ਹੀ ਮਨੁੱਖ ਨੂੰ ਜਨਮ ਮਿਲ ਜਾਏਗਾ। ਉਹ ਜਿਹੜਾ ਸਰੀਰ ਅਗੇ ਜਾਂਦਾ ਹੈ ਚਿਤਰ ਗੁਪਤ, ਉਸ ਨਾਲ ਹੀ ਨਿਬੇੜਾ ਹੋਣਾ ਹੈ।

**ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥੩॥**
*(੬੧੬)*

ਇਥੇ ਜੋ ਕੁਝ ਤੂੰ ਕਰਦਾ ਰਿਹਾ ਹੈਂ, ਉਸ 'ਤੇ ਪੜਦੇ ਪਾਂਦਾ ਰਿਹਾ ਹੈਂ। ਆਪਣੀਆਂ ਕਰਤੂਤਾਂ ਦਾ ਦੂਜਿਆਂ ਨੂੰ ਨਹੀਂ ਪਤਾ ਚਲਣ ਦਿੱਤਾ, ਤੇ ਜਦ ਇਹ ਸਰੀਰ ਦਾ ਪਰਦਾ ਵੀ ਹਟ ਗਿਆ ਤੇ ਬਾਕੀ ਦੇ ਪਰਦੇ ਵੀ ਸੜ ਗਏ, ਤੇ ਦਸ ਫਿਰ ਅੱਗੇ ਹੁਣ ਕਿਸ ਨੇ ਪਰਦਾ ਪਾਣਾ ਹੈ। ਮਹਾਰਾਜ ਕਹਿੰਦੇ ਨੇ:

**ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥** *(੪੭੧)*

ਸਮਝਾਵਣ ਦਾ ਢੰਗ ਹੈ, ਉਹ ਜਿਹੜਾ ਚਿਤਰ ਗੁਪਤ ਹੈ, ਜਿਸ ਦੇ ਉਪਰ ਤੂੰ ਪਰਦੇ ਪਾ ਕੇ ਰਖੇ ਹੋਏ ਸਨ, ਉਹ ਪਰਦੇ ਸਾਰੇ ਉਘੜ ਜਾਂਦੇ ਹਨ।

ਜਿਸ ਵਕਤ ਲਾਲੋ ਦੇ ਘਰ ਬੈਠਿਆਂ ਸੱਦਾ ਆਇਆ ਬਾਬੇ ਨਾਨਕ ਨੂੰ


Sri Satguru Jagjit Singh Ji eLibrary NamdhariElibrary@gmail.com

ਮਾਲਕ ਭਾਗੋ ਦਾ, ਬਈ ਬ੍ਰਹਮ ਭੋਜ ਹੋ ਰਿਹਾ ਹੈ, ਕਥਾ ਕੀਰਤਨ ਹੋ ਰਹੀ ਹੈ। ਮਲਿਕ ਭਾਗੋ ਨੇ ਵੀ ਕਥਾ ਕੀਰਤਨ ਦਾ ਪ੍ਰੋਗਰਾਮ ਸ਼ੁਰੂ ਕੀਤਾ ਸੀ, ਬ੍ਰਹਮ ਭੋਜ ਵੀ ਕੀਤਾ ਸੀ।

ਬੜੇ ਬੜੇ ਪੰਡਿਤ ਵੇਦ-ਪਾਠ ਕਰ ਰਹੇ ਸਨ ਤੇ ਜਦ ਬਾਬੇ ਨਾਨਕ ਨੂੰ ਸੱਦਾ ਆਇਆ, ਤੋ ਸਾਹਿਬ ਕਹਿਣ ਲੱਗੇ, ਨਹੀਂ, ਮੈਂ ਨਹੀਂ ਆਵਣਾ। ਜੇ ਮੈਂ ਆਇਆ ਤੋ ਸਭ ਤੋਂ ਪਹਿਲੇ ਪਰਦੇ ਚੁਕ ਦੇਣੇ ਨੇ, ਥਲੇ ਜੋ ਕੁਝ ਦਬਿਆ ਪਿਆ ਹੈ ਉਹ ਲੋਕਾਂ ਨੇ ਵੇਖ ਲੈਣਾ ਹੈ। ਮਲਿਕ ਭਾਗੋ ਮੈਨੂੰ ਨਾ ਬੁਲਾ। ਮੇਰਾ ਕੰਮ ਹੈ ਅਸਲੀਅਤ ਨੂੰ ਜਗ ਦੇ ਸਾਹਮਣੇ ਰੱਖ ਦੇਣਾ। ਤੂੰ ਕਥਾ ਕੀਰਤਨ ਦੇ ਪਰਦੇ ਦੇ ਥਲੇ, ਬ੍ਰਹਮ ਭੋਜ ਦੇ ਪਰਦੇ ਦੇ ਥਲੇ ਜੋ ਕੁਝ ਛੁਪਾ ਰਖਿਆ ਹੈ, ਉਸ ਦਾ ਨਾਨਕ ਨੂੰ ਪਤਾ ਹੈ। ਬਾਕੀਆਂ ਨੂੰ ਨਹੀਂ। ਇਸ ਵਾਸਤੇ ਨਾਨਕ ਨਹੀਂ ਆ ਸਕਦਾ। ਤੇ ਜੇ ਨਾਨਕ ਨੂੰ ਬੁਲਾਇਆ ਤੋ ਨਾਨਕ ਨੇ ਪਹਿਲੇ ਪੜਦੇ ਹੀ ਚੁਕਣੇ ਨੇ। ਇਹ ਜੋ ਤੇਰੀ ਖੀਰ ਹੈ, ਅਤੇ ਜੋ ਤੇਰੀਆਂ ਪੂੜੀਆਂ ਨੇ, ਇਹ ਘਿਓ ਨਾਲ ਨਹੀਂ ਬਣੀਆਂ, ਇਹ ਦੁੱਧ ਨਾਲ ਨਹੀਂ ਬਣੀਆਂ। ਇਹ ਪਤਾ ਨਹੀਂ ਕਿਤਨਿਆਂ ਦੇ ਖ਼ੂਨ ਨਾਲ ਬਣੀਆਂ ਹਨ। ਤੇ ਨਾਨਕ ਨੇ ਖ਼ੂਨ ਦੇ ਦਰਸ਼ਨ ਲੋਕਾਂ ਨੂੰ ਕਰਵਾ ਦੇਣੇ ਨੇ।

ਤੋ ਬਾਰ ਬਾਰ ਨਾਨਕ ਨੂੰ ਬੁਲਾਇਆ ਗਿਆ। ਬਾਬਾ ਮਜਬੂਰ ਹੋ ਕੇ ਗਿਆ, ਔਰ ਜਦ ਬਾਬੇ ਨੇ ਪਰਦੇ ਚੁਕੇ ਤੋ ਲੋਕਾਂ ਨੂੰ ਪਤਾ ਚਲਿਆ ਕਿ ਲੈ, ਅਸੀਂ ਤੇ ਇਸ ਨੂੰ ਬੜਾ ਬ੍ਰਹਮ ਗਿਆਨੀ ਸਮਝਦੇ ਸੀ, ਬਈ ਬ੍ਰਹਮ ਭੋਜ ਪਿਆ ਕਰਦਾ ਹੈ। ਕਥਾ ਕੀਰਤਨ ਕਰਵਾ ਰਿਹਾ ਹੈ। ਇਹ ਤੇ ਹੁਣ ਪਤਾ ਚਲਿਆ ਹੈ ਕਿ ਇਹ ਸਭ ਲੋਕਾਂ ਦਾ ਖ਼ੂਨ ਹੀ ਸੀ। ਕੋਈ ਦੁੱਧ ਨਹੀਂ ਸੀ, ਕੋਈ ਖੀਰ ਨਹੀਂ ਸੀ। ਇਹ ਤੇ ਲੋਕਾਂ ਦਾ ਖ਼ੂਨ ਹੈ, ਬਾਬੇ ਨੇ ਨਿਚੋੜ ਕੇ ਦਿਖਾ ਦਿੱਤਾ।

ਬਾਬਾ ਜਿਥੇ ਵੀ ਗਿਆ ਹੈ, ਬਾਬੇ ਨੇ ਮਨੁੱਖ ਦੇ ਚਿਤਰ ਗੁਪਤ ਦੇ ਦਰਸ਼ਨ ਕਰਵਾਏ, ਕਿ ਤੂੰ ਬਾਹਰੋਂ ਕੀ ਦਿਸਦਾ ਪਿਆ ਹੈਂ, ਤੇ ਤੂੰ ਅੰਦਰੋਂ ਕੀ ਹੈਂ। ਰੱਬ ਇਹ ਨਹੀਂ ਵੇਖਦਾ ਕਿ ਤੂੰ ਬਾਹਰੋਂ ਬੜਾ ਖ਼ੂਬਸੂਰਤ ਹੈਂ, ਬੜਾ ਧਨਾਢ ਹੈਂ, ਬੜੀ ਸ਼ਾਨੋ-ਸ਼ੌਕਤ ਦਾ ਮਾਲਕ ਹੈਂ। ਗੁਰੂ ਸਿੱਧਾ ਮਨ ਤਕ ਜਾਂਦਾ ਹੈ। ਇਸ ਭੁਲੇਖੇ 'ਚ ਕਦੀ ਨਾ ਪੈਣਾ ਕਿ ਸਤਿਗੁਰਾਂ ਨੇ ਸਾਡੇ ਸਰੀਰ ਨੂੰ ਵੇਖਣਾ ਹੈ। ਕਦੀ ਨਹੀਂ ਵੇਖਣਾ। ਸਾਡੇ ਅੰਦਰੂਨੀ ਕਰਮਾਂ ਨੂੰ ਵੇਖਣਾ ਹੈ।


Sri Satguru Jagjit Singh Ji eLibrary NamdhariElibrary@gmail.com

# ਕਰਮ ਚੰਗਾ, ਨੀਅਤ ਮਾੜੀ

ਐਸਾ ਵੀ ਹੋ ਸਕਦਾ ਹੈ ਕਿ ਚੰਗਾ ਕਰਮ ਕਰਦਿਆਂ ਹੋਇਆਂ ਵੀ ਕਿਸੇ ਦੀ ਨੀਅਤ ਮਾੜੀ ਹੋਵੇ। ਤੁਸੀਂ ਆਖੋਗੇ, ਐਸਾ ਵੀ ਹੋ ਸਕਦਾ ਹੈ ? ਹਾਂ, ਹੋ ਸਕਦਾ ਹੈ। ਕੁਛ ਵਿਚਾਰਾਂ ਮੈਂ ਤੁਹਾਡੇ ਸਾਹਮਣੇ ਰੱਖਾਂ।

ਕਥਾ ਕਰਦਿਆਂ ਹੋਇਆਂ ਵੀ ਮੇਰੀ ਨੀਅਤ ਮਾੜੀ ਹੋ ਸਕਦੀ ਹੈ, ਤੇ ਕਥਾ ਕੀਰਤਨ ਸੁਣਦਿਆਂ ਹੋਇਆਂ ਵੀ ਤੁਸੀਂ ਨੀਅਤ ਮਾੜੀ ਰੱਖ ਸਕਦੇ ਹੋ। ਐਸਾ ਹੋ ਸਕਦਾ ਹੈ। ਕਰਮ ਤੇ ਚੰਗਾ ਹੋ ਰਿਹਾ ਹੈ ਪਰ ਨੀਅਤ ਮਾੜੀ ਹੈ। ਹੁਣ ਇਹ ਕਥਾ ਕੀਰਤਨ ਕਰਨਾ ਤੇ ਸੁਣਨਾ ਬਹੁਤ ਚੰਗਾ ਕਰਮ ਹੈ। ਇਹ ਮੱਥਾ ਟੇਕਣਾ ਬੜਾ ਚੰਗਾ ਕਰਮ ਹੈ। ਇਸ ਤੋਂ ਵਧੀਆ ਕਰਮ ਹੋਰ ਕੀ ਹੋ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣਾ। ਪਰ ਜੇ ਨੀਅਤ ਠੀਕ ਨਾ ਹੋਵੇ ਤਾਂ ਸਾਹਿਬ ਕਹਿੰਦੇ ਨੇ :

**ਸੀਸਿ ਨਿਵਾਇਐ ਕਿਆ ਥੀਐ, ਜਾ ਰਿਦੈ ਕੁਸੁਧੇ ਜਾਹਿ ॥** *(੪੭੦)*

ਇਹ ਮੱਥਾ ਟੇਕਣਾ ਫੇਰ ਕੀ ਮਾਇਨੇ ਰੱਖਦਾ ਹੈ, ਕੁਛ ਵੀ ਨਹੀਂ।

ਚੰਗਾ ਕਰਮ ਪਤਾ ਜੇ ਕੀ ਏ ? ਇਕ ਚੰਗਾ ਬੀਜ ਅਤੇ ਚੰਗੀ ਨੀਅਤ ਪਤਾ ਜੇ ਕੀ ਏ ? ਇਕ ਚੰਗੀ ਜ਼ਮੀਨ। ਬੀਜ ਨੂੰ ਪ੍ਰਫੁਲਤ ਹੋਣ ਵਾਸਤੇ ਚੰਗੀ ਜ਼ਮੀਨ ਚਾਹੀਦੀ ਏ, ਨਹੀਂ ਤੋਂ ਬੀਜ ਫਲੀਭੂਤ ਨਹੀਂ ਹੁੰਦਾ। ਮੈਂ ਦੇਖਦਾ ਹਾਂ ਕਈਆਂ ਦਾ ਕੀਤਾ ਹੋਇਆ ਪਾਠ, ਦਿੱਤਾ ਹੋਇਆ ਦਾਨ, ਸਭ ਕੁਛ ਕੀਤਾ ਹੋਇਆ ਫਲੀਭੂਤ ਨਹੀਂ ਹੁੰਦਾ। ਬਈ ਕਿਉਂ ਨਹੀਂ ਹੁੰਦਾ, ਬੀਜ ਤੇ ਹੈ, ਜ਼ਮੀਨ ਕੋਈ ਨਹੀਂ, ਜਿਥੇ ਇਸ ਬੀਜ ਨੂੰ ਬੀਜਿਆ ਜਾਏ, ਜਿਥੇ ਇਹ ਬੀਜ ਪ੍ਰਫੁਲਤ ਹੋਵੇ, ਜਿਥੇ ਇਸ ਬੀਜ ਨੂੰ ਕੋਈ ਫਲ ਲਗਣ, ਇਸ ਬੀਜ ਵਿਚੋਂ ਕੋਈ ਬੂਟਾ ਨਿਕਲੇ। ਜ਼ਮੀਨ ਹੀ ਕੋਈ ਨਹੀਂ।

ਗੁਰੂ ਨਿਰੇ ਕਰਮਾਂ 'ਤੇ ਨਹੀਂ ਰੀਝਦਾ, ਬਈ ਮੈਂ ਚੰਗੇ ਕਰਮ ਕਰੀ ਜਾਵਾਂ, ਤੇ ਗੁਰੂ ਦੀ ਪ੍ਰਸੰਨਤਾ ਦਾ ਮੈਂ ਪਾਤਰ ਬਣ ਸਕਾਂ। ਬਿਲਕੁਲ ਨਹੀਂ ਬਣਾਂਗਾ।


Sri Satguru Jagjit Singh Ji eLibrary NamdhariElibrary@gmail.com

ਬਾਬੇ ਫ਼ਰੀਦ ਦਾ ਇਕ ਸਲੋਕ ਹੈ, ਉਸ ਵਿਚ ਬਾਬਾ ਜੀ ਕਹਿੰਦੇ ਨੇ :

**ਫਰੀਦਾ ਪਾੜਿ ਪਟੋਲਾ ਧਜ ਕਰੀ, ਕੰਬਲੜੀ ਪਹਿਰੇਉ ॥**
**ਜਿਨ੍ਹੀ ਵੇਸੀ ਸਹੁ ਮਿਲੈ, ਸੇਈ ਵੇਸ ਕਰੇਉ ॥੧੦੩॥** *(੧੩੮੩)*

ਐ ਰੱਬਾ, ਤੂੰ ਦੱਸ, ਕਿਸ ਵੇਸ ਵਿਚ ਮਿਲੇਂਗਾ ? ਬੜਾ ਵੈਰਾਗੀ ਹਿਰਦਾ ਹੈ ਬਾਬੇ ਫ਼ਰੀਦ ਦਾ। ਆਖਦੇ ਨੇ, ਐ ਖ਼ੁਦਾ, ਐ ਰੇਸ਼ਮੀ ਕਪੜੇ ਜੋ ਮੈਂ ਪਾਏ ਹੋਏ ਨੇ; ਇਹ ਫਾੜ ਦੇਂਦਾ ਹਾਂ। ਕੰਬਲੀ ਪਾ ਲੈਂਦਾ ਹਾਂ। ਪਰ ਤੂੰ ਦੱਸ ਤੇ ਸਹੀ, ਕਿਹੜੇ ਵੇਸ ਵਿਚ ਮਿਲੇਂਗਾ ? ਮੈਂ ਸਾਰੇ ਵੇਸ ਕਰ ਕੇ ਥੱਕ ਗਿਆ ਹਾਂ। ਤੂੰ ਕਿਹੜੇ ਵੇਸ ਵਿਚ ਮਿਲੇਂਗਾ ? ਹਿਰਦੇ ਵਿਚ ਤੜਪ ਹੈ, ਰੱਬ ਨੂੰ ਮਿਲਣ ਦੀ, ਲੇਕਿਨ ਕੋਈ ਇਸ ਭੁਲੇਖੇ 'ਚ ਨਾ ਪੈਣਾ ਕਿ ਵਾਕਿਆ ਹੀ ਰੱਬ ਕਿਸੇ ਭੇਸ ਵਿਚ ਮਿਲਦਾ ਹੈ।

ਆਪ ਜੀ ਨੂੰ ਪਤਾ ਹੋਵੇ, ਇਸ ਸਲੋਕ ਦੇ ਨਾਲ ਹੀ ਗੁਰੂ ਅਮਰਦਾਸ ਜੀ ਦਾ ਵੀ ਇਕ ਸਲੋਕ ਹੈ :

**ਕਾਇ ਪਟੋਲਾ ਪਾੜਤੀ, ਕੰਬਲੜੀ ਪਹਿਰੇਇ ॥**
**ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥**
*(੧੩੮੩)*

ਫ਼ਰੀਦ, ਤੂੰ ਇਹ ਕਿਹੜੇ ਚੱਕਰ ਵਿਚ ਪੈ ਗਿਆ ਹੈਂ ? ਚੰਗਾ ਕਰਮ ਹੋਰ ਗੱਲ ਹੈ, ਚੰਗੀ ਨੀਅਤ ਹੋਰ ਗੱਲ ਹੈ। ਚੰਗਾ ਕਰਮ ਹਰ ਬੰਦਾ ਕਰ ਸਕਦਾ ਹੈ, ਪਰ ਚੰਗੀ ਨੀਅਤ ਕਿਸੇ ਸੂਰਮੇ ਦੀ ਹੀ ਹੁੰਦੀ ਹੈ। ਕੋਈ ਮਹਾਬਲੀ ਹੀ ਹੁੰਦਾ ਹੈ।

ਸੋ ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਮੱਥਾ ਟੇਕਣਾ ਬੜਾ ਹੀ ਚੰਗਾ ਕਰਮ ਹੈ। ਬਹੁਤ ਹੀ ਚੰਗਾ। ਲੇਕਿਨ ਜੇ ਨੀਅਤ ਠੀਕ ਨਹੀਂ ਤੋ ਗੁਰੂ ਨੂੰ ਇਹ ਪ੍ਰਵਾਨ ਨਹੀਂ। ਗੁਰੂ ਜੀ ਕਹਿੰਦੇ ਨੇ :

**ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥** *(੪੭੦)*

ਤੂੰ ਅੰਦਰੋਂ ਤਾਂ ਝੁਕਿਆ ਹੀ ਨਹੀਂ, ਸਿਰਫ਼ ਮੱਥਾ ਟੇਕਿਆ ਹੈ। ਤੋ ਮਹਾਰਾਜ ਕਹਿੰਦੇ ਨੇ, ਜਿਹਾ ਬਹੁਤਾ ਝੁਕ ਕੇ ਮੱਥਾ ਟੇਕਦਾ ਪਿਆ ਹੈ, ਇੰਜ ਜਾਪਦਾ ਹੈ :

**ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥** *(੪੭੦)*

ਸ਼ਿਕਾਰੀਆਂ ਦਾ ਇਹ ਢੰਗ ਹੈ ਕਿ ਜਦ ਹਿਰਨ ਦਾ ਸ਼ਿਕਾਰ ਕਰਨਾ ਹੋਵੇ ਤਾਂ ਸ਼ਿਕਾਰੀ ਜ਼ਮੀਨ 'ਤੇ ਲੇਟ ਜਾਂਦਾ ਹੈ। ਖੜੇ ਹੋ ਕੇ ਹਿਰਨ ਦਾ ਸ਼ਿਕਾਰ ਨਹੀਂ ਕੀਤਾ ਜਾ ਸਕਦਾ। ਲੰਮੇ ਪੈ ਕੇ ਇਹ ਨਿਸ਼ਾਨਾ ਬੰਨ੍ਹਦਾ ਹੈ ਹਿਰਨੰ ਦਾ। ਤੋ


Sri Satguru Jagjit Singh Ji eLibrary NamdhariElibrary@gmail.com

ਮਹਾਰਾਜ ਕਹਿੰਦੇ ਨੇ, ਇਹ ਜਿਹੜਾ ਸ਼ਿਕਾਰੀ ਲੇਟਿਆ ਪਿਆ ਹੈ, ਕੀ ਇਹ ਮੱਥਾ ਟੇਕਦਾ ਪਿਆ ਹੈ, ਹਿਰਨ ਨੂੰ।

ਇਹ ਮੱਥਾ ਕੋਈ ਨਹੀਂ ਟੇਕਦਾ, ਇਹਦੇ ਮੱਥੇ ਟੇਕਣ ਵਿਚ ਵੀ ਦੁਨੀਆ ਭਰ ਦੀ ਕਰੂਰਤਾ ਛੁਪੀ ਪਈ ਹੈ। ਇਹ ਜਿਹੜਾ ਝੁਕਿਆ ਪਿਆ ਹੈ ਹਿਰਨ ਦੇ ਅਗੇ, ਇਹ ਹਿਰਨ ਨੂੰ ਸਜਦਾ ਨਹੀਂ ਪਿਆ ਕਰਦਾ। ਹਿਰਨ ਨੂੰ ਮਾਰਨ ਦੀ ਕੋਸ਼ਿਸ਼ ਪਿਆ ਕਰਦਾ ਹੈ। ਗੁਸਤਾਖ਼ੀ ਮੁਆਫ਼, ਕਈਆਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਏ। ਬਈ ਇਹ ਹਟ ਜਾਣ, ਗੁਰੂ ਗ੍ਰੰਥ ਸਾਹਿਬ ਦੀ ਕੋਈ ਪ੍ਰਭਤਾ ਨਾ ਹੋਵੇ, ਸਿਰਫ਼ ਸਾਡੀ ਪ੍ਰਭਤਾ ਹੀ ਹੋਵੇ, ਕਈ ਨਕਲੀਆਂ ਨੇ ਨਕਲ ਕੀਤੀ ਹੈ, ਅਰ ਕਰ ਰਹੇ ਨੇ, ਗੁਰੂ ਗ੍ਰੰਥ ਸਾਹਿਬ ਨੂੰ ਹਟਾਉਣ ਦੀ, ਤੇ ਖ਼ੈਰ।

ਤੇ ਆਹ ਜਿਹੜਾ ਕੀਰਤਨ ਕਰਨਾ ਹੈ ਨਾ, ਮਹਾਰਾਜ ਨੇ ਸਭ ਤੋਂ ਵੱਡਾ ਕਰਮ ਮੰਨਿਆ ਹੈ। ਬੜਾ ਅੱਛਾ ਕਰਮ ਹੈ। ਮਹਾਰਾਜ ਕਹਿੰਦੇ ਨੇ :

**ਕਲਜੁਗ ਮਹਿ ਕੀਰਤਨੁ ਪਰਧਾਨਾ॥** (੧੦੭੫)

ਈਸ਼ਵਰ ਪ੍ਰਾਪਤੀ ਦਾ ਇਹ ਇਕ ਪ੍ਰਧਾਨ ਸਾਧਨ ਹੈ। ਬੜਾ ਹੀ ਨਿਰਮਲ ਕਰਮ ਹੈ। ਪਰ ਜੇ ਨੀਅਤ ਮਾੜੀ ਹੋਵੇ ਤੇ ਫਿਰ ਪਤਾ ਹੈ ਕੀਰਤਨ ਕਰਨ ਵਾਲੇ ਨੂੰ ਮਹਾਰਾਜ ਨੇ ਕੀ ਕਹਿ ਦਿੱਤਾ ਹੈ :

**ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ,**
**ਨਹੀ ਹਰਿ ਹਰਿ ਭੀਜੈ ਰਾਮ ਰਾਜੇ॥**
**ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥** (੪੫੦)

ਮਹਾਰਾਜ ਕਹਿੰਦੇ ਨੇ, ਬਹੁਤਿਆਂ ਦਾ ਕੀਰਤਨ ਰੋਣਾ ਹੀ ਹੈ। ਤੇ ਰੋਣ ਨਾਲ ਕੀ ਹੁੰਦਾ ਹੈ, ਕੁਛ ਨਹੀਂ। ਕਿਉਂਕਿ ਕਰਮ ਤੇ ਬੜਾ ਚੰਗਾ ਹੈ ਕੀਰਤਨ, ਪਰ ਜੇ ਨੀਅਤ ਠੀਕ ਹੋਵੇ।

ਮੈਨੂੰ ਕਾਫ਼ੀ ਸਮਾਂ ਇਸ ਗੱਲ ਦਾ ਬੜਾ ਮਾਣ ਰਿਹਾ ਕਿ ਬਾਬੇ ਨੇ ਮੈਨੂੰ ਬੜਾ ਮਾਣ ਬਖ਼ਸ਼ਿਆ ਹੈ। ਸਵੇਰੇ ਸ਼ਾਮ ਕਥਾ ਕਰਦੇ ਹਾਂ, ਤੇ ਸੰਗਤ ਦੇ ਦਰਸ਼ਨ ਕਰੀਦੇ ਨੇ, ਬੜਾ ਸ਼ੁਭ ਕਰਮ ਹੈ, ਬਾਬਾ ਮੈਨੂੰ ਤੇ ਜ਼ਰੂਰ ਬਖ਼ਸ਼ੇਗਾ। ਪਰ ਕਬੀਰ ਜੀ ਦੀਆਂ ਜਦ ਇਹ ਪੰਕਤੀਆਂ ਮੇਰੇ ਸਾਹਮਣੇ ਆਈਆਂ ਕਿ :

**ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ॥**
**ਰਾਸਿ ਬਿਰਾਨੀ ਰਾਖਤੇ, ਖਾਯਾ ਘਰ ਕਾ ਖੇਤੁ॥੯੮॥** (੧੩੬੯)


Sri Satguru Jagjit Singh Ji eLibrary NamdhariElibrary@gmail.com

ਜਿਹੜੀ ਗੱਲ ਤੂੰ ਆਖ ਰਿਹਾ ਹੈਂ ਦੂਜੇ ਨੂੰ, ਤੇ ਤੇਰਾ ਆਪਣਾ ਮਨ ਨਹੀਂ ਮੰਨਦਾ, ਤੇ ਉਪਦੇਸ਼ ਦੀ ਥਾਂ ਤੇ ਤੇਰੇ ਮੂੰਹ ਵਿਚ ਮਿੱਟੀ ਬੇਹਤਰ ਹੈ। ਤੇ ਸੱਚ ਜਾਣੋ ਬਹੁਤੀਆਂ ਕਥਾਵਾਂ, ਲੈਕਚਰ ਮਿੱਟੀ ਹੀ ਹੁੰਦੇ ਹਨ, ਹੋਰ ਕੁਛ ਨਹੀਂ। ਕਿਉਂਕਿ ਜਿਹੜੀ ਗੱਲ ਆਖਦਿਆਂ ਆਪ ਨੂੰ ਸਵਾਦ ਨਹੀਂ ਆਇਆ, ਦੂਜੇ ਨੂੰ ਕਿਥੋਂ ਆਵੇਗਾ ? ਜਿਸ ਕਥਾ ਨੇ ਸਾਡੀ ਜ਼ਬਾਨ ਨਹੀਂ ਮਿੱਠੀ ਕੀਤੀ, ਸਰੋਤੇ ਦੇ ਕੰਨਾਂ ਨੂੰ ਕਿਥੋਂ ਰਸ ਆਵੇਗਾ ? ਇਸ ਵਾਸਤੇ ਬਾਬੇ ਦੀ ਬਾਣੀ ਕਹਿੰਦੀ ਏ :

**ਜਉ ਜਾਨੈ ਹਉ ਭਗਤੁ ਗਿਆਨੀ ॥**
**ਆਗੈ ਠਾਕੁਰਿ ਤਿਲੁ ਨਹੀ ਮਾਨੀ ॥** (੨੫੫)

ਫਿਰ ਇਕ ਇਹ ਵੀ ਕਰਮ ਹੈ—ਦਾਨ ਕਰਨਾ। ਤੇ ਇਸ ਦਾ ਬੜਾ ਪ੍ਰਚਾਰ ਹੈ, ਬਈ ਦਾਨ ਨਾਲ ਇਹ ਹੋ ਜਾਂਦਾ ਹੈ, ਉਹ ਹੋ ਜਾਂਦਾ ਹੈ। ਇਕ ਨਾਲ ਲੱਖਾਂ ਮਿਲ ਜਾਂਦੇ ਨੇ। ਐਸੇ ਝੂਠੇ ਲਾਲਚ ਅਕਸਰ ਦਿੱਤੇ ਜਾਂਦੇ ਨੇ। ਪਰ ਬਾਬਾ ਨਾਨਕ ਪਤਾ ਹੈ ਕੀ ਕਹਿੰਦਾ ਹੈ ? ਦਾਨ ਕਰਮ ਤੇ ਬਹੁਤ ਚੰਗਾ ਹੈ, ਪਰ ਜੇ ਨੀਅਤ ਚੰਗੀ ਨਾ ਹੋਵੇ, ਤੇ ਸਾਹਿਬਾਂ ਨੇ ਐਸੇ ਦਾਨ ਦੀ ਨਿੰਦਾ ਕਰ ਦਿੱਤੀ ਹੈ। ਸਾਹਿਬ ਕਹਿੰਦੇ ਨੇ :

**ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ॥**
**ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥** (੪੬੬)

ਜਦ ਕਿਸੇ ਦਾਨੀ ਪੁਰਸ਼ ਦੇ ਅੰਦਰ ਸੰਤੋਖ ਪੈਦਾ ਹੁੰਦਾ ਹੈ ਨਾ, ਤਾਂ ਉਹ ਦਾਨ ਕਰਦਾ ਹੈ। ਪਰ ਮਹਾਰਾਜ ਕਹਿੰਦੇ ਨੇ, ਇਕ ਉਲਟੀ ਗੱਲ ਚਲ ਪੈਂਦੀ ਹੈ। ਕੀ ? 'ਦੇ ਦੇ ਮੰਗਹਿ' ਦੇ ਦੇ ਮੰਗਦਾ ਹੈ। ਕਿੰਨਾ ਕੁ ? 'ਸਹਸਾ ਗੂਣਾ'। ਬੜਾ ਹੀ ਮੰਗਦਾ ਹੈ, ਥੋੜ੍ਹਾ ਨਹੀਂ ਮੰਗਦਾ। ਹੇ ਬਾਬਾ, ਮੇਰੀ ਦੁਕਾਨ ਵੀ ਚਲਾਈਂ, ਮੇਰੇ ਪੁੱਤਰ ਨੂੰ ਰਾਜ਼ੀ ਕਰੀਂ, ਮੈਨੂੰ ਇੱਜ਼ਤ ਬਖ਼ਸ਼ੀਂ, ਮਾਨ ਬਖ਼ਸ਼ੀਂ, ਮੈਂ ਸਾਰਿਆਂ ਨਾਲੋਂ ਵੱਡਾ ਬਣਿਆ ਰਵ੍ਹਾਂ। ਹੁਣ ਜਿਹੜੇ ਪੰਜ ਦਸ ਦਮੜੇ ਇਹਨੇ ਮੱਥਾ ਟੇਕਿਆ ਹੈ, ਇਹਦੇ ਬਦਲੇ ਬਾਬਾ ਇਹਦੇ ਸਾਰੇ ਹੀ ਕੰਮ ਕਰੇ, ਤੇ ਜੇ ਨਾ ਕਰੇ, ਫਿਰ ਕੋਈ ਹੋਰ ਬਾਬਾ ਲਭਿਆ ਜਾਵੇਗਾ। ਇਸ ਬਾਬੇ ਨਾਲ ਕੀ ਗੱਲ, ਇਹ ਤੇ ਸਾਡੇ ਕੰਮ ਨਹੀਂ ਕਰਦਾ :

**ਦੇ ਦੇ ਮੰਗਹਿ ਸਹਸਾ ਗੂਣਾ......॥**

ਮਹਾਰਾਜ ਕਹਿੰਦੇ ਨੇ, ਦੇ ਕੇ ਮੰਗਦਾ ਹੈ। ਕਿਤਨਾ ਮੰਗਦਾ ਹੈ ? ਸੈਂਕੜੇ ਗੁਣਾ ਵਧ ਮੰਗਦਾ ਹੈ। ਮੈਂ ਹੈਰਾਨ ਹੁੰਦਾ ਹਾਂ ਕਿ ਬਈ ਪੰਜ ਪਰਸੈਂਟ ਜਾਂ ਦਸ


Sri Satguru Jagjit Singh Ji eLibrary NamdhariElibrary@gmail.com

ਪਰਸੈਂਟ ਬਿਆਜ ਹੋ ਜਾਂਦਾ ਹੈ। ਚਲੋ ਬਹੁਤਾ ਜ਼ੁਲਮ ਸਹੀ ਤਾਂ ਵੀਹ ਪਰਸੈਂਟ ਮੰਨ ਲੈਂਦੇ ਹਾਂ, ਤੇ ਜੇ ਚਲੋ ਅਗਲੇ ਦੀ ਖਲ ਹੀ ਲਾਹਣੀ ਹੈ ਤਾਂ ਸੈਂਟ ਪਰਸੈਂਟ ਹੀ ਸਹੀ। ਪਰ ਇਥੇ ਤੇ :

**ਦੇ ਦੇ ਮੰਗਹਿ ਸਹਸਾ ਗੂਣਾ.....॥**

ਦੇ ਕੇ ਹਜ਼ਾਰਾਂ ਗੁਣਾ ਵਧ ਮੰਗਦਾ ਹੈ, ਪਰ ਇਥੇ ਹੀ ਬਸ ਨਹੀਂ, ਨਾਲ :

**.....ਸੋਭ ਕਰੇ ਸੰਸਾਰੁ ॥**

ਫਿਰ ਦੁਨੀਆ ਸੋਭਾ ਵੀ ਕਰੇ, ਕਿ ਮੈਂ ਦਾਨੀ ਹਾਂ।

ਸੱਚ ਜਾਣੋ, ਦਾਨੀ ਸਿਰਫ਼ ਪਰਮਾਤਮਾ ਤੋਂ ਬਿਨਾ ਹੋਰ ਕੋਈ ਨਹੀਂ। ਕਿਸੇ ਭੁਲੇਖੇ 'ਚ ਨਾ ਪੈਣਾ। ਇਹ ਤਨ ਕਿਸ ਦਾ ਦਿੱਤਾ ਹੋਇਆ ਹੈ ? ਜਿਹੜੀ ਚੀਜ਼ ਬਜ਼ਾਰੋਂ ਖ਼ਰੀਦੀ ਹੋਵੇ ਜਾਂ ਬੰਦੇ ਨੇ ਆਪ ਬਣਾਈ ਹੋਵੇ, ਉਹ ਤੇ ਹੈ ਬੰਦੇ ਦੀ। ਤੇ ਜਿਹੜੀ ਚੀਜ਼ ਬੰਦੇ ਨੇ ਬਣਾਈ ਨਹੀਂ, ਬੰਦੇ ਨੇ ਖ਼ਰੀਦੀ ਨਹੀਂ, ਉਹ ਬੰਦੇ ਦੀ ਕਿਵੇਂ ਹੋ ਸਕਦੀ ਹੈ ? ਆਹ ਅੱਖਾਂ ਬਜ਼ਾਰੋਂ ਨਹੀਂ ਖ਼ਰੀਦੀਆਂ ਜਾ ਸਕਦੀਆਂ। ਆਹ ਲੱਤਾਂ, ਬਾਹਾਂ ਵੀ ਨਹੀਂ ਮੁੱਲ ਲਈਆਂ ਜਾ ਸਕਦੀਆਂ। ਦਿਲ ਤੇ ਦਿਮਾਗ਼ ਵੀ ਨਹੀਂ ਖ਼ਰੀਦਿਆ ਜਾ ਸਕਦਾ ਤੇ ਫਿਰ ਜਿਹੜੀ ਚੀਜ਼ ਖ਼ਰੀਦੀ ਨਹੀਂ ਜਾ ਸਕਦੀ, ਬਣਾਈ ਨਹੀਂ ਜਾ ਸਕਦੀ, ਉਹ ਤੇਰੀ ਕਿਸ ਤਰ੍ਹਾਂ ਹੋ ਸਕਦੀ ਹੈ ? ਇਸ ਵਾਸਤੇ ਜਿਨ੍ਹਾਂ ਨੇ ਗੱਲ ਨੂੰ ਸਮਝਿਆ ਹੈ, ਉਨ੍ਹਾਂ ਨੇ ਕਿਹਾ ਹੈ :

**ਮਨੁ ਤਨੁ ਤੇਰਾ ਧਨੁ ਭੀ ਤੇਰਾ॥**
**ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ॥** *(੧੦੬)*

ਅਸੀਂ ਮਕਾਨ ਬਣਾਂਦੇ ਹਾਂ ਤੇ ਮਕਾਨ ਤੋਂ ਪੁਛਦੇ ਨਹੀਂ ਕਿ ਬਈ ਤੂੰ ਬਣਨਾ ਵੀ ਚਾਹੁੰਦਾ ਹੈਂ ਯਾ ਨਹੀਂ, ਤੇ ਜਦੋਂ ਢਾਹੁਣਾ ਹੋਵੇ ਤੇ ਅਸੀਂ ਨਹੀਂ ਪੁਛਦੇ ਮਕਾਨ ਤੋਂ ਕਿ ਤੂੰ ਢਹਿਣਾ ਵੀ ਚਾਹੁੰਦਾ ਹੈਂ ਯਾ ਨਹੀਂ ? ਰੱਬ ਵੀ ਸਾਥੋਂ ਨਹੀਂ ਪੁੱਛਦਾ ਕਿ ਬਈ ਅਸੀਂ ਜੰਮਣਾ ਚਾਹੁੰਦੇ ਹਾਂ ਯਾ ਨਹੀਂ, ਤੇ ਇਹ ਵੀ ਨਹੀਂ ਪੁੱਛਦਾ ਕਿ ਤੂੰ ਮਰਨਾ ਵੀ ਚਾਹੁੰਦਾ ਹੈਂ ਯਾ ਨਹੀਂ ? ਜੰਮ ਪੈਂਦੇ ਹਾਂ ਤੇ ਮਰ ਜਾਂਦੇ ਹਾਂ। ਸਾਡਾ ਕੋਈ ਜ਼ੋਰ ਨਹੀਂ :

**ਜੋਰੁ ਨ ਜੀਵਣਿ ਮਰਣਿ ਨਹ ਜੋਰੁ॥**

ਤੇ ਇਹ ਜਨਮ ਮਰਨ ਸਾਡੇ ਵਸ ਨਹੀਂ, ਤੇ ਜੇ ਮਨੁੱਖ ਦੇ ਵਸ ਹੋਵੇ, ਤੇ ਰੱਬ ਦੀ ਪੂਜਾ ਦੀ ਲੋੜ ਹੀ ਨਹੀਂ।


Sri Satguru Jagjit Singh Ji eLibrary NamdhariElibrary@gmail.com

ਤੋ ਜਿਸ ਨੇ ਗੱਲ ਨੂੰ ਸਮਝਿਆ ਹੈ ਕਿ ਬਈ ਇਹ ਤੇ ਸਭ ਕੁਝ ਉਸ ਦਾ ਹੈ, ਤਨ ਉਸ ਨੇ ਦਿੱਤਾ ਹੈ, ਦਿਲ ਦਿਮਾਗ਼ ਉਸ ਨੇ ਦਿੱਤਾ ਹੈ। ਤੋ ਫਿਰ ਤੂੰ ਉਸ ਦੇ ਗੁਣ ਗਾ। ਕਹਿੰਦੇ ਨੇ, ਕੁਛ ਬਣਾਣਾ ਹੋਵੇ ਤੋ ਵਸੀਲੇ ਚਾਹੀਦੇ ਨੇ, ਤੇ ਉਹ ਵਸੀਲੇ ਵੀ ਪਰਮਾਤਮਾ ਦੇ ਦਿੱਤੇ ਹੋਏ ਨੇ।

ਉਸਤਾਦ ਜ਼ੌਕ ਦਾ ਇਕ ਸ਼ੇਅਰ ਹੈ। ਕਹਿੰਦਾ ਹੈ:

**ਦੁਨੀਆ ਮੇਂ ਕੁਛ ਐਸੇ ਭੀ ਕਮਾਲ ਹੋਤੇ ਹੈਂ,**
**ਖਿਲਤੇ ਨਹੀਂ, ਪਰ ਵਕਤੇ ਉਜਾਲ ਹੋਤੇ ਹੈਂ।**
**ਯੇ ਬਾਤ ਜੁਦਾ ਹੈ ਕਿ ਵੁਹ ਤਾਮੀਰ ਨਾ ਹੋ,**
**ਹਰ ਜ਼ਿਹਨ ਮੇਂ ਕੁਛ ਤਾਜਿ-ਮਹਲ ਹੋਤੇ ਹੈਂ।**

ਹਰ ਦਿਮਾਗ਼ ਦੇ ਅੰਦਰ ਕੋਈ ਨਾ ਕੋਈ ਤਾਜ ਮਹਲ ਜ਼ਰੂਰ ਹੈ। ਜਿਸ ਨੂੰ ਉਸਾਰੀ ਦਾ ਮੌਕਾ ਮਿਲ ਗਿਆ ਤੇ ਵਸੀਲਾ ਬਣ ਗਿਆ ਤੋ ਉਸ ਸ਼ਾਹ ਜਹਾਨ ਨੇ ਜ਼ਮੀਨ 'ਤੇ ਤਾਜ ਮਹਲ ਬਣਾ ਛਡਿਆ ਹੈ, ਜਿਸ ਨੂੰ ਵਸੀਲਾ ਨਾ ਲੱਭਾ, ਉਹ ਤਾਜ ਮਹਲ ਦਿਮਾਗ਼ 'ਚ ਹੀ ਰਹਿ ਗਿਆ। ਪਰ ਜ਼ੌਕ ਕਹਿੰਦਾ ਹੈ ਕਿ ਇਸ ਦਾ ਮਤਲਬ ਇਹ ਨਹੀਂ ਕਿ ਤਾਜ ਮਹਲ ਪੈਦਾ ਹੀ ਨਹੀਂ ਹੁੰਦੇ, ਹਰ ਦਿਮਾਗ਼ 'ਚ ਤਾਜ ਮਹਲ ਪੈਦਾ ਹੁੰਦੇ ਨੇ। ਖ਼ੈਰ!

ਮੈਂ ਅਰਜ਼ ਕਰ ਰਿਹਾ ਸੀ ਕਿ:

**ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥**

ਦੁਨੀਆ ਸ਼ੋਭਾ ਵੀ ਕਰੇ ਕਿ ਮੈਂ ਦਾਨੀ ਹਾਂ।

ਇਕ ਗੱਲ ਯਾਦ ਆਈ, ਪਟਨਾ ਸਾਹਿਬ ਇਕ ਵਾਰ ਮੈਂ ਸੰਧਿਆ ਦੇ ਵਕਤ ਬੈਠਾ ਰਹਿਰਾਸ ਸਾਹਿਬ ਦਾ ਪਾਠ ਕਰ ਰਿਹਾ ਸੀ। ਇਕ ਬਜ਼ੁਰਗ ਬਾਬੇ ਨੂੰ ਵੇਖਿਆ। ਉਹ ਆਇਆ ਹੈ ਹੁਣੇ ਹੀ। ਗਠੜੀ ਇਕ ਪਾਸੇ ਰਖੀ ਤੇ ਜਿਹੜਾ ਸੰਗਮਰਮਰ ਦਾ ਫ਼ਰਸ਼ ਸੀ, ਉਥੇ ਕੁਝ ਝਾਤ ਮਾਰ ਕੇ ਲੱਭਣ ਲੱਗਾ। ਧਿਆਨ ਜਦ ਮੇਰਾ ਇਸ ਬਜ਼ੁਰਗ 'ਤੇ ਪਿਆ ਕਿ ਇਹ ਕੁਛ ਲੱਭ ਰਿਹਾ ਹੈ। ਅਰ ਜਿੰਨੇ ਚਿਰ ਤਕ ਮੈਂ ਪਾਠ ਦਾ ਭੋਗ ਪਾਇਆ, ਉਨੇ ਚਿਰ ਤਕ ਉਹ ਕੁਛ ਲਭਦਾ ਹੀ ਰਿਹਾ। ਮੈ ਸੋਚਿਆ ਕਿ ਵਿਚਾਰੇ ਦੇ ਨੇਤਰ ਕਮਜ਼ੋਰ ਨੇ, ਕੋਈ ਚੀਜ਼ ਡਿਗ ਪਈ ਹੋਣੀ ਹੈ।

ਮੈਂ ਕੋਲ ਗਿਆ ਤੇ ਪੁਛਿਆ, 'ਬਾਬਾ ਜੀ, ਕੀ ਗਵਾਚਿਆ ਹੈ, ਕਾਫ਼ੀ ਦੇਰ ਦੇ ਲੱਭ ਰਹੇ ਹੋ?' ਆਖਣ ਲੱਗਾ, 'ਕੁਛ ਨਹੀਂ ਗਿਆਨੀ ਜੀ, ਪਿਛਲੇ


Sri Satguru Jagjit Singh Ji eLibrary NamdhariElibrary@gmail.com

ਸਾਲ ਮੈਂ ਹਜ਼ਾਰ ਰੁਪਏ ਦੇ ਗਿਆ ਸੀ, ਤੇ ਮੈਨੇਜਰ ਨੇ ਵਾਇਦਾ ਕੀਤਾ ਸੀ ਕਿ ਫ਼ਰਸ਼ 'ਤੇ ਤੁਹਾਡਾ ਨਾਮ ਲਿਖਾਂਗੇ, ਤੇ ਮੈਂ ਦੇਖਦਾ ਪਿਆ ਹਾਂ ਕਿ ਨਾਮ ਕਿਥੇ ਲਿਖਿਆ ਹੋਇਆ ਹੈ? ਕਿਹੜੀ ਥਾਂ 'ਤੇ ਲਿਖਿਆ ਹੋਇਆ ਹੈ?' ਮੈਂ ਕਿਹਾ, 'ਬਾਬਾ ਇਥੇ ਲੋਕੀਂ ਰੱਬ ਦਾ ਨਾਮ ਲਭਦੇ ਨੇ, ਤੇ ਤੁਸੀਂ ਇਸ ਘਰ ਦੇ ਵਿਚ ਵੀ ਆਪਣਾ ਨਾਮ ਲਭਣ ਵਾਸਤੇ ਆਏ ਹੋ। ਤੇ ਜੇ ਤੈਨੂੰ ਇਥੇ ਵੀ ਆਪਣੇ ਨਾਮ ਦੀ ਲੋੜ ਹੈ ਤਾਂ ਫਿਰ ਗੁਰੂ ਦਾ ਨਾਮ ਕਿਥੋਂ ਲਭੇਂਗਾ? ਕਿਹੜੀ ਥਾਂ 'ਤੇ ਲਭੇਂਗਾ?'

• ਸੱਚ ਜਾਣਿਓਂ, ਗੁਰਦਵਾਰਿਆਂ 'ਚ ਨੜ੍ਹਿੰਨਵੇਂ ਫ਼ੀਸਦੀ ਮਨੁੱਖ ਆਪਣਾ ਨਾਮ ਹੀ ਲਭਣ ਆਉਂਦੇ ਹਨ। ਆਪਣੇ ਨਾਮ ਦੀ ਹੀ ਚਰਚਾ ਕਰਨ ਆਉਂਦੇ ਹਨ। ਮੈਂ ਉਸ ਦਿਨ ਮਹਾਰਾਜ ਅਗੇ ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ, ਜਿਨ੍ਹਾਂ ਬੰਦਿਆਂ ਨੇ, ਤੇਰਾ ਚਿੱਟਾ ਫ਼ਰਸ਼, ਚਿੱਟਾ ਨਹੀਂ ਰਹਿਣ ਦਿੱਤਾ, ਤੇਰੀਆਂ ਚਿੱਟੀਆਂ ਦੀਵਾਰਾਂ ਚਿੱਟੀਆਂ ਨਹੀਂ ਰਹਿਣ ਦਿੱਤੀਆਂ, ਉਹਨਾਂ ਨੇ ਆਪਣਾ ਮਨ ਕਿਥੇ ਚਿੱਟਾ ਰਹਿਣ ਦਿੱਤਾ ਹੋਵੇਗਾ। ਇਕ ਹਉਮੈ ਸੀ, ਉਹ ਤੇਰੇ ਫ਼ਰਸ਼ 'ਤੇ ਛਾ ਗਈ। ਤੇਰੀਆਂ ਦੀਵਾਰਾਂ 'ਤੇ ਛਾ ਗਈ। ਇਹਨਾਂ ਨੂੰ ਇਹ ਨਹੀਂ ਸਮਝ ਆਈ ਕਿ:

**ਤੇਰੋ ਕੀਆ ਤੁਝਹਿ ਕਿਆ ਅਰਪਉ,**
**ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥** *(੬੯੪)*

ਤੇ ਜਦ ਸਰੀਰ ਉਸ ਨੇ ਦਿੱਤਾ ਹੈ, ਸਰੀਰ ਦੀ ਤਾਕਤ ਉਸ ਨੇ ਦਿੱਤੀ ਹੈ, ਤੂੰ ਦਾਨੀ ਕਿਸ ਤਰ੍ਹਾਂ ਹੋ ਸਕਦਾ ਹੈਂ? ਨਹੀਂ, ਤੂੰ ਇਕ ਸਾਧਨ ਜ਼ਰੂਰ ਹੈਂ, ਕਰਤਾ ਨਹੀਂ। ਗੱਲ ਨੂੰ ਸਮਝੋ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਨੇ, ਜਿਤਨੇ ਵੀ ਗੁਣ ਨੇ, ਇਹ ਮੇਰੇ ਨਹੀਂ:

**ਸਭਿ ਗੁਣ ਤੇਰੇ, ਮੈ ਨਾਹੀ ਕੋਇ ॥੨੧॥**

ਹੇ ਪ੍ਰਭੂ, ਮੇਰੇ ਵਿਚ ਗੁਣ ਕੋਈ ਨਹੀਂ। ਅਗਰ ਤੂੰ ਮੇਰੇ ਵਿਚ ਖਿਮਾ ਨਾ ਭਰਦਾ, ਨਿਮਰਤਾ ਤੇ ਗਿਆਨ ਨਾ ਪਾਉਂਦਾ, ਤੇ ਇਹ ਕਿਥੇ ਹੋਣਾ ਸੀ।

ਕਹਿੰਦੇ ਨੇ, ਗੁਣ ਪਰਮਾਤਮਾ ਦੀ ਦੇਣ ਹੈ, ਤੇ ਅਉਗਣ ਮਨੁੱਖ ਦੇ ਆਪਣੇ ਨੇ। ਜਿਸ ਨੂੰ ਐਸੀ ਸਮਝ ਪੈ ਜਾਏ, ਸਮਝੋ ਫਿਰ ਦਰਵਾਜ਼ੇ ਖੁਲ੍ਹ ਗਏ ਨੇ।

ਤੇ ਇਹ ਦਾਨ ਦੇਣਾ ਕਰਮ ਤੇ ਚੰਗਾ ਹੈ, ਪਰ ਇਹਦੇ ਲਈ ਨੀਅਤ ਇਹ ਹੈ ਕਿ ਜਗਤ ਸ਼ੋਭਾ ਕਰੇ। ਸੰਸਾਰ ਵਡਿਆਈ ਕਰੇ ਅਰ ਮੇਰਾ ਨਾਮ ਹੋਵੇ। ਤੇ



Sri Satguru Jagjit Singh Ji eLibrary NamdhariElibrary@gmail.com

ਐਸਾ ਦਾਨ ਮਹਾਨ ਪਾਪ ਹੈ। ਅਰ ਕਈ ਦਾਨੀ ਸਾਰੀ ਜ਼ਿੰਦਗੀ ਦਾਨ ਕਰਦੇ ਰਹਿੰਦੇ ਨੇ, ਹਿਰਦਾ ਪਾਪੀ ਦਾ ਪਾਪੀ। ਦਾਨ ਨਾਲ ਵੀ ਬੰਦਾ ਪੁੰਨੀ ਨਹੀਂ ਹੋ ਸਕਦਾ, ਗਿਆਨ ਨਾਲ ਵੀ ਨਹੀਂ ਹੋ ਸਕਦਾ। ਕਥਾ ਤੇ ਕੀਰਤਨ ਨਾਲ ਵੀ ਕੁਛ ਨਹੀਂ ਬਣ ਸਕਦਾ, ਜੇ ਅੰਦਰੋਂ ਨੀਅਤ ਸਾਫ਼ ਨਹੀਂ। ਭਗਤ ਕਬੀਰ ਜੀ ਕਹਿੰਦੇ ਨੇ :

**ਪਾਪ ਪੁੰਨ ਦੁਇ ਏਕ ਸਮਾਨ ॥**
**ਨਿਜ ਘਰਿ ਪਾਰਸੁ ਤਜਹੁ ਗੁਨ ਆਨ ॥੩॥** *(੩੨੫)*

ਅੱਖਾਂ ਖੁਲ੍ਹ ਗਈਆਂ ਮੇਰੀਆਂ, ਜਿਸ ਦਿਨ ਮੈਂ ਇਹ ਪੰਕਤੀ ਪੜ੍ਹੀ। ਕਿ ਪਾਪ ਤੇ ਪਾਪ ਹੈ, ਪੁੰਨ ਵੀ ਪਾਪ ਹੈ। ਬਈ ਹੱਦ ਹੋ ਗਈ। ਪੁੰਨ ਵੀ ਪਾਪ ਹੈ ? ਤੇ ਜੇ ਪੁੰਨ ਵੀ ਪਾਪ ਹੈ ਤੇ ਫਿਰ ਕੀ ਲੋੜ ਹੈ ਪੁੰਨ ਕਰਨ ਦੀ ?

ਭਗਤ ਜੀ ਕਹਿੰਦੇ ਨੇ, ਪਾਪ ਕਰਦਾ ਹੈ ਬੰਦਾ ਹੰਕਾਰ-ਵਸ ਹੋ ਕੇ, ਲੋਭ-ਵਸ ਹੋ ਕੇ, ਤ੍ਰਿਸ਼ਨਾ-ਵਸ ਹੋ ਕੇ, ਈਰਖਾ-ਵਸ ਹੋ ਕੇ। ਤੇ ਅਗਰ ਕੋਈ ਬੰਦਾ ਪੁੰਨ ਵੀ ਕਰ ਰਿਹਾ ਹੈ, ਦਾਨ ਵੀ ਕਰ ਰਿਹਾ ਹੈ, ਅਹੰਕਾਰ-ਵਸ ਹੋ ਕੇ, ਲੋਭ-ਵਸ ਹੋ ਕੇ, ਤ੍ਰਿਸ਼ਨਾ-ਵਸ ਹੋ ਕੇ ਕਰ ਰਿਹਾ ਹੈ, ਤੋ ਭਗਤ ਜੀ ਕਹਿੰਦੇ ਨੇ, ਫਿਰ ਪਾਪ ਤੇ ਪੁੰਨ ਵਿਚ ਫ਼ਰਕ ਕੀ ਹੋਇਆ ? ਤੋ ਫਿਰ ਪਾਪ ਤੇ ਪਾਪ ਹੈ ਹੀ, ਐਸਾ ਪੁੰਨ ਵੀ ਪਾਪ ਹੈ। ਐਸੇ ਪੁੰਨ ਦਾ ਵੀ ਕੋਈ ਫਲ ਨਹੀਂ, ਲੋਭੀ ਰਹੇਗਾ, ਠੱਗ ਰਹੇਗਾ। ਤੋ ਬੜੇ ਬੜੇ ਦਾਨੀ ਫ਼ਰੇਬੀ ਵੇਖਣ ਨੂੰ ਮਿਲਦੇ ਨੇ, ਔਰ ਬੜੇ ਬੜੇ ਗਿਆਨੀਆਂ ਦੇ ਹਿਰਦੇ ਬੜੇ ਮਲੀਨ ਦਿਸਦੇ ਨੇ। ਤੋ ਐਸਾ ਕਰਮ, ਜਿਸ ਵਿਚ ਨੀਅਤ ਠੀਕ ਨਹੀਂ, ਚਾਹੇ ਉਹ ਕਿਤਨਾ ਵੀ ਉੱਚਾ ਕਰਮ ਹੈ, ਉਹ ਵੀ ਪਾਪ ਹੈ।

ਸਤਿਗੁਰੂ ਮਹਾਰਾਜ ਸਾਹਿਬ ਬਖ਼ਸ਼ਿਸ਼ ਕਰਨ ਕਿ ਅਸੀਂ ਕਰਮ ਤੇ ਕਰੀਏ, ਪਰ ਨੀਅਤ ਠੀਕ ਨਾਲ। ਅਸੀਂ ਪੁੰਨ ਤੇ ਕਰੀਏ, ਦਾਨ ਤੇ ਕਰੀਏ, ਪਰ ਅੰਦਰੋਂ ਨੀਅਤ ਸਾਫ਼ ਹੋਵੇ, ਤੋ ਐਸਾ ਕੀਤਾ ਹੋਇਆ ਪਾਠ, ਕੀਤਾ ਹੋਇਆ ਕੀਰਤਨ, ਅਰ ਐਸਾ ਕੀਤਾ ਹੋਇਆ ਦਾਨ ਫਿਰ ਫਲੀਭੂਤ ਹੋਵੇਗਾ। ਜਦੋਂ ਸਾਨੂੰ ਇਹ ਅਵਸਥਾ ਮਿਲ ਜਾਵੇਗੀ, "ਕਰਮ ਕਰਤ ਹੋਵੈ ਨਿਹਕਰਮ" ਵਾਲੀ, ਤੋ ਫਿਰ ਮਨ ਦੀ ਹਾਲਤ ਕੁਛ ਹੋਰ ਹੀ ਹੋਵੇਗੀ।

www.archive.org/details/namdhari


Sri Satguru Jagjit Singh Ji eLibrary NamdhariElibrary@gmail.com

# ਚਾਰ ਵਰਣ

ਗੁਰਬਾਣੀ ਦੀ ਇਕ ਤੁਕ ਹੈ:

**ਜੀਅ ਜਾਤਿ ਰੰਗਾ ਕੇ ਨਾਵ ॥੧੬॥** *(ਜਪੁ ਜੀ)*

ਕੁਦਰਤ ਨੇ ਸੰਸਾਰੀ ਜੀਵਾਂ ਦੇ ਵਿਚ ਕਈ ਰੂਪ ਤੇ ਨਸਲਾਂ ਬਣਾ ਦਿੱਤੀਆਂ ਹਨ। ਬਨਸਪਤੀ ਅਤੇ ਪਸ਼ੂ, ਪਕਸ਼ੀਆਂ ਵਿਚ ਜੇ ਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ ਜੀਵ ਇਕ ਹੈ, ਪਰ ਉਸ ਵਿਚ ਨਸਲਾਂ ਬਹੁਤ ਹਨ। ਨਸਲਾਂ ਬਹੁਤ ਹੋਣ ਕਰਕੇ ਸੁਭਾ ਵੀ ਵੱਖੋ ਵੱਖ ਹੋ ਗਿਆ।

ਜੈਸੇ ਅਸੀਂ ਬਨਸਪਤੀ ਵਿਚੋਂ ਅੰਬ ਨੂੰ ਲਈਏ ਤਾਂ ਅਨੇਕਾਂ ਕਿਸਮ ਦੇ ਅੰਬ ਮਿਲਦੇ ਹਨ। ਪਸ਼ੂਆਂ ਵਿਚੋਂ ਗਊ ਨੂੰ ਲਈਏ ਤਾਂ ਗਊ ਦੀਆਂ ਸੈਂਕੜੇ ਹੀ ਨਸਲਾਂ ਹਨ। ਜਿਥੇ ਨਸਲ ਵੱਖ ਵੱਖ ਹੈ,ਉਥੇ ਸੁਭਾ ਵੀ ਵੱਖ ਵੱਖ ਹੈ । ਸ਼ੇਰ ਕਈ ਰੂਪ-ਰੰਗ ਤੇ ਨਸਲਾਂ ਦੇ ਮਿਲਦੇ ਹਨ। ਇਕੋ ਤਰ੍ਹਾਂ ਦੇ ਜੀਵ ਵਿਚ ਉਸ ਕਾਦਰ ਕਰੀਮ ਨੇ ਵੱਖ ਵੱਖ ਰੰਗ, ਵੱਖ ਵੱਖ ਨਸਲਾਂ ਅਤੇ ਵੱਖ ਵੱਖ ਸੁਭਾ ਬਖ਼ਸ਼ ਦਿੱਤੇ ਹਨ।

ਹੂਬਹੂ ਇਹੋ ਨਿਯਮ ਮਨੁੱਖ 'ਤੇ ਵੀ ਲਾਗੂ ਹੈ। ਹਰ ਮਨੁੱਖ ਦਾ ਰੰਗ ਰੂਪ ਤੇ ਨਸਲ ਵੱਖ ਹੈ ਅਰ ਸੁਭਾ ਵੀ ਵੱਖ ਹੈ। ਅੰਤਰੀਵ ਆਤਮਾ ਜਿਹੜੀਆਂ ਨੇ, ਇਹ ਵੀ ਵੱਖ ਨੇ! ਇਹ ਜਿਹੜੀ ਭਿੰਨਤਾ ਹੈ, ਇਸ ਨੂੰ ਕਿਵੇਂ ਮਿਟਾਈਏ ? ਇਸ ਸੰਬੰਧੀ ਅੱਜ ਮੈਂ ਕੁਝ ਵਿਚਾਰ ਤੁਹਾਡੇ ਸਾਹਮਣੇ ਰੱਖਾਂਗਾ।

ਧਰਮ ਕੀ ਹੈ ? 'ਸਮੂਹ ਬ੍ਰਹਿਮੰਡ ਦੀ ਅਨੇਕਤਾ ਵਿਚੋਂ ਇਕ ਨੂੰ ਲੱਭਣਾ'— ਧਰਮ ਇਹ ਹੈ। ਉਂਜ ਅਨੇਕਤਾ ਖ਼ਤਮ ਨਹੀਂ ਹੋਣੀ। ਤੁਸੀਂ ਆਖੋ ਨਾ ਕਿ ਬਈ ਏਕਤਾ ਹੋਵੇ, ਇਹ ਬਿਲਕੁਲ ਝੂਠੇ ਲਾਰੇ ਨੇ। ਕਿਸ ਤਰ੍ਹਾਂ ਏਕਤਾ ਹੋਵੇਗੀ ? ਇਕ ਰੂਪ ਨਹੀਂ, ਇਕ ਰੰਗ ਨਹੀਂ, ਇਕ ਨਸਲ ਨਹੀਂ, ਇਕ ਸੁਭਾ ਨਹੀਂ, ਕਿਸ ਤਰ੍ਹਾਂ ਏਕਤਾ ਹੋਵੇਗੀ ? ਇਕ ਕੱਦ ਨਹੀਂ, ਭਿੰਨਤਾ ਹੈ।

ਏਕਤਾ ਦਾ ਆਧਾਰ ਜੋ ਗੁਰੂ ਨਾਨਕ ਨੇ ਲੱਭਿਆ ਹੈ, 'ਸਮੂਹ ਬ੍ਰਹਿਮੰਡ



Sri Satguru Jagjit Singh Ji eLibrary NamdhariElibrary@gmail.com

ਦੀ ਅਨੇਕਤਾ ਵਿਚੋਂ ਉਸ ਇਕ ਨੂੰ ਲੱਭਣਾ ਤੇ ਉਸ ਇਕ ਨੂੰ ਅਨੇਕਤਾ ਵਿਚ ਨਿਰੂਪਨ ਕਰਨਾ' ਬਸ ਧਰਮ ਦਾ ਇਹੋ ਸਿਧਾਂਤਕ ਨੁਕਤਾ ਹੈ। ਭਾਰਤ ਦੇ ਪੁਰਾਣੇ ਰਿਸ਼ੀ ਮੁਨੀਆਂ ਨੇ ਜੋ ਮਨੁੱਖ ਦੀਆਂ ਬਿਰਤੀਆਂ ਨੂੰ ਪੜ੍ਹਿਆ ਤੇ ਉਹਨਾਂ ਨੇ ਸਮੁੱਚੀ ਮਨੁੱਖਤਾ ਨੂੰ ਚਾਰ ਵਰਣਾਂ ਤੇ ਚਾਰ ਆਸ਼ਰਮਾਂ ਵਿਚ ਤਕਸੀਮ ਕੀਤਾ ਹੈ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਕੀ ਕੀਤਾ ਤੇ ਕੀ ਦਿੱਤਾ, ਇਹ ਮੈਂ ਵਰਣਨ ਕਰਨਾ ਹੈ। ਉਂਜ ਵੀ ਕਿਸੇ ਮਹਾਂਪੁਰਸ਼ ਨੂੰ ਪੜ੍ਹਨਾ ਹੋਵੇ ਤਾਂ ਤਿੰਨ ਗੱਲਾਂ ਹੀ ਵੇਖ ਲੈਣੀਆਂ ਚਾਹੀਦੀਆਂ ਹਨ। ਉਸ ਮਹਾਂਪੁਰਸ਼ ਨੇ ਆਖਿਆ ਕੀ ਹੈ ? ਉਸ ਮਹਾਂਪੁਰਸ਼ ਨੇ ਕੀਤਾ ਕੀ ਹੈ ? ਅਰ ਉਸ ਮਹਾਂਪੁਰਸ਼ ਨੇ ਦਿੱਤਾ ਕੀ ਹੈ ? ਇਹਨਾਂ ਤਿੰਨਾਂ ਗੱਲਾਂ ਤੋਂ ਹੀ ਮਹਾਂਪੁਰਸ਼ ਦੀ ਪਹਿਚਾਨ ਹੋ ਜਾਂਦੀ ਹੈ।

ਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜੋ ਆਖਿਆ ਹੈ, ਜੋ ਕੀਤਾ ਹੈ, ਜੋ ਦਿੱਤਾ ਹੈ, ਸੰਖੇਪ ਵਿਚ ਮੈਂ ਤੁਹਾਡੇ ਸਾਹਮਣੇ ਰੱਖਾਂਗਾ।

ਪੁਰਾਣੇ ਕਿਸੇ ਰਿਸ਼ੀ ਨੇ ਸਮੁੱਚੀ ਮਨੁੱਖਤਾ ਨੂੰ ਚਾਰ ਵਰਣ ਦੇ ਦਿੱਤੇ, ਤੇ ਚਾਰ ਆਸ਼ਰਮਾਂ ਵਿਚ ਤਕਸੀਮ ਕਰ ਦਿੱਤਾ। ਪੁਰਾਣਾ ਰਿਸ਼ੀ ਕਹਿੰਦਾ ਹੈ, 'ਬਈ ਨਸਲਾਂ ਤੇ ਅਣਗਿਣਤ ਨੇ, ਤੇ ਰੰਗ ਰੂਪ ਵੀ ਹਰ ਮਨੁੱਖ ਦਾ ਅਲੱਗ ਅਲੱਗ ਹੈ।' ਸਾਹਿਬ ਜੀ ਕਹਿੰਦੇ ਨੇ :

**ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ॥**
**ਕੋਇ ਨ ਕਿਸ ਹੀ ਜੇਹਾ ਉਪਾਇਆ॥** *(੧੦੫੬)*

ਇਕ ਵਰਗਾ ਦੂਜਾ ਹੈ ਹੀ ਨਹੀਂ। ਇਕ ਵਰਗਾ ਦੂਜੇ ਦਾ ਸੁਭਾ ਨਹੀਂ, ਰੂਪ ਨਹੀਂ, ਰੰਗ ਨਹੀਂ, ਬੁਧ ਨਹੀਂ, ਨਕਸ਼ੋ-ਨਿਗਾਰ ਨਹੀਂ, ਸਭ ਕੁਝ ਵੱਖ ਵੱਖ ਹੈ। ਅਰ ਹੈਰਾਨਗੀ ਹੈ ਕਿ ਨਵੇਂ ਤੋਂ ਨਵੇਂ ਰੂਪ ਕਰਤਾ ਪੁਰਖ ਘੜੀ ਜਾਂਦਾ ਹੈ। ਉਹਦੇ ਕੋਲ ਰੂਪ ਮੁਕਦੇ ਹੀ ਨਹੀਂ। ਨਹੀਂ ਤੇ ਇਕ ਕਵੀ ਕੋਲ ਕਵਿਤਾਵਾਂ ਮੁਕ ਜਾਂਦੀਆਂ ਹਨ ਤੇ ਉਹ ਪੁਰਾਣੀਆਂ ਸੁਣਾਂਦਾ ਹੈ। ਇਕ ਸੰਗੀਤਕਾਰ ਕੋਲ ਸੰਗੀਤ ਦੀਆਂ ਧੁਨਾਂ ਮੁਕ ਜਾਂਦੀਆਂ ਹਨ, ਉਹ ਪੁਰਾਣੀਆਂ ਸੁਣਾਉਣ ਲਗ ਜਾਂਦਾ ਹੈ। ਇਕ ਬੁਤ-ਘਾੜੇ ਕੋਲ ਨਵੀਂ ਕਲਪਨਾ ਖ਼ਤਮ ਹੋ ਜਾਂਦੀ ਹੈ ਤੇ ਮੁੜ ਮੁੜ ਕੇ ਉਹ ਦੁਬਾਰਾ ਘੜਨ ਲਗ ਪੈਂਦਾ ਹੈ।

ਪਰ ਉਹ ਐਸਾ ਘਾੜਾ ਹੈ ਤੇ ਐਸਾ ਸੰਗੀਤਕਾਰ ਤੇ ਐਸਾ ਕਵੀ ਹੈ ਕਿ ਉਸਦੇ ਕੋਲ ਕੁਛ ਮੁਕਦਾ ਹੀ ਨਹੀਂ। ਅਰਬਾਂ ਖਰਬਾਂ ਸਾਲ ਤੋਂ ਦੁਨੀਆ ਬਣਾਈ ਜਾ ਰਿਹਾ ਹੈ, ਪਰ ਇਕ ਵਰਗਾ ਦੂਜਾ ਨਹੀਂ।


Sri Satguru Jagjit Singh Ji eLibrary NamdhariElibrary@gmail.com

ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥
ਕੋਇ ਨ ਕਿਸ ਹੀ ਜੇਹਾ ਉਪਾਇਆ ॥

ਸੋ ਇਕ ਵਰਗਾ ਦੂਜਾ ਹੈ ਹੀ ਨਹੀਂ, ਲੇਕਿਨ ਫਿਰ ਵੀ ਅਜੀਬ ਚਿੰਤਕ ਸਾਡੇ ਦੇਸ ਦੇ ਜੋ ਹੋਏ ਨੇ, ਬਹੁਤ ਗਹਿਰਾ ਉਹਨਾਂ ਨੇ ਚਿੰਤਨ ਕੀਤਾ ਹੈ ਤੇ ਮਨੁੱਖ ਦੇ ਅੰਤਰ-ਆਤਮੇ 'ਚ ਝਾਤ ਮਾਰੀ ਹੈ। ਉਹ ਇਸ ਨਤੀਜੇ 'ਤੇ ਪਹੁੰਚੇ ਕਿ ਮਨੁੱਖ ਦੀਆਂ ਜਿਹੜੀਆਂ ਸੁਭਾਵਕ ਰੁਚੀਆਂ ਹੁੰਦੀਆਂ ਹਨ, ਉਹ ਚਾਰ ਤਰ੍ਹਾਂ ਦੀਆਂ ਹੁੰਦੀਆਂ ਹਨ ਤੇ ਉਹਨਾਂ ਚਾਰ ਰੁਚੀਆਂ ਨੂੰ ਉਹਨਾਂ ਨੇ ਨਾਮ ਵੀ ਦਿੱਤਾ— ਬ੍ਰਾਹਮਣ, ਖਤਰੀ, ਵੈਸ਼ ਤੇ ਸ਼ੂਦਰ।

ਇਹ ਬਿਰਤੀਆਂ ਦੇ ਨਾਮ ਹਨ। ਕਿਸੇ ਭੁਲੇਖੇ ਵਿਚ ਨਾ ਪੈ ਜਾਣਾ ਕਿ ਬਈ ਇਹ ਜ਼ਾਤ ਪਾਤ ਦੇ ਨਾਮ ਹਨ। ਮਨੁੱਖ ਦੇ ਅੰਦਰ ਚਾਰ ਬਿਰਤੀਆਂ ਨੇ, ਉਹਨਾਂ ਬਿਰਤੀਆਂ ਨੂੰ, ਉਹ ਜਿਹੜੀ ਸੁਭਾਵਕ ਰੂਪ ਰੇਖਾ ਮਨੁੱਖ ਦੇ ਅੰਦਰ ਚਲਦੀ ਏ, ਇਹ ਉਸ ਨੂੰ ਦਿੱਤੇ ਗਏ ਨਾਮ ਨੇ।

ਅਗਾਂਹ ਇਹ ਆਖਿਆ ਗਿਆ ਕਿ ਜਿਹੜਾ ਬ੍ਰਾਹਮਣ ਹੈ, ਉਹ ਸਿਰ ਹੈ। ਜਿਹੜਾ ਖਤਰੀ ਹੈ, ਉਹ ਹੱਥ ਹੈ। ਜਿਹੜਾ ਵੈਸ਼ ਹੈ, ਉਹ ਪੇਟ ਹੈ। ਜਿਹੜਾ ਸ਼ੂਦਰ ਹੈ, ਉਹ ਪੈਰ ਹੈ।

ਸ਼ੂਦਰ ਪੈਰ ਹੈ। ਇਸ ਖ਼ਿਆਲ ਨੇ ਕੁਝ ਅਨਗਿਣਤ ਗ਼ਲਤੀਆਂ ਨੂੰ ਵੀ ਜਨਮ ਦਿੱਤਾ ਹੈ। ਲੋਕੀਂ ਸ਼ੂਦਰ ਨੂੰ ਨੀਵਾਂ ਵੀ ਸਮਝਣ ਲਗ ਪਏ। ਹੈ ਜੋ ਪੈਰ ਬਣਿਆ। ਵੈਸ਼ ਜੋ ਹੈ, ਉਹ ਪੇਟ ਹੈ। ਖਤਰੀ ਜਿਹੜਾ ਹੈ, ਉਹ ਹੱਥ ਹੈ। ਬ੍ਰਾਹਮਣ ਜਿਹੜਾ ਹੈ, ਉਹ ਸਿਰ ਹੈ।

ਇਹਨੂੰ ਜ਼ਾਤ ਪਾਤ ਨਾਲ ਨਾ ਲਾ ਲੈਣਾ।

ਬਾਬੇ ਨੇ ਕੀ ਕੀਤਾ ਹੈ ? ਜਿਹੜੀ ਕਰਾਮਾਤ ਤੇ ਕਮਾਲ ਜੋ ਸਾਹਿਬਾਂ ਨੇ ਵਿਖਾਇਆ ਹੈ, ਉਹ ਮੈਂ ਤੁਹਾਡੇ ਸਾਹਮਣੇ ਰੱਖਾਂਗਾ।

ਮਨੁੱਖ ਦੇ ਅੰਦਰ ਵੱਖ ਵੱਖ ਰੁਚੀਆਂ ਨੇ। ਇਕ ਰੁਚੀ ਐਸੀ ਹੁੰਦੀ ਹੈ ਕਿ ਮਨੁੱਖ ਖੋਜਣਾ ਚਾਹੁੰਦਾ ਹੈ ਕਿ ਜ਼ਮੀਨ ਵਿਚ ਕੀ ਹੈ ? ਅਕਾਸ਼ ਵਿਚ ਕੀ ਹੈ ? ਸਰੀਰ ਦੇ ਅੰਦਰ ਕੀ ਹੈ ? ਬ੍ਰਹਿਮੰਡ ਅੰਦਰ ਕੀ ਹੈ ? ਮਨੁੱਖ ਇਸ ਦੀ ਤਹਿ ਵਿਚ ਜਾਣਾ ਚਾਹੁੰਦਾ ਹੈ। ਐਸੀ ਜਿਸ ਦੀ ਖੋਜੀ ਬਿਰਤੀ ਹੁੰਦੀ ਹੈ, ਉਸ ਨੂੰ ਸਾਡੇ ਦੇਸ ਵਿਚ ਰਿਸ਼ੀ ਕਹਿੰਦੇ ਹਨ। ਇਹ ਬ੍ਰਾਹਮਣ ਹੈ, ਇਹ ਸਿਰ ਨੂੰ ਬਹੁਤ ਵਰਤਦਾ ਹੈ, ਹੱਥ ਨੂੰ ਨਹੀਂ ਵਰਤਦਾ, ਇਤਨਾ ਇਹ ਪੇਟ ਦੀ ਵਰਤੋਂ ਬਹੁਤੀ ਨਹੀਂ ਕਰਦਾ। ਇਹ ਸਿਰ ਦੀ ਵਰਤੋਂ ਕਰਦਾ ਹੈ। ਸੋਚਦਾ ਹੀ ਰਹਿੰਦਾ ਹੈ, ਵੀਚਾਰਦਾ ਹੀ ਰਹਿੰਦਾ


Sri Satguru Jagjit Singh Ji eLibrary NamdhariElibrary@gmail.com

ਹੈ। ਜੋ ਹਰ ਵਕਤ ਸੋਚਦਾ ਹੈ, ਉਸ ਮਹ ਪੁਰਸ਼ ਨੂੰ ਆਖਿਆ ਗਿਆ ਹੈ ਬ੍ਰਾਹਮਣ। ਇਸ ਭੁਲੇਖੇ 'ਚ ਨਾ ਪੈਣਾ ਕਿ ਇਹ ਬ੍ਰਾਹਮਣ ਕਿਸੇ ਜ਼ਾਤ ਦਾ ਨਾਮ ਹੈ। ਗੁਰਬਾਣੀ ਨੇ ਇਸ ਗੱਲ ਦੀ ਨਿੰਦਿਆ ਕੀਤੀ ਹੈ:

**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥**
**ਤਉ ਆਨ ਬਾਟ ਕਾਹੇ ਨਹੀ ਆਇਆ॥** (੩੨੪)

ਹੱਥ ਤੋਂ ਕੰਮ ਨਹੀਂ ਲੈਂਦਾ, ਸਿਰ ਤੋਂ ਕੰਮ ਨਹੀਂ ਲੈਂਦਾ, ਜੇ ਕਹੇ ਕਿ ਮੈਂ ਬ੍ਰਾਹਮਣੀ ਦੀ ਕੁਖ ਤੋਂ ਜਨਮ ਲਿਆ ਹੈ। ਕਬੀਰ ਕਹਿੰਦਾ ਹੈ, ਮੈਂ ਨਹੀਂ ਮੰਨਦਾ ਕਿ ਤੂੰ ਬ੍ਰਾਹਮਣ ਹੈਂ। ਜ਼ਾਤ ਕਰਕੇ ਕੋਈ ਬ੍ਰਾਹਮਣ ਨਹੀਂ ਹੈ। ਤੇ ਬ੍ਰਾਹਮਣ ਕਿਸ ਤਰ੍ਹਾਂ ਹੁੰਦਾ ਹੈ?

**ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥**
**ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥੪॥੭॥** (੩੨੪)

ਜੋ ਈਸ਼ਵਰ ਨੂੰ ਵਿਚਾਰਦਾ ਹੈ, ਬ੍ਰਹਮ ਨੂੰ ਵਿਚਾਰਦਾ ਹੈ, ਜੋ ਵਿਚਾਰਾਂ ਦਾ ਹੀ ਪੁਤਲਾ ਹੈ ਤੇ ਸੋਚਦਾ ਹੀ ਰਹਿੰਦਾ ਹੈ ਕਿ ਰੱਬ ਕੀ ਹੈ? ਰੱਬ ਕਿਵੇਂ ਮਿਲੇਗਾ? ਉਸ ਨਾਲ ਮੈਂ ਆਪਣੇ ਆਪ ਨੂੰ ਕਿਵੇਂ ਜੋੜਾਂ? ਤੇ ਲੋਕਾਂ ਨੂੰ ਕਿਸ ਢੰਗ ਨਾਲ ਜੋੜਾਂ? ਹਰ ਵਕਤ ਆਪਣੇ ਦਿਮਾਗ਼ ਨੂੰ ਵਰਤਦਾ ਹੈ। ਫਿਰ ਇਹ ਵੀ ਲੱਭਦਾ ਹੈ ਕਿ ਭੁੱਖ ਕਿਉਂ ਲਗਦੀ ਹੈ? ਪਿਆਸ ਕਿਉਂ ਲਗਦੀ ਹੈ? ਇਹਦਾ ਕਾਰਨ ਕੀ ਹੈ? ਅਰ ਉਹ ਫਿਰ ਇਸ ਗੱਲ ਦੀ ਵੀ ਖੋਜ ਕਰਦਾ ਹੈ ਕਿ ਇਹ ਤ੍ਰਿਸ਼ਨਾ ਕਿਉਂ ਨਹੀਂ ਮਿਟਦੀ? ਆਹ ਮਨੁੱਖ ਦੀਆਂ ਲੋੜਾਂ ਤਾਂ ਬਹੁਤ ਥੋੜ੍ਹੀਆਂ ਨੇ, ਤ੍ਰਿਸ਼ਨਾ ਕਿਉਂ ਜ਼ਿਆਦਾ ਹੈ?

ਲੋੜਾਂ ਤੇ ਬੰਦੇ ਦੀਆਂ ਤੋਲੀਆਂ ਜਾ ਸਕਦੀਆਂ ਨੇ, ਤ੍ਰਿਸ਼ਨਾ ਨਹੀਂ ਤੋਲੀ ਜਾ ਸਕਦੀ। ਲੋੜਾਂ ਤੇ ਬੰਦੇ ਦੀਆਂ ਨਾਪੀਆਂ ਜਾਂ ਸਕਦੀਆਂ ਨੇ, ਲੋਭ ਨਹੀਂ ਨਾਪਿਆ ਜਾ ਸਕਦਾ। ਐਸਾ ਕਿਉਂ ਹੈ? ਤੇ ਰਿਸ਼ੀ ਨੂੰ ਸੋਚਣਾ ਪਿਆ ਹੈ। ਲੋੜਾਂ ਥੋੜ੍ਹੀਆਂ ਤੇ ਲੋਭ ਬਹੁਤ ਵੱਡਾ ਹੈ। ਲੋੜਾਂ ਬਹੁਤ ਥੋੜ੍ਹੀਆਂ ਨੇ, ਤ੍ਰਿਸ਼ਨਾ ਬਹੁਤ ਵੱਡੀ ਹੈ। ਤੇ ਸੰਤੁਲਨ ਵਿਗੜ ਗਿਆ, ਇਸ ਗੱਲ ਦੀ ਉਹ ਖੋਜ ਕਰਦਾ ਰਿਹਾ ਰਿਸ਼ੀ।

ਫਿਰ ਉਸ ਨੇ ਇਹ ਵੀ ਖੋਜ ਕੀਤੀ ਕਿ ਕ੍ਰੋਧ ਕੀ ਹੈ? ਵੈਰ ਕੀ ਹੈ? ਵਿਰੋਧ ਕੀ ਹੈ? ਅਰ ਇਸ ਗੱਲ ਦੀ ਵੀ ਖੋਜ ਕਰਦਾ ਰਿਹਾ ਕਿ ਵਾਸ਼ਨਾ ਕੀ ਹੈ? ਨਿਰੰਕਾਰ ਕੀ ਹੈ? ਇਹ ਅਨਾਦੀ ਜਗਤ ਕੀ ਹੈ? ਹਰ ਗੱਲ ਦੀ ਉਹ ਖੋਜ


Sri Satguru Jagjit Singh Ji eLibrary NamdhariElibrary@gmail.com

ਕਰਦਾ ਰਿਹਾ। ਬੇਚੈਨ ਬੜਾ ਸੀ, ਬਈ ਗੱਲ ਦਾ ਮੈਨੂੰ ਪਤਾ ਚਲੇ। ਇਸ ਨੂੰ ਕਹਿੰਦੇ ਨੇ ਬੌਧਿਕ ਭੁੱਖ, ਦਿਮਾਗ਼ੀ ਭੁੱਖ, ਜੋ ਮੈਂ ਜਾਣਨਾ ਚਾਹੁੰਦਾ ਹਾਂ, ਉਹ ਮੈਨੂੰ ਜਾਣਕਾਰੀ ਮਿਲੇ। ਜੋ ਮੇਰੇ ਅੰਦਰ ਸਵਾਲ ਉਠਿਆ ਹੈ, ਉਸ ਦਾ ਮੈਨੂੰ ਜਵਾਬ ਮਿਲੇ। ਐਸੀ ਭੁੱਖ ਜਿਸ ਦੇ ਅੰਦਰ ਹੋਵੇ ਤੇ ਉਸ ਲਈ ਉਹ ਵਸੀਲੇ ਹੀ ਜੁਟਾਏ। ਤੋ ਇਸ ਨੂੰ ਕਹਿ ਦਿੱਤਾ ਬਈ ਇਹ ਬ੍ਰਾਹਮਣ ਹੈ। ਬਹੁਤ ਹੀ ਸਿਰ ਨੂੰ ਵਰਤਦਾ ਹੈ। ਬੜਾ ਹੀ ਸੋਚਦਾ ਹੈ। ਤੋ ਐਸੇ ਪੁਰਸ਼ ਨੂੰ ਆਖਦੇ ਨੇ ਬ੍ਰਾਹਮਣ।

ਦੂਸਰਾ ਸੀ, ਉਹ ਜੋ ਤਾਕਤ ਲੋਚਦਾ ਸੀ। ਬਈ ਹੱਥ ਵਿਚ ਤਲਵਾਰ ਚਾਹੀਦੀ ਹੈ। ਨਾਦਰ ਸ਼ਾਹ ਵਰਗੇ, ਬਾਬਰ ਵਰਗੇ, ਔਰੰਗਜ਼ੇਬ ਵਰਗੇ ਇਹਨਾਂ ਨੂੰ ਅਸੀਂ ਖਤਰੀ ਕਹਿ ਸਕਦੇ ਹਾਂ। ਇਕ ਥਾਂ 'ਤੇ ਸਤਿਗੁਰਾਂ ਦਾ ਵਾਕ ਹੈ:

**ਛਤ੍ਰੀ ਕੌ ਪੂਤ ਹੌ ਬਾਮਨ ਕੋ ਨਹਿ॥**

ਲੇਕਿਨ ਜਿਸ ਅਵਸਥਾ ਵਿਚ, ਜਿਸ ਢੰਗ ਨਾਲ ਆਖਿਆ ਗਿਆ ਹੈ, ਉਸ ਨੂੰ ਥੋੜ੍ਹਾ ਜਿਹਾ ਸਮਝਣਾ ਹੈ। ਤੇ ਮੈਂ ਇਹ ਚਾਰ ਵਰਣਾਂ ਦੀ ਗੱਲ ਕਹਿ ਦਿਆਂ ਤਾਂ ਪੂਰਨ ਰੂਪ ਵਿਚ ਸਮਝ ਆ ਜਾਏਗੀ:

**ਚਾਰਿ ਬਰਨ ਚਾਰਿ ਆਸ੍ਰਮ ਹੈ.........॥**

(੧੨੯੭)

ਗੁਰਬਾਣੀ ਵਿਚ ਜ਼ਿਕਰ ਆਇਆ ਹੈ, ਆਸ਼ਰਮ ਚਾਰ ਉਹਨਾਂ ਨੇ ਮੰਨੇ ਹਨ। ਉਹ ਕਹਿੰਦੇ ਸਨ: ਮਨੁੱਖ ਜਨਮ ਤੋਂ ਲੈ ਕੇ ਪੰਝੀ ਸਾਲ ਤਕ ਬ੍ਰਹਮਚਾਰੀ ਚਾਹੀਦਾ ਹੈ, ਤੇ ਪੰਝੀ ਸਾਲ ਤੋਂ ਲੈ ਕੇ ਪੰਜਾਹ ਸਾਲ ਤਕ ਉਹਦੀ ਗ੍ਰਹਿਸਥੀ ਜ਼ਿੰਦਗੀ ਹੋਵੇ ਤੇ ਫਿਰ ਪੰਜਾਹ ਸਾਲ ਤੋਂ ਬਾਅਦ ਉਹ ਬਣੇ ਬਾਣ-ਪ੍ਰਸਤੀ। ਬਾਣ-ਪ੍ਰਸਤੀ ਤੋਂ ਮੁਰਾਦ ਉਹਦਾ ਇਕ ਹੱਥ ਸੰਸਾਰ ਵਿਚ ਹੋਵੇ, ਦੂਜਾ ਹੱਥ ਸੰਸਾਰ ਤੋਂ ਚੁਕ ਲਵੇ। ਕਹਾਵਤ ਉਹਨਾਂ ਦੀ ਇਹ ਸੀ ਕਿ ਜਦ ਪੁੱਤਰ ਕੰਮ ਨੂੰ ਹੱਥ ਪਾਣ ਲਗਣ ਤਾਂ ਪਿਤਾ ਆਪਣਾ ਹੱਥ ਉਠਾਣ ਦੀ ਕੋਸ਼ਿਸ਼ ਕਰੇ, ਬਾਣ-ਪ੍ਰਸਤੀ ਦਾ ਇਹ ਮਤਲਬ ਸੀ।

ਬਾਲਮੀਕ ਨੇ ਐਸਾ ਆਖਿਆ ਹੈ, ਕਪਿਲ ਨੇ ਐਸਾ ਆਖਿਆ ਹੈ, ਬਿਆਸ ਨੇ ਐਸਾ ਆਖਿਆ ਹੈ, ਪਾਤੰਜਲੀ ਨੇ ਵੀ ਇਹੀ ਸੰਦੇਸ਼ ਦਿੱਤਾ ਹੈ। ਅਰ ਇਨ੍ਹਾਂ ਸਾਰੇ ਰਿਸ਼ੀ ਮੁਨੀਆਂ ਦੇ ਸੰਦੇਸ਼ ਨੂੰ ਮੰਨੂ-ਸਿਮ੍ਰਿਤੀ ਵਿਚ ਕਲਮ-ਬੰਦ ਕੀਤਾ ਮੰਨੂ ਮਹਾਰਾਜ ਨੇ। ਉਹਨਾਂ ਆਖਿਆ, ਜਦ ਵੀ ਮਨੁੱਖ ਦਾ ਬੱਚਾ ਕੰਮ ਨੂੰ ਹੱਥ ਪਾਣ ਲਗੇ, ਯਾਨੀ ਥੋੜ੍ਹਾ ਜਿਹਾ ਕਰਨ ਲਗ ਪਵੇ, ਤੇ ਪਿਉ ਆਪਣਾ ਇਕ ਹੱਥ ਉਠਾ ਲਵੇ ਤੇ ਜਦ ਪੁੱਤਰ ਦੋਵੇਂ ਹੀ ਹੱਥ ਪਾਣ ਲਗੇ ਤਾਂ ਪਿਉ ਦੋਵੇਂ ਹੀ ਉਠਾ ਲਵੇ।


Sri Satguru Jagjit Singh Ji eLibrary NamdhariElibrary@gmail.com

ਬਾਣ-ਪ੍ਰਸਤੀ ਤੋਂ ਬਾਅਦ ਸੰਨਿਆਸੀ ਬਣੇ, ਬਿਲਕੁਲ ਸੰਸਾਰ ਨਾਲੋਂ ਆਪਣਾ ਸੰਬੰਧ ਤੋੜ ਦੇਵੇ। ਤੇ ਸੰਤੁਸ਼ਟਤਾ ਉਸ ਨੂੰ ਹੋਣੀ ਚਾਹੀਦੀ ਹੈ ਕਿ ਮੇਰਾ ਕੁਛ ਹਿੱਸਾ ਸੰਸਾਰ ਨਾਲ ਜੁੜ ਗਿਆ, ਕਿਉਂ ਜੁ ਪੁੱਤਰ ਆਪਣੇ ਪਿਉ ਦਾ ਹੀ ਹਿੱਸਾ ਹੈ। ਤੇ ਇਹ ਹੁਣ ਨਿਰੰਕਾਰ ਨਾਲ ਜੁੜੇ, ਈਸ਼ਵਰ ਨਾਲ ਜੁੜੇ, ਇਹ ਬਣਾਏ ਗਏ ਚਾਰ ਆਸ਼ਰਮ।

ਅਰ ਚਾਰ ਆਸ਼ਰਮਾਂ ਦੀ ਅਗਾਂਹ ਜੋ ਰੂਪ-ਰੇਖਾ ਬਣਾਈ ਗਈ, ਬਈ ਜੋ ਮਨੁੱਖ ਹੈ, ਇਹਦੇ ਅੰਦਰ ਚਾਰ ਬਿਰਤੀਆਂ ਹੁੰਦੀਆਂ ਹਨ। ਹਰ ਬੰਦਾ ਇਕ ਇਕ ਬਿਰਤੀ ਆਪਣੇ ਅੰਦਰ ਪ੍ਰਧਾਨ ਰੱਖਦਾ ਹੈ। ਜੇ ਉਹ ਦਿਮਾਗ਼ ਨੂੰ ਬਹੁਤ ਹੀ ਵਰਤਦਾ ਹੈ ਤੇ ਹਰ ਵਕਤ ਸੋਚਦਾ ਹੈ, ਤੋ ਉਹ ਬ੍ਰਾਹਮਣ ਹੈ। ਅਰ ਆਖਿਆ ਗਿਆ, ਬ੍ਰਾਹਮਣ ਸਰੀਰ ਦਾ ਸਿਰ ਹੈ। ਕਿਉਂਕਿ ਸੋਚਦਾ ਬੜਾ ਹੈ, ਇਹ ਨਹੀਂ ਕਿ ਬ੍ਰਾਹਮਣ ਦੀ ਕੋਈ ਬਹੁਤ ਵੱਡੀ ਵਡਿਆਈ ਹੈ। ਪੈਰਾਂ ਦੀ ਵੀ ਵਡਿਆਈ ਹੈ। ਸਿਰ ਪੈਰਾਂ 'ਤੇ ਹੀ ਰਖਿਆ ਜਾਂਦਾ ਹੈ। ਸਿਰ ਸਿਰ 'ਤੇ ਨਹੀਂ ਰਖਿਆ ਜਾਂਦਾ। ਮੱਥਾ ਟੇਕਣਾ ਹੋਵੇ ਤੇ ਮਹਾਂਪੁਰਸ਼ਾਂ ਦੇ ਚਰਨਾਂ 'ਤੇ ਰਖਿਆ ਜਾਂਦਾ ਹੈ। ਚਰਨਾਂ ਦੀ ਵੀ ਕੋਈ ਮਹਿਮਾ ਹੈ।

**ਸਭ ਚਿਹਨ ਛਡਿ ਪੂਜੀਅਨਿ..... ।੧੮।੯।**

ਭਾਈ ਗੁਰਦਾਸ ਜੀ ਲਿਖਦੇ ਹਨ: ਸਿਰ ਨੂੰ ਵੀ ਛੱਡ ਦਿੱਤਾ ਜਾਂਦਾ ਹੈ, ਹੱਥਾਂ ਨੂੰ ਵੀ ਛੱਡ ਦਿੱਤਾ ਜਾਂਦਾ ਹੈ, ਅੱਖਾਂ ਨੂੰ ਵੀ ਛੱਡ ਦਿੱਤਾ ਜਾਂਦਾ ਹੈ, ਪੂਜੇ ਚਰਨ ਹੀ ਜਾਂਦੇ ਹਨ। ਚਰਨ ਕੋਈ ਨਖਿੱਧ ਗੱਲ ਨਹੀਂ ਹੈ। ਲੇਕਿਨ ਇਹ ਸਮਝਾਣ ਤੇ ਥੋੜ੍ਹਾ ਜਿਹਾ ਭੁਲੇਖਾ ਪੈ ਗਿਆ। ਲੇਕਿਨ ਰਿਸ਼ੀਆਂ ਦੀ ਖੋਜ ਗ਼ਲਤ ਨਹੀਂ। ਇਸ ਨੂੰ ਗੁਰੂ ਨਾਨਕ ਨੇ ਤਸਲੀਮ ਕੀਤਾ ਹੈ। ਲੇਕਿਨ ਗੁਰੂ ਨਾਨਕ ਨੇ ਥੋੜ੍ਹੀ ਜਿਹੀ ਤਬਦੀਲੀ ਕੀਤੀ, ਤੇ ਜੋ ਕੁਛ ਉਹਨਾਂ ਦੀ ਦੇਣ ਹੈ, ਉਹ ਦੇਣ ਇਤਨੀ ਵੱਡੀ ਹੈ ਕਿ ਉਸ ਦੇਣ ਨੂੰ ਸਮਝਣ ਦੀ ਲੋੜ ਏ, ਤੇ ਉਸ ਦਾ ਜ਼ਿਕਰ ਮੈਂ ਤੁਹਾਡੇ ਸਾਹਮਣੇ ਕਰਦਾ ਹਾਂ।

ਬਈ ਜਿਹੜਾ ਦਿਮਾਗ਼ ਨਾਲ ਬਹੁਤਾ ਹੀ ਸੋਚਦਾ ਹੈ, ਬਈ ਆਪਣੇ ਵਾਸਤੇ ਹੀ ਨਹੀਂ, ਸੰਸਾਰ ਵਾਸਤੇ ਵੀ ਸੋਚਦਾ ਹੈ। ਮੈਂ ਦੁਖੀ ਹਾਂ, ਕਿਉਂ ਹਾਂ ? ਜਗਤ ਕਿਉਂ ਦੁਖੀ ਹੈ ? ਮੈਂ ਬੇਚੈਨ ਕਿਉਂ ਹਾਂ ? ਮੇਰਾ ਪੜੋਸੀ ਬੇਚੈਨ ਕਿਉਂ ਹੈ ? ਇਹ ਵੈਰ ਕੀ ਹੈ ? ਇਹ ਵਿਰੋਧ ਕੀ ਹੈ ? ਇਹ ਤ੍ਰਿਸ਼ਨਾ ਕੀ ਹੈ ? ਕ੍ਰੋਧ ਕੀ ਹੈ ਤੇ ਕਿਥੋਂ ਪੈਦਾ ਹੁੰਦਾ ਹੈ ? ਕਿਉਂ ਪੈਦਾ ਹੁੰਦਾ ਹੈ ? ਇਹ ਸ਼ਾਂਤ ਕਿਉਂ ਨਹੀਂ ਹੁੰਦੇ ? ਇਸ ਢੰਗ ਦੀ ਜੋ ਬਾਰ ਬਾਰ ਵੀਚਾਰ ਕਰਦਾ ਹੈ, ਅਰ ਕਰਦਾ ਹੀ ਰਹਿੰਦਾ



Sri Satguru Jagjit Singh Ji eLibrary NamdhariElibrary@gmail.com

ਹੈ, ਤੇ ਸੋਚਦਾ ਹੀ ਰਹਿੰਦਾ ਹੈ, ਐਸੇ ਪੁਰਸ਼ ਨੂੰ ਆਖਿਆ ਗਿਆ ਬ੍ਰਾਹਮਣ। ਇਹ ਮਹਾਨ ਹੈ। ਤੇ ਭਾਵ ਸਿਰ ਉੱਚਾ ਹੈ, ਸਿਰ (ਦਿਮਾਗ਼) ਨੂੰ ਬਹੁਤ ਵਰਤਦਾ ਹੈ।

ਦੂਸਰਾ ਮੰਨਿਆ ਗਿਆ ਹੈ ਖਤਰੀ। ਬਈ ਇਹ ਹੱਥਾਂ ਦਾ ਹੀ ਬਹੁਤਾ ਇਸਤੇਮਾਲ ਕਰਦਾ ਹੈ। ਖਤਰੀ ਦਾ ਮਤਲਬ ਹੈ ਹੱਥ, ਮੁੱਠੀ ਹੀ ਅਗੇ ਕਰਦਾ ਹੈ, ਦਿਮਾਗ਼ ਨੂੰ ਅਗੇ ਨਹੀਂ ਕਰਦਾ, ਦਿਮਾਗ਼ ਦੀ ਵਰਤੋਂ ਹੀ ਨਹੀਂ ਕਰਦਾ, ਤਲਵਾਰ ਦੀ ਵਰਤੋਂ ਹੀ ਕਰਦਾ ਹੈ। ਜੋਸ਼ ਹੈ, ਹੋਸ਼ ਕੋਈ ਨਹੀਂ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਾਨੂੰ ਜੋਸ਼ ਤੇ ਹੋਸ਼ ਦੋਵੇਂ ਹੀ ਦਿੱਤੇ ਨੇ। ਠੀਕ ਹੈ ਕਿਸੇ ਥਾਂ 'ਤੇ ਤੂੰ ਜੋਸ਼ ਤੋਂ ਵੀ ਕੰਮ ਕਰ ਲੈ, ਪਰ ਜੋਸ਼ ਵਿਚ ਹੁੰਦਿਆਂ ਹੋਇਆਂ ਤੂੰ ਹੋਸ਼ ਤੋਂ ਵੀ ਕੰਮ ਲੈ। ਐਸਾ ਨਾ ਹੋਵੇ ਕਿ ਤੂੰ ਬੇਹੋਸ਼ ਹੋ ਜਾਵੇਂ ਤੇ ਤੇਰੇ ਵਿਚ ਹੋਸ਼ ਰਵੇ ਹੀ ਨਾ। ਕਈ ਦਫ਼ਾ, ਜਦ ਬੜੇ ਮਨੁੱਖਾਂ ਤੋਂ ਅਨਰਥ ਹੋ ਜਾਂਦਾ ਹੈ, ਉਹਨਾਂ 'ਚ ਜੋਸ਼ ਤੇ ਹੁੰਦਾ ਹੈ, ਹੋਸ਼ ਕੋਈ ਨਹੀਂ। ਤੇ ਐਸੇ ਜੋਸ਼ ਤੋਂ ਗ਼ਲਤ ਕੰਮ ਹੁੰਦੇ ਨੇ। ਐਸੇ ਜਜ਼ਬਿਆਂ ਤੋਂ ਗ਼ਲਤ ਕੰਮ ਹੋਣਗੇ। ਐਸਾ ਜੋਸ਼ ਮਨੁੱਖ ਨੂੰ ਕਿਸੇ ਟਿਕਾਣੇ 'ਤੇ ਨਹੀਂ ਪਹੁੰਚਾਂਦਾ।

ਖਤਰੀ ਦਾ ਮਤਲਬ ਹੈ ਜੋ ਆਪਣੇ ਹੱਥ ਮਜ਼ਬੂਤ ਕਰਨਾ ਚਾਹੁੰਦਾ ਹੈ, ਇਤਨੇ ਮਜ਼ਬੂਤ ਕਿ ਲੱਖਾਂ ਬਾਹਵਾਂ ਉਸ ਦੇ ਅਗੇ ਜੁੜ ਜਾਣ। ਹੱਥ ਜੋੜਨ ਦਾ ਮਤਲਬ ਕੀ ਹੈ ਕਿ ਅਸੀਂ ਤਸਲੀਮ ਕੀਤੀ ਤੇਰੀ ਤਾਕਤ। ਅਸੀਂ ਤੇਰੀ ਈਨ ਮੰਨ ਲਈ। ਤੇ ਜਿਹੜਾ ਮਨੁੱਖ ਆਪਣੇ ਹੱਥਾਂ ਨੂੰ ਇਤਨਾ ਮਜ਼ਬੂਤ ਕਰਦਾ ਹੈ, ਤੇ ਰੁਚੀ ਵੀ ਉਸ ਦੀ ਇਸੇ ਗੱਲ ਵਿਚ ਹੈ ਕਿ ਮੇਰੇ ਹੱਥ ਇਤਨੇ ਮਜ਼ਬੂਤ ਹੋਵਣ ਕਿ ਲੱਖਾਂ ਹੱਥ ਮੇਰੇ ਅਗੇ ਜੁੜ ਜਾਣ, ਕਿਸੇ ਦਾ ਹੱਥ ਉਠੇ ਹੀ ਨਾ, ਹਰ ਮਨੁੱਖ ਦਾ ਹੱਥ ਨੀਵਾਂ ਹੋਵੇ, ਹਰ ਮਨੁੱਖ ਦਾ ਸਿਰ ਨੀਵਾਂ ਹੋਵੇ। ਐਸਾ ਮਨੁੱਖ ਜੋ ਤਾਕਤ ਲੱਭਣ ਦੀ ਕੋਸ਼ਿਸ਼ ਕਰਦਾ ਸੀ, ਉਸ ਨੂੰ ਆਖਿਆ ਗਿਆ ਖਤਰੀ।

ਤੀਜਾ ਸੀ ਉਹ, ਜੋ ਹਰ ਵਕਤ ਪੇਟ ਦੇ ਹੀ ਫ਼ਿਕਰ ਵਿਚ ਰਹਿੰਦਾ ਸੀ। ਧਨ ਦੇ ਫ਼ਿਕਰ ਵਿਚ ਹੀ ਸੀ। ਹੱਥ ਕਮਜ਼ੋਰ ਹੁੰਦੇ ਨੇ ਤੇ ਹੋਵਣ, ਸਿਰ ਨੂੰ ਵਰਤਣਾ ਹੀ ਨਹੀਂ, ਦਿਮਾਗ਼ ਨੂੰ ਵਰਤਣਾ ਹੀ ਨਹੀਂ। ਪੇਟ ਨੂੰ ਹੀ ਵਰਤਣਾ ਹੈ। ਇਹ ਭਰਿਆ ਰਹਿਣਾ ਚਾਹੀਦਾ ਹੈ, ਤੇ ਇਸ ਦੇ ਭਰਨ ਦਾ ਸਾਗਰ ਜੋ ਤਿਜੌਰੀ ਹੈ, ਉਹ ਵੀ ਭਰੀ ਰਹਿਣੀ ਚਾਹੀਦੀ ਹੈ। ਜਿਸ ਦੀ ਬਿਰਤੀ ਇਸ ਪੇਟ ਦੇ ਆਲੇ ਦੁਆਲੇ ਘੁੰਮਦੀ ਹੈ, ਉਸਨੂੰ ਕਹਿੰਦੇ ਨੇ 'ਵੈਸ਼', 'ਬਾਣੀਆ'। ਤੀਜਾ ਨੰਬਰ ਉਸਦਾ ਸੀ, ਹੱਥਾਂ ਤੋਂ ਬਾਅਦ ਵਿਚ। ਬਈ ਧਨ ਕਮਾਣ ਤੋਂ ਸਿਵਾ ਕੁਛ ਸੋਚਦਾ ਹੀ ਨਹੀਂ। ਜੇ ਗੁਰਦਵਾਰੇ ਵੀ ਆਵੇਗਾ, ਜੇ ਕਿਸੇ ਸੰਤ ਸਾਧ ਦੀ ਪੂਜਾ ਵੀ ਕਰੇਗਾ


Sri Satguru Jagjit Singh Ji eLibrary NamdhariElibrary@gmail.com

ਤਾਂ ਅੰਦਰੋਂ ਇਹੀ ਸੋਚੇਗਾ ਕਿ ਇਥੋਂ ਮੈਨੂੰ ਕਿੰਨਾ ਕੁ ਲਾਭ ਹੋ ਸਕਦਾ ਹੈ।

ਮੈਂ ਦੋ ਗੱਲਾਂ ਹੋਰ ਤੁਹਾਡੇ ਸਾਹਮਣੇ ਰੱਖਾਂ। ਮਨੁੱਖ ਬੁਰਾਈ ਵੀ ਉਦੋਂ ਕਰਦਾ ਹੈ, ਜਦ ਬੁਰਾਈ 'ਚ ਲਾਭ ਹੋਵੇ। ਤੇ ਬੰਦਾ ਨੇਕੀ ਵੀ ਉਦੋਂ ਕਰਦਾ ਹੈ ਜਦ ਨੇਕੀ 'ਚੋਂ ਲਾਭ ਦਿਖੇ। ਜੇ ਇਹਨੂੰ ਪਤਾ ਚਲ ਜਾਏ ਨਾ, ਕਿ ਬੁਰਾਈ ਵਿਚ ਨੁਕਸਾਨ ਹੈ ਤੇ ਸ਼ਾਇਦ ਕਰੇ ਹੀ ਨਾ। ਤੇ ਜੇ ਇਸ ਨੂੰ ਇਹ ਵੀ ਪਤਾ ਚਲ ਜਾਏ ਕਿ ਇਸ ਨੇਕੀ ਵਿਚ ਨੁਕਸਾਨ ਹੈ ਤੇ ਇਹਨੇ ਫਿਰ ਨੇਕੀ ਵੀ ਨਹੀਂ ਕਰਨੀ। ਗੱਲ ਨਫ਼ੇ ਦੀ ਹੈ। ਨਫ਼ੇ ਦੀ ਖ਼ਾਤਰ ਬੁਰਾ ਵੀ ਕਰ ਛੱਡਣਾ ਹੈ ਤੇ ਨਫ਼ੇ ਖ਼ਾਤਰ ਭਲਾ ਵੀ ਕਰ ਛੱਡਣਾ ਹੈ। ਐਸੇ ਬੰਦੇ ਨੂੰ ਕਿਹਾ ਗਿਆ 'ਬਾਣੀਆ', 'ਵੈਸ਼'। ਨਫ਼ੇ ਦੀ ਖ਼ਾਤਰ ਕਿਸੇ ਦੀ ਪੱਤ ਲਾਹ ਵੀ ਛੱਡਣੀ ਹੈ ਤੇ ਨਫ਼ੇ ਦੀ ਖ਼ਾਤਰ ਕਿਸੇ ਦੀ ਪੱਗ ਬੰਨ੍ਹ ਵੀ ਛੱਡਣੀ ਹੈ। ਗੱਲ ਸਾਰੀ ਨਫ਼ੇ ਦੀ ਹੈ। ਬਿਰਤੀ ਇਥੇ ਹੀ ਖੜੀ ਹੈ।

ਜੇ ਲੰਗਰ ਵੀ ਗੁਰਦਵਾਰੇ ਦਾ ਚਲਾਣਾ ਹੈ ਤੇ ਦੇਖਣਾ ਹੈ ਕਿ ਗੁਰੂ ਕਿਤਨਾ ਵੱਧ ਨਫ਼ਾ ਦੇਵੇਗਾ। ਜੇ ਨਹੀਂ ਦੇਵੇਗਾ ਤਾਂ ਗੁਰੂ ਵੀ ਛੱਡ ਦਿਆਂਗੇ, ਗੁਰੂ ਵੀ ਬਦਲ ਲਵਾਂਗੇ। ਇਹ ਵੈਸ਼ ਜਾਂ ਬਾਣੀਆ ਬਿਰਤੀ ਹੁੰਦੀ ਹੈ। ਅੱਠੇ ਪਹਿਰ ਬਿਰਤੀ ਧਨ ਦੇ ਦੁਆਲੇ ਰਹਿਣੀ।

ਮੈਂ ਇਹਨਾਂ ਦੋ ਬਿਰਤੀਆਂ ਨੂੰ ਪੜ੍ਹਨ ਦੀ ਕੋਸ਼ਿਸ਼ ਕੀਤੀ, ਬ੍ਰਾਹਮਣ ਤੇ ਵੈਸ਼ ਨੂੰ। ਅਰ ਇਹ ਗ਼ਲਤ ਨਹੀਂ ਕਿ ਤੁਸੀਂ ਦੋ ਦਿਨ ਕਿਸੇ ਦੀ ਸੰਗਤ ਕਰੋ, ਤੇ ਤੁਹਾਨੂੰ ਪਤਾ ਚਲ ਜਾਏਗਾ ਕਿ ਇਹ ਕਿਸ ਰੁਚੀ ਦਾ ਮਾਲਕ ਹੈ। ਬਾਣੀਆ ਹੈ ਜਾਂ ਸ਼ੂਦਰ, ਖਤਰੀ ਹੈ ਜਾਂ ਬ੍ਰਾਹਮਣ, ਫ਼ੌਰਨ ਪਤਾ ਚਲ ਜਾਏਗਾ :

**ਬੋਲਤ ਹੀ ਪਹਿਚਾਨੀਏ, ਸਾਧ, ਅਸਾਧ, ਕੁਖਾਟ॥**
**ਅੰਤਰ ਕੀ ਕਰਨੀ ਸਭ ਨਿਕਸੇ ਮੁਖ ਕੀ ਬਾਤ॥**

ਦੋ ਦਿਨਾਂ ਦੀ ਸੰਗਤ ਦੱਸ ਦੇਵੇਗੀ ਕਿ ਮਨੁੱਖ ਕਿਥੇ ਖੜਾ ਹੈ ?

ਤੇ ਧਰਮ ਕੀ ਹੈ ? ਬ੍ਰਾਹਮਣ ਕੀ ਹੈ ? ਸਿਰ। ਸਿਰ ਹੀ ਸੋਚਦਾ ਹੈ, ਧਰਮ ਦਾ ਵਾਸਾ ਵੀ ਏਥੇ ਹੀ ਹੁੰਦਾ ਹੈ। ਦਸਮ ਦੁਆਰਾ ਵੀ ਇਥੇ ਹੀ ਮੰਨਿਆ ਗਿਆ ਹੈ। ਮੈਂ ਅਕਸਰ ਸੰਗਤਾਂ ਸਾਹਮਣੇ ਕਹਿੰਦਾ ਹੁੰਦਾ ਹਾਂ ਕਿ ਧਰਮ ਸਿਰ ਦੀ ਪੱਗ ਹੈ। ਧਨ ਪੈਰਾਂ ਦੀ ਜੁੱਤੀ। ਲੇਕਿਨ ਜੁਤੀ ਵੀ ਚਾਹੀਦੀ ਹੈ, ਸਰਦੀ ਗਰਮੀ ਤੋਂ ਬਚਣ ਵਾਸਤੇ, ਕੰਕਰਾਂ ਤੋਂ ਬਚਣ ਵਾਸਤੇ, ਪੈਰਾਂ 'ਚ ਜੁੱਤੀ ਚਾਹੀਦੀ ਹੈ। ਲੇਕਿਨ ਮੈਂ ਇਤਨੀ ਅਰਜ਼ ਹੋਰ ਕਰ ਦਿਆਂ ਕਿ ਜਦ ਵੀ ਗੁਰਦਵਾਰੇ ਆਣਾ ਹੋਵੇ ਤਾਂ ਜੁੱਤੀ ਲਾਹਣੀ ਪੈਂਦੀ ਹੈ, ਪੱਗ ਨਹੀਂ ਲਾਹਣੀ ਪੈਂਦੀ। ਅੰਦਰ ਜੁੱਤੀ ਨਹੀਂ ਆ ਸਕਦੀ, ਪੱਗ ਆ ਸਕਦੀ ਹੈ।

ਇਥੇ ਧਰਮ ਤੇ ਆ ਸਕਦਾ ਹੈ, ਧਨ ਦਾ ਮਾਣ ਨਹੀਂ ਆ ਸਕਦਾ। ਬਿਲਕੁਲ ਨਹੀਂ ਆ ਸਕਦਾ। ਜੁੱਤੀ ਬਾਹਰ ਹੀ ਰਖਣੀ ਪਵੇਗੀ। ਕੋਈ ਕੋਈ ਲੈ ਆਉਂਦੇ ਨੇ, ਤਦੇ ਹੀ ਜੁੱਤੀਆਂ ਖੜਕਦੀਆਂ ਨੇ, ਮੈਂ ਐਸਾ ਕਈ ਥਾਵਾਂ 'ਤੇ ਵੇਖਿਆ ਹੈ। ਭੁਲੇਖੇ 'ਚ ਲੈ ਆਉਂਦੇ ਨੇ। ਕਈ ਗੁਰਦਵਾਰਿਆਂ 'ਚ ਜਦ ਜੁੱਤੀਆਂ ਖੜਕਦੀਆਂ ਨੇ ਤਾਂ ਉਹ ਜੁੱਤੀ ਲੈ ਆਉਂਦੇ ਨੇ। ਭਾਵੇਂ ਪੈਰਾਂ ਦੀ ਜੁੱਤੀ ਬਾਹਰ ਲਾਹ ਆਏ ਨੇ, ਪਰ ਧਨ ਦੀ ਜੁੱਤੀ ਦਾ ਮਾਣ ਆਪਣੇ ਨਾਲ ਲੈ ਆਏ ਨੇ।

ਰਵਿੰਦਰ ਨਾਥ ਟੈਗੋਰ ਨੇ *ਗੀਤਾਂਜਲੀ* 'ਚ ਇਕ ਬੜੀ ਸੋਹਣੀ ਸਾਖੀ ਲਿਖੀ ਹੈ। ਇਕ ਯਾਤਰੀ ਬੰਗਾਲ ਚੋਂ ਬਿੰਦਰਾਬਨ ਗਿਆ। ਕ੍ਰਿਸ਼ਨ ਜੀ ਦੇ ਮੰਦਿਰ 'ਚ ਜਦੋਂ ਦਾਖ਼ਲ ਹੋਣ ਲੱਗਾ ਤੇ ਮੰਦਿਰ ਦਾ ਨਿਯਮ ਇਹ ਹੈ ਕਿ ਸਾਜੋ-ਸਮਾਨ ਅੰਦਰ ਨਹੀਂ ਜਾ ਸਕਦਾ। ਤੇ ਉਸ ਯਾਤਰੀ ਨੇ ਗਠੜੀ ਰੱਖ ਦਿੱਤੀ, ਛੱਤਰੀ ਰੱਖ ਦਿੱਤੀ, ਲੋਟਾ ਰੱਖ ਦਿੱਤਾ। ਜੋ ਕੁਛ ਸਫ਼ਰ ਦਾ ਸਾਮਾਨ ਸੀ, ਉਹ ਉਸਨੇ ਬਾਹਰ ਰੱਖ ਦਿੱਤਾ ਤੇ ਜਾਣ ਲੱਗਾ ਅੰਦਰ। ਤੇ ਦਵਾਰਪਾਲ ਨੇ ਫਿਰ ਰੋਕਿਆ, ਬਈ ਨਹੀਂ ਜਾ ਸਕਦਾ। ਆਖਣ ਲੱਗਾ ਕਿ ਸ਼ਰਤ ਦੀ ਪੂਰਤੀ ਮੈਂ ਕਰ ਦਿੱਤੀ, ਸਾਮਾਨ ਤੇ ਮੈਂ ਹੁਣ ਬਾਹਰ ਰੱਖ ਦਿੱਤਾ ਹੈ, ਮੈਨੂੰ ਅੰਦਰ ਜਾਣ ਦੇ। ਦਵਾਰਪਾਲ ਕਹਿਣ ਲੱਗਾ, ਪਹਿਲਾਂ ਤੇ ਇਹ ਗਠੜੀ ਸਿਰ 'ਤੇ ਚੁਕੀ ਸੀ, ਹੁਣ ਮਨ ਦੇ ਵਿਚ ਲਈ ਜਾ ਰਿਹਾ ਹੈਂ। ਹੁਣ ਤੇਰੇ ਮਨ ਨੇ ਚੁਕ ਲਈ ਹੈ। ਹੁਣ ਤੇਰਾ ਧਿਆਨ ਗਠੜੀ 'ਚ ਹੈ।

ਤੇ ਇਸ ਤਰੀਕੇ ਨਾਲ ਕਈ ਜੁੱਤੀਆਂ ਨਾਲ ਹੀ ਲੈ ਆਉਂਦੇ ਹਨ, ਤਦੇ ਹੀ ਜੁੱਤੀਆਂ ਖੜਕ ਪੈਂਦੀਆਂ ਹਨ।

ਧਨ ਕੀ ਹੈ ? ਪੈਰਾਂ ਦੀ ਜੁੱਤੀ। ਧਰਮ ਕੀ ਹੈ ? ਸਿਰ ਦੀ ਪੱਗ। ਚਲਦਿਆਂ ਚਲਦਿਆਂ ਕਿਸੇ ਦੀ ਜੁੱਤੀ ਲਹਿ ਜਾਵੇ, ਅਸੀਂ ਨਹੀਂ ਕਹਿੰਦੇ ਕਿ ਬਈ ਫ਼ਲਾਣੇ ਦੀ ਜੁੱਤੀ ਲਹਿ ਗਈ। ਕੋਈ ਕਹਿੰਦਾ ਹੈ ? ਨਹੀਂ। ਪਰ ਜੇ ਚਲਦਿਆਂ ਚਲਦਿਆਂ ਕਿਸੇ ਦੀ ਪੱਗ ਲਹਿ ਜਾਏ ਤੇ ਕਹਿੰਦੇ ਹਾਂ ਫ਼ਲਾਣੇ ਦੀ ਤੇ ਪੱਗ ਹੀ ਲਹਿ ਗਈ। ਰਿਹਾ ਹੀ ਕੱਖ ਨਹੀਂ, ਪੱਗ ਹੀ ਲਹਿ ਗਈ। ਧਰਮ ਪੱਗ ਹੈ। ਤੇ ਸੱਚ ਜਾਣਿਓ, ਕਈਆਂ ਦੀਆਂ ਪੱਗਾਂ ਲੱਥੀਆਂ ਹੋਈਆਂ ਨੇ। ਐਵੇਂ ਕਹਿਣ ਮਾਤਰ ਹੀ ਧਰਮ ਹੈ।

ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ ਇਕ ਬੰਦਾ ਘਰ ਸਿਰੋਂ ਨੰਗਾ ਆ ਗਿਆ ਤੇ ਮਾਈਆਂ ਰੋਣ ਲੱਗ ਪਈਆਂ। ਪੁਰਾਣਾ ਰਿਵਾਜ ਸੀ ਕਿ ਜੇ ਬੰਦਾ ਸਿਰੋਂ ਨੰਗਾ ਆ ਜਾਏ ਤਾਂ ਲੋਕੀਂ ਸਮਝ ਜਾਂਦੇ ਸਨ ਕਿ ਕੋਈ ਮੌਤ ਹੋ ਗਈ ਹੈ, ਤੇ ਰੋਣ ਲੱਗ ਪੈਂਦੇ ਸਨ। ਕਹਿਣ ਤੋਂ ਮੁਰਾਦ ਹੈ, ਆਹ ਪੱਗ ਸਾਹਿਬਾਂ ਨੇ


Sri Satguru Jagjit Singh Ji eLibrary NamdhariElibrary@gmail.com

ਐਵੇਂ ਨਹੀਂ ਬੰਧਾਈ ਸੀ।

'ਸਾਬਤ ਸੂਰਤਿ ਦਸਤਾਰ ਸਿਰਾ' ਭਜਨ ਬੰਦਗੀ ਵਾਸਤੇ, ਸਿਰ ਨੂੰ ਬਹੁਤਾ ਇਸਤੇਮਾਲ ਕਰਨਾ ਪੈਂਦਾ ਹੈ। ਨੰਗੇ ਸਿਰ, ਸਿਰ ਦੀ ਬਹੁਤ ਸਾਰੀ ਸ਼ਕਤੀ ਮਨੁੱਖ ਦੀ ਨਿਕਲ ਜਾਂਦੀ ਹੈ। ਦਸਤਾਰ ਇਸ ਵਾਸਤੇ ਸੀ ਕਿ ਤਾਕਤ, ਤਾਜ਼ਗੀ ਬਣੀ ਰਹੇ।

ਇਸ ਮਾਮਲੇ 'ਚ ਸਾਧੂ ਸੰਤ ਵੀ ਹੈਰਾਨ ਨੇ ਕਿ ਸਿਖ ਥੋੜ੍ਹਾ ਪਾਠ ਕਰਦਾ ਹੈ ਤੇ ਰਸ ਨਾਲ ਭਰ ਜਾਂਦਾ ਹੈ, ਤੇ ਅਸੀਂ ਦਿਨ ਭਰ ਖਪਦੇ ਰਹਿੰਦੇ ਹਾਂ ਤੇ ਗੱਲ ਨਹੀਂ ਬਣਦੀ। ਇਹ ਅੱਜ ਵੀ ਉਹ ਪੁਛਦਾ ਹੈ, ਕਿ ਬਈ ਸਿਖ ਪੰਜ ਮਿੰਟ ਮਾਲਾ ਫੇਰਦਾ ਹੈ ਤੇ ਉਹ ਰਸ ਨਾਲ ਭਰ ਜਾਂਦਾ ਹੈ ਤੇ ਅਸੀਂ ਸਾਰਾ ਦਿਨ ਖਪਦੇ ਰਹਿੰਦੇ ਹਾਂ ਤਾਂ ਵੀ ਜਾ ਕੇ ਗੱਲ ਨਹੀਂ ਬਣਦੀ। ਕਈ ਸੰਨਿਆਸੀਆਂ ਨੇ ਦਾਸ ਕੋਲੋਂ ਪੁਛਿਆ ਹੈ, ਤੇ ਮੈਂ ਆਪਣੀ ਮੱਤ ਅਨੁਸਾਰ ਕਹਿੰਦਾ ਹੁੰਦਾ ਹਾਂ ਕਿ ਜਿਹੜੀ ਮੱਤ ਤੁਹਾਡੇ ਸਿਰ ਵਿਚ ਹੈ ਨਾ, ਉਹ ਤੇ ਨਿਕਲ ਜਾਂਦੀ ਹੈ, ਰਹਿੰਦੀ ਹੀ ਨਹੀਂ। ਇਕ ਤੇ ਕੇਸ ਕਟਾ ਛਡਦੇ ਹੋ, ਦੂਜਾ ਪੱਗ ਕੋਈ ਨਹੀਂ, ਇਸ ਵਾਸਤੇ ਤਾਜ਼ਗੀ ਤੇ ਤਵਾਨਾਈ ਨੂੰ ਸਾਂਭੀ ਰਖਣ ਲਈ ਤੁਹਾਡੇ ਪਾਸ ਕੋਈ ਵਸਤੂ ਨਹੀਂ। ਐਵੇਂ ਨਹੀਂ ਇਹ ਸਤਿਗੁਰ ਨੇ ਸਾਨੂੰ ਦਿੱਤੀ, ਤੇ ਐਵੇਂ ਨਹੀਂ ਪੁਰਾਣੇ ਰਿਸ਼ੀ ਮੁਨੀ ਜੂੜੇ ਤੇ ਜਟਾਂ ਰਖਦੇ ਸਨ। ਬੋੜ੍ਹ ਦੇ ਦੁੱਧ ਨਾਲ ਜੂੜਾ ਬਹੁਤ ਵੱਡਾ ਬਣਾ ਲੈਂਦੇ ਸਨ। ਸਾਰੇ ਸਿਰ ਨੂੰ ਕੇਸਾਂ ਨਾਲ ਕੱਜ ਲੈਂਦੇ ਸਨ। ਇਹਦੇ ਪਿਛੇ ਬੜੇ ਵਿਗਿਆਨਕ ਤੱਥ ਨੇ। ਖ਼ੈਰ!

ਮੈਂ ਅਰਜ਼ ਕਰ ਰਿਹਾ ਸੀ ਕਿ ਜਿਸ ਮਨੁੱਖ ਦੀ ਬਿਰਤੀ ਧਨ ਦੇ ਹੀ ਆਲੇ ਦੁਆਲੇ ਘੁੰਮਦੀ ਹੈ, ਪੇਟ ਦੇ ਹੀ ਦੁਆਲੇ ਘੁੰਮਦੀ ਹੈ, ਪੇਟ ਤੋਂ ਬਿਨਾਂ ਕੁਛ ਸੋਚਦਾ ਹੀ ਨਹੀਂ ਤੇ ਇਹ ਭਰਿਆ ਰਹਿਣਾ ਚਾਹੀਦਾ ਹੈ, ਖ਼ਾਲੀ ਬਿਲਕੁਲ ਹੋਵੇ ਹੀ ਨਾ, ਤੇ ਇਸ ਤਿਜੌਰੀ ਦੀ ਵੀ ਚਿੰਤਾ ਹੈ। ਸਾਰਾ ਸਮਾਂ ਜਿਹੜਾ ਮਨੁੱਖ ਇਸ ਕੰਮ ਵਿਚ ਲਾਵੇ ਉਸਨੂੰ ਕਹਿੰਦੇ ਨੇ 'ਵੈਸ਼', 'ਬਾਣੀਆ'।

ਇਕ ਜ਼ਮਾਨਾ ਸੀ ਕਿ ਸਾਡੇ ਦੇਸ਼ ਵਿਚ ਬ੍ਰਾਹਮਣ ਬੜੇ ਸਨ। ਹਰ ਬੰਦਾ ਦਿਮਾਗ਼ ਵਰਤਦਾ ਸੀ, ਹਰ ਬੰਦਾ ਸੋਚਦਾ ਸੀ। ਸਹਿਜੇ ਸਹਿਜੇ ਫਿਰ ਖਤਰੀ ਵਧ ਗਏ, ਤਲਵਾਰ ਦੇ ਧਨੀ ਵਧ ਗਏ। ਰਾਜਪੂਤਾਂ ਦਾ ਜ਼ਮਾਨਾ ਸੀ, ਨਹੀਂ ਵਰਤਣਾ ਦਿਮਾਗ਼, ਤਲਵਾਰ ਦੀ ਗੱਲ ਹੀ ਚਲਦੀ ਸੀ। ਤੇ ਸਹਿਜੇ ਸਹਿਜੇ ਤਲਵਾਰ ਦੀ ਗੱਲ ਵੀ ਨਹੀਂ ਰਹੀ। ਹੁਣ ਪੇਟ ਦੀ ਗੱਲ ਹੀ ਰਹਿ ਗਈ ਹੈ। ਹੁਣ ਤਾਂ ਸਿਖ ਵੀ ਨਿਰੇ ਬਣੀਏ ਬਣ ਕੇ ਹੀ ਰਹਿ ਗਏ ਨੇ, ਹੋਰ ਕੁਝ ਨਹੀਂ,


Sri Satguru Jagjit Singh Ji eLibrary NamdhariElibrary@gmail.com

ਅਗਾਂਹ ਕੁਛ ਗੱਲ ਹੀ ਨਹੀਂ।

ਅਰ ਚੌਥੀ ਬਿਰਤੀ ਉਹ ਹੈ ਜਿਸ ਨੂੰ ਪੁਰਾਣੇ ਆਲਮਾਂ ਨੇ 'ਸ਼ੂਦਰ' ਦਾ ਨਾਮ ਦਿੱਤਾ ਹੈ। ਕਿਸ ਤਰ੍ਹਾਂ ਪਹਿਚਾਨ ਕਰੋਗੇ ਕਿ ਬਈ ਇਹ ਸ਼ੂਦਰ ਹੈ ? ਬਈ ਉਹ ਭਾਰੀ ਕੰਮ ਤੇ ਕਰ ਸਕੇ, ਪਰ ਬਾਰੀਕ ਕੰਮ ਨਾ ਕਰ ਸਕੇ। ਜੈਸੇ ਉਸ ਨੂੰ ਆਖੋ ਬਈ ਤੂੰ ਕੀਰਤਨ ਸਿਖ ਲੈ, ਯਾ ਇਥੇ ਵਾਹਿਗੁਰੂ ਸ਼ਬਦ ਦਾ ਜਾਪ ਕਰ, ਤੇ ਉਹ ਨਾ ਕਰ ਸਕੇ। ਤੇ ਉਸ ਨੂੰ ਕਹੀਏ ਬਈ ਤੂੰ ਦਾਲ ਬਣਾ ਲੈ, ਭਾਂਡੇ ਸਾਫ਼ ਕਰ ਲੈ, ਰੋਟੀਆਂ ਪਕਾ ਲੈ। ਕਹਿੰਦਾ ਹੈ, ਤਿਆਰ ਹੈ, ਅਰ ਚਾਰ ਘੰਟੇ ਵੀ ਰੋਟੀਆਂ ਪਕਾਂਦਿਆਂ ਥੱਕੇ ਨਾ ਤੇ ਪੰਜ ਮਿੰਟ ਵੀ ਵਾਹਿਗੁਰੂ ਆਖਦਿਆਂ ਥੱਕ ਜਾਏ, ਤੇ ਇਥੋਂ ਬਿਰਤੀ ਦੀ ਪਹਿਚਾਨ ਹੁੰਦੀ ਹੈ।

ਸ਼ੂਦਰ ਦਾ ਮਤਲਬ ਹੈ, ਪੈਰਾਂ ਨੂੰ ਤਾਂ ਵਰਤ ਸਕਦੇ ਹਾਂ, ਸਿਰ ਨੂੰ ਨਹੀਂ। ਤੇ ਪੈਰਾਂ ਨੇ ਸਾਰੇ ਸਰੀਰ ਦਾ ਵਜ਼ਨ ਚੁਕਿਆ ਹੈ—ਪੇਟ ਦਾ ਵੀ, ਹੱਥਾਂ ਦਾ ਵੀ ਤੇ ਸਿਰ ਦਾ ਵੀ। ਇਸ ਵਾਸਤੇ ਸ਼ੂਦਰ ਦੀ ਪੂਜਾ ਵੀ ਹੈ।

ਮਹਾਤਮਾ ਬੁੱਧ ਇਕ ਵਾਰ ਸ਼ੂਦਰਾਂ ਦੇ ਮਹੱਲੇ 'ਚੋਂ ਲੰਘੇ ਤੇ ਇਕ ਦਵਾਰ 'ਤੇ ਦਸਤਕ ਦਿੱਤੀ, ਪਾਣੀ ਮੰਗਿਆ। ਦਵਾਰ ਖੋਲ੍ਹਿਆ, ਇਕ ਚਮਾਰ ਦੀ ਘਰਵਾਲੀ ਨੇ। ਮਹਾਤਮਾ ਬੁੱਧ ਕਹਿਣ ਲਗੇ, 'ਪਾਣੀ ਚਾਹੀਦਾ ਹੈ।' ਉਹ ਬੀਬੀ ਕਹਿਣ ਲੱਗੀ, 'ਤੁਹਾਡੇ ਪੀਲੇ ਰੰਗ ਦੇ ਕਪੜੇ, ਤੁਹਾਡਾ ਲਿਬਾਸ ਦੱਸਦਾ ਪਿਆ ਹੈ ਕਿ ਤੁਸੀਂ ਸਾਧੂ ਹੋ ਤੇ ਅਸੀਂ ਚਮਾਰ ਹਾਂ। ਤੁਸੀਂ ਪਾਣੀ ਕਿਸੇ ਹੋਰ ਥਾਂ ਤੋਂ ਪੀਓ। ਇਹ ਤੇ ਸ਼ੂਦਰਾਂ ਦਾ ਮਹੱਲਾ ਹੈ, ਗ਼ਲਤ ਥਾਂ 'ਤੇ ਆ ਗਏ ਹੋ।' ਮਹਾਤਮਾ ਬੁੱਧ ਆਖਣ ਲੱਗੇ, 'ਤੁਹਾਨੂੰ ਨੀਵਾਂ ਆਖਣ ਵਾਲਾ ਹੀ ਖ਼ੁਦ ਨੀਵਾਂ ਹੋਵੇਗਾ।'

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਮਹਾਂਵਾਕ ਹੈ :

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥**
**ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ॥** *(੧੫)*

ਸ਼ੂਦਰ ਨੇ ਬੜਾ ਵਜ਼ਨ ਚੁਕਿਆ ਹੈ। ਜੇ ਉਹ ਮੇਹਨਤ ਨਾ ਕਰੇ, ਬਹੁਤੇ ਭਾਰੀ ਕੰਮ ਨਾ ਕਰੇ, ਤੇ ਨਾ ਸੜਕਾਂ ਬਣਨੀਆਂ ਨੇ ਅਤੇ ਨਾ ਹੀ ਮਕਾਨ। ਨਾ ਕਪੜਾ ਤਿਆਰ ਹੋਵੇ ਅਤੇ ਨਾ ਹੀ ਰੇਲ-ਗੱਡੀਆਂ ਚਲਣ। ਇਹ ਮੇਹਨਤੀ ਬੰਦੇ ਹੀ ਬਣਾਂਦੇ ਨੇ, ਜੋ ਭਾਰਾ ਕੰਮ ਕਰ ਸਕਦੇ ਨੇ, ਜੋ ਕਿਰਤੀ ਬੰਦੇ ਨੇ।

ਲੇਕਿਨ ਬਦਕਿਸਮਤੀ ਹੁਣ ਇਹ ਹੈ ਕਿ ਅਸੀਂ ਕਿਰਤੀ ਨੂੰ ਸ਼ੂਦਰ ਮੰਨ ਲਿਆ, ਤੇ ਸ਼ੂਦਰ ਦੇ ਅਰਥ ਬੜੇ ਨੀਵੇਂ ਸਮਝ ਲਏ। ਬਹੁਤੇ ਹੀ ਨੀਵੇਂ। ਸ਼ੂਦਰ


Sri Satguru Jagjit Singh Ji eLibrary NamdhariElibrary@gmail.com

ਦੇ ਅਰਥ ਕੋਈ ਨੀਵੇਂ ਨਹੀਂ ਤੇ ਬ੍ਰਾਹਮਣ ਦੇ ਅਰਥ ਕੋਈ ਖ਼ਾਸ ਨਹੀਂ। ਕੋਈ ਬਹੁਤ ਵੱਡੀ ਗੱਲ ਨਹੀਂ ਹੈ ਬ੍ਰਾਹਮਣ।

ਸੋ ਕਿਰਤੀ ਬੰਦੇ ਨੂੰ ਕਿਹਾ ਗਿਆ ਸ਼ੂਦਰ। ਜੋ ਸਾਡੇ ਵਰਤਣ ਦੀਆਂ ਸਭ ਚੀਜ਼ਾਂ ਨੂੰ ਬਣਾਂਦਾ ਸੀ। ਲੇਕਿਨ ਕਿਰਤੀ ਬੰਦੇ ਨੂੰ ਮੇਹਨਤ ਕਰਨ ਦੇ ਵਿਚ ਰਸ ਸੀ। ਪਰ ਉਹ ਦਿਮਾਗ਼ ਨਹੀਂ ਵਰਤ ਸਕਦਾ ਸੀ। ਦਿਮਾਗ਼ ਦੇ ਵਰਤਣ ਵਿਚ ਉਸ ਨੂੰ ਰਸ ਨਹੀਂ ਸੀ।

ਲਾਹੌਰ ਵਿਚ ਕੜਕਦੀ ਧੁੱਪ 'ਚ ਛੱਜੂ ਭਗਤ ਨੇ ਕੁਝ ਮਜ਼ਦੂਰਾਂ ਨੂੰ ਕੰਮ ਕਰਦਿਆਂ ਦੇਖਿਆ। ਉਸ ਨੂੰ ਬੜਾ ਤਰਸ ਆਇਆ ਕਿ ਬਈ ਇਹ ਸਾਰਾ ਦਿਨ ਇੱਟਾਂ ਢੋਂਦੇ ਨੇ, ਅਰ ਉਹ ਵੀ ਧੁੱਪ 'ਚ ? ਇਸ ਨੇ ਪੁਛ ਲਿਆ, ਮਜ਼ਦੂਰਾਂ ਪਾਸੋਂ, 'ਤੁਸੀਂ ਸਾਰਾ ਦਿਨ ਮੇਹਨਤ ਕਰਦੇ ਹੋ ਤੇ ਤੁਹਾਨੂੰ ਕੀ ਮਿਲਦਾ ਹੈ ?'

ਤੇ ਕਹਿਣ ਲਗੇ, 'ਅੱਠ ਆਨੇ।'

ਛੱਜੂ ਕਹਿਣ ਲੱਗਾ, 'ਮੇਰੇ ਕੋਲ ਆਉਣਾ, ਮੈਂ ਅੱਧੀ ਦਿਹਾੜੀ ਕੰਮ ਕਰਵਾਵਾਂਗਾ ਤੇ ਦਮੜਾ ਪੂਰਾ ਦਿਆਂਗਾ।'

ਤੇ ਸਾਰੇ ਮਜ਼ਦੂਰ ਕਹਿਣ ਲਗੇ, 'ਭਗਤ ਜੀ, ਕੰਮ ਕੀ ਹੋਵੇਗਾ ?'

ਤੇ ਭਗਤ ਜੀ ਕਹਿਣ ਲਗੇ, 'ਕਲ੍ਹ ਨੂੰ ਆਉਣਾ ਫਿਰ ਦੱਸਾਂਗਾ। ਉਹ ਆ ਗਏ ਤੇ ਭਗਤ ਜੀ ਨੇ ਇਕ ਇਕ ਮਾਲਾ ਇਹਨਾਂ ਨੂੰ ਪਕੜਾ ਦਿੱਤੀ ਤੇ ਕਿਹਾ, ਹਰ ਮਣਕੇ ਨਾਲ ਰਾਮ ਰਾਮ ਕਹੀ ਜਾਉ ਤੇ ਸਿਰਫ਼ ਅੱਧਾ ਦਿਨ ਆਖਣਾ ਹੈ ਤੇ ਪੂਰਾ ਦਮੜਾ ਲੈ ਜਾਣਾ। ਲੇਕਿਨ ਸ਼ਰਤ ਹੈ ਕਿ ਇਕ ਦੂਜੇ ਦੀ ਤਰਫ਼ ਵੇਖਣਾ ਨਹੀਂ, ਧਿਆਨ ਤੁਹਾਡਾ ਮਾਲਾ ਦੇ ਮਣਕਿਆਂ 'ਚ ਜਾਂ ਰਾਮ 'ਚ ਹੋਵੇ।

ਪੰਜ ਸਤ ਮਿੰਟ ਤੇ ਵਿਚਾਰਿਆਂ ਨੇ ਕੀਤਾ। ਫਿਰ ਖ਼ਿਆਲ ਆਇਆ, ਐਵੇਂ ਫਸ ਗਏ ਹਾਂ। ਇਹ ਬੜਾ ਔਖਾ ਕੰਮ ਹੈ, ਫਸ ਗਏ ਹੁਣ। ਇੱਟਾਂ ਢੋਂਦੇ ਸੀ ਧੁੱਪ 'ਚ ਉਹ ਤੇ ਠੀਕ ਹੈ, ਪਰ ਮਾਲਾ ਫੇਰਨੀ ਔਖੀ ਹੈ। ਦਸ ਮਿੰਟ ਬਾਅਦ ਜਦ ਇਕ ਦੂਜੇ ਵੱਲ ਵੇਖਣ ਲਗੇ ਤਾਂ ਭਗਤ ਜੀ ਕਹਿਣ ਲਗੇ, 'ਮੇਰੀ ਸ਼ਰਤ ਹੈ ਇਕ ਦੂਜੇ ਨੂੰ ਵੇਖਣਾ ਨਹੀਂ। ਬਿਲਕੁਲ ਧਿਆਨ ਟਿਕਾਉ ਅਤੇ ਆਪਣੇ ਵਿਚਾਰਾਂ ਨੂੰ ਪੜ੍ਹੋ, ਅੰਦਰੋਂ ਤੁਹਾਡੇ ਕੀ ਖ਼ਿਆਲ ਪੈਦਾ ਹੁੰਦੇ ਨੇ, ਉਹਨਾਂ ਨੂੰ ਪੜ੍ਹਨ ਦੀ ਕੋਸ਼ਿਸ਼ ਕਰੋ।'

ਖ਼ੈਰ! ਸਾਖੀਕਾਰ ਇਹ ਕਹਿੰਦਾ ਹੈ ਕਿ ਸਿਰਫ਼ ਤੀਹ ਘੜੀਆਂ ਹੀ ਇਹ ਬੈਠ ਸਕੇ ਤੇ ਮਾਲਾ ਭਗਤ ਜੀ ਦੇ ਅਗੇ ਰੱਖ ਦਿੱਤੀ ਤੇ ਕਿਹਾ, 'ਆ ਚਕ ਤੇਰੀ ਮਾਲਾ, ਅਸੀਂ ਤੇ ਇੱਟਾਂ ਹੀ ਢੋਣੀਆਂ ਨੇ। ਇਹ ਕੰਮ ਸਾਥੋਂ ਨਹੀਂ ਹੋ ਸਕਦਾ।


Sri Satguru Jagjit Singh Ji eLibrary NamdhariElibrary@gmail.com

ਇਹ ਤੇ ਸਿਰ ਖਪਾਣਾ ਪੈਂਦਾ ਹੈ। ਤੇ ਅਸੀਂ ਸਰੀਰ ਨਾਲ ਤੇ ਮੇਹਨਤ ਕਰ ਸਕਦੇ ਹਾਂ, ਪਰ ਦਿਮਾਗ਼ ਨਾਲ ਨਹੀਂ।'

ਰੱਬ ਨੂੰ ਯਾਦ ਕਰਾਂਗੇ ਤੇ ਚੇਤੇ-ਸ਼ਕਤੀ ਨਾਲ ਹੀ ਕਰਾਂਗੇ। ਤੇ ਚੇਤੇ-ਸ਼ਕਤੀ ਨੂੰ ਸਾਡਾ ਦਿਮਾਗ਼ ਪਕੜਦਾ ਹੀ ਨਹੀਂ। ਸੋਚਦਾ ਹੀ ਨਹੀਂ।

ਕਹਿਣ ਤੋਂ ਮੁਰਾਦ ਹੈ ਜਿਸ ਬੰਦੇ ਦਾ ਰਸ ਮੇਹਨਤ ਦੇ ਵਿਚ ਸੀ, ਤੇ ਮੇਹਨਤ ਕਰਦਿਆਂ ਜੋ ਥਕਦਾ ਹੀ ਨਹੀਂ ਸੀ, ਐਸੇ ਪੁਰਸ਼ ਨੂੰ ਆਖਿਆ ਗਿਆ 'ਸ਼ੂਦਰ'। ਬਦਕਿਸਮਤੀ ਇਹ ਹੋਈ ਕਿ ਚੰਦ ਖ਼ੁਦਗਰਜ਼ ਬੰਦਿਆਂ ਨੇ ਇਹ ਆਖਿਆ ਕਿ ਸ਼ੂਦਰ ਨਿਖਿਧ ਹੈ। ਇਤਨੀ ਮੈਂ ਹੋਰ ਅਰਜ਼ ਕਰ ਦਿਆਂ, ਕਿਸੇ ਵੀ ਸਿਖ ਨੂੰ ਮਜ਼ੁਬੀ ਸਿਖ ਜਾਂ ਚਮਾਰ ਸਿਖ ਜਾਂ ਹਰੀਜਨ ਸਿਖ ਨਾ ਆਖਿਆ ਕਰੋ। ਜੋ ਕਹਿੰਦਾ ਹੈ ਉਹ ਗੁਰੂ ਦਾ ਦੇਣਹਾਰ ਹੈ।

ਸਿਖ ਸਿਰਫ਼ ਸਿਖ ਹੈ। ਸਿਖ ਕੋਈ ਵੀ ਨੀਵਾਂ ਜਾਂ ਉੱਚਾ ਨਹੀਂ। ਅਰ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਸਾਹਿਬਾਂ ਨੇ ਪੰਜਾਂ ਨੂੰ ਇਕ ਕਰ ਦਿੱਤਾ ਹੈ, ਭਾਵੇਂ ਕੋਈ ਬ੍ਰਾਹਮਣ ਹੈ, ਭਾਵੇਂ ਕੋਈ ਸ਼ੂਦਰ ਹੈ ਤੇ ਭਾਵੇਂ ਕੋਈ ਖਤਰੀ ਹੈ। ਉਹ ਸਭ ਇਕ ਗੁਰੂ ਦੇ ਸਿਖ ਨੇ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਭ ਤੋਂ ਵੱਡੀ ਦਾਤਿ, ਭਾਈ ਗੁਰਦਾਸ ਜੀ ਮੁਤਾਬਕ ਹੈ:

**ਚਾਰੇ ਪੈਰ ਧਰੱਮ ਦੇ ਚਾਰਿ ਵਰਨਿ ਇਕੁ ਵਰਨੁ ਕਰਾਇਆ।**
**ਰਾਣਾ ਰੰਕੁ ਬਰਾਬਰੀ ਪੈਰੀ ਪਾਵਣਾ ਜਗਿ ਵਰਤਾਇਆ।੨੩।੧।**

ਚਾਰ ਵਰਣਾਂ ਨੂੰ ਇਕ ਕਰ ਛਡਿਆ, ਚਾਰ ਵਰਣ ਚਾਰਾਂ 'ਚ ਨਹੀਂ ਚਾਹੀਦੇ, ਬਾਬੇ ਨਾਨਕ ਨੇ ਨਾਹਰਾ ਲਾਇਆ। ਚਾਰ ਵਰਣ ਇਕੋ ਹੀ ਮਨੁੱਖ ਵਿਚ ਚਾਹੀਦੇ ਨੇ। ਇਹ ਚਾਰ ਤਰ੍ਹਾਂ ਦੇ ਖ਼ਿਆਲ, ਚਾਰ ਤਰ੍ਹਾਂ ਦੇ ਮਨੁੱਖਾਂ 'ਚ ਨਹੀਂ, ਇਕੋ ਹੀ ਮਨੁੱਖ 'ਚ ਚਾਹੀਦੇ ਨੇ। ਤੇ ਇਹ ਨਾਹਰਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੀ ਕਿ ਮੈਂ ਐਸੇ ਮਨੁਖ ਨੂੰ ਜਨਮ ਦੇਣਾ ਹੈ, ਮੈਂ ਬੰਦਾ ਉਹ ਬਣਾਨਾ ਹੈ ਜਿਹੜਾ ਖਤਰੀ ਵੀ ਹੋਵੇਗਾ, ਬ੍ਰਾਹਮਣ ਵੀ ਹੋਵੇਗਾ, ਵੈਸ਼ ਵੀ ਹੋਵੇਗਾ ਤੇ ਸ਼ੂਦਰ ਵੀ ਹੋਵੇਗਾ।

**.....ਚਾਰਿ ਵਰਨਿ ਇਕੁ ਵਰਨੁ ਕਰਾਇਆ।**

ਭਾਈ ਸਾਹਿਬ ਨੇ, ਜਾਪਦਾ ਹੈ ਇਹ ਖ਼ਿਆਲ, ਗੁਰੂ ਨਾਨਕ ਦੇਵ ਜੀ ਦੇ ਸਹਸਕ੍ਰਿਤੀ ਸਲੋਕਾਂ ਤੋਂ ਲਿਆ ਹੈ। ਮਹਾਰਾਜ ਲਿਖਦੇ ਨੇ:


Sri Satguru Jagjit Singh Ji eLibrary NamdhariElibrary@gmail.com

**ਸਰਬ ਸਬਦੰ ਤ ਏਕ ਸਬਦੰ, ਜੇ ਕੋ ਜਾਨਸਿ ਭੇਉ ॥**
**ਨਾਨਕ ਤਾ ਕੋ ਦਾਸੁ ਹੈ, ਸੋਈ ਨਿਰੰਜਨ ਦੇਉ ॥੩॥** (੧੩੫੩)

ਪਹਿਲੇ ਇਹ ਆਖਿਆ ਗਿਆ ਸੀ ਕਿ ਬਈ ਬ੍ਰਾਹਮਣਾਂ ਦਾ ਇਹ ਧਰਮ ਹੈ। ਖਤਰੀਆਂ ਦਾ ਧਰਮ ਇਹ ਹੈ। ਸ਼ੂਦਰ ਦਾ ਧਰਮ ਇਹ ਹੈ ਕਿ ਦੂਜਿਆਂ ਦੀ ਸੇਵਾ ਕਰੇ, ਮੇਹਨਤ ਕਰੇ, ਔਖਾ ਕੰਮ ਕਰੇ। ਪਰ ਸਾਹਿਬਾਂ ਨੇ ਕਿਹਾ, ਕਿਸੇ ਹੱਦ ਤਕ ਤੇ ਠੀਕ ਹੈ, ਪਰ ਕਿਸੇ ਹੱਦ ਤਕ ਗ਼ਲਤ ਵੀ।

ਸ਼ੂਦਰ ਸਾਰੀ ਜ਼ਿੰਦਗੀ ਕਿਉਂ ਸ਼ੂਦਰ ਰਹੇ, ਤੇ ਇਕ ਬਾਣੀਆ ਕਿਉਂ ਸਾਰੀ ਉਮਰ ਬਾਣੀਆ ਹੀ ਰਹੇ, 'ਵੈਸ਼' ਵੈਸ਼ ਹੀ ਰਹੇ। ਗੁਰੂ ਨਾਨਕ ਦੇਵ ਜੀ ਐਸੇ ਬੰਦੇ ਨੂੰ ਅਧੂਰਾ ਮੰਨਦੇ ਨੇ। ਇਕ ਬ੍ਰਾਹਮਣ ਸਿਰਫ਼ ਬ੍ਰਾਹਮਣ ਹੀ ਰਹੇ, ਉਹ ਸਿਰਫ਼ ਸਿਰ ਨੂੰ ਹੀ ਵਰਤੇ, ਕਿਉਂ ? ਉਹ ਹੱਥਾਂ ਨੂੰ ਵੀ ਵਰਤੇ, ਪੇਟ ਨੂੰ ਵੀ ਵਰਤੇ, ਤੇ ਪੈਰਾਂ ਨੂੰ ਵੀ ਵਰਤੇ। ਸਰੀਰ ਇਹਨਾਂ ਸਾਰੇ ਅੰਗਾਂ ਦੇ ਨਾਲ ਹੀ ਸੰਪੂਰਨ ਹੁੰਦਾ ਹੈ।

ਸਾਡਾ ਦੇਸ ਗ਼ੁਲਾਮ ਕਿਉਂ ਹੋਇਆ, ਸਿਰ ਬਹੁਤਾ ਵਰਤਿਆ ਗਿਆ। ਬੜੇ ਬੜੇ ਪੰਡਿਤ, ਜੋਗੀ, ਸੰਨਿਆਸੀ ਸਿਰਫ਼ ਸਿਰ ਹੀ ਵਰਤ ਰਹੇ ਨੇ, ਹੱਥਾਂ ਦੀ ਕੋਈ ਗੱਲ ਨਹੀਂ, ਪੈਰਾਂ ਦੀ ਵੀ ਕੋਈ ਗੱਲ ਨਹੀਂ ਤੇ ਪੇਟ ਦੀ ਤੇ ਉਂਜ ਹੀ ਚਿੰਤਾ ਨਹੀਂ। ਰੁੱਖਾਂ ਦੇ ਪੱਤੇ ਖਾ ਕੇ ਹੀ ਗੁਜ਼ਾਰਾ ਕਰ ਲੈਂਦੇ ਸਨ। ਸਾਡੇ ਦੇਸ ਨੇ ਸਿਰ ਬਹੁਤ ਵਰਤਿਆ ਸੀ, ਹੱਥ ਵਰਤੇ ਹੀ ਨਹੀਂ ਸਨ। ਤੋ ਖਤਰੀ ਖ਼ਤਮ ਹੋ ਗਏ। ਪੇਟ ਦੀ ਵਰਤੋਂ ਵੀ ਨਹੀਂ ਰਹੀ, ਤੋ ਵੈਸ਼ ਵੀ ਨਹੀਂ ਰਹੇ। ਧਨ ਵੀ ਇਕੱਤ੍ਰ ਨਾ ਹੋ ਸਕਿਆ, ਤੋ ਦੇਸ ਨੂੰ ਗ਼ੁਲਾਮ ਵੀ ਹੋਣਾ ਪਿਆ।

ਬਾਬਾ ਨਾਨਕ ਦਾ ਇਹ ਨਾਹਰਾ, ਬਈ ਮੈਂ ਸਿਖ ਉਹ ਬਣਾਣਾ ਹੈ, ਜਿਹੜਾ ਬ੍ਰਾਹਮਣ ਵੀ ਹੋਵੇ, ਦਿਮਾਗ਼ ਵੀ ਵਰਤੇ, ਸਿਰ ਨੂੰ ਵੀ ਵਰਤੇ। ਖਤਰੀ ਵੀ ਹੋਵੇ, ਹੱਥਾਂ ਨੂੰ ਵੀ ਵਰਤੇ। ਵੈਸ਼ ਵੀ ਹੋਵੇ, ਪੇਟ ਭਰਨ ਲਈ ਮੇਹਨਤ ਵੀ ਕਰੇ, ਤੇ ਮੇਹਨਤ ਕਰ ਕੇ ਖਾਏ। ਤੇ ਮੇਹਨਤ ਕਰਨ ਵਾਲਾ ਮਨੁੱਖ ਸ਼ੂਦਰ ਹੁੰਦਾ ਹੈ। ਤੋ ਮੇਰਾ ਸਿਖ ਸ਼ੂਦਰ ਵੀ ਹੋਵੇ।

**.....ਚਾਰਿ ਵਰਨਿ ਇਕੁ ਵਰਨੁ ਕਰਾਇਆ।**

ਬ੍ਰਾਹਮਣ ਕਿਸੇ ਜਾਤ ਦਾ ਨਾਮ ਨਾ ਸਮਝ ਲੈਣਾ। ਬ੍ਰਾਹਮਣ ਹੈ ਇਕ ਖ਼ਿਆਲ ਦਾ ਨਾਂ, ਵੀਚਾਰ ਦਾ ਨਾਂ।

**ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥**
**ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥** (੩੨੪)


Sri Satguru Jagjit Singh Ji eLibrary NamdhariElibrary@gmail.com

ਜੋ ਬ੍ਰਹਮ ਦੀ ਵਿਚਾਰ ਕਰਦਾ ਹੈ, ਅਰ ਹਰ ਵਕਤ ਕਰਦਾ ਰਹਿੰਦਾ ਹੈ, ਸੋਚਦਾ ਹੀ ਰਹਿੰਦਾ ਹੈ, ਇਸ ਢੰਗ ਦੀ ਸੋਚ ਵਾਲੇ ਨੂੰ ਆਖਿਆ ਗਿਆ ਹੈ ਬ੍ਰਾਹਮਣ।

ਮੇਰਾ ਸਿਖ ਨਿਰਾ ਬ੍ਰਾਹਮਣ ਹੀ ਨਾ ਹੋਵੇ, ਇਹ ਖਤਰੀ ਵੀ ਹੋਵੇ, ਇਹਦੇ ਹੱਥ ਕਮਜ਼ੋਰ ਨਹੀਂ ਚਾਹੀਦੇ। ਇਹ ਨਾ ਹੋਵੇ ਕਿ ਜਣਾ ਖਣਾ ਇਹਦੀ ਪੱਗ ਲਾਹ ਛਡੇ, ਜਣਾ ਖਣਾ ਇਹਦੀ ਬੇਇਜ਼ਤੀ ਕਰ ਛਡੇ। ਇਹ ਇਤਨਾ ਕਮਜ਼ੋਰ ਨਹੀਂ ਚਾਹੀਦਾ। ਹੱਥਾਂ ਵਿਚ ਤਾਕਤ ਚਾਹੀਦੀ ਹੈ, ਮਜ਼ਬੂਤੀ ਚਾਹੀਦੀ ਹੈ। ਲੇਕਿਨ ਕਈ ਬੰਦੇ ਤਾਕਤ ਤੇ ਚਾਹੁੰਦੇ ਨੇ ਕਿ ਸਾਰੀ ਕੌਮ ਸਾਡੇ ਸਾਹਮਣੇ ਝੁਕੇ, ਪਰ ਦਿਮਾਗ਼ ਨਹੀਂ ਵਰਤਦੇ। ਜੇ ਸ਼ਾਇਦ ਦਿਮਾਗ਼ ਵਰਤਿਆ ਜਾਂਦਾ ਤਾਂ ਸਾਡੀ ਕੌਮ ਨੇ ਬਹੁਤ ਤਰੱਕੀ ਕਰਨੀ ਸੀ। ਸਿਰਫ਼ ਹੱਥ ਹੀ ਵਰਤੇ ਨੇ, ਤਾਕਤ ਚਾਹੀਦੀ ਹੈ, ਜ਼ਿਹਨ ਨਹੀਂ ਵਰਤਿਆ। ਤੇ ਨਿਰਾ ਜਿਹੜਾ ਹੱਥਾਂ ਨੂੰ ਵਰਤੇਗਾ, ਦਿਮਾਗ਼ ਨੂੰ ਨਹੀਂ, ਉਹ ਮਨੁੱਖ ਜ਼ਾਲਮ ਹੋ ਜਾਏਗਾ, ਬੇਇਨਸਾਫ਼ ਹੋ ਜਾਏਗਾ। ਖ਼ੁਦਗ਼ਰਜ਼ ਹੋ ਜਾਏਗਾ। ਅਰ ਇਹੋ ਜਿਹੇ ਦੇ ਹੱਥ ਜੇ ਮਜ਼ਬੂਤ ਹੋ ਜਾਣ ਤੇ ਇਹੋ ਜਿਹਾ ਕਈਆਂ ਦੇ ਹੱਥ ਕੱਟ ਕੇ ਰੱਖ ਦੇਂਦਾ ਹੈ, ਕਈਆਂ ਨੂੰ ਨਿਮਾਣਾ ਨਿਤਾਣਾ ਵੀ ਬਣਾ ਕੇ ਰੱਖ ਦੇਂਦਾ ਹੈ।

ਸੋ ਬ੍ਰਾਹਮਣ ਹੋਣਾ ਪਹਿਲੀ ਸ਼ਰਤ ਹੈ। ਸਿਰ ਪਹਿਲੇ ਹੈ। ਸਿਰ 'ਤੇ ਚੋਟ ਮਨੁੱਖ ਨਹੀਂ ਸਹਾਰ ਸਕਦਾ। ਹੱਥਾਂ ਅਤੇ ਪੈਰਾਂ 'ਤੇ ਜੇ ਕੋਈ ਚੋਟ ਲਗ ਗਈ ਹੈ ਤੇ ਸਹਾਰੀ ਜਾ ਸਕਦੀ ਹੈ, ਜਿਸਮ 'ਤੇ ਚੋਟ ਸਹਾਰੀ ਜਾ ਸਕਦੀ ਹੈ, ਪਰ ਸਿਰ 'ਤੇ ਚੋਟ ਸਹਾਰਨੀ ਬਹੁਤ ਔਖੀ ਹੈ।

ਖਿਮਾ ਕਰਨੀ, ਧਨ ਨੂੰ ਚੋਟ ਲਗੇ, ਸਿਖ ਸਹਾਰ ਸਕਦਾ ਹੈ, ਧਰਮ ਨੂੰ ਚੋਟ ਲਗੇ, ਸਿਖ ਨਹੀਂ ਸਹਾਰ ਸਕਦਾ। ਅਰ ਜੋ ਸਹਾਰ ਸਕਦਾ ਹੈ ਮੈਂ ਸਮਝਦਾ ਹਾਂ ਸਿਰ ਹੈ ਹੀ ਕੋਈ ਨਹੀਂ, ਕੋਈ ਪੱਥਰ ਹੋਣਾ ਹੈ। ਬਈ ਧਰਮ ਨੂੰ ਚੋਟ ਲਗੇ ਤੇ ਤੂੰ ਚੁਪ ਰਹੇਂ, ਤੇਰੇ ਮੂੰਹ 'ਚੋਂ ਕੋਈ ਸੀ ਨਾ ਨਿਕਲੇ। ਤੇ ਸਿਰ ਹੈ ਵੀ ਸਹੀ ਕਿ ਸਿਰ ਲਥਿਆ ਹੋਇਆ ਹੈ ? ਸੱਚ ਜਾਣੋ ਕਈਆਂ ਦੇ ਸਿਰ ਲਥੇ ਹੋਏ ਨੇ। ਪੱਗ ਲਹਿ ਜਾਏ ਤੇ ਸਿਰ ਆਪੇ ਹੀ ਲਥਿਆ ਹੋਇਆ ਹੈ। ਕਿਉਂਕਿ ਦਸਤਾਰ ਸਿਰ 'ਤੇ ਹੀ ਹੁੰਦੀ ਹੈ, ਜਿਸ ਦਾ ਸਿਰ ਹੀ ਨਹੀਂ ਰਿਹਾ, ਉਹਨੇ ਦਸਤਾਰ ਕੀ ਬੰਨ੍ਹਣੀ ਹੈ ?

ਤੇ ਸਾਹਿਬਾਂ ਦੀ ਸ਼ਰਤ ਸੀ ਕਿ ਸਿਖ ਦਿਮਾਗ਼ੀ ਵੀ ਚਾਹੀਦਾ ਹੈ, ਤੇ ਹੱਥ ਵਿਚ ਸਿਖ ਦੇ ਤਾਕਤ ਵੀ ਚਾਹੀਦੀ ਹੈ। ਪਰ ਜਿਥੇ ਸਿਖ ਖਤਰੀ ਹੋਵੇ, ਉਥੇ


Sri Satguru Jagjit Singh Ji eLibrary NamdhariElibrary@gmail.com

ਉਹ ਵੈਸ਼ ਵੀ ਚਾਹੀਦਾ ਹੈ। ਮੇਰਾ ਸਿਖ ਗ਼ਰੀਬ ਭਿਖਾਰੀ ਨਹੀਂ ਚਾਹੀਦਾ, ਇਹ ਗੁਰੂ ਨਾਨਕ ਦੀ ਮੰਗ ਸੀ। ਮੇਰਾ ਸਿਖ ਧਨਾਢ ਵੀ ਹੋਵੇ। ਅਰ ਅਸੀਂ ਫ਼ਖ਼ਰ ਨਾਲ ਕਹਿ ਸਕਦੇ ਹਾਂ ਕਿ ਹੋਰ ਕੌਮਾਂ ਵਿਚ ਤੁਹਾਨੂੰ ਮੰਗਤੇ ਮਿਲ ਜਾਣਗੇ, ਪਰ ਸਿਖ ਕੌਮ ਵਿਚ ਇਕ ਵੀ ਮੰਗਤਾ ਨਹੀਂ। ਇਹ ਬਾਬੇ ਦੀ ਮੇਹਰ ਹੈ। ਮੇਰਾ ਸਿਖ ਵੈਸ਼ ਵੀ ਹੋਵੇ ਤੇ ਫਿਰ ਨਿਰਾ ਵੈਸ਼ ਵੀ ਨਾ ਹੋਵੇ, ਖਤਰੀ ਵੀ ਹੋਵੇ। ਖਤਰੀ ਦਾ ਅਰਥ ਹੈ ਸੂਰਬੀਰ। ਤੇ ਮਨੁੱਖ, ਜਦ ਨਿਰਾ ਬਾਣੀਆ ਬਣ ਜਾਏਗਾ ਤੇ ਧਰਮ ਵੀ ਨਿਰਾ ਧੰਦਾ ਹੀ ਬਣ ਕੇ ਰਹਿ ਜਾਏਗਾ। 'ਧਰਮ' ਧਰਮ ਨਹੀਂ ਰਹੇਗਾ। ਸਤਿਗੁਰੂ ਕਹਿੰਦੇ ਨੇ, ਐ ਸਿਖ ਤੂੰ ਇਸ ਢੰਗ ਨਾਲ ਜੀ, ਕਿ ਤੇਰਾ ਧੰਦਾ ਹੀ ਧਰਮ ਬਣ ਜਾਏ। ਤੂੰ ਤਕੜੀ ਵੀ ਤੋਲ ਤੇ 'ਤੇਰਾ' 'ਤੇਰਾ' ਆਖ ਕੇ। 'ਤੇਰੇ' ਨਾਲ ਹੀ ਜੁੜ ਜਾ। ਤੋਲ ਤਕੜੀ, ਪਰ ਜੁੜ ਉਸ ਨਾਲ।

ਅਰ ਅਸੀਂ ਰਵੀਦਾਸ ਨੂੰ ਵੇਖਦੇ ਹਾਂ, ਉਹ ਨਿਰਾ ਜੁੱਤੀਆਂ ਹੀ ਨਹੀਂ ਗੰਢਦਾ, ਜਿੰਨੀ ਦੇਰ ਵਿਚ ਜੁੱਤੀ ਗੰਢਦਾ ਹੈ, ਉਤਨੀ ਦੇਰ 'ਚ ਅਗਲੇ ਦਾ ਮਨ ਵੀ ਗੰਢ ਕੇ ਰੱਖ ਦਿੰਦਾ ਹੈ। ਤੇ ਨਾਮਦੇਵ ਨਿਰੇ ਕਪੜੇ ਹੀ ਨਹੀਂ ਰੰਗਦਾ, ਉਹ ਕਹਿੰਦਾ ਹੈ :

**ਰਾਂਗਨਿ ਰਾਂਗਉ ਸੀਵਨਿ ਸੀਵਉ ॥**
**ਰਾਮ ਨਾਮ ਬਿਨੁ ਘਰੀਅ ਨ ਜੀਵਉ ॥੨॥** *(੪੮੫)*

ਉਥੇ ਉਹ ਲੋਕਾਂ ਦਾ ਮਨ ਵੀ ਰੰਗ ਛਡਦਾ ਹੈ, ਰਾਮ ਨਾਮ ਦੇ ਨਾਲ। ਉਹਦਾ ਧੰਦਾ ਧਰਮ ਹੈ। ਤੇ ਧੰਦੇ ਨੂੰ ਧਰਮ ਬਣਾਣਾ ਹੈ। ਧਰਮ ਨੂੰ ਬੰਦਾ ਨਹੀਂ ਬਣਾਣਾ। ਨਿਰਾ ਵੈਸ਼ ਹੀ ਨਹੀਂ ਬਣਨਾ।

ਪਰ ਅਗਾਂਹ ਚਲ ਕੇ ਸਤਿਗੁਰੂ ਨੇ ਕਿਹਾ ਹੈ ਕਿ ਮੇਰਾ ਸਿਖ ਨਿਰਾ ਵੈਸ਼ ਹੀ ਨਹੀਂ, ਸ਼ੂਦਰ ਵੀ ਬਣੇ। ਉਹ ਭਾਰੀ ਕੰਮ ਕਰਨ ਦੀ ਵੀ ਸਮਰੱਥਾ ਰਖਦਾ ਹੋਵੇ। ਹੁਣ ਸਿਮਰਨ, ਕੀਰਤਨ, ਕਥਾ ਇਹਨੇ ਕਰਨੀ ਹੈ, ਤੇ ਲੰਗਰ ਕੌਣ ਬਣਾਏ ? ਉਹ ਵੀ ਮੇਰਾ ਸਿਖ ਹੀ ਬਣਾਏ, ਤੇ ਸ਼ੂਦਰ ਵੀ ਚਾਹੀਦਾ ਹੈ। ਭਾਵ ਮੇਹਨਤੀ ਵੀ ਹੋਣਾ ਲਾਜ਼ਮੀ ਹੈ।

ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਕ ਗੁਰੂ ਨਾਨਕ ਦਾ ਸਿਖ ਮੁਕੰਮਲ ਹੋ ਚੁਕਿਆ ਸੀ। ਤੇ ਸਾਹਿਬਾਂ ਨੇ ਪੂਰਨਤਾ ਦੀ ਮੋਹਰ ਲਾ ਦਿੱਤੀ।

ਜਿਸ ਵਰਣ ਦੀ ਤੁਹਾਡੇ ਅੰਦਰ ਘਾਟ ਹੋਵੇ, ਉਸਨੂੰ ਪੂਰਨ ਕਰਨਾ। ਤਾਂ ਹੀ ਮੁਕੰਮਲ ਸਿਖ ਬਣੋਗੇ। ਵਰਨਾ ਨਹੀਂ। ਜੇ ਸਿਰ ਨੂੰ ਨਹੀਂ ਵਰਤਿਆ ਤੇ ਇਹਦੀ ਵਰਤੋਂ ਕਰੋ। ਜੇ ਪੈਰਾਂ ਨੂੰ ਨਹੀਂ ਵਰਤੋਗੇ ਤੇ ਆਲਸੀ ਹੋ ਜਾਵੋਗੇ। ਕਿਰਤ ਕਰਨੀ


Sri Satguru Jagjit Singh Ji eLibrary NamdhariElibrary@gmail.com

ਮਨੁੱਖ ਦਾ ਮੁਖ ਫ਼ਰਜ਼ ਹੈ। ਤੇ ਨਿਰਾ ਖਤਰੀ ਵੀ ਨਹੀਂ ਬਣਨਾ, ਅਰ ਨਿਰਾ ਬ੍ਰਾਹਮਣ ਵੀ ਨਹੀਂ। ਚਾਰੇ ਗੁਣ ਇਕ ਸਿਖ ਵਿਚ ਮੁਕੰਮਲ ਹੋਣੇ ਚਾਹੀਦੇ ਹਨ, ਤਾਂ ਜਾ ਕੇ ਸਿਖ ਪੂਰਨ ਸਿਖ ਹੈ।

**.....ਚਾਰਿ ਵਰਨਿ ਇਕੁ ਵਰਨੁ ਕਰਾਇਆ॥**

ਜਿਸ ਸਿਖ ਅੰਦਰ ਇਹ ਚਾਰੇ ਗੁਣ ਹੋਵਣ, ਜੇਕਰ ਉਸ ਦੇ ਚਰਨਾਂ 'ਚ ਸਿਜਦਾ ਵੀ ਕਰ ਦਿੱਤਾ ਜਾਏ, ਤੇ ਕੋਈ ਹਰਜ ਨਹੀਂ।

**ਜੋ ਦੀਸੈ ਗੁਰਸਿਖੜਾ, ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥**

(੭੬੩)

ਸਾਹਿਬ ਬਖ਼ਸ਼ਸ਼ ਕਰਨ, ਸਾਡੇ ਅੰਦਰ ਚਾਰੇ ਵਰਣਾਂ ਦੀ ਝਲਕ ਨਜ਼ਰ ਆਵੇ। ਵੇਖਣ ਵਾਲਾ ਕਹਿ ਸਕੇ ਕਿ ਸਿਖ ਚਾਰੇ ਵਰਣਾਂ ਦੀ ਰੂਪ-ਰੇਖਾ ਹੈ।

ਇਹ ਤੇ ਬ੍ਰਾਹਮਣ ਵੀ ਹੈ, ਸ਼ੂਦਰ ਵੀ ਹੈ, ਵੈਸ਼ ਵੀ ਹੈ ਅਤੇ ਖਤਰੀ ਵੀ ਹੈ।

ਸਾਹਿਬ ਐਸੀ ਮਹਾਨ ਦਾਤਿ ਸਾਡੀ ਝੋਲੀ ਵਿਚ ਪਾਣ ਤਾਂਕਿ ਅਸੀਂ ਮੁਕੰਮਲ ਸਿਖ ਬਣ ਸਕੀਏ।


Sri Satguru Jagjit Singh Ji eLibrary NamdhariElibrary@gmail.com

# ਤਸ਼ਬੀਹਾਂ

ਚੰਗੇ ਪੁਰਸ਼ਾਂ ਵਾਸਤੇ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਕੁ ਚੰਗੀਆਂ ਤਸ਼ਬੀਹਾਂ ਮੌਜੂਦ ਨੇ, ਅਤੇ ਮਾੜੇ ਪੁਰਸ਼ਾਂ ਵਾਸਤੇ ਮਾੜੀਆਂ ਤਸ਼ਬੀਹਾਂ। ਜਿਵੇਂ ਸੰਸਾਰਕ ਦੁਨੀਆ ਵਿਚ ਗਾਲ੍ਹਾਂ ਹਨ ਨਾ, ਧਾਰਮਿਕ ਦੁਨੀਆ ਵਿਚ ਵੀ ਕੁਝ ਗਾਲ੍ਹਾਂ ਹਨ। ਚੂੰਕਿ ਸੰਸਾਰ ਕੁਛ ਨੀਵੇਂ ਪੱਧਰ ਦਾ ਹੈ, ਇਸ ਕਰਕੇ ਸੰਸਾਰਕ ਗਾਲ੍ਹਾਂ ਵੀ ਕੁਛ ਨੀਵੇਂ ਪੱਧਰ ਦੀਆਂ ਹਨ, ਤੇ ਧਰਮ ਉੱਚਾ ਹੈ ਤੇ ਧਰਮ ਦੀਆਂ ਗਾਲ੍ਹਾਂ ਉੱਚੀਆਂ ਹਨ। ਲੇਕਿਨ ਕੱਢਣੀਆਂ ਪੈਂਦੀਆਂ ਹਨ। ਨਿਖਿਧ ਕਹਿਣਾ ਪੈਂਦਾ ਹੈ। ਕਿਸੇ ਬੰਦੇ ਨੂੰ ਧਰਮ ਤੋਂ ਡਿਗਿਆ ਹੋਇਆ ਕਿਹਾ ਜਾਏ, ਤਾਂ ਇਹ ਬਹੁਤ ਵੱਡੀ ਗਾਲ੍ਹ ਹੈ।

ਕਿਸੇ ਨੂੰ ਕਾਫ਼ਰ ਕਹਿ ਦੇਣਾ ਇੰਜ ਹੀ ਹੈ, ਜਿਵੇਂ ਕਿਸੇ ਸੁਹਾਗਣ ਨੂੰ ਵਿਧਵਾ ਕਹਿ ਦੇਈਏ। ਜੇ ਕਿਸੇ ਦੀ ਧਾਰਮਿਕ ਮੰਦਿਰ ਵਿਚ ਬੈਠਿਆਂ ਹੋਇਆਂ ਵੀ ਸੁਰਤ ਖ਼ਰਾਬ ਹੈ ਤਾਂ ਉਸ ਨੂੰ ਕਹਿੰਦੇ ਹਾਂ ਕਿ ਬਈ ਇਹ ਤੇ ਬਿਲਕੁਲ ਬਗਲਾ ਹੀ ਹੈ, ਇਹ ਉਹਨੂੰ ਇਕ ਗਾਲ੍ਹ ਹੈ।

ਤੋ ਪਾਖੰਡੀ ਜੋ ਹੈ ਨਾ ਉਸਨੂੰ ਆਖਿਆ ਗਿਆ ਹੈ 'ਬਗਲਾ'। ਅਰ ਜੋ ਸਤਿਵਾਦੀ ਹੈ ਉਸਨੂੰ ਕਿਹਾ ਗਿਆ ਹੈ 'ਹੰਸ'। ਜਿਵੇਂ ਕਿ :

**ਕਿਆ ਬਗੁ ਬਪੁੜਾ ਛਪੜੀ ਨਾਇ ॥**
**ਕੀਚੜਿ ਡੂਬੈ ਮੈਲੁ ਨ ਜਾਇ ॥** *(੬੮੫)*

ਅਤੇ

**ਗੁਰੁ ਸਾਗਰੁ ਰਤਨੀ ਭਰਪੂਰੇ ॥**
**ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥** *(੬੮੫)*

ਧਰਮ ਦੇ ਪਾਖੰਡੀ ਪੁਰਸ਼ਾਂ ਨੂੰ ਗੁਰੂ ਗ੍ਰੰਥ ਸਾਹਿਬ ਮਹਾਰਾਜ ਨੇ ਬਗਲਾ ਆਖਿਆ ਹੈ, ਅਰ ਸਤਿਵਾਦੀ ਪੁਰਸ਼ਾਂ ਨੂੰ ਆਖਿਆ ਹੈ ਹੰਸ।

ਬਨਸਪਤੀ ਵਿਚੋਂ ਵੀ ਕੁਛ ਤਸ਼ਬੀਹਾਂ ਗੁਰੂ ਗ੍ਰੰਥ ਸਾਹਿਬ ਨੇ ਦਿੱਤੀਆਂ


Sri Satguru Jagjit Singh Ji eLibrary NamdhariElibrary@gmail.com

ਹਨ। ਸਤਿਵਾਦੀ ਪੁਰਸ਼ ਜੋ ਠੰਢੇ ਦਿਲ ਤੇ ਠੰਢੇ ਦਿਮਾਗ਼ ਵਾਲਾ ਹੈ, ਉਸ ਨੂੰ ਆਖਿਆ ਗਿਆ ਹੈ ਬਈ ਇਹ ਤੇ ਬਿਲਕੁਲ ਚੰਦਨ ਵਰਗਾ ਹੈ। ਪਰ ਜੇ ਕੋਈ ਮਨੁੱਖ ਵੈਰ ਨਾਲ ਭਰਿਆ ਹੋਇਆ ਹੈ, ਕਰੋਧ ਨਾਲ ਭਰਿਆ ਹੋਇਆ ਹੈ, ਇਸ ਨੂੰ 'ਕਿੱਕਰ' ਕਿਹਾ ਗਿਆ ਹੈ। 'ਬਾਂਸ' ਦੀ ਤੁਲਨਾ ਵੀ ਇਹੋ ਜਿਹੇ ਨਾਲ ਦਿੱਤੀ ਜਾਂਦੀ ਹੈ। ਇਹੋ ਜਿਹੇ ਪੁਰਸ਼ ਲਈ ਇਹ ਦੋ ਤਸ਼ਬੀਹਾਂ ਹੈਨ:

ਕਿੱਕਰ ਅਤੇ ਬਾਂਸ।

ਬਾਂਸ ਦੇ ਬਾਰੇ ਇਹ ਮਸ਼ਹੂਰ ਹੈ, ਜਿਥੇ ਬਾਂਸ ਦੇ ਦਰਖ਼ਤ ਹੈਨ, ਜੰਗਲ ਹੈਨ, ਜੇਠ ਹਾੜ ਦੇ ਮਹੀਨੇ ਉਥੇ ਅੱਗ ਜ਼ਰੂਰ ਲਗਦੀ ਹੈ। ਲਗਦੀ ਕਿਸ ਤਰ੍ਹਾਂ ਹੈ ? ਦੋ ਬਾਂਸ ਟਕਰਾਂਦੇ ਨੇ ਆਪਸ ਵਿਚ, ਤੇ ਲਕੜਾਂ ਵਿਚ ਅੱਗ ਹੈ:

**ਸਗਲ ਬਨਸਪਤਿ ਮਹਿ ਬੈਸੰਤਰੁ.....॥** (੬੧੭)

ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਵਾਕ ਹੈ।

ਲਕੜਾਂ ਵਿਚ ਅੱਗ ਹੈ, ਅਰ ਰਗੜਨ ਨਾਲ ਨਿਕਲਦੀ ਹੈ।

ਪਰ ਬਾਂਸ ਵਿਚ ਬੜੀ ਅੱਗ ਹੈ, ਜ਼ੋਰ ਦੀ ਹਵਾ ਚਲਦੀ ਹੈ, ਦੋ ਬਾਂਸ ਟਕਰਾਂਦੇ ਨੇ,ਅੱਗ ਪੈਦਾ ਹੋ ਜਾਂਦੀ ਹੈ। ਪਹਿਲੇ ਤੇ ਉਹ ਦੋ ਸੜਦੇ ਨੇ, ਫਿਰ ਸਾਰਾ ਜੰਗਲ ਸਾੜ ਕੇ ਰੱਖ ਦਿੰਦੇ ਨੇ। ਤੋ ਬਾਂਸ ਆਪ ਤੇ ਸੜਦੇ ਨੇ ਤੇ ਦੂਸਰੇ ਦਰੱਖ਼ਤਾਂ ਨੂੰ ਵੀ ਸਾੜ ਕੇ ਸੁਆਹ ਕਰ ਛਡਦੇ ਨੇ।

ਤੋ ਐਸਾ ਜੋ ਪੁਰਸ਼ ਹੈ ਜੋ ਹਮੇਸ਼ਾ ਹੀ ਕਰੋਧ ਦੀ ਅੱਗ ਵਿਚ ਸੜਦਾ ਰਹਿੰਦਾ ਹੈ, ਪਹਿਲੇ ਤੇ ਉਹ ਆਪ ਸੜਦਾ ਹੈ ਤੇ ਫਿਰ ਹੋਰ ਕਈਆਂ ਨੂੰ ਸਾੜ ਕੇ ਰੱਖ ਦਿੰਦਾ ਹੈ ਤੋ ਐਸੇ ਪੁਰਸ਼ ਨੂੰ ਆਖਿਆ ਹੈ 'ਬਾਂਸ':

**ਕਬੀਰ ਬਾਂਸੁ ਬਡਾਈ ਬੂਡਿਆ, ਇਉ ਮਤ ਡੂਬਹੁ ਕੋਇ॥**
**ਚੰਦਨ ਕੈ ਨਿਕਟੇ ਬਸੈ, ਬਾਂਸੁ ਸੁਗੰਧੁ ਨ ਹੋਇ॥੧੨॥** (੧੩੬੫)

ਤੋ ਹੰਕਾਰੀ ਦੀ ਤਸ਼ਬੀਹ ਵੀ ਬਾਂਸ ਨਾਲ ਦਿੱਤੀ ਗਈ ਹੈ। ਥੋਥੇ ਪੁਰਸ਼ ਨੂੰ ਵੀ ਬਾਸ ਹੀ ਕਿਹਾ ਹੈ। ਜੋ ਅੰਦਰੋਂ ਬਿਲਕੁਲ ਥੋਥਾ ਹੈ ਅਤੇ ਬਾਹਰੋਂ ਬੜਾ ਕੁਛ ਹੈ ਤੋ ਐਸੇ ਪੁਰਸ਼ ਨੂੰ ਕਿਹਾ ਗਿਆ ਹੈ ਕਿ ਇਹ ਤੇ ਬਿਲਕੁਲ ਬਾਂਸ ਦੀ ਤਰ੍ਹਾਂ ਹੈ। ਅਰ ਥਾਂ ਥਾਂ 'ਤੇ ਸਮਝਾਇਆ ਵੀ ਗਿਆ ਹੈ।

**ਕਬੀਰ ਬਾਂਸੁ ਬਡਾਈ ਬੂਡਿਆ, ਇਉ ਮਤ ਡੂਬਹੁ ਕੋਇ॥**
**ਚੰਦਨ ਕੈ ਨਿਕਟੇ ਬਸੈ, ਬਾਂਸੁ ਸੁਗੰਧੁ ਨ ਹੋਇ॥੧੨॥**


Sri Satguru Jagjit Singh Ji eLibrary NamdhariElibrary@gmail.com

ਫਿਰ ਇਹ ਵੀ ਕਿਹਾ ਗਿਆ ਹੈ:

**ਕਬੀਰ ਸੰਤੁ ਨ ਛਾਡੈ ਸੰਤਈ, ਜਉ ਕੋਟਿਕ ਮਿਲਹਿ ਅਸੰਤ॥**
**ਮਲਿਆਗਰੁ ਭੁਯੰਗਮ ਬੇਢਿਓ, ਤ ਸੀਤਲਤਾ ਨ ਤਜੰਤ॥੧੭੪॥**

*(੧੩੭੩)*

ਮਲਿਆਗਰ ਚੰਦਨ ਨੂੰ ਕਹਿੰਦੇ ਹਨ, ਇਹ ਐਵੇਂ ਦਸ ਕੁ ਫ਼ੁਟ ਦਾ ਉੱਚਾ ਹੁੰਦਾ ਹੈ। ਬਾਵਨ ਚੰਦਨ ਦਾ ਜ਼ਿਕਰ ਵੀ ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ ਹੈ। ਜੋ ਕਿ ਸਿਰਫ਼ ਬਵੰਜਾ ਉਂਗਲ ਉੱਚਾ ਹੁੰਦਾ ਹੈ। ਇਸ ਵਿਚ ਬੜੀ ਮਹਿਕ ਹੁੰਦੀ ਹੈ। ਇਸ ਚੰਦਨ ਨੂੰ ਜਿਤਨਾ ਮਰਜ਼ੀ ਰਗੜੋ, ਇਹ ਗਰਮ ਨਹੀਂ ਹੁੰਦਾ। ਬਾਂਸ ਥੋੜ੍ਹਾ ਜਿਹਾ ਰਗੜਨ ਨਾਲ ਵੀ ਗਰਮ ਹੋ ਜਾਂਦਾ ਹੈ। ਥੋੜ੍ਹੀ ਜਿਹੀ ਹਵਾ ਚੱਲੀ ਤੇ ਟਕਰਾਇਆ ਤੇ ਗਰਮ ਹੋਇਆ ਤੇ ਫਿਰ ਆਪ ਸੜਦਾ ਹੈ, ਬਾਕੀਆਂ ਨੂੰ ਵੀ ਸਾੜ ਛਡਦਾ ਹੈ।

ਚੰਦਨ ਹਰ ਮੰਦਿਰ ਵਿਚ ਮੌਜੂਦ ਹੈ। ਅਰ ਚੰਦਨ ਨੂੰ ਪੱਥਰਾਂ 'ਤੇ ਘਸਾਂਦੇ ਨੇ, ਕੀ ਮਜਾਲ ਹੈ ਗਰਮ ਹੋ ਜਾਏ? ਸਿਲਾ ਨੂੰ ਵੀ ਠੰਢਾ ਕਰ ਦਿੰਦਾ ਹੈ ਤੇ ਜਿਸ ਪੱਥਰ ਨਾਲ ਰਗੜੀਏ, ਉਸ ਨੂੰ ਵੀ ਠੰਢਾ ਕਰ ਛਡਦਾ ਹੈ। ਮੱਥੇ 'ਤੇ ਲਾਈਏ ਤੇ ਮੱਥੇ ਨੂੰ ਉਹ ਸੀਤਲ ਕਰ ਦਿੰਦਾ ਹੈ। ਇਤਨਾ ਉਹ ਠੰਢਾ ਹੈ। ਇਸ ਵਾਸਤੇ ਕਹਿ ਦਿਤਾ ਗਿਆ ਹੈ ਕਿ ਜੋ ਮਹਾਂਪੁਰਸ਼ ਹੈ ਉਹ ਬਿਲਕੁਲ ਚੰਦਨ ਵਰਗਾ ਹੈ।

ਐਸਾ ਵੀ ਹੁੰਦਾ ਹੈ ਕਿ ਚੰਦਨ ਦੇ ਆਲੇ ਦੁਆਲੇ ਸੱਪ ਵੀ ਲਿਪਟੇ ਹੁੰਦੇ ਨੇ। ਕਈ ਦਫ਼ਾ ਮਹਾਂਪੁਰਸ਼ਾਂ ਦੇ ਆਲੇ ਦੁਆਲੇ ਠੱਗ ਵੀ ਜਮ੍ਹਾ ਹੋ ਜਾਂਦੇ ਹਨ। ਐਸਾ ਹੁੰਦਾ ਹੈ ਅਕਸਰ। ਬੜੇ ਚੋਰ ਵੀ ਆ ਜਾਂਦੇ ਨੇ। ਤੋ ਕਿਆ ਇਹਨਾਂ ਦਾ ਅਸਰ ਮਹਾਂਪੁਰਸ਼ਾਂ 'ਤੇ ਪੈ ਜਾਂਦਾ ਹੈ? ਸਾਹਿਬ ਕਹਿੰਦੇ ਨੇ, ਨਹੀਂ। ਚੰਦਨ ਸੱਪਾਂ ਨੂੰ ਵੀ ਠੰਢ ਦੇਈ ਜਾ ਰਿਹਾ ਹੈ। ਸਾਹਿਬ ਕਹਿੰਦੇ ਨੇ, ਉਹ ਜਾਂਦਾ ਹੀ ਇਸ ਲਈ ਹੈ, ਵਕਤੀ ਤੌਰ 'ਤੇ ਠੰਢ ਲੈਣ ਲਈ:

**ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ॥**

ਹੋਰ ਅਗਾਂਹ ਚੱਲੀਏ। ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਹੋਰ ਤਸ਼ਬੀਹਾਂ ਵੀ ਲੱਭੀਆਂ ਗਈਆਂ ਹਨ। ਜਿਸ ਵਿਚ ਹੋਸ਼ ਹੈ, ਜੋਸ਼ ਹੈ, ਜਜ਼ਬਾ ਹੈ, ਖ਼ੁਦਦਾਰੀ ਹੈ, ਸੂਰਬੀਰਤਾ ਹੈ, ਆਖਿਆ ਗਿਆ ਹੈ ਕਿ ਇਹ ਤਾਂ ਸਿੰਘ ਦੀ ਤਰ੍ਹਾਂ ਹੈ। ਬਿਲਕੁਲ ਸ਼ੇਰ ਵਰਗਾ।

ਸਾਡਾ ਅੱਧਾ ਨਾਂ ਤਾਂ ਕਲਗੀਧਰ ਪਾਤਸ਼ਾਹ ਨੇ ਆਪ ਰਖਿਆ ਹੈ ਅਤੇ


Sri Satguru Jagjit Singh Ji eLibrary NamdhariElibrary@gmail.com

ਅੱਧੇ ਨਾਂ ਦੀ ਚੋਣ ਤੁਸੀਂ ਕਰਦੇ ਹੋ। ਬਈ ਹੁਣ ਬੱਚੇ ਦਾ ਨਾਂ ਰਖਣਾ ਹੈ, ਤੇ ਸਿੰਘ ਤੇ ਗੁਰੂ ਨੇ ਰੱਖ ਹੀ ਦਿੱਤਾ ਹੈ, ਅੱਧਾ ਨਾਂ ਤੁਸੀਂ ਆਪ ਚੁਣ ਲਉ, ਅੱਧਾ ਨਾਮ ਮਹਾਰਾਜ ਨੇ ਸਾਡਾ ਆਪ ਚੁਣਿਆ ਹੈ, ਅੱਧੇ ਨਾਮ ਦੀ ਸੁਤੰਤਰਤਾ ਮਹਾਰਾਜ ਨੇ ਤੁਹਾਨੂੰ ਦਿੱਤੀ ਹੈ। ਕਿਉਂਕਿ ਸਿਖ ਵੀ ਗੁਰੂ ਹੈ:

**ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥**
**ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥੮॥੨॥੯॥** *(੪੪੪)*

ਤੇ ਸਾਡੇ ਅੱਧੇ ਨਾਮ ਦੀ ਚੋਣ ਤੇ ਗੁਰੂ ਨੇ ਕਰ ਦਿੱਤੀ ਹੈ ਅਤੇ ਅੱਧੇ ਦੀ ਅਸੀਂ ਆਪ ਕਰਨੀ ਹੈ। ਪਰ ਬਦਕਿਸਮਤੀ ਇਹ ਹੈ, ਆਹ ਤੁਸੀਂ ਵੇਖ ਲਉ, ਵਿਆਹ ਸ਼ਾਦੀਆਂ ਦੇ ਜੋ ਕਾਰਡ ਛਪਦੇ ਹੈਨ ਨਾ, ਉਨ੍ਹਾਂ ਉਪਰ ਗੁਰੂ ਨੇ ਜੋ ਨਾਮ ਚੁਣਿਆ ਹੈ, ਉਹ ਤੇ ਹੈ ਹੀ ਨਹੀਂ, ਜਿਹੜੇ ਨਾਮ ਅਸੀਂ ਚੁਣਦੇ ਹਾਂ ਉਹੀ ਹਨ। ਇਥੋਂ ਹੀ ਪਤਾ ਚਲਦਾ ਹੈ ਕਿ ਇਹ ਗੁਰੂ ਵਾਲੇ ਕੋਈ ਨਹੀਂ। ਹੁਣ ਜੇ ਕਿਸੇ ਦਾ ਨਾਂ ਮਨਜੀਤ ਸਿੰਘ ਹੈ, ਪਰ ਕਾਰਡ ਉਪਰ ਮਨਜੀਤ ਤੇ ਮੌਜੂਦ ਹੈ, ਸਿੰਘ ਕੋਈ ਨਹੀਂ ਹੈ।

ਅਰ ਕਈ ਦਫ਼ਾ ਤੇ ਭੁਲੇਖਾ ਵੀ ਲਗ ਜਾਂਦਾ ਹੈ ਕਿ ਇਹਨਾਂ ਵਿਚੋਂ ਮੁੰਡਾ ਕੌਣ ਹੈ ਤੇ ਕੁੜੀ ਕੌਣ ਹੈ ? ਜਦ ਇਹ ਲਿਖਿਆ ਹੁੰਦਾ ਹੈ ਨਾ, ਮਨਜੀਤ ਦਾ ਵਿਆਹ ਤਨਜੀਤ ਨਾਲ। ਸੁਰਿੰਦਰ ਦਾ ਵਿਆਹ ਗੁਰਿੰਦਰ ਨਾਲ। ਦੱਸੋ ਹੁਣ ਇਹਨਾਂ ਵਿਚੋਂ ਮੁੰਡਾ ਕਿਸ ਨੂੰ ਆਖੀਏ ? ਐਸਾ ਜਦ ਮੈਂ ਦੇਖਦਾ ਹਾਂ ਤਾਂ ਹੈਰਾਨੀ ਹੁੰਦੀ ਹੈ। ਜੋ ਨਾਮ ਗੁਰੂ ਨੇ ਚੁਣਿਆ ਸੀ ਉਹ ਬੰਦੇ ਨੂੰ ਚੰਗਾ ਨਹੀਂ ਲਗਦਾ, ਤੇ ਜੋ ਆਪ ਚੁਣਿਆ ਸੀ, ਉਹੀ ਚੰਗਾ ਲਗਦਾ ਹੈ। ਤੇ ਜਿਹਨੂੰ ਗੁਰੂ ਦੀ ਚੋਣ ਨਹੀਂ ਚੰਗੀ ਲਗਦੀ, ਤੁਸੀਂ ਦੱਸੋ, ਉਹਨੂੰ ਗੁਰੂ ਕਿਥੋਂ ਚੰਗਾ ਲਗਦਾ ਹੈ ? ਜਿਸ ਨੂੰ ਗੁਰੂ ਦੀ ਦੇਣ ਨਹੀਂ ਚੰਗੀ ਲਗਦੀ, ਉਸਦੀ ਦਾਤ ਨਹੀਂ ਚੰਗੀ ਲਗਦੀ, ਉਸ ਨੂੰ ਗੁਰੂ ਕਿਥੋਂ ਚੰਗਾ ਲਗਣਾ ਹੈ ?

ਇਥੋਂ ਹੀ ਪਤਾ ਲਗਦਾ ਹੈ ਕਿ ਤੁਹਾਡਾ ਗੁਰੂ ਨਾਲ ਕਿੰਨਾ ਕੁ ਪਿਆਰ ਹੈ ? ਗੁਰੂ ਪ੍ਰਤੀ ਤੁਹਾਨੂੰ ਕਿੰਨੀ ਕੁ ਸ਼ਰਧਾ ਹੈ ? ਔਰ ਬਲਕਿ ਕਈ ਤੇ ਇੰਜ ਹੀ ਕਹਿੰਦੇ ਨੇ, ਬਈ ਠੀਕ ਹੈ ਉਂਜ ਹੀ ਰਖਿਆ ਹੋਇਆ ਹੈ।

ਵੱਡੇ ਮਹਾਂਪੁਰਸ਼ ਅਰ ਮਹਾਨ ਬੰਦੇ ਕਈ ਦਫ਼ਾ ਸਾਨੂੰ ਬਹੁਤ ਵੱਡੀ ਚੀਜ਼ ਦੇ ਜਾਂਦੇ ਹਨ, ਤੇ ਉਸ ਵੱਡੀ ਚੀਜ਼ ਦੀ ਸਾਨੂੰ ਸਮਝ ਵੀ ਹੋਣੀ ਚਾਹੀਦੀ ਹੈ। ਨਹੀਂ ਤੇ ਮਨੁੱਖ ਪਰ੍ਹੇ ਸੁਟ ਦੇਵੇਗਾ। ਇਕ ਬੱਚੇ ਨੂੰ ਕੋਈ ਕੀਮਤੀ ਚੀਜ਼ ਪਕੜਾ ਦੇਈਏ ਨਾ, ਤਾਂ ਉਸ ਨੇ ਖਿਡੌਣਾ ਸਮਝ ਕੇ ਹੀ ਤੋੜ ਦੇਣੀ ਹੈ। ਅਰ ਮੈਂ ਸਮਝਦਾ ਹਾਂ ਸਿੱਖੀ ਕੋਈ ਛੋਟੀ ਚੀਜ਼ ਨਹੀਂ, ਬਹੁਤ ਵੱਡੀ ਚੀਜ਼ ਦਿੱਤੀ ਹੈ। ਅਰ ਜੇ ਥਾਂ



Sri Satguru Jagjit Singh Ji eLibrary NamdhariElibrary@gmail.com

ਥਾਂ ਇਸ ਨੂੰ ਅਸੀਂ ਤੋੜ ਛਡਦੇ ਹਾਂ, ਕਿਧਰੇ ਕੈਂਚੀ ਦੀ ਭੇਟ ਕਰ ਦਿੰਦੇ ਹਾਂ। ਇਕ ਖਿਡੌਣਾ ਜਾਣ ਕੇ ਹੀ ਤੋੜ ਸੁਟਦੇ ਹਾਂ, ਹੋਰ ਕੁਛ ਨਹੀਂ। ਸਿਰਫ਼ ਇਸ ਵਾਸਤੇ ਕਿ ਉਸ ਵੱਡੀ ਦਾਤਿ ਨੂੰ ਸਮਝਿਆ ਨਹੀਂ ਜਾ ਸਕਿਆ।

ਆਪ ਨੂੰ ਪਤਾ ਹੋਵੇ ਔਰੰਗਜ਼ੇਬ ਦਾ ਇਹ ਹੁਕਮ ਸੀ ਕਿ ਆਇੰਦਾ ਹਿੰਦੁਸਤਾਨ ਵਿਚ ਆਪਣੇ ਨਾਮ ਨਾਲ 'ਸਿੰਘ' ਸ਼ਬਦ ਕੋਈ ਨਹੀਂ ਜੋੜ ਸਕਦਾ। ਅਰ ਸਿਰਫ਼ ਇਤਨਾ ਹੀ ਨਹੀਂ ਸਿਰ 'ਤੇ ਕਲਗੀ ਵੀ ਨਹੀਂ ਸਜਾ ਸਕੇਗਾ। ਤੀਸਰਾ ਹੁਕਮ ਉਸ ਦਾ ਇਹ ਸੀ ਕਿ ਕੋਈ ਗ਼ੈਰ-ਮੁਸਲਮਾਨ ਘੋੜੇ ਦੀ ਅਸਵਾਰੀ ਨਹੀਂ ਕਰ ਸਕੇਗਾ। ਤੇ ਹੋਰ ਹੁਕਮ ਉਸ ਦਾ ਕੀ ਸੀ ? ਕਿ ਕੋਈ ਘਰ ਵਿਚ ਸ਼ਸ਼ਤਰ ਵੀ ਨਹੀਂ ਰਖ ਸਕੇਗਾ, ਕਿਰਪਾਨ ਨਹੀਂ ਰੱਖ ਸਕੇਗਾ। ਇਹ ਹੁਕਮ ਸੀ ਉਸਦਾ, ਤੇ ਜਦ ਇਹ ਹੁਕਮ ਸਮੁੱਚੇ ਹਿੰਦੁਸਤਾਨ ਵਿਚ ਸੁਣਾਇਆ, ਤੋ ਸਾਰੀ ਲੋਕਾਈ ਕੰਬ ਗਈ ਸੀ, ਸਾਰੇ ਹੈਰਾਨ ਹੋ ਗਏ।

ਔਰੰਗਜ਼ੇਬ ਬੜਾ ਦੂਰ-ਦਰਸ਼ਕ ਸੀ। ਉਹ ਵੇਖਦਾ ਪਿਆ ਸੀ ਕਸ਼ਮੀਰ ਦੇ ਪਹਾੜਾਂ ਨੂੰ, ਕਿ ਇਥੋਂ ਨਿਰੇ ਪਾਣੀ ਦੇ ਝਰਨੇ ਹੀ ਨਹੀਂ ਨਿਕਲਦੇ, ਗਿਆਨ ਦੇ ਝਰਨੇ ਵੀ ਨਿਕਲਦੇ ਨੇ। ਇਥੋਂ ਦੇ ਨਿਰੇ ਪਹਾੜ ਹੀ ਠੰਢੇ ਨਹੀਂ, ਇਥੋਂ ਦੇ ਲੋਕਾਂ ਦੇ ਦਿਮਾਗ਼ ਵੀ ਬੜੇ ਠੰਢੇ ਨੇ। ਕਸ਼ਮੀਰ ਰਿਸ਼ੀ ਕਸ਼ਪ ਦਾ ਇਲਾਕਾ ਸੀ। ਅੱਜ ਵੀ ਉਥੇ ਜਿਤਨੇ ਤੀਰਥ ਨੇ, ਉਹ ਸਾਰੇ ਰਿਸ਼ੀ ਕਸ਼ਪ ਨਾਲ ਸੰਬੰਧਤ ਨੇ ! ਚਾਹੇ ਉਹ ਅਮਰਨਾਥ ਹੋਵੇ, ਚਾਹੇ ਪੰਚ ਤਰਕੀ, ਚਾਹੇ ਸ਼ੇਸ਼ਨਾਗ। ਤੋ ਇਥੇ ਬੜੇ ਸੋਚਣ ਵਾਲੇ ਬੰਦੇ ਪੈਦਾ ਹੋਏ।

ਸੋਚਿਆ ਇਸ ਸਮਰਾਟ ਨੇ, ਬਈ ਕਸ਼ਮੀਰ ਦੇ ਪਹਾੜਾਂ ਚੋਂ ਨਿਰੇ ਪਾਣੀ ਦੇ ਝਰਨੇ ਹੀ ਨਹੀਂ ਨਿਕਲਦੇ, ਵਿਚਾਰਾਂ ਦੇ ਝਰਨੇ ਵੀ ਨਿਕਲਦੇ ਨੇ, ਗਿਆਨ ਦੇ ਝਰਨੇ ਵੀ ਨਿਕਲਦੇ ਹਨ। ਹੁਣ ਉਸ ਦੀ ਕੋਸ਼ਿਸ਼ ਇਹ ਹੈ ਕਿ ਪਹਾੜਾਂ ਤੋਂ ਜੋ ਗਿਆਨ ਥੱਲੇ ਆਉਂਦਾ ਹੈ ਉਸਨੂੰ ਰੋਕ ਪਾ ਦੇਈਏ। ਇਹੀ ਕਾਰਨ ਹੈ ਕਿ ਉਸਦੀ ਤਵੱਜੋਂ ਦਾ ਕੇਂਦਰ ਕਸ਼ਮੀਰ ਰਿਹਾ। ਅਰ ਉਸ ਨੇ ਆਪਣੀ ਸਾਰੀ ਤਾਕਤ ਲਾ ਦਿੱਤੀ। ਅੱਜ ਵੀ ਉਥੇ ਜਿਹੜੇ ਮੁਸਲਮਾਨ ਨੇ, ਉਹਨਾਂ ਦੀ ਜਾਤ ਪੰਡਿਤਾਂ ਵਾਲੀ ਹੈ।

ਕਸ਼ਮੀਰ 'ਚ ਗੁਰਦਵਾਰੇ ਦਾ ਸਕੱਤਰ ਸੀ ਤੇ ਉਸ ਦਾ ਨਾਮ ਸੀ ਬਖ਼ਸ਼ੀ ਮਨੋਹਰ ਸਿੰਘ ਤੇ ਕਸ਼ਮੀਰ ਦੇ ਚੀਫ਼ ਮਨਿਸਟਰ ਦਾ ਨਾਮ ਸੀ ਬਖ਼ਸ਼ੀ ਗ਼ੁਲਾਮ ਮੁਹੰਮਦ। ਤੇ ਮੈਂ ਮਜ਼ਾਕ ਵਿਚ ਪੁਛ ਲਿਆ ਬਖ਼ਸੀ ਮਨੋਹਰ ਸਿੰਘ ਪਾਸੋਂ ਕਿ ਇਹ ਕੀ ਗੱਲ ? ਤੁਸੀਂ ਵੀ ਬਖ਼ਸ਼ੀ ਤੇ ਉਹ ਵੀ ਬਖ਼ਸ਼ੀ, ਕੀ ਗੱਲ ? ਤਾਂ ਉਸ ਨੇ ਮਜ਼ਾਕ ਮਜ਼ਾਕ ਵਿਚ ਬੜੀ ਗ਼ਜ਼ਬ ਦੀ ਗੱਲ ਕਹੀ। ਕਹਿਣ ਲੱਗਾ, 'ਮਸਕੀਨ


Sri Satguru Jagjit Singh Ji eLibrary NamdhariElibrary@gmail.com

ਜੀ, ਛੇਵੇਂ ਪਾਤਸ਼ਾਹ ਦੀ ਕਿਰਪਾ ਨਾਲ ਅਸੀਂ ਤਾਂ ਸਿੰਘ ਰਹੇ, ਤੇ ਉਹ ਔਰੰਗਜ਼ੇਬ ਦੀ ਤਸ਼ੱਦਦ ਦੇ ਕਾਰਨ ਗ਼ੁਲਾਮ ਬਣ ਗਏ, ਬਸ ਫ਼ਰਕ ਸਿਰਫ਼ ਇਤਨਾ ਹੀ ਹੈ। ਅਰ ਜੋ ਵੀਹ ਫ਼ੀਸਦੀ ਬ੍ਰਾਹਮਣ ਬਚੇ ਸਨ ਤੇ ਉਹਨਾਂ ਨੂੰ ਜਦੋਂ ਆਪਣੇ ਗਿਆਨ ਦੀ ਧਾਰਾ ਖ਼ਤਰੇ ਵਿਚ ਨਜ਼ਰ ਆਈ ਤਾਂ ਉਹ ਮਦਦ ਵਾਸਤੇ ਥੱਲੇ ਆਏ ਨੇ, ਤੇ ਇਹਨਾਂ ਨੂੰ ਇਕੋ ਪੁਰਸ਼ ਐਸਾ ਦਿਖਿਆ ਹੈ।'

ਜੋਗੀ ਬੜੇ ਸਨ, ਤਪੱਸਵੀ ਬੜੇ ਸਨ, ਮੱਥਾ ਟਿਕਾਣ ਵਾਲੇ ਬੜੇ ਸਨ। ਜਾਦੂ ਟੂਣੇ ਵਾਲੇ ਬਹੁਤ ਸਨ। ਪਰ ਦੇਸ਼ ਦੀ ਸੰਸਕ੍ਰਿਤੀ ਨੂੰ ਬਚਾਣ ਵਾਲੇ ਤੇ ਸਿਰਫ਼ ਇਕੋ ਇਕ ਹੀ ਗੁਰੂ ਤੇਗ ਬਹਾਦਰ ਸਾਹਿਬ ਹੀ ਸਨ। ਇਸੇ ਵਾਸਤੇ ਆਪ ਨੂੰ ਧਰਮ ਦੀ ਚਾਦਰ ਆਖਿਆ ਜਾਂਦਾ ਹੈ। ਕਿਉਂਕਿ ਦੇਸ਼ ਨੰਗਾ ਹੋ ਚਲਿਆ ਸੀ, ਅੱਜ ਜ਼ਾਲਮਾਂ ਨੇ ਨੰਗਾ ਕਰ ਦਿੱਤਾ ਸੀ। ਕਿਸੇ ਹੱਦ ਤਕ ਨੰਗਾ ਮਨੁੱਖ ਨਹੀਂ ਚੰਗਾ ਲਗਦਾ। ਤੇ ਮਜਬੂਰਨ ਕਿਸੇ ਨੂੰ ਨੰਗਾ ਕਰ ਦਿੱਤਾ ਹੋਵੇ ਤਾਂ ਉਸ ਦੀ ਦਾਸਤਾਂ ਕੌਣ ਬਿਆਨ ਕਰੇਗਾ ? ਕਿਸੇ ਵਕਤ ਕਿਸੇ ਨੂੰ ਨੰਗਾ ਕਰ ਦੇਣਾ, ਉਸ ਵਾਸਤੇ ਬੜੀ ਵੱਡੀ ਸਜ਼ਾ ਸੀ।

ਦਰੋਪਤੀ ਨੂੰ ਸਭ ਤੋਂ ਵੱਡੀ ਸਜ਼ਾ ਇਹੀ ਦਿੱਤੀ ਗਈ ਸੀ। ਦੁਰਯੋਧਨ ਦਾ ਹੁਕਮ ਸੀ ਕਿ ਇਸ ਨੂੰ ਭਰੀ ਸਭਾ ਵਿਚ ਨਗਨ ਕਰੋ। ਤੋ ਉਸ ਵਕਤ ਇਕ ਪੁਰਸ਼ ਐਸਾ ਸੀ, ਜਿਸ ਨੇ ਕਹਿ ਦਿੱਤਾ, ਐ ਦੁਰਯੋਧਨ ! ਇਹ ਜ਼ੁਲਮ ਹੈ ਤੇ ਮੇਰੇ ਹੁੰਦੇ ਹੋਇਆਂ ਤੂੰ ਜ਼ੁਲਮ ਨਹੀਂ ਕਰ ਸਕਦਾ। ਤੋ ਅੱਜ ਇਹ ਪੰਡਿਤ ਨੰਗੇ ਹੋ ਰਹੇ ਸਨ। ਇਹਨਾਂ ਦਾ ਧਰਮ ਨੰਗਾ ਹੋ ਗਿਆ ਸੀ, ਅਰ ਔਰੰਗਜ਼ੇਬ ਨੇ ਨੰਗਾ ਕੀਤਾ ਸੀ ਤੇ ਫਿਰ ਚਾਦਰ ਬਣ ਕੇ ਆਏ ਗੁਰੂ ਤੇਗ ਬਹਾਦਰ ਸਾਹਿਬ ਜੀ। ਆਪਣੀ ਸ਼ਹੀਦੀ ਦੇ ਕੇ ਸਮੁੱਚੇ ਹਿੰਦ ਦੀ ਸ਼ਰਮ ਨੂੰ ਢਕ ਲਿਆ। ਮਹਾਨ ਕੁਰਬਾਨੀ ਦਿੱਤੀ ਹੈ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ।

ਅਰ ਜਿਨ੍ਹਾਂ ਨੂੰ ਅਸੀਂ ਮਹਾਨ ਕਹਿ ਦਿੰਦੇ ਹਾਂ, ਉਹਨਾਂ ਵਿਚ ਕਈ ਦਫ਼ਾ ਕੁਰਬਾਨੀ ਵਾਲੀ ਕੋਈ ਗੱਲ ਨਹੀਂ ਹੁੰਦੀ। ਸਿਰਫ਼ ਆਪਣੇ ਆਪ ਨੂੰ ਕਾਇਮ ਰੱਖਣ ਵਾਲੀ ਗੱਲ ਹੁੰਦੀ ਹੈ। ਪਤਾ ਜੇ ਮਹਾਂਪੁਰਸ਼ ਕੌਣ ਹੁੰਦਾ ਹੈ ? ਜੇ ਪਾਣੀ ਵਿਚ ਤੈਰਨ ਦੀ ਜਾਚ ਸਿੱਖਣੀ ਹੋਵੇ, ਤਾਂ ਪਾਣੀ ਵਿਚ ਪਹਿਲਾਂ ਆਪ ਜਾਣਾ ਪੈਂਦਾ ਹੈ। ਤੇ ਜੇ ਆਪ ਪਾਣੀ ਵਿਚ ਜਾਏ ਹੀ ਨਾ, ਉਹ ਕਿਸੇ ਨੂੰ ਤੈਰਨ ਦੀ ਜਾਚ ਕੀ ਸਿਖਾ ਸਕਦਾ ਹੈ ? ਤੇ ਜੇ ਕਿਸੇ ਨੂੰ ਮਰਨ ਦੀ ਜਾਚ ਸਿਖਾਣੀ ਹੋਵੇ ਤਾਂ ਪਹਿਲਾਂ ਆਪ ਮਰਨਾ ਪੈਂਦਾ ਹੈ। ਨਹੀਂ ਤੇ ਸ਼ਹੀਦੀ ਦੀ ਜਾਚ ਨਹੀਂ ਸਿਖਾਈ ਜਾ ਸਕਦੀ।

ਤੋ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਹੋਈ ਹੈ, ਤਿਲਕ ਤੇ ਜੰਞੂ


Sri Satguru Jagjit Singh Ji eLibrary NamdhariElibrary@gmail.com

ਦੀ ਖ਼ਾਤਰ। ਇਹ ਗੁਰਪੁਰਬ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਦਾ ਉਹਨਾਂ ਨੂੰ ਮਨਾਣਾ ਚਾਹੀਦਾ ਹੈ, ਜਿਨ੍ਹਾਂ ਦੇ ਮੱਥੇ 'ਤੇ ਤਿਲਕ ਹੈ ਤੇ ਗਲ ਵਿਚ ਜਨੇਊ ਹੈ। ਕਿਉਂਕਿ ਇਸ ਸ਼ਹੀਦੀ ਦਾ ਤੁਅੱਲਕ ਹੀ ਜਨੇਊ ਤੇ ਤਿਲਕ ਨਾਲ ਹੈ:

**ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥**
**ਕੀਨੋ ਬਡੋ ਕਲੂ ਮਹਿ ਸਾਕਾ॥** *(ਬਚਿੱਤਰ ਨਾਟਕ ਪਾ: ੧੦)*

ਇਤਨਾ ਵੱਡਾ ਸਾਕਾ ਹੋਇਆ ਹੈ ਤਾਂ ਜਾ ਕੇ ਤਿਲਕ ਤੇ ਜੰਞੂ ਬਚ ਸਕਿਆ ਹੈ। ਪਰ ਅਫ਼ਸੋਸ ਹੈ ਕਿ ਤਿਲਕ ਤੇ ਜੰਞੂ ਪਾਣ ਵਾਲਿਆਂ ਨੂੰ ਪਤਾ ਹੀ ਨਹੀਂ ਕਿ ਇਹ ਕਿਸ ਦੀ ਬਦੌਲਤ ਬਚਿਆ ਹੈ? ਇਹਨਾਂ ਨੂੰ ਪਤਾ ਹੀ ਨਹੀਂ। ਇਹ ਭੁਲ ਗਏ ਹਨ ਕਿ ਇਹਨਾਂ ਦੇ ਮੱਥੇ 'ਤੇ ਜੋ ਤਿਲਕ ਲੱਗਾ ਹੈ, ਇਸ ਨੂੰ ਬਚਾਣ ਵਾਸਤੇ ਕਿਸ ਨੇ ਆਪਣਾ ਖ਼ੂਨ ਡੋਲ੍ਹਿਆ ਹੈ। ਸੱਚ ਜਾਣਿਓ, ਅਕ੍ਰਿਤਘਣਤਾ ਦੀ ਵੀ ਹੱਦ ਹੁੰਦੀ ਹੈ।

ਤੋਂ ਅਗਾਂਹ ਚੱਲ ਕੇ ਜਬਰ ਦੀ ਇਕ ਹੋਰ ਲਹਿਰ ਚੱਲੀ, ਬਈ ਕੋਈ ਆਪਣੇ ਨਾਮ ਨਾਲ 'ਸਿੰਘ' ਸ਼ਬਦ ਨਹੀਂ ਲਗਾ ਸਕਦਾ। ਨਾਮ ਬੜਾ ਚੁਣ ਕੇ ਰੱਖਣਾ ਚਾਹੀਦਾ ਹੈ। ਨਾਮ ਦਾ ਮਨੁੱਖ 'ਤੇ ਬੜਾ ਅਸਰ ਪੈਂਦਾ ਹੈ। ਇਹੀ ਕਾਰਨ ਹੈ ਕਿ ਹਮੇਸ਼ਾ ਬਜ਼ੁਰਗ ਚੁਣਦੇ ਹਨ ਨਾਮ ਨੂੰ। ਕਿਉਂਕਿ ਉਹ ਚੁਣਨ ਲਗਿਆਂ ਗ਼ਲਤੀ ਨਹੀਂ ਕਰਨਗੇ। ਰਾਜਪੂਤਾਂ ਨੇ ਸਭ ਤੋਂ ਪਹਿਲੇ ਆਪਣੇ ਨਾਮ ਨਾਲ ਸਿੰਘ ਸ਼ਬਦ ਜੋੜਿਆ, ਤਾਂਕਿ ਅੰਦਰ ਜੋਸ਼ ਬਣਿਆ ਰਹੇ, ਨਿਰਭੈ ਰਹਿਣ, ਤਾਂਕਿ ਦੇਸ਼ ਨੂੰ ਬਚਾਇਆ ਜਾ ਸਕੇ। ਤੇ ਇਸ ਗੱਲ ਨੂੰ ਔਰੰਗਜ਼ੇਬ ਨੇ ਸਮਝਿਆ ਹੈ, ਭਾਵੇਂ ਅਸਾਂ ਨਹੀਂ ਸਮਝਿਆ। ਤੇ ਉਸ ਹੁਕਮ ਕਰ ਦਿੱਤਾ ਕਿ ਕੋਈ ਆਪਣੇ ਨਾਮ ਨਾਲ 'ਸਿੰਘ' ਸ਼ਬਦ ਨਹੀਂ ਲਾ ਸਕਦਾ, ਅਤੇ ਸਿਰ 'ਤੇ ਕਲਗੀ ਵੀ ਨਹੀਂ ਲਗਾ ਸਕਦਾ, ਅਤੇ ਨਾ ਹੀ ਘੋੜੇ ਦੀ ਸਵਾਰੀ ਕਰ ਸਕਦਾ ਹੈ।

ਅਨੰਦਪੁਰ ਸਾਹਿਬ ਤੋਂ ਇਕ ਆਵਾਜ਼ ਬੁਲੰਦ ਹੋਈ, 'ਔਰੰਗਜ਼ੇਬ, ਮੈਂ ਸਿਰ 'ਤੇ ਕਲਗੀ ਰੱਖਾਂਗਾ। ਮੇਰੇ ਸਿਖ ਵੀ ਰੱਖਣਗੇ। ਮੈਂ ਘੋੜੇ ਦੀ ਸਵਾਰੀ ਕਰਨੀ ਹੈ, ਮੇਰੇ ਸਿੰਘ ਵੀ ਕਰਨਗੇ। ਮੈਂ ਸ਼ਸਤਰ ਰੱਖਣੇ ਹਨ, ਮੇਰੇ ਸਿੰਘ ਵੀ ਰਖਣਗੇ।'

ਆ ਜਿਹੜਾ ਝਟਕਾ[੧] ਸ਼ਬਦ ਹੈ ਨਾ, ਇਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

---

੧. ਇਸ ਪ੍ਰਥਾਇ ਗੁਰਬਾਣੀ ਤੇ ਗੁਰ-ਇਤਿਹਾਸ ਦੀ ਸੇਧ ਵਿਚ ਹੇਠ ਲਿਖੀਆਂ ਪੁਸਤਕਾਂ ਪੜ੍ਹੋ:
(ੳ) *ਸਿਖ ਧਰਮ ਤੇ ਮਾਸ ਸ਼ਰਾਬ*, ਲੇਖਕ ਜੇ.ਪੀ. ਸੰਗਤ ਸਿੰਘ, ਬੰਬੇ।
(ਅ) *ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ*, ਲੇਖਕ ਭਾ: ਸਾ: ਰਣਧੀਰ ਸਿੰਘ ਜੀ।
(ੲ) *ਤਉ ਕਿਉ ਮੁਰਗੀ ਮਾਰੈ*, ਲੇਖਕ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ। *—ਪ੍ਰਕਾਸ਼ਕ*


Sri Satguru Jagjit Singh Ji eLibrary NamdhariElibrary@gmail.com

ਦਾ ਨਹੀਂ ਬਣਾਇਆ ਹੋਇਆ। ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲੇ ਦੀਆਂ ਪੁਸਤਕਾਂ ਵਿਚ ਝਟਕੇ ਦਾ ਵਰਣਨ ਆਉਂਦਾ ਹੈ। ਇਹ ਝਟਕਾ ਕੌਣ ਕਰਦੇ ਸਨ ? ਰਾਜਸਥਾਨ ਦੇ ਰਾਜਪੂਤ। ਇਹਨਾਂ ਦਾ ਇਹ ਢੰਗ ਸੀ ਕਿ ਮੰਤਰ ਪੜ੍ਹ ਕੇ ਇਕ ਝਟਕੇ ਨਾਲ ਧੜ ਅਲਗ ਕਰ ਦੇਣਾ ਹੈ। ਇਹਨੂੰ ਝਟਕਾ ਕਹਿੰਦੇ ਸਨ।

ਇਹ ਸ਼ਬਦ ਗੁਰੂ-ਘਰ ਵਿਚ ਕਿਸ ਤਰ੍ਹਾਂ ਆਇਆ ? ਜਦ ਔਰੰਗਜ਼ੇਬ ਨੇ ਬੈਨ ਲਾ ਦਿੱਤਾ ਕਿ ਕੋਈ ਝਟਕਾ ਨਹੀਂ ਕਰ ਸਕਦਾ।

ਇਹਦੇ ਪਿਛੇ ਦੋ ਗੱਲਾਂ ਸਨ: ਇਕ ਤੇ ਇਹ ਕਿ ਜੇ ਝਟਕਾ ਕਰਨਗੇ ਤਾਂ ਤਲਵਾਰ ਤੇ ਘਰ ਵਿਚ ਰੱਖਣਗੇ ਹੀ, ਤੇ ਫਿਰ ਜਿਸ ਬੰਦੇ ਨੂੰ ਜਾਨਵਰ ਝਟਕਾਣ ਦੀ ਜਾਚ ਆ ਗਈ ਹੈ, ਹੋ ਸਕਦਾ ਹੈ ਇਹ ਕਿਸੇ ਜ਼ਾਲਮ 'ਤੇ ਵੀ ਚਲਾ ਲੈਣ। ਟਕਰਾਓ ਵੀ ਕਰਨ। ਦੂਸਰਾ ਉਹਨਾਂ ਦੀ ਸ਼ਰ੍ਹਾ ਵਿਚ ਫ਼ਰਕ ਪੈਂਦਾ ਸੀ, ਜਿਸ ਕਰਕੇ ਬੰਦਸ਼ ਲਾ ਦਿੱਤੀ।

ਤੇ ਅਨੰਦਪੁਰ ਸਾਹਿਬ ਤੋਂ ਆਵਾਜ਼ ਬੁਲੰਦ ਹੋਈ ਕਿ ਮੇਰੇ ਸਿਖ ਝਟਕਾ ਵੀ ਕਰਨਗੇ, ਸਿਖ ਸ਼ਸਤਰ ਵੀ ਰੱਖਣਗੇ, ਘੋੜੇ ਦੀ ਸਵਾਰੀ ਵੀ ਕਰਨਗੇ ਤੇ ਸੀਸ 'ਤੇ ਕਲਗੀ ਵੀ ਲਾਣਗੇ। ਤੇ ਇਹ 'ਸਿੰਘ' ਸ਼ਬਦ ਗੁਰੂ ਗੋਬਿੰਦ ਸਿੰਘ ਜੀ ਦੀ ਰਹਿਮਤ ਦਾ ਸਦਕਾ ਹੀ ਬਚਿਆ ਹੈ। ਉਦੋਂ ਕੁਰਬਾਨੀ ਦੇ ਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 'ਸਿੰਘ' ਸ਼ਬਦ ਨੂੰ ਬਚਾ ਛਡਿਆ, ਪਰ ਪਤਾ ਨਹੀਂ ਹੁਣ ਕੀ ਹੋ ਗਿਆ ਹੈ ਸਿੰਘ ਨੂੰ, ਆਪੇ ਹੀ ਲਾਹੀ ਜਾਂਦੇ ਨੇ। ਨਾ ਕਿਸੇ ਦਾ ਤਸ਼ੱਦਦ ਹੈ ਤੇ ਨਾ ਕਿਸੇ ਨੇ ਡਰਾਇਆ ਹੈ, ਤੇ ਫਿਰ ਵੀ ਨਾਮ ਨਾਲ ਸਿੰਘ ਹੈ ਹੀ ਕੋਈ ਨਹੀਂ। 'ਸਿੰਘ' ਨੂੰ ਪਿਛੇ ਛਡਿਆਂ ਸਾਰਾ ਸਿਲਸਿਲਾ ਹੀ ਖ਼ਤਮ ਹੋ ਗਿਆ।

ਮੈਂ ਅਰਜ਼ ਕਰ ਰਿਹਾ ਸੀ ਕਿ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਤਸ਼ਬੀਹਾਂ ਨੇ, ਚੰਗੇ ਤੇ ਮਾੜੇ ਪੁਰਸ਼ਾਂ ਵਾਸਤੇ। ਚੰਗੇ ਸੂਰਬੀਰ ਪੁਰਸ਼ ਵਾਸਤੇ ਜਦ ਕੋਈ ਵੀ ਉਦਾਹਰਣ ਦੇਣੀ ਹੋਵੇ ਤਾਂ ਕਹਿੰਦੇ ਹਾਂ ਕਿ ਇਹ ਤਾਂ ਸ਼ੇਰ ਦੀ ਤਰ੍ਹਾਂ ਹੈ, ਸ਼ੇਰ-ਦਿਲ ਹੈ। ਸ਼ੇਰ ਦੀ ਤਰ੍ਹਾਂ ਨਿਰਭੈ ਹੈ। 'ਸ਼ੇਰ' ਸ਼ਬਦ ਹੈ ਫ਼ਾਰਸੀ ਦਾ, ਤੇ ਸੰਸਕ੍ਰਿਤ ਵਿਚ ਇਸ ਨੂੰ 'ਸਿੰਘ' ਕਹਿੰਦੇ ਹਨ।

ਤੇ ਹੁਣ ਜਿਹੜਾ ਬੰਦਾ ਹਰ ਵਕਤ ਸੋਚੇ ਕਿ ਕਿਧਰੇ ਮੈਂ ਮਰ ਨਾ ਜਾਵਾਂ, ਕਿਧਰੇ ਘਾਟਾ ਨਾ ਪੈ ਜਾਵੇ, ਕਿਧਰੇ ਤਬਾਹ ਨਾ ਹੋ ਜਾਵਾਂ। ਕੀ ਲੈਣਾ ਹੈ ਰੱਬ ਦੇ ਰਸਤੇ 'ਤੇ ਚੱਲ ਕੇ ? ਐਵੇਂ ਤਬਾਹ ਹੋ ਜਾਵਾਂਗੇ। ਜੋ ਹਰ ਗੱਲ ਤੋਂ ਡਰਦਾ ਹੋਵੇ, ਉਸਨੂੰ ਆਖਿਆ ਗਿਆ ਹੈ 'ਸਿਆਲ', ਤੇ ਉਰਦੂ ਵਿਚ ਕਹਿੰਦੇ ਨੇ 'ਗਿੱਦੜ'। ਤੇ ਗਿੱਦੜ ਇਕ ਗਾਲ੍ਹ ਹੈ। ਬਈ ਇਹ ਬਿਲਕੁਲ ਗਿੱਦੜ ਹੈ। ਤੇ


Sri Satguru Jagjit Singh Ji eLibrary NamdhariElibrary@gmail.com

ਜੇ ਇਹ ਕਹਿਣਾ ਹੋਵੇ ਕਿ ਬਈ ਤੂੰ ਤੇ ਬਿਲਕੁਲ ਸਿੰਘ ਹੈਂ ਤਾਂ ਇਹ ਬੜੀ ਇੱਜ਼ਤ ਵਾਲਾ ਸ਼ਬਦ ਹੈ, ਜੋ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਾਡੇ ਨਾਲ ਜੋੜਿਆ ਹੈ, ਜੋ ਆਪ ਭੇਟ ਕੀਤਾ ਹੈ।

ਹੋਰ ਅਗਾਂਹ ਚੱਲੀਏ, ਚੌਪਾਏ ਜਾਨਵਰਾਂ ਵਿਚ ਹੋਰ ਵੀ ਤਸ਼ਬੀਹਾਂ ਮਿਲਦੀਆਂ ਨੇ। ਕਿਸੇ ਗ਼ਲਾਜ਼ਤ ਨਾਲ ਭਰੇ ਹੋਏ ਮਨੁੱਖ ਨੂੰ, ਭਾਵ ਜਿਸ ਦੇ ਮਨ ਵਿਚ ਬੜਾ ਹੀ ਗੰਦ ਹੈ, ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਵਿਚ ਸੂਰ ਨਾਲ ਤਸ਼ਬੀਹ ਦਿਤੀ ਹੈ। ਪਤਾ ਹੈ ਕਿਉਂ ? ਅਕਸਰ ਸੂਰ ਗੰਦਗੀ ਖਾਂਦੇ ਹਨ। ਗੰਦੇ ਥਾਵਾਂ 'ਚ, ਗੰਦਗੀ 'ਚ ਰਹਿਣਾ ਹੀ ਉਸ ਦੀ ਤਬੀਅਤ ਹੈ। ਲੇਕਿਨ ਸ਼ਰੀਫ਼ ਭਲੇ-ਮਾਣਸ ਪੁਰਸ਼ ਨੂੰ ਆਖਿਆ ਗਿਆ ਹੈ, ਬਈ ਇਹ ਗਊ ਹੈ।

ਅੱਜ ਵੀ ਮੰਦਿਰਾਂ ਵਿਚ ਜਾਂ ਗਊ ਬਣੀ ਹੈ ਜਾਂ ਸ਼ੇਰ। ਬਾਹਰ ਬੈਲ ਜਾਂ ਸ਼ੇਰ ਬਣਿਆ ਹੈ, ਅਰ ਅੰਦਰ ਦੇਵੱਤਿਆਂ ਦੀਆਂ ਮੂਰਤਾਂ ਹਨ। ਬਾਹਰ ਸ਼ੇਰਾਂ ਦੀਆਂ, ਗਊ ਦੀਆਂ। ਮੈਂ ਇਸ ਤੋਂ ਬੜੀ ਪ੍ਰੇਰਨਾ ਲਈ ਕਿ ਬਈ ਇਹ ਮੰਦਿਰ ਇਸ਼ਾਰਾ ਪਿਆ ਕਰਦਾ ਹੈ, ਬਈ ਗਊ ਦੀ ਤਰ੍ਹਾਂ ਮੇਰੇ ਕੋਲ ਆ, ਤੇ ਸ਼ੇਰ ਦੀ ਤਰ੍ਹਾਂ ਮੇਰੇ ਪਾਸੋਂ ਜਾ। ਪਹਿਲੇ ਗਊਆਂ ਦੀਆਂ ਮੂਰਤੀਆਂ ਹਨ, ਫਿਰ ਸ਼ੇਰ ਦੀਆਂ। ਸਮਝਾਣ ਦਾ ਢੰਗ ਸੀ ਤਸ਼ਬੀਹਾਂ ਦੀ ਭਾਸ਼ਾ ਵਿਚ।

ਇਕ ਬੰਦਾ ਮੰਦਿਰ ਵਿਚ ਆ ਰਿਹਾ ਹੈ, ਮੂਰਤੀ ਦੀ ਪੂਜਾ ਕਰਦਾ ਹੈ, ਉਸ ਤੋਂ ਪ੍ਰੇਰਨਾ ਲੈਣੀ ਹੈ। ਪਰ ਮੂਰਤੀ ਨਾਲ ਹੀ ਹੁਣ ਉਸ ਨੂੰ ਸਮਝਾਣਾ ਹੈ। ਅੱਜ ਵੀ ਬੱਚਿਆਂ ਨੂੰ ਮੂਰਤੀਆਂ ਨਾਲ ਸਮਝਾਣਾ ਪੈਂਦਾ ਹੈ। ਇਸ਼ਾਰਾ ਹੈ : ਗਊ ਦੀ ਤਰ੍ਹਾਂ ਠੰਢੇ ਦਿਲ ਨਾਲ, ਭਲਮਾਣਸੀ ਨਾਲ ਆ। ਪਰ ਸ਼ੇਰ ਦੀ ਤਰ੍ਹਾਂ ਦਿਲ ਲੈ ਕੇ ਜਾ। ਐਸਾ ਨਾ ਹੋਵੇ ਕਿ ਕੋਈ ਜ਼ਾਲਮ ਤੇਰਾ ਗਲਾ ਕੱਟ ਦੇਵੇ। ਤੂੰ ਸ਼ੇਰ ਤੇ ਗਊ ਇਕੱਠਾ ਬਣ। ਕਿਸੇ ਥਾਂ 'ਤੇ ਭਲਮਾਣਸੀ ਤੋਂ ਕੰਮ ਲੈ, ਸ਼ਰਾਫ਼ਤ ਤੋਂ ਕੰਮ ਲੈ, ਪਰ ਜੇ ਕਿਸੇ ਥਾਂ 'ਤੇ ਸ਼ਰਾਫ਼ਤ ਨਾਲ ਕੰਮ ਨਾ ਬਣੇ, ਤਾਂ ਜੋਸ਼ ਤੋਂ ਵੀ ਕੰਮ ਲੈ, ਫਿਰ ਤੂੰ ਸਿੰਘ ਵੀ ਬਣ ਜਾ। ਸਾਹਿਬਾਂ ਨੇ ਕਿਹਾ ਹੈ :

**ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ੱਸ਼ਤ ॥**
**ਹਲਾਲ ਅਸਤ ਬੁਰਦਨ ਬ-ਸ਼ਮਸ਼ੀਰਿ ਦਸਤ ॥੨੨॥**

ਜੇ ਵੀਚਾਰ ਨਾਲ ਗੱਲ ਨਹੀਂ ਬਣਦੀ ਤਾਂ ਤਲਵਾਰ ਵੀ ਚੁੱਕ ਲਵੀਂ। ਇਹ ਵੀ ਧਰਮ ਹੈ।

ਤੇ ਅਗਾਂਹ ਚੱਲ ਕੇ ਸਾਹਿਬਾਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਸਾਗਰ ਦੀ ਤਰ੍ਹਾਂ ਕਿਹਾ ਹੈ, ਗੁਰੂ ਸਾਗਰ ਦੀ ਨਿਆਈਂ ਹੈ। ਇਹ ਰਤਨਾਂ ਨਾਲ, ਮੋਤੀਆਂ ਨਾਲ


Sri Satguru Jagjit Singh Ji eLibrary NamdhariElibrary@gmail.com

ਭਰਿਆ ਪਿਆ ਹੈ, ਪਰ ਸਾਗਰ ਦੇ ਮੁਕਾਬਲੇ 'ਤੇ ਛਪੜ ਵੀ ਨੇ। ਛਪੜ ਬਣਦੇ ਨੇ ਸਮੁੰਦਰ ਦੇ ਆਸਰੇ 'ਤੇ। ਸਮੁੰਦਰ ਤੋਂ ਬੱਦਲ ਉਠਦੇ ਨੇ, ਤੇ ਮੀਂਹ ਕਿਧਰੇ ਪੈ ਜਾਂਦਾ ਹੈ, ਟੋਇਆਂ ਵਿਚ ਪਾਣੀ ਜਮ੍ਹਾ ਹੋ ਜਾਂਦਾ ਹੈ, ਤੇ ਉਥੇ ਮੱਛੀਆਂ ਪੈਦਾ ਹੋ ਜਾਂਦੀਆਂ ਹਨ, ਤੇ ਫਿਰ ਉਥੇ ਬਗਲਿਆਂ ਦਾ ਇਕੱਠ ਹੋ ਜਾਂਦਾ ਹੈ।

ਮੈਂ ਇਤਨੀ ਅਰਜ਼ ਕਰ ਦਿਆਂ ਕਿ ਸਿਖ ਕੌਮ ਵਿਚ ਜਿਤਨੇ ਵੀ ਪਾਖੰਡੀ ਗੁਰੂ ਬਣਦੇ ਨੇ, ਬਣਦੇ ਸਾਰੇ ਹੀ ਗੁਰਬਾਣੀ ਦੇ ਆਸਰੇ 'ਤੇ ਨੇ। ਕਿਉਂਕਿ ਸਾਗਰ ਤੋਂ ਹੀ ਬੱਦਲ ਉਠਦੇ ਨੇ, ਇਥੋਂ ਹੀ ਸ਼ਬਦ ਦਾ ਆਸਰਾ ਲੈਂਦੇ ਨੇ, ਇਥੋਂ ਹੀ ਪੰਕਤੀਆਂ ਦਾ ਆਸਰਾ ਲੈਂਦੇ ਨੇ, ਤੇ ਅਲਗ ਇਕ ਛਪੜੀ ਬਣਾ ਕੇ ਆਪਣਾ ਸਿਲਸਿਲਾ ਚਲਾ ਲੈਂਦੇ ਨੇ। ਪਰ ਭਗਤ ਕਬੀਰ ਜੀ ਕਹਿੰਦੇ ਨੇ:

**ਕਬੀਰ ਸਮੁੰਦੁ ਨ ਛੋਡੀਐ, ਜਉ ਅਤਿ ਖਾਰੋ ਹੋਇ॥**
**ਪੋਖਰਿ ਪੋਖਰਿ ਢੂਢਤੇ ਭਲੋ ਨ ਕਹਿਹੈ ਕੋਇ॥੫੦॥** (੧੩੬੭)

ਸਮੁੰਦਰ ਨੂੰ ਭੁੱਲ ਕੇ ਵੀ ਨਾ ਛੱਡੀਂ, ਭਾਵੇਂ ਖਾਰਾ ਹੈ, ਪਰ ਮੋਤੀ ਤੈਨੂੰ ਸਮੁੰਦਰ 'ਚੋਂ ਹੀ ਲਭਣੇ ਨੇ, ਹੋਰ ਕਿਤੋਂ ਨਹੀਂ, ਭਾਵੇਂ ਜਿਤਨੀ ਮਰਜ਼ੀ ਕੋਸ਼ਿਸ਼ ਕਰ ਲੈ।

ਹੁਣ ਸ਼ਕਲ ਸੂਰਤ ਹੰਸ ਤੇ ਬਗਲੇ ਦੀ ਇਕੋ ਜਿਹੀ ਹੈ। ਅਰ ਪਹਿਚਾਨ ਵੀ ਕਈ ਦਫ਼ਾ ਨਹੀਂ ਹੋ ਸਕਦੀ, ਕਿ ਕਿਹੜਾ ਹੰਸ ਹੈ ਤੇ ਕਿਹੜਾ ਬਗਲਾ? ਕਈ ਦਫ਼ਾ ਹੈਰਾਨਗੀ ਵੀ ਹੁੰਦੀ ਹੈ—ਗੁਰਮੁਖ ਤੇ ਮਨਮੁਖ ਦੀ ਕਈ ਦਫ਼ਾ ਪਹਿਚਾਨ ਵੀ ਨਹੀਂ ਹੁੰਦੀ। ਦੋਹਾਂ ਦੇ ਹੱਥ ਵਿਚ ਮਾਲਾ ਹੋਵੇ, ਤੇ ਲਿਬਾਸ ਵੀ ਇਕੋ ਜਿਹਾ ਹੋਵੇ, ਤਾਂ ਵੇਖਣ ਵਾਲਾ ਤੇ ਇਹੋ ਕਹੇਗਾ ਕਿ ਦੋਵੇਂ ਗੁਰਮੁਖ ਨੇ। ਅਸਲੀਅਤ ਦਾ ਤੇ ਉਦੋਂ ਹੀ ਪਤਾ ਚਲਦਾ ਹੈ, ਜਦੋਂ ਅੰਦਰ ਦੀ ਫ਼ਿਤਰਤ ਪ੍ਰਗਟ ਹੁੰਦੀ ਹੈ, ਤੇ ਉਸ ਅਸਲੀਅਤ ਨੂੰ ਬਹੁਤ ਦੇਰ ਤਕ ਦਬਾਇਆ ਵੀ ਨਹੀਂ ਜਾ ਸਕਦਾ। ਮਹਾਰਾਜ ਦੀ ਬਾਣੀ ਕਹਿੰਦੀ ਹੈ:

**ਗੁਰੁ ਸਾਗਰੁ ਰਤਨੀ ਭਰਪੂਰੇ॥**
**ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ॥** (੬੮੫)

ਗੁਰੂ ਕੀ ਹੈ? ਰਤਨਾਂ ਨਾਲ ਭਰਿਆ ਹੋਇਆ ਇਕ ਸਾਗਰ ਹੈ, ਇਸ ਵਿਚ ਬੜੇ ਗਿਆਨ ਦੇ ਸੁੱਚੇ ਮੋਤੀ ਪਏ ਨੇ। ਸਾਹਿਬ ਕਹਿੰਦੇ ਨੇ, ਪੁਰਖਾ, ਜੇ ਤੂੰ ਕਿਧਰੇ ਗੁਰਾਂ ਦੀ ਇਕ ਗੱਲ ਸੁਣ ਲਵੇਂ, ਤੈਨੂੰ ਰਤਨਾਂ ਦੀ ਖਾਣ ਲੱਭ ਪੈਣੀ ਹੈ। ਕਿਥੋਂ ਲੱਭੇਗੀ? ਤੇਰੇ ਵਿਚੋਂ ਹੀ ਤੈਨੂੰ ਲੱਭ ਪਵੇਗੀ:


Sri Satguru Jagjit Singh Ji eLibrary NamdhariElibrary@gmail.com

**ਮਤਿ ਵਿਚਿ ਰਤਨ ਜਵਾਹਰ ਮਾਣਿਕ, ਜੇ ਇਕ ਗੁਰ ਕੀ ਸਿਖ ਸੁਣੀ ॥੬॥**

ਇਹਦਾ ਮਤਲਬ ਹੈ, ਅਸੀਂ ਗੁਰੂ ਦੀ ਇਕ ਸਿਖਿਆ ਵੀ ਨਹੀਂ ਸੁਣੀ। ਮਹਾਰਾਜ ਨੇ ਬਹੁਤ ਵੱਡੀ ਗੱਲ ਆਖ ਦਿੱਤੀ ਹੈ:

**ਮਤਿ ਵਿਚਿ ਰਤਨ ਜਵਾਹਰ ਮਾਣਿਕ......॥**

ਸਾਨੂੰ ਬਾਹਰ ਦੇ ਚਮਕਦੇ ਹੋਏ ਪੱਥਰਾਂ ਦਾ ਤੇ ਪਤਾ ਹੈ ਕਿ ਇਹ ਰਤਨ ਹੈ, ਪੰਨਾ ਹੈ, ਮੂੰਗਾ ਹੈ, ਪਰ ਇਸ ਤੋਂ ਵੀ ਕਈ ਕੀਮਤੀ ਰਤਨ ਇਸਦੇ ਅੰਦਰ ਪਏ ਹੋਏ ਨੇ। ਇਹ ਤਾਂ ਪ੍ਰਗਟ ਹੋਣਗੇ ਜੇ ਕਿਧਰੇ ਤੂੰ ਗੁਰੂ ਦੀ ਇਕ ਗੱਲ ਸੁਣ ਲਵੇਂ, ਤਾਂ ਸਭ ਕੁਝ ਪ੍ਰਗਟ ਹੋ ਜਾਵੇਗਾ।

ਪਤਾ ਹੈ, ਧਰਮ ਕਿਥੋਂ ਪੈਦਾ ਹੁੰਦਾ ਹੈ ? ਇਸ ਦਾ ਪਿਉ ਕੌਣ ਹੈ ?

**ਧੌਲੁ ਧਰਮੁ ਦਇਆ ਕਾ ਪੂਤੁ ॥੧੬॥**

ਤੇ ਦੋ ਗੱਲਾਂ ਅੰਤ ਵਿਚ ਮੈਂ ਹੋਰ ਕਹਿ ਦਿਆਂ, ਤੁਹਾਡਾ ਹਿਰਦਾ ਭਾਵੇਂ ਔਖਾ ਹੋਵੇ, ਜਿਸ ਗੁਰਦਵਾਰੇ ਵਿਚ ਇਹ ਬੈਨ ਹੈ ਕਿ ਮੁਸਾਫ਼ਰ ਇਥੇ ਰਹਿ ਹੀ ਨਹੀਂ ਸਕਦਾ, ਤੇ ਗ਼ਰੀਬ ਵਾਸਤੇ ਇਥੇ ਥਾਂ ਹੀ ਕੋਈ ਨਹੀਂ, ਕਿਸੇ ਨਿਮਾਣੇ ਦਾ ਕੋਈ ਸਹਾਰਾ ਹੀ ਕੋਈ ਨਹੀਂ, ਸਿਰਫ਼ ਕੀਰਤਨ ਹੋ ਸਕਦਾ ਹੈ, ਕਥਾ ਹੋ ਸਕਦੀ ਹੈ, ਉਹ ਗੁਰਦਵਾਰਾ ਚਾਹੇ ਸੰਗਮਰਮਰ ਦਾ ਬਣਿਆ ਹੋਵੇ, ਚਾਹੇ ਕਰੋੜਾਂ ਰੁਪਏ ਖ਼ਰਚ ਕਰ ਕੇ ਬਣਿਆ ਹੋਵੇ, ਉਹ ਕਿਸੇ ਦਾ ਘਰ ਹੋ ਸਕਦਾ ਹੈ, ਗੁਰੂ ਨਾਨਕ ਦਾ ਘਰ ਨਹੀਂ, ਕਿਸੇ ਮਨੁੱਖ ਦਾ ਘਰ ਹੋ ਸਕਦਾ ਹੈ।

ਗੁਰੂ ਨਾਨਕ ਦਾ ਘਰ ਹੈ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਬੇਆਸਰਿਆਂ ਦਾ ਆਸਰਾ। ਗੁਰੂ ਨਾਨਕ ਦਾ ਘਰ ਹੈ ਗ਼ਰੀਬ ਨਿਵਾਜ਼। ਤੇ ਖਿਮਾ ਕਰਨੀ, ਐਸੀ ਗੱਲ ਜਿਸ ਗੁਰਦਵਾਰੇ ਵਿਚ ਨਾ ਹੋਵੇ, ਚਾਹੇ ਉਹ ਕੀਮਤੀ ਹੀਰੇ ਮੋਤੀਆਂ ਦਾ ਬਣਿਆ ਹੋਵੇ, ਉਹ ਕਿਸੇ ਦਾ ਘਰ ਹੈ, ਗੁਰਦਵਾਰਾ ਨਹੀਂ। ਜਿਵੇਂ ਕੋਈ ਮਹਾਰਾਜ ਦਾ ਆਪਣੇ ਘਰ ਵਿਚ ਪ੍ਰਕਾਸ਼ ਕਰ ਲੈਂਦਾ ਹੈ, ਉਵੇਂ ਹੀ ਹੈ। ਗੁਰਦਵਾਰਾ ਤੇ ਉਹ ਹੈ ਜੋ ਬੇਆਸਰਿਆਂ ਦਾ ਆਸਰਾ ਬਣ ਸਕੇ।

ਨਿਸ਼ਾਨ ਸਾਹਿਬ ਲਹਿਰਾਉਣ ਦਾ ਮਤਲਬ ਪਤਾ ਹੈ, ਕੀ ਹੈ ? ਇਕ ਪਿਆਸਾ ਤੇ ਭੁੱਖਾ ਪੰਛੀ ਉਡਦਾ ਪਿਆ ਹੈ, ਅਸਮਾਨ ਵਿਚ ਲਭਦਾ ਪਿਆ ਹੈ ਕੋਈ ਐਸਾ ਦਰੱਖ਼ਤ ਜਿਥੇ ਛਾਇਆ ਵੀ ਮਿਲ ਸਕੇ ਤੇ ਫਲ ਵੀ ਮਿਲ ਸਕੇ। ਤੇ ਬੈਠਦਾ ਹੈ ਉਸ ਦਰੱਖ਼ਤ ਉਤੇ, ਜਿਥੇ ਛਾਂ ਹੋਵੇ, ਪਾਣੀ ਹੋਵੇ, ਫਲ ਹੋਵੇ। ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਇਹ ਸੰਦੇਸ਼ ਸੀ ਕਿ ਐ ਬੰਦੇ, ਜੇ ਤੂੰ ਬਹੁਤ



Sri Satguru Jagjit Singh Ji eLibrary NamdhariElibrary@gmail.com

ਸਾਰੇ ਘਰਾਂ ਤੋਂ ਨਿਰਾਸ਼ ਹੋ ਜਾਵੇਂ ਤੇ ਜਿਸ ਘਰ ਇਹ ਪੀਲਾ ਨਿਸ਼ਾਨ ਲਹਿਰਾ ਰਿਹਾ ਹੋਵੇ, ਤੂੰ ਮਾਣ ਨਾਲ ਆਖੀਂ, ਇਹ ਮੇਰਾ ਆਪਣਾ ਹੀ ਘਰ ਹੈ, ਨਿਆਸਰਿਆਂ ਦਾ ਆਸਰਾ ਹੈ। ਮਹਾਰਾਜ ਦਾ ਹੁਕਮ ਹੈ ਕਿ ਤੁਸੀਂ ਆਪਣੇ ਘਰ ਨੂੰ ਹੀ ਗੁਰਦਵਾਰਾ ਬਣਾਓ, ਪਰ ਅਸੀਂ ਉਲਟੀ ਗੱਲ ਚਲਾ ਰੱਖੀ ਹੈ। ਗੁਰਦਵਾਰਿਆਂ ਨੂੰ ਹੀ ਘਰ ਬਣਾ ਛੱਡਦੇ ਹਾਂ। ਤੇ ਇਹ ਬੋਲ ਹੈ ਜਿਸ ਗੁਰਦਵਾਰੇ ਵਿਚ ਮੁਸਾਫ਼ਰ ਵਾਸਤੇ ਕੋਈ ਥਾਂ ਨਹੀਂ, ਫਿਰ ਉਹ ਗੁਰਦਵਾਰਾ ਬਣਾਇਆ ਕਿਸ ਵਾਸਤੇ ਹੈ ?

• ਘਰ ਤੇ ਉਂਜ ਬਥੇਰੇ ਨੇ, ਤੇ ਬਥੇਰੇ ਘਰਾਂ ਵਿਚ ਪ੍ਰਕਾਸ਼ ਹੈ। ਫਿਰ ਗੁਰਦਵਾਰੇ ਵਿਚ ਤੇ ਘਰ ਵਿਚ ਫ਼ਰਕ ਹੀ ਕੀ ਹੋਇਆ ? ਤੇ ਗੁਰਦਵਾਰਾ ਉਹ ਹੈ ਜੋ ਨਿਆਸਰਿਆਂ ਦਾ ਆਸਰਾ ਬਣੇ, ਭਟਕੇ ਹੋਏ ਮੁਸਾਫ਼ਰਾਂ ਦਾ ਉਹ ਇੰਜ ਆਸਰਾ ਬਣੇ ਜੈਸੇ ਥੱਕੇ ਹੋਏ ਪੰਛੀ ਨੂੰ ਕੋਈ ਛਾਇਆਦਾਰ ਦਰਖ਼ਤ ਮਿਲ ਜਾਂਦਾ ਹੈ। ਸਤਿਗੁਰੂ ਮਹਾਰਾਜ ਸਾਹਿਬ ਬਖ਼ਸ਼ਿਸ਼ ਕਰਨ ਕਿ ਗੁਰਦਵਾਰਿਆਂ ਨੂੰ ਅਸੀਂ ਇਸ ਤਰ੍ਹਾਂ ਸਵਾਰੀਏ ਕਿ ਗੁਰੂ ਨਾਨਕ ਦੀ ਪ੍ਰਸੰਨਤਾ ਡੁਲ੍ਹ ਡੁਲ੍ਹ ਪਏ।

ਗਿਆਨੀ ਸਰੂਪ ਸਿੰਘ ਕਡਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕਡਿਆਣਾ ਤਹਿ: ਫਿਲੌਰ (ਜਲੰਧਰ)


Sri Satguru Jagjit Singh Ji eLibrary NamdhariElibrary@gmail.com

# ਭਾਈ ਨੰਦ ਲਾਲ ਜੀ ਸੂਫ਼ੀਆਂ ਦੇ ਟਾਕਰੇ 'ਚ

ਐਸਾ ਵੇਖਣ ਵਿਚ ਆਉਂਦਾ ਹੈ ਕਿ ਇਕੋ ਹੀ ਮੰਜ਼ਿਲ 'ਤੇ ਜਦ ਬਹੁਤ ਸਾਰੇ ਪਾਂਧੀ ਚਲਦੇ ਨੇ, ਤੇ ਕੁਛ ਰਾਹੀ ਪਛੜ ਜਾਂਦੇ ਨੇ, ਅਸੀਂ ਐਸਾ ਕਹਿੰਦੇ ਹਾਂ ਕਿ ਪਛੜੇ ਹੋਏ ਮਨੁੱਖ ਨੇ, ਇਹ ਪਛੜਿਆ ਹੋਇਆ ਦੇਸ਼ ਹੈ, ਇਹ ਪਛੜੀ ਹੋਈ ਸਭਿਅਤਾ ਹੈ, ਪਛੜੀ ਹੋਈ ਸੰਸਕ੍ਰਿਤੀ ਹੈ। ਤੇ ਅਗਾਂਹ ਅਤੇ ਪਿਛਾਂਹ ਹਰ ਦੁਨੀਆ ਵਿਚ ਹੁੰਦਾ ਹੈ, ਹਰ ਮਜ਼੍ਹਬ ਵਿਚ ਹੁੰਦਾ ਹੈ, ਅਤੇ ਹਰ ਦੇਸ ਵਿਚ ਹੁੰਦਾ ਹੈ। ਪਰ ਇਹ ਕੁਦਰਤੀ ਗੱਲ ਹੈ, ਐਸਾ ਹੋ ਹੀ ਜਾਂਦਾ ਹੈ। ਤੇ ਕੋਈ ਬੰਦਾ ਤਿੱਖਾ ਹੁੰਦਾ ਹੈ ਤੇ ਉਹ ਮਾਰਗ ਵਿਚ ਬਹੁਤ ਅੱਗੇ ਲੰਘ ਜਾਂਦਾ ਹੈ।

ਧਰਮ ਦਾ ਇਹ ਜੋ ਰਸਤਾ ਹੈ, ਹੂਬਹੂ ਇਥੇ ਵੀ ਐਸੀ ਹੀ ਗੱਲ ਢੁਕਦੀ ਹੈ ਕੁਛ ਤੇ ਉਹ ਪੁਰਸ਼ ਨੇ ਜੋ ਮੰਜ਼ਿਲੇ-ਮਕਸੂਦ 'ਤੇ ਪਹੁੰਚ ਗਏ ਹਨ, ਜਿਨ੍ਹਾਂ ਦੇ ਕਲਾਮ ਅਸੀਂ ਪੜ੍ਹਦੇ ਹਾਂ, ਜਿਨ੍ਹਾਂ ਦੀ ਜ਼ਿੰਦਗੀ ਤੋਂ ਅਸੀਂ ਪ੍ਰੇਰਨਾ ਲੈਂਦੇ ਹਾਂ, ਜਿਨ੍ਹਾਂ ਦੇ ਬਚਨ ਸੁਣ ਕੇ ਕੁਛ ਹਿਰਦੇ ਵਿਚ ਅਨੰਦ ਮਹਿਸੂਸ ਕਰਦੇ ਹਾਂ। ਇਹ ਉਹ ਪੁਰਸ਼ ਨੇ ਜੋ ਮੰਜ਼ਿਲੇ-ਮਕਸੂਦ 'ਤੇ ਪਹੁੰਚੇ ਹੋਏ ਨੇ, ਜੈਸੇ ਭਗਤ ਕਬੀਰ ਜੀ ਨੇ, ਭਗਤ ਰਵਿਦਾਸ ਜੀ ਨੇ। ਇਹ ਉਹ ਭਗਤ ਹਨ ਜਿਹੜੇ ਸਿਰਫ਼ ਰਸਤੇ ਦੀ ਹੀ ਗੱਲ ਨਹੀਂ ਕਰਦੇ, ਮੰਜ਼ਿਲ ਦੀ ਗੱਲ ਵੀ ਕਰਦੇ ਨੇ। ਕੁਛ ਐਸੇ ਵੀ ਪੁਰਸ਼ ਹੁੰਦੇ ਨੇ, ਜਿਹੜੇ ਅੱਧ ਵਿਚਕਾਰ ਰਹਿੰਦੇ ਨੇ, ਤੇ ਜ਼ਿੰਦਗੀ ਦਾ ਅੰਤ ਹੋ ਜਾਂਦਾ ਹੈ। ਚਲੇ ਤੇ ਹੈਨ, ਪਰ ਵਿਚਾਰੇ ਅੱਧ ਵਿਚਕਾਰ ਹੀ ਪਹੁੰਚ ਸਕੇ ਹੈਨ। ਤੇ ਕੁਛ ਐਸੇ ਵੀ ਹਨ ਜਿਹੜੇ ਸਿਰਫ਼ ਇਸ ਰਸਤੇ 'ਤੇ ਐਵੇਂ ਚਾਰ ਪੰਜ ਕਦਮ ਹੀ ਚਲੇ ਹੁੰਦੇ ਨੇ। ਅਰ ਕੁਛ ਐਸੇ ਵੀ ਹਨ ਜੋ ਸਿਰਫ਼ ਰਸਤਾ ਹੀ ਪੁਛਦੇ ਹਨ, ਚਲਦੇ ਨਹੀਂ, ਸਿਰਫ਼ ਰਸਤਾ ਹੀ ਪੁਛਦੇ ਰਹਿੰਦੇ ਹਨ। ਮੂਲ-ਮੰਤਰ ਕਿਵੇਂ ਜਪੀਏ ਜੀ ? ਗੁਰ-ਮੰਤਰ ਕਿਵੇਂ ਜਪੀਏ ਜੀ ? ਇਸ ਦੇ ਅਰਥ ਕੀ ਨੇ ਜੀ ? ਹੋਰ ਰਹਿਤਾਂ ਬਹਿਤਾਂ ਬਾਰੇ ਵੀ ਪੁਛਦੇ ਰਹਿੰਦੇ ਹਨ। ਇਹਨਾਂ ਦਾ ਬਾਰ ਬਾਰ ਪੁਛਣਾ ਅਰ ਲਗਾਤਾਰ ਪੁਛਣਾ ਇਸ ਗੱਲ ਦਾ ਸਬੂਤ ਹੈ ਕਿ ਇਹ ਪੁਛਣ ਵਾਲੇ ਹੀ ਹੈਨ, ਚਲਣ ਵਾਲੇ ਨਹੀਂ। ਭਾਈ ਗੁਰਦਾਸ ਜੀ ਕਹਿੰਦੇ ਨੇ :


Sri Satguru Jagjit Singh Ji eLibrary NamdhariElibrary@gmail.com

**ਪੂਛਤ ਪਥਕਿ ਤਿਹ ਮਾਰਗ ਨ ਧਾਰੈ ਪਗਿ**
**ਪ੍ਰੀਤਮ ਕੈ ਦੇਸ, ਕੈਸੇ ਬਾਤਨੁ ਸੇ ਜਾਈਐ ॥੪੩੯॥**

ਰਸਤਾ ਜ਼ਰੂਰ ਪੁਛਦਾ ਹੈ, ਪਰ ਚਲਣ ਦੀ ਹਿੰਮਤ ਕੋਈ ਨਹੀਂ, ਕਿਉਂਕਿ ਜਦ ਉਹਨੂੰ ਪਤਾ ਚਲਦਾ ਹੈ ਕਿ ਰਸਤਾ ਬੜਾ ਬਿਖੜਾ ਹੈ, ਤੇ ਚਲਦਾ ਹੀ ਨਹੀਂ।

ਮਨੁੱਖ ਚਾਹੁੰਦਾ ਹੈ ਕਿ ਸੌਖੇ ਤਰੀਕੇ ਨਾਲ ਧਨ ਕਮਾ ਲਏ ਤੇ ਸੌਖੇ ਤਰੀਕੇ ਨਾਲ ਹੀ ਧਰਮ ਕਮਾ ਲਏ। ਤੇ ਮੈਂ ਇਤਨੀ ਅਰਜ਼ ਕਰ ਦਿਆਂ ਕਿ ਧਨ ਕਮਾਣ ਦਾ ਤੇ ਕੋਈ ਸੌਖਾ ਤਰੀਕਾ ਹੋ ਸਕਦਾ ਹੈ, ਕਿਸੇ ਦੀ ਲਾਟਰੀ ਨਿਕਲ ਆਈ ਤੇ ਮਿਲ ਗਿਆ, ਪਰ ਧਰਮ ਕਮਾਣ ਦਾ ਸੌਖਾ ਢੰਗ ਕੋਈ ਨਹੀਂ। ਇਹ ਤੇ (ਆਖਣਿ ਅਉਖਾ ਸਾਚਾ ਨਾਉ) ਇਹ ਮਾਰਗ ਬਹੁਤ ਔਖਾ ਹੈ।

ਤੇ ਕੁਛ ਐਸੇ ਨੇ, ਜੋ ਰਸਤਾ ਹੀ ਪੁਛਦੇ ਰਹਿੰਦੇ ਨੇ, ਅਰ ਸਾਰੀ ਜ਼ਿੰਦਗੀ ਪੁਛਦੇ ਰਹਿੰਦੇ ਨੇ, ਕਦੀ ਚਲਦੇ ਨਹੀਂ। ਜੁਆਨ ਸਨ ਤਾਂ ਵੀ ਪੁਛਦੇ ਸਨ ਕਿ ਜੀ ਗੁਰ-ਮੰਤਰ ਕੀ ਹੈ ? ਨਾਮ ਕਿਵੇਂ ਜਪੀਏ ? ਤੇ ਹੁਣ ਬੁੱਢੇ ਹੋ ਗਏ ਤਾਂ ਵੀ ਉਹੀ ਰਟ ਲਾਈ ਜਾਂਦੇ ਹਨ। ਅਗਾਂਹ ਵਧਣ ਦੀ ਕੋਈ ਗੱਲ ਨਹੀਂ। ਪਰ ਕੁਛ ਐਸੇ ਵੀ ਬਦਨਸੀਬ ਹੁੰਦੇ ਨੇ, ਜੋ ਕਿ ਰਸਤੇ ਵੀ ਨਹੀਂ ਪੁੱਛਦੇ, ਅੰਦਰ ਕੋਈ ਖ਼ੁਆਹਿਸ਼ ਹੀ ਨਹੀਂ, ਤਮੰਨਾ ਹੀ ਨਹੀਂ। ਇਸ ਦੁਨੀਆ ਵਿਚ ਕਰੋੜਾਂ ਮਨੁੱਖ ਐਸੇ ਨੇ ਜਿਨ੍ਹਾਂ ਨੇ ਕਦੀ ਰੱਬ ਦਾ ਰਸਤਾ ਵੀ ਨਹੀਂ ਪੁਛਿਆ, ਧਰਮ ਦਾ ਕਦੀ ਕੋਈ ਪ੍ਰਸ਼ਨ ਹੀ ਨਹੀਂ ਕੀਤਾ। ਇਸ ਮਾਰਗ 'ਤੇ ਚਲਣ ਦਾ ਉਹਨਾਂ ਅੰਦਰ ਕਦੀ ਕੋਈ ਸਵਾਲ ਹੀ ਪੈਦਾ ਨਹੀਂ ਹੋਇਆ। ਤੇ ਕਰੋੜਾਂ ਐਸੇ ਮਨੁੱਖ ਜੋ ਰਸਤੇ ਬਾਰੇ ਪੁਛਦੇ ਹੀ ਨਹੀਂ।

ਇਹ ਵੀਚਾਰਾਂ ਜੋ ਮੈਂ ਤੁਹਾਡੇ ਸਾਹਮਣੇ ਇਸ ਵਕਤ ਰੱਖ ਰਿਹਾ ਹਾਂ, ਇਹ ਭਾਈ ਸਾਹਿਬ ਭਾਈ ਨੰਦ ਲਾਲ ਜੀ ਦੀਆਂ ਗ਼ਜ਼ਲਾਂ 'ਤੇ ਆਧਾਰਿਤ ਹਨ। ਜੈਸੇ ਜੋਗੀਆਂ ਨੂੰ ਬਾਬੇ ਨਾਨਕ ਨੇ ਸਮਝਾਇਆ ਸੀ, ਅਰ ਰਜ ਕੇ ਸਮਝਾਇਆ ਸੀ, ਅਰ ਸੂਫ਼ੀਆਂ ਨੂੰ ਸਮਝਾਇਆ ਹੈ ਭਾਈ ਸਾਹਿਬ ਭਾਈ ਨੰਦ ਲਾਲ ਜੀ ਨੇ। ਭਾਈ ਨੰਦ ਲਾਲ ਜੀ ਕਹਿੰਦੇ ਨੇ, 'ਐ ਸੂਫ਼ੀਓ, ਕਾਸ਼ ! ਕਿ ਗੁਰੂ ਗੋਬਿੰਦ ਸਿੰਘ ਵਰਗਾ ਰਹਿਬਰ ਤੁਹਾਨੂੰ ਮਿਲਦਾ, ਸਾਰੀ ਜ਼ਿੰਦਗੀ ਪੁਛਦਿਆਂ ਪੁਛਦਿਆਂ ਨਾ ਲੰਘਦੀ ਤੁਹਾਡੀ, ਪੁਛਣ ਵਿਚ ਹੀ ਜ਼ਿੰਦਗੀ ਲੰਘ ਗਈ ਸਾਰੀ।' ਇਕ ਸੂਫ਼ੀ 'ਸ਼ਮਸ ਤਬਰੇਜ਼' ਆਪ ਕਹਿੰਦਾ ਹੈ :

**ਬਖ਼ਤਰ ਤਮਾਮ ਗੁਜ਼ੱਸ਼ਤ ਬਪਾਇਆਂ ਰਸੀਦ ਉਮਰ ॥**


Sri Satguru Jagjit Singh Ji eLibrary NamdhariElibrary@gmail.com

ਕਹਿੰਦਾ ਹੈ, ਜ਼ਿੰਦਗੀ ਦਾ ਸਾਜ਼ੋ-ਸਮਾਨ ਮੁਕ ਗਿਆ ਹੈ, ਤੇ ਉਮਰ ਮੇਰੀ ਆਖ਼ਰੀ ਦਮਾਂ 'ਤੇ ਆ ਗਈ ਹੈ। ਬੁੱਢਾ ਹੋ ਗਿਆ ਹਾਂ।

**ਮਾ ਹਮ ਚੁਨਾਂ ਦਰ ਅਵਲ ਵਸਕਤ ਮਾ ਗਾਇਨ॥**

ਐ ਖ਼ੁਦਾ! ਮੈਂ ਭਾਵੇਂ ਬੁੱਢਾ ਹੋ ਗਿਆ ਹਾਂ, ਜ਼ਿੰਦਗੀ ਦਾ ਸਾਰਾ ਸਾਜ਼ੋ-ਸਮਾਨ ਮੁਕ ਗਿਆ ਹੈ। ਬਦ-ਕਿਸਮਤੀ ਇਹ ਹੈ ਮੇਰੀ, ਕਿ ਅਜੇ ਵੀ ਮੈਂ ਤੇਰਾ ਰਸਤਾ ਪਿਆ ਪੁਛਦਾ ਹਾਂ, ਚਲਦਾ ਕੋਈ ਨਹੀਂ, ਉਂਜ ਸਭ ਕੁਛ ਖ਼ਤਮ ਹੋ ਗਿਆ ਹੈ। ਇਸ ਸੂਫ਼ੀ ਦਾ ਐਸਾ ਮੰਨਣਾ ਹੈ।

ਕੁਝ ਸੂਫ਼ੀਆਂ ਦੇ ਤਸੱਵਰ ਨੂੰ ਵੇਖ ਕੇ ਭਾਈ ਸਾਹਿਬ ਭਾਈ ਨੰਦ ਲਾਲ ਜੀ ਨੇ ਐਸਾ ਵੀ ਸਮਝਾਇਆ ਹੈ:

**ਦਰ ਮਹਿਫ਼ਲੇ-ਕਿ ਖ਼ੁਰਸ਼ੀਦ ਅੰਦਰ ਸ਼ੁਮਾਰ ਜ਼ੱਰਾ ਅਸਤ॥**

ਭਾਈ ਸਾਹਿਬ ਕਹਿੰਦੇ ਨੇ, ਜਿਸਦੀ ਮਹਿਫ਼ਲ ਵਿਚ ਐਹ ਜਿਹੜਾ ਸੂਰਜ ਹੈ ਨਾ, ਇਹ ਵੀ ਇਕ ਨਿੱਕੀ ਜਿਹੀ ਚੰਗਾਰੀ ਹੈ, ਇਸ ਤੋਂ ਜ਼ਿਆਦਾ ਨਹੀਂ। ਇਸਦੀ ਕੋਈ ਵੁੱਕਤ ਨਹੀਂ। ਪਰਮਾਤਮਾ ਦੀ ਮਹਿਫ਼ਲ ਵਿਚ, ਉਸ ਈਸ਼ਵਰ ਦੇ ਦਰਬਾਰ ਵਿਚ ਇਹ ਸੂਰਜ ਇਕ ਨਿੱਕਾ ਜਿਹਾ ਜ਼ੱਰਾ ਹੈ, ਇਸ ਤੋਂ ਜ਼ਿਆਦਾ ਨਹੀਂ। ਜੈਸੇ ਸਾਡੇ ਘਰ ਵਿਚ ਬਸ ਇਕ ਨਿੱਕੀ ਜਿਹੀ ਚੰਗਿਆਰੀ ਹੈ, ਹੋਰ ਕੁਛ ਨਹੀਂ।

**ਦਰ ਮਹਿਫ਼ਲੇ-ਕਿ ਖ਼ੁਰਸ਼ੀਦ ਅੰਦਰ ਸ਼ੁਮਾਰ ਜ਼ੱਰਾ ਅਸਤ॥**
**ਖ਼ੁਦ ਰਾ ਬਜ਼ੁਰਗ ਦੀਦਨ ਸ਼ਰਤੇ-ਅਦਬ ਨ-ਬਾਸ਼ਿਦ॥**

ਜਿਸ ਮਹਿਫ਼ਲ ਵਿਚ ਸੂਰਜ ਦੀ ਵੀ ਕੋਈ ਵੁੱਕਤ ਨਹੀਂ, ਜਿਸ ਮਹਿਫ਼ਲ ਵਿਚ ਸੂਰਜ ਨੂੰ ਵੀ ਕੁਝ ਨਹੀਂ ਸਮਝਿਆ ਜਾਂਦਾ, ਉਸ ਮਹਿਫ਼ਲ ਵਿਚ ਐ ਬੰਦੇ, ਤੂੰ ਆਖੇਂ ਕਿ ਮੈਂ ਬਜ਼ੁਰਗ ਹਾਂ, ਮੈਂ ਕੋਈ ਸਿਆਣਾ ਹਾਂ, ਮੈਂ ਕੋਈ ਦਾਨਿਸ਼ਮੰਦ ਹਾਂ। ਭਾਈ ਸਾਹਿਬ ਕਹਿੰਦੇ ਨੇ, ਇਹ ਕੋਈ ਅਦਬ ਦੀ ਗੱਲ ਨਹੀਂ, ਅਦਬ ਦੀ ਸ਼ਰਤ ਨਹੀਂ।

ਐ ਸੂਫ਼ੀਓ, ਤੁਹਾਡਾ ਕਹਿਣਾ ਅਰ ਆਪਣੀ ਗੱਲ ਦਾ ਮਾਣ ਕਰਨਾ ਇੰਜ ਹੈ ਜੈਸੇ ਇਕ ਨਿੱਕੀ ਜਿਹੀ ਚਿੰਗਾਰੀ ਸੂਰਜ ਅਗੇ ਮਾਣ ਕਰੇ। ਤੇ ਸੂਰਜ ਵੀ ਉਸ ਪਰਮਾਤਮਾ ਦੇ ਘਰ ਇਕ ਨਿੱਕੀ ਜਿਹੀ ਚਿੰਗਾਰੀ ਦੇ ਸਾਮਾਨ ਹੈ। ਆਪ ਸਮੁੱਚੇ ਸੂਫ਼ੀਆਂ ਨੂੰ ਸਮਝਾਂਦੇ ਨੇ ਕਿ ਮੈਨੂੰ ਅਫ਼ਸੋਸ ਹੈ ਕਿ ਤੁਹਾਨੂੰ ਗੁਰੂ ਗੋਬਿੰਦ ਸਿੰਘ ਵਰਗਾ ਰਹਿਬਰ ਨਹੀਂ ਮਿਲਿਆ।


Sri Satguru Jagjit Singh Ji eLibrary NamdhariElibrary@gmail.com

ਸਾਹਿਬ ਗੁਰੂ ਗੋਬਿੰਦ ਸਿੰਘ ਵਿਚ ਖ਼ੂਬੀਆਂ ਕੀ ਨੇ, ਭਾਈ ਸਾਹਿਬ ਭਾਈ ਨੰਦ ਲਾਲ ਜੀ ਆਪਣੀਆਂ ਗ਼ਜ਼ਲਾਂ ਵਿਚ ਦਸਦੇ ਨੇ, ਲੇਕਿਨ ਸੂਫ਼ੀਆਂ ਨੂੰ ਮੁਖ਼ਾਤਿਬ ਕਰ ਕੇ, ਸੂਫ਼ੀਆਂ ਦੇ ਹਰ ਕਲਾਮ ਨੂੰ ਮੁਖ਼ਾਤਿਬ ਕਰਦੇ ਨੇ।

ਇਹ ਵੀਚਾਰਾਂ ਇਸ ਵਕਤ ਮੈਂ ਤੁਹਾਡੇ ਸਾਹਮਣੇ ਇਸ ਵਾਸਤੇ ਰੱਖ ਰਿਹਾ ਹਾਂ ਕਿ ਤਾਂਕਿ ਸਾਨੂੰ ਪਤਾ ਚਲ ਸਕੇ ਕਿ ਗੁਰੂ ਤੇ ਸਾਡੇ ਪਹੁੰਚੇ ਹੋਏ ਸਨ, ਜਿਹੜੇ ਸਿਖ ਸਨ ਉਹ ਵੀ ਕਿਤਨੇ ਰੌਸ਼ਨ-ਦਿਮਾਗ਼ ਸਨ, ਤੇ ਕਿਤਨੇ ਰੌਸ਼ਨ-ਜ਼ਮੀਰ ਸਨ। ਸਤਿਗੁਰਾਂ ਦੀ ਬਰਕਤ ਨੂੰ ਪ੍ਰਾਪਤ ਕਰ ਕੇ, ਸਤਿਗੁਰਾਂ ਤੋਂ ਅਸੀਸ ਲੈ ਕੇ ਸਿਖ ਵੀ ਕਿਤਨੀਆਂ ਬੁਲੰਦੀਆਂ ਨੂੰ ਛੂੰਹਦੇ ਨੇ। ਭਾਈ ਨੰਦ ਲਾਲ ਇਕ ਸਿਖ ਹੈ ਅਤੇ ਸਿਖ ਹੋਣ ਦੇ ਨਾਤੇ ਸੂਫ਼ੀਆਂ ਨੂੰ ਕਹਿੰਦਾ ਹੈ, ਐਸਾ ਜਾਪਦਾ ਹੈ ਕਿ ਤੁਸੀਂ ਸਾਰੇ ਹੀ ਭਟਕੇ ਹੋਏ ਹੋ। ਇਹ ਸੂਫ਼ੀਆਂ ਦਾ ਸਾਰਾ ਕਲਾਮ ਭਾਈ ਨੰਦ ਲਾਲ ਸਮੇਤ ਤਹਰਾਨ ਦੀ ਸਿੰਘ ਸਭਾ ਨੇ ਛਾਪਿਆ ਹੈ।

ਹਾਫ਼ਿਜ਼ ਨੂੰ ਤੇ ਸ਼ੇਖ਼ ਸਾਅਦੀ ਸਾਹਿਬ ਨੂੰ ਮੁਖ਼ਾਤਬ ਕਰ ਕੇ ਜੋ ਭਾਈ ਸਾਹਿਬ ਕਹਿੰਦੇ ਨੇ, ਇਸ ਵਕਤ ਮੈਂ ਉਹੀ ਤੁਹਾਡੇ ਸਾਹਮਣੇ ਰੱਖਣ ਲੱਗਾ ਹਾਂ।

ਸ਼ੇਖ਼ ਸਾਅਦੀ ਸਾਹਿਬ ਨੇ ਇਕ ਨਿੱਕਾ ਜਿਹਾ ਗਿਲਾ ਕੀਤਾ ਹੈ, ਮਿੱਠਾ ਜਿਹਾ ਗਿਲਾ ਖ਼ੁਦਾ 'ਤੇ, ਕਹਿੰਦਾ ਹੈ,ਉਂਜ ਖ਼ੁਦਾ ਤੂੰ ਬੜਾ ਦਿਆਲੂ ਹੈਂ, ਕਿਰਪਾਲੂ ਹੈਂ, ਬਹੁਤ ਕੁਛ ਹੈਂ, ਪਰ ਤੇਰੀ ਇਕ ਗੱਲ ਮੈਨੂੰ ਨਹੀਂ ਚੰਗੀ ਲੱਗੀ, ਕੀ :

**ਦੀਦਾਰ ਮੀ ਨੁਮਾਈ-ਓ-ਪ੍ਰਹੇਜ਼ ਮੀ ਕੁਨੀ।**

ਤਸਬੀ ਫੇਰਦਾ ਹਾਂ, ਤੇਰਾ ਨਾਮ ਜਪਦਾ ਹਾਂ, ਪਰ ਤੂੰ ਇਕ ਨਿੱਕੀ ਜਿਹੀ ਝਲਕ ਵਿਖਾ ਕੇ ਛੁਪ ਜਾਂਦਾ ਹੈਂ। ਕਦੀ ਨਿਤਨੇਮ ਕਰਦਿਆਂ ਕਰਦਿਆਂ, ਕਿਸੇ ਸਿਖ ਨੂੰ ਵੀ ਰਸ ਆ ਜਾਂਦਾ ਹੈ। ਕਦੀ ਕੀਰਤਨ ਸੁਣਦਿਆਂ ਸੁਣਦਿਆਂ ਮਨੁੱਖ ਦੇ ਅੰਦਰ ਵੀ ਰਸ ਭਰ ਜਾਂਦਾ ਹੈ। ਤੇ ਸ਼ੇਖ਼ ਸਾਅਦੀ ਸਾਹਿਬ ਕਹਿੰਦੇ ਨੇ, ਕਿਸੇ ਦਿਨ ਤਸਬੀ ਫੇਰਦਿਆਂ ਫੇਰਦਿਆਂ, ਨਿਮਾਜ਼ ਪੜ੍ਹਦਿਆਂ ਪੜ੍ਹਦਿਆਂ ਹਿਰਦਾ ਰਸ ਨਾਲ ਭਰ ਜਾਂਦਾ ਹੈ। ਪਰ ਤੇਰੇ 'ਤੇ ਗਿਲਾ ਹੈ ਕਿ ਤੂੰ ਇਕ ਨਿੱਕੀ ਜਿਹੀ ਝਲਕ ਦਿਖਾਂਦਾ ਹੈਂ ਤੇ ਫਿਰ ਆਪਣੇ ਆਪ ਨੂੰ ਛੁਪਾ ਲੈਂਦਾ ਹੈਂ, ਬੁਰਕਾ ਕਰ ਲੈਂਦਾ ਹੈਂ।

**ਦੀਦਾਰ ਮੀ ਨੁਮਾਈ, ਓ-ਪ੍ਰਹੇਜ਼ ਮੀ ਕੁਨੀ।**
**ਬਾਜ਼ਾਰ-ਖ਼ੇਸ਼ ਆਤਿਸ਼ੇ-ਮਾ ਤੇਜ ਮੀ ਕੁਨੀ।**

ਐ ਖ਼ੁਦਾ, ਤੂੰ ਐਸਾ ਨਾ ਕਰ, ਤੂੰ ਦੀਦਾਰ ਦੇ ਕੇ ਬੁਰਕਾ ਕਰ ਲੈਂਦਾ ਹੈਂ, ਪਰਦਾ ਕਰ ਲੈਂਦਾ ਹੈਂ, ਫਿਰ ਸਾਡੇ ਵੇਖਣ ਦੀ ਅੱਗ ਵਧ ਜਾਂਦੀ ਹੈ। ਹੋਰ ਬੇਹਬਲਤਾ ਵਿਚ ਆ ਜਾਂਦੀ ਹੈ ਤੇ ਤੇਰਾ ਮੁਲ ਵੀ ਜ਼ਿਆਦਾ ਪੈ ਜਾਂਦਾ ਹੈ।


Sri Satguru Jagjit Singh Ji eLibrary NamdhariElibrary@gmail.com

ਫਿਰ ਤੂੰ ਐਸਾ ਨਾ ਕਰਿਆ ਕਰ।

ਹੁਣ ਅਜ਼ੀਮ ਸਿਖ ਭਾਈ ਸਾਹਿਬ ਭਾਈ ਨੰਦ ਲਾਲ ਜੀ ਸਮਝਾਂਦੇ ਨੇ, ਸ਼ੇਖ਼ ਸਾਅਦੀ ਸਾਹਿਬ, ਗੱਲ ਇਹ ਨਹੀਂ। ਜਿਸ ਵਕਤ ਤੈਨੂੰ ਖ਼ੁਦਾ ਦੇ ਦਰਸ਼ਨ ਨਾ ਹੋਵਣ ਤਾਂ ਖ਼ੁਦਾ ਪਰਦੇ ਵਿਚ ਨਹੀਂ ਹੈ। ਖ਼ੁਦਾ 'ਤੇ ਕੋਈ ਬੁਰਕਾ ਨਹੀਂ ਹੈ।

**ਤੂ ਦਰ ਹਜਾਬ-ਏ-ਖ਼ੁਦੀ ਯਾਰ ਏ-ਮਹਲਕਾ ਚਿਹ ਕੁਨੱਦ।**

ਜਿਸ ਵਕਤ ਤੈਨੂੰ ਰੱਬ ਨਾ ਦਿਖੇ, ਉਸ ਵਕਤ ਤੇਰੇ 'ਤੇ ਹਉਮੈ ਦਾ ਪਰਦਾ ਪੈ ਗਿਆ ਹੈ, ਉਸ ਵਕਤ ਤੇਰੇ 'ਤੇ ਹੀ ਅਗਿਆਨਤਾ ਦਾ ਕੋਈ ਪਰਦਾ ਪੈ ਗਿਆ ਹੈ। ਤੈਨੂੰ ਹੀ ਕੋਈ ਭਰਮ-ਭੁਲੇਖਾ ਪੈ ਗਿਆ ਹੈ। ਤੇ ਪਰਦਾ ਤੇਰੇ 'ਤੇ ਪਿਆ ਹੈ, ਤੇ ਤੂੰ ਕਹਿੰਦਾ ਹੈਂ ਐ ਖ਼ੁਦਾ ਤੂੰ ਪਰਦਾ ਆਪਣੇ 'ਤੇ ਨਾ ਪਾ। ਉਹ ਤੇ ਜ਼ੱਰੇ ਜ਼ੱਰੇ ਵਿਚ ਸਮਾਇਆ ਹੋਇਆ ਹੈ, ਸਾਗਰ ਦੀਆਂ ਲਹਿਰਾਂ ਵਿਚ ਸਮਾਇਆ ਹੋਇਆ ਹੈ, ਸੂਰਜ ਦੀਆਂ ਕਿਰਨਾਂ ਵਿਚ ਵੀ।

ਇਤਨਾ ਵੱਡਾ ਪਰਦਾ ਆਵੇਗਾ ਕਿਥੋਂ ? ਕਿ ਉਹ ਆਪਣੇ ਆਪ ਨੂੰ ਛੁਪਾ ਲਵੇ। ਉਹ ਤੇ ਜ਼ਾਹਿਰ ਜ਼ਹੂਰ ਹੈ ਕਿ ਹਾਜ਼ਿਰ ਹਜ਼ੂਰ ਹੈ। ਤੈਨੂੰ ਜੇ ਨਹੀਂ ਦਿਸਦਾ ਤਾਂ ਆਪਣਾ ਹੀ ਪਰਦਾ ਇਕ ਪਾਸੇ ਕਰ।

ਇਸੇ ਹੀ ਤਰੀਕੇ ਨਾਲ ਭਾਈ ਸਾਹਿਬ ਹਾਫ਼ਿਜ਼ ਨੂੰ ਸਮਝਾਂਦੇ ਨੇ। ਹਾਫ਼ਿਜ਼ ਕਹਿੰਦਾ ਹੈ:

**ਮਰਾ ਦਰ ਮੰਜ਼ਿਲੇ ਜਾਨਾ ਚਿਹ ਅਮਨੋ ਐਸ਼ ਚੂੰ ਹਰਦਮ।**

ਹਾਫ਼ਿਜ਼ ਕਹਿੰਦਾ ਹੈ ਕਿ ਐ ਖ਼ੁਦਾ, ਤੇਰੇ ਮਾਰਗ 'ਤੇ ਚਲ ਕੇ, ਮੈਨੂੰ ਸੁਖ ਚੈਨ ਨਹੀਂ ਲਭਿਆ, ਉਂਜ ਚਲਿਆ ਹਾਂ ਮੈਂ। ਗੱਲ ਨਹੀਂ ਬਣੀ। ਅੰਦਰ ਬੜੀ ਬੇਚੈਨੀ ਹੈ। ਬੜੀ ਪਰੇਸ਼ਾਨੀ ਹੈ। ਚਲਣ ਦੀ ਸਮਰੱਥਾ ਨਹੀਂ ਰਹੀ ਤੇ ਚਲਦਿਆਂ ਚਲਦਿਆਂ ਮੈਂ ਥੱਕ ਗਿਆ ਹਾਂ। ਥਕਾਵਟ ਆ ਜਾਂਦੀ ਹੈ।

ਬੰਦਾ ਕਹਿੰਦਾ ਹੈ ਰੋਜ਼ ਗੁਰਦਵਾਰੇ ਜਾਂਦੇ ਹਾਂ, ਚਲੋ ਅੱਜ ਨਾ ਹੀ ਸਹੀ। ਇਹ ਕੁਛ ਅੰਦਰੂਨੀ ਧਾਰਮਿਕ ਪੰਧ 'ਤੇ ਚਲਣ ਦੀ ਥਕਾਵਟ ਹੀ ਹੈ। ਕਈਆਂ ਨੂੰ ਹੋ ਜਾਂਦੀ ਹੈ। ਕਹਿੰਦੇ ਨੇ ਦਮ ਲੈ ਲਈਏ। ਇਕ ਦੋ ਦਿਨ ਨਹੀਂ ਚਲਦੇ। ਤੇ ਹਾਫ਼ਿਜ਼ ਕਹਿੰਦਾ ਹੈ :

**ਮਰਾ ਦਰ ਮੰਜ਼ਿਲੇ ਜਾਨਾ ਚਿਹ ਅਮਨੋ ਐਸ਼ ਚੂੰ ਹਰਦਮ।**
**ਜਰਸ ਫ਼ਰਿਆਦ ਮੀ ਦਾਰਦ ਕਿ ਬਰ ਬੰਦੇਮ ਮੁਹਲਮ-ਹਾ।**

ਹਾਫ਼ਿਜ਼ ਕਹਿੰਦੇ ਨੇ, ਚਲਦਿਆਂ ਚਲਦਿਆਂ ਥਕ ਗਏ ਹਾਂ, ਮੰਜ਼ਿਲ ਦਾ


Sri Satguru Jagjit Singh Ji eLibrary NamdhariElibrary@gmail.com

ਕੋਈ ਪਤਾ ਨਹੀਂ, ਕਿਥੋਂ ਲਭਣੀ ਹੈ ? ਨਿਸ਼ਚੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਬੰਦਾ ਜਿਹੜਾ ਬੰਦਗੀ ਪਿਆ ਕਰਦਾ ਹੈ, ਰੱਬ ਨੇ ਮਿਲ ਜਾਣਾ ਹੈ ਯਾ ਨਹੀਂ, ਕਦੋਂ ਮਿਲਣਾ ਹੈ ?

ਇਹ ਕੋਈ ਨਿਸਚਿਤ ਗੱਲ ਨਹੀਂ ਹੈ। ਚੂੰਕਿ ਨਿਸਚਿਤ ਨਹੀਂ ਹੈ ਇਸ ਕਰਕੇ ਬੰਦਾ ਕਹਿੰਦਾ ਹੈ ਅਨਿਸਚਿਤ ਨੂੰ ਕੀ ਹੱਥ ਪਾਣਾ ਹੈ ? ਜਿਹੜੀ ਗੱਲ ਨਿਸਚਿਤ ਹੀ ਨਹੀਂ, ਲਭਣਾ ਕਦੋਂ ਹੈ ? ਮਿਲਣਾ ਕਦੋਂ ਹੈ ?

ਤੋ ਮਨੁੱਖ ਅਕਸਰ ਧਰਮ ਦਾ ਮਾਰਗ ਛੱਡ ਦਿੰਦਾ ਹੈ। ਤੋ ਹਾਫ਼ਿਜ਼ ਕਹਿੰਦਾ ਹੈ, ਬੇਜ਼ਾਰ ਹੋ ਗਿਆ ਹਾਂ, ਥੱਕ ਗਿਆ ਹਾਂ। ਜਿਸ ਮਾਰਗ 'ਤੇ ਚਲਦਿਆਂ ਵੀ ਉਸ ਵਿਚੋਂ ਲਭਿਆ ਕਖ ਨਹੀਂ ਤੇ ਅਗਾਂਹ ਪਤਾ ਨਹੀਂ ਕਿ ਕੁਛ ਲਭਣਾ ਵੀ ਹੈ ਕਿ ਨਹੀਂ, ਇਸ ਵਾਸਤੇ ਮਾਯੂਸ ਹੋ ਕੇ ਬੈਠ ਗਿਆ ਹਾਂ ਕਿ ਥੋੜ੍ਹਾ ਜਿਹਾ ਦਮ ਲੈ ਲਵਾਂ।

ਪਰ ਕਹਿੰਦੇ ਨੇ ਕਿ ਮੇਰੇ ਦਮ ਲੈਣ ਦੀ ਦੇਰ ਹੀ ਸੀ ਤੇ ਹੋਇਆ ਕੀ ?

**ਜਰਸ ਫ਼ਰਿਆਦ ਮੀ ਦਾਰਦ ਕਿ ਬਰ ਬੰਦੇਮ ਮੁਹਮਲ-ਹਾ।**

ਅਗੋਂ ਘੜਿਆਲ ਵਜ ਪਿਆ ਕਿ ਚਲ ਬਈ ਕੂਚ ਕਰਨਾ ਹੈ। ਕਾਰਵਾਂ ਚਲ ਪਿਆ, ਕਾਫ਼ਲਾ ਚਲ ਪਿਆ।

ਦਰਅਸਲ ਹਾਫ਼ਿਜ਼ ਐਸਾ ਕਹਿੰਦੇ ਨੇ ਕਿ ਮੇਰੇ ਕੰਨਾਂ ਵਿਚ ਆਵਾਜ਼ ਪੈ ਜਾਂਦੀ ਹੈ ਕਿ ਫ਼ਲਾਣੇ ਥਾਂ ਕਿਸੇ ਜਗ੍ਹਾ ਬੰਦਾ ਮਰ ਗਿਆ ਹੈ। ਕੋਈ ਮੁਰਦਾ ਮੇਰੇ ਅਗੋਂ ਲੰਘਦਾ ਹੈ, ਇਹ ਘੜਿਆਲ ਦਾ ਵਜਣਾ ਹੈ। ਬਈ ਤੂੰ ਬੈਠ ਕਿਉਂ ਗਿਆ ਹੈਂ ? ਕੂਚ ਕਰ, ਚਲ। ਐਸਾ ਹੀ ਨਾ ਹੋਵੇ ਕਿ ਗੱਲ ਰਸਤੇ 'ਚ ਹੀ ਖ਼ਤਮ ਹੋ ਜਾਵੇ, ਤੇ ਤੂੰ ਟਿਕਾਣੇ 'ਤੇ ਪਹੁੰਚ ਹੀ ਨਾ ਸਕੇਂ। ਤੇ ਫਿਰ ਖਿੰਡਿਆ ਹੋਇਆ ਸਾਮਾਨ ਮੈਂ ਫਿਰ ਸਮੇਟਣ ਲਗ ਪੈਂਦਾ ਹਾਂ। ਕਿਉਂਕਿ ਅੰਦਰ ਤੇ ਇਹ ਭਰਮ ਹੁੰਦਾ ਹੈ ਕਿ ਅੱਜ ਦਮ ਲਈਏ ਇਸ ਰਸਤੇ 'ਤੇ। ਤੋ ਸਾਮਾਨ ਖਲੇਰ ਕੇ ਬੈਠ ਜਾਂਦੇ ਹਾਂ। ਮਨ ਨੂੰ ਖਿੰਡਾਣਾ ਹੀ ਪੈਂਦਾ ਹੈ, ਮਨ ਖਿੰਡਾਣਾ ਸਾਮਾਨ ਖਿਲੇਰਨਾ ਹੈ। ਤੋ ਹਾਫ਼ਿਜ਼ ਕਹਿੰਦਾ ਹੈ ਕਿ ਮੈਂ ਫਿਰ ਸਾਮਾਨ ਨੂੰ ਇਕ ਦਮ ਇਕੱਠਾ ਕਰਦਾ ਹਾਂ। ਗੱਠੜੀ ਬੰਨ੍ਹਦਾ ਹਾਂ, ਤੇ ਚਲ ਪੈਂਦਾ ਹਾਂ। ਭਾਵ, ਮੈਂ ਫਿਰ ਦੁਬਾਰਾ ਜੁੜ ਬੈਠਦਾ ਹਾਂ।

ਅਗਾਂਹ ਚਲ ਕੇ ਇਕ ਬਹੁਤ ਮਿੱਠਾ ਜਿਹਾ ਗਿਲਾ ਕੀਤਾ ਹੈ। ਤੇ ਇਸ ਸਾਰੀ ਗ਼ਜ਼ਲ ਦਾ ਜਵਾਬ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘ ਭਾਈ ਨੰਦ ਲਾਲ ਜੀ ਨੇ ਦਿੱਤਾ ਹੈ। ਅਰ ਬੜੇ ਹੀ ਸੋਹਣੇ ਢੰਗ ਨਾਲ ਹਾਫ਼ਿਜ਼ ਕਹਿੰਦਾ ਹੈ:


Sri Satguru Jagjit Singh Ji eLibrary NamdhariElibrary@gmail.com

**ਸ਼ਬੇ-ਤਾਰੀਕ ਬੀਮ-ਏ-ਮੌਜ ਗਰਦਾਬ-ਏ-ਚੁਨੀਂ ਹਾਇਲ।**
**ਕੁਜਾ ਦਾਨਦ ਹਾਲ-ਏ-ਮਾ ਸੁਬਕਸਾਰਾਨ-ਏ-ਸਾਹਿਲਹਾ।**

ਹਾਫ਼ਿਜ਼ ਕਹਿੰਦਾ ਹੈ ਕਿ ਇਕ ਤੇ ਰਾਤ ਹਨੇਰੀ ਹੈ, ਜਿਸ ਰਸਤੇ 'ਤੇ ਮੈਂ ਚਲ ਰਿਹਾ ਹਾਂ, ਹਨੇਰਾ ਬੜਾ ਹੈ। ਦੂਜਾ ਰਸਤੇ ਵਿਚ ਇਕ ਬੜਾ ਬਿਖੜਾ ਦਰਿਆ ਪੈਂਦਾ ਹੈ। ਤੇ ਮੈਂ ਦਰਿਆ ਵਿਚ ਪੈਰ ਪਾ ਬੈਠਾ ਹਾਂ। ਤੇ ਪੈਰ ਪਾਂਦਿਆ ਸਾਰ ਹੀ ਮੈਂ ਘੁੰਮਣ-ਘੇਰੀਆਂ ਵਿਚ ਫਸ ਗਿਆ ਹਾਂ। ਪਾਰਲਾ ਕੰਢਾ ਦਿਸਦਾ ਹੀ ਕੋਈ ਨਹੀਂ। ਨਾਲ ਮੇਰੇ ਕੋਈ ਹੈ ਨਹੀਂ, ਤੇ ਹੁਣ ਉਹ ਬੰਦੇ ਮੇਰਾ ਹਾਲ ਕੀ ਜਾਣਨ ਜਿਹੜੇ ਇਸ ਰਸਤੇ 'ਤੇ ਕਦੀ ਚਲੇ ਹੀ ਨਹੀਂ। ਇੰਜ ਉਹ ਆਪਣੀ ਤੜਪ ਜ਼ਾਹਿਰ ਕਰਦਾ ਹੈ।

ਸਿਖ ਧਰਮ ਦੇ ਪ੍ਰਚਾਰਕ ਪ੍ਰੋ. ਗੰਗਾ ਸਿੰਘ ਨੇ ਇਸ ਰੁਬਾਈ ਦਾ ਤਰਜਮਾ ਪੰਜਾਬੀ 'ਚ ਕੀਤਾ ਸੀ:

**ਰਾਤ ਹਨੇਰੀ ਘੁੰਮਣ ਘੇਰੀ ਪਾਣੀ ਠਾਠਾਂ ਮਾਰੇ!**
**ਉਹ ਕੀ ਜਾਣਨ ਹਾਲ ਅਸਾਡਾ, ਜੋ ਰਹਿੰਦੇ ਨਦੀ ਕਿਨਾਰੇ!**

ਜਿਹਨਾਂ ਉਸ ਦਰਿਆ ਵਿਚ, ਉਸ ਘੁੰਮਣ-ਘੇਰੀ ਵਿਚ ਪੈਰ ਪਾਇਆ ਹੀ ਨਹੀਂ, ਉਹ ਕੀ ਜਾਣਨ ਇਸ ਰਸਤੇ 'ਤੇ ਚਲਣਾ ਕਿੰਨਾ ਔਖਾ ਹੈ? ਅਰ ਮੈਂ ਇਹ ਵੀ ਅਰਜ਼ ਕਰਾਂ ਕਿ ਇਹ ਗੁਰਦਵਾਰੇ ਆਵਣਾ ਇਤਨਾ ਔਖਾ ਨਹੀਂ, ਪਰ ਅੰਮ੍ਰਿਤ ਵੇਲੇ ਸਵੇਰੇ ਉਠ ਕੇ ਸ਼ਬਦ ਸੁਰਤ ਦਾ ਮੇਲ ਕਰਨਾ ਬੜਾ ਹੀ ਔਖਾ ਹੈ, ਫਿਰ ਤੁਹਾਨੂੰ ਪਤਾ ਚਲੇ ਕਿ ਇਸ ਰਸਤੇ 'ਤੇ ਚਲਣਾ ਕਿਤਨਾ ਔਖਾ ਹੈ?

ਤੋ ਹਾਫ਼ਿਜ਼ ਕਹਿੰਦੇ ਨੇ, ਇਕ ਤੇ ਹਨੇਰੀ ਰਾਤ ਹੈ, ਦਿਸਦਾ ਕਖ ਨਹੀਂ। ਚਲ ਤੇ ਮੈਂ ਰਿਹਾ ਹਾਂ, ਦਿਸਦਾ ਕਖ ਨਹੀਂ ਪਿਆ। ਸੁਝਦਾ ਕੁਛ ਨਹੀਂ, ਫਿਰ ਮੇਰੇ ਨਾਲ ਹੈ ਵੀ ਕੋਈ ਨਹੀਂ, ਮੈਂ ਇਕੱਲਾ ਹਾਂ। ਤੀਸਰਾ ਘੁੰਮਣ-ਘੇਰੀ ਵਿਚ ਮੈਂ ਫਸ ਗਿਆ ਹਾਂ, ਤੋ ਪਾਰਲਾ ਕੰਢਾ ਦਿਸਦਾ ਕੋਈ ਨਹੀਂ। ਐਸੀ ਮੇਰੀ ਹਾਲਤ ਹੈ। ਹੁਣ ਉਹ ਬੰਦੇ ਕੀ ਜਾਣਨ ਜਿਹੜੇ ਇਸ ਰਸਤੇ 'ਤੇ ਕਦੇ ਚਲੇ ਹੀ ਨਹੀਂ।

ਹੁਣ ਭਾਈ ਸਾਹਿਬ ਭਾਈ ਨੰਦ ਲਾਲ ਜੀ ਨੇ ਇਸ ਅਜ਼ੀਮ ਸ਼ਾਇਰ ਨੂੰ ਕਿਵੇਂ ਸਮਝਾਇਆ ਹੈ, ਉਹ ਵੇਖੀਏ ਤੇ ਪਤਾ ਚਲਦਾ ਹੈ ਕਿ ਇਸ ਪਾਸ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਕਿਤਨੀਆਂ ਬਖ਼ਸ਼ਿਸ਼ਾਂ ਸਨ।

**ਮਰਾ ਦਰ ਮੰਜ਼ਲਿ ਜਾਨਾਂ, ਹਮਾ ਐਸ਼ੋ ਹਮਾ ਸ਼ਾਦੀ।**

ਤੁਸੀਂ ਵੇਖੋਗੇ, ਤੇ ਗ਼ੌਰ ਕਰੋ, ਦੋਨਾਂ ਦੀ ਸ਼ਬਦਾਵਲੀ ਤੇ ਸ਼ੈਲੀ ਇਕ ਹੈ। ਇਕ ਨਜ਼ਮ 'ਚ ਤੇ ਰੋਣਾ ਹੈ, ਤੇ ਇਕ ਵਿਚ ਖ਼ੁਸ਼ੀ ਹੈ। ਇਕ 'ਚ ਸਵਾਲ ਹੈ,


Sri Satguru Jagjit Singh Ji eLibrary NamdhariElibrary@gmail.com

ਇਕ 'ਚ ਜਵਾਬ ਹੈ, ਸਵਾਲੀਆ ਫ਼ਿਕਰਾ ਹੈ ਹਾਫ਼ਿਜ਼ ਦਾ, ਤੇ ਜਵਾਬ ਦਿੱਤਾ ਹੈ ਭਾਈ ਨੰਦ ਲਾਲ ਜੀ ਨੇ।

ਅਰ ਕਈ ਦਫ਼ਾ ਜਦ ਮੈਂ ਦੇਖਦਾ ਹਾਂ ਕਿਸੇ ਸਿਖ ਨੂੰ, ਉਹ ਥਾਂ ਥਾਂ ਧੱਕੇ ਖਾ ਰਿਹਾ ਹੈ ਕਿ ਜੀ ਮੈਂ ਨਾਮ ਕਿਵੇਂ ਜਪਾਂ ? ਤੇ ਕਿਸੇ ਕੋਲੋਂ ਕੋਈ ਹੋਰ ਪੁਠੀ ਗੀਤ ਪੁਛਦਾ ਹੈ—ਸਵਾਸ ਕਿਵੇਂ ਰੋਕਾਂ ਜੀ ? ਇਹੋ ਜਿਹੀਆਂ ਗੱਲਾਂ ਸੁਣ ਕੇ ਮੈਨੂੰ ਖ਼ਿਆਲ ਆਉਂਦਾ ਹੈ ਕਿ ਇਹ ਸਿਖ ਬਣਿਆ ਹੀ ਨਹੀਂ। ਜੇ ਸਿਖ ਬਣ ਜਾਏ ਤਾਂ :

**ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥** *(੧੫੦)*

• ਜਿਹਨਾਂ ਦਾ ਗੁਰੂ, ਗੁਰੂ ਨਾਨਕ ਹੈ ਉਹਨਾਂ ਨੂੰ ਉਪਦੇਸ਼ ਦੇਣ ਦੀ ਲੋੜ ਕੀ ਹੈ ? ਇਤਨੀ ਮਹਾਨ ਬਾਣੀ ਤੇ ਇਤਨੀ ਮਹਾਨ ਰਚਨਾ ਜਿਸ ਪਾਸ ਹੋਵੇ, ਤੋ ਫਿਰ ਵੀ ਉਹ ਭੰਬਲ-ਭੂਸੇ ਖਾਵੇ ਤੇ ਫਿਰ ਵੀ ਭਟਕੇ। ਤਰਸ ਆਉਂਦਾ ਹੈ।

ਤੋ ਹਾਫ਼ਿਜ਼ ਦੀ ਪਹਿਲੀ ਪੰਕਤੀ ਇਹ ਹੈ :

**ਮਰਾ ਦਰ ਮੰਜ਼ਿਲੇ-ਜਾਨਾ ਚਿਹ ਅਮਨੋ ਐਸ਼ ਚੂੰ ਹਰਦਮ।**

ਇਸ ਦੇ ਜਵਾਬ ਵਿਚ ਭਾਈ ਸਾਹਿਬ ਨੰਦ ਲਾਲ ਦੀ ਗ਼ਜ਼ਲ ਦੀ ਪਹਿਲੀ ਲਾਈਨ ਇਹ ਹੈ :

**ਮਰਾ ਦਰ ਮੰਜ਼ਲਿ ਜਾਨਾਂ, ਹਮਾ ਐਸ਼ੋ ਹਮਾ ਸ਼ਾਦੀ ॥**

ਗ਼ਜ਼ਲ ਦੀ ਰਵਾਨੀ ਬਿਲਕੁਲ ਇਕ ਹੈ। ਭਾਈ ਜੀ ਕਹਿੰਦੇ ਨੇ, ਐ ਹਾਫ਼ਿਜ਼ ਜਿਸ ਰਸਤੇ 'ਤੇ ਮੈਂ ਚਲਿਆ ਹਾਂ, ਉਸ 'ਤੇ ਨਿਤ ਦੀਆਂ ਖ਼ੁਸ਼ੀਆਂ ਹਨ, ਨਿਤ ਦੇ ਖੇੜੇ ਨੇ, ਨਿਤ ਦੀ ਨਵੀਂ ਪ੍ਰਸੰਨਤਾ ਹੈ। ਪਰ ਮੈਨੂੰ ਹੈਰਾਨਗੀ ਹੈ ਕਿ ਜਿਸ ਰਸਤੇ 'ਤੇ ਤੂੰ ਚਲਿਆ ਹੈਂ, ਸਿਵਾਏ ਰੋਣੇ ਪਿਟਣੇ ਤੋਂ ਹੋਰ ਹੈ ਵੀ ਕੁਛ ਨਹੀਂ।

ਜਦ ਮੈਨੂੰ ਕੋਈ ਕਹਿੰਦਾ ਹੈ ਨਾ, ਕਿ ਫ਼ਲਾਣਾ ਨਾਮ ਜਪਦਿਆਂ ਇੰਜ ਝੂਮਦਾ ਹੈ ਕਿ ਜਿਵੇਂ ਭੂਤਨੇ ਝੂਮਦੇ ਨੇ, ਵਾਲ ਖੁਲ੍ਹ ਜਾਂਦੇ ਨੇ, ਇੰਜ ਸਿਰ ਪਟਕਦਾ ਹੈ। ਤੋ ਉਹਨੂੰ ਮੈਂ ਕਹਿੰਦਾ ਹੁੰਦਾ ਹਾਂ ਕਿ ਇਹ ਨਾਮ ਦਾ ਰਸ ਨਹੀਂ ਹੈ। ਨਾਮ ਦੇ ਰਸ ਵਿਚ ਮਨੁੱਖ ਅਡੋਲ ਹੋ ਜਾਂਦਾ ਹੈ :

**ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ, ਨਿਮਖ ਸਿਮਰਤ ਜਿਤੁ ਛੂਟੈ ॥**
*(੭੪੭)*

ਮਨ ਦੀ ਭਟਕਣ ਨਹੀਂ ਰਹਿੰਦੀ, ਮਨ ਟਿਕ ਜਾਂਦਾ ਹੈ। ਇਸ ਢੰਗ ਨਾਲ ਬੰਦਾ ਨਹੀਂ ਝੂਮਦਾ, ਜਿਵੇਂ ਭੂਤਨੇ ਝੂਮਦੇ ਨੇ। ਇਹ ਗੱਲ ਨਹੀਂ ਹੁੰਦੀ।



Sri Satguru Jagjit Singh Ji eLibrary NamdhariElibrary@gmail.com

ਤੇ ਭਾਈ ਸਾਹਿਬ ਕਹਿੰਦੇ ਨੇ, ਜਿਸ ਰਸਤੇ 'ਤੇ ਮੈਂ ਚਲਿਆ ਹਾਂ, ਨਿਤ ਦੀਆਂ ਖ਼ੁਸ਼ੀਆਂ ਹੈਨ, ਨਿਤ ਦੀ ਪ੍ਰਸੰਨਤਾ ਹੈ। ਪਰ ਹਾਫ਼ਿਜ਼ ਜਿਸ ਰਸਤੇ 'ਤੇ ਤੂੰ ਚਲਿਆ ਹੈਂ, ਨਿਤ ਦਾ ਰੋਣਾ ਹੈ, ਨਿਤ ਦਾ ਗ਼ਮ ਹੈ, ਨਿਤ ਦੀ ਮੁਸੀਬਤ ਹੈ। ਇਹ ਤੂੰ ਕਿਹੜਾ ਰਸਤਾ ਫੜ ਲਿਆ ਹੈ ? ਇਹ ਤੂੰ ਕਿਹੜੇ ਉਲਟੇ ਮਾਰਗ 'ਤੇ ਚਲ ਪਿਆ ਹੈਂ ? ਰੱਬ ਦੇ ਮਾਰਗ 'ਤੇ ਚਲੇਂ ਤੇ ਫੇਰ ਵੀ ਨਿਤ ਦਾ ਰੋਣਾ ? ਤੇ ਭਾਈ ਸਾਹਿਬ ਕਹਿੰਦੇ ਨੇ :

**ਮਰਾ ਦਰ ਮੰਜ਼ਲਿ ਜਾਨਾਂ, ਹਮਾ ਐਸ਼ੋ ਹਮਾ ਸ਼ਾਦੀ॥**

ਨਿਤ ਦੀਆਂ ਖ਼ੁਸ਼ੀਆਂ, ਨਿਤ ਦੀਆਂ ਸ਼ਾਦੀਆਂ ਨੇ, ਨਿਤ ਨਵੀਂ ਪ੍ਰਸੰਨਤਾ ਮੈਨੂੰ ਉਸ ਰਸਤੇ 'ਤੇ ਮਿਲੀ ਹੈ, ਜਿਸ 'ਤੇ ਮੈਂ ਚਲਿਆ ਹਾਂ। ਦੂਸਰੀ ਪੰਕਤੀ ਹੈ ਹਾਫ਼ਿਜ਼ ਦੀ :

**ਜਰਸ ਫ਼ਰਿਆਦ ਮੀ ਦਾਰਦ ਕਿ ਬਰ ਬੰਦੇਮ ਮੁਹਮਲ-ਹਾ।**

ਹਾਫ਼ਿਜ਼ ਕਹਿੰਦਾ ਹੈ ਕਿ ਅਰਾਮ ਕਰਨ ਵਾਸਤੇ ਜਦ ਮੈਂ ਬੈਠ ਜਾਂਦਾ ਹਾਂ ਤੇ ਸੋਚਦਾ ਹਾਂ ਕਿ ਚਲੋ ਇਕ ਦੋ ਦਿਨ ਨਾ ਚਲੀਏ, ਦਮ ਲਈਏ। ਇਕ ਦੋ ਦਿਨ ਨਿਮਾਜ਼ ਨਹੀਂ ਪੜ੍ਹਨੀ, ਤਸਬੀ ਨਹੀਂ ਫੇਰਨੀ, ਇਕ ਦਿਨ ਆਰਾਮ ਕਰੀਏ। ਤੇ ਫਿਰ ਮੌਤ ਦਾ ਘੜਿਆਲ ਵਜ ਪੈਂਦਾ ਹੈ। ਮੇਰੇ ਕੰਨਾਂ ਵਿਚ ਖ਼ਬਰ ਪੈ ਜਾਂਦੀ ਹੈ ਕਿ ਕੋਈ ਮਰ ਗਿਆ ਹੈ। ਤੇ ਫਿਰ ਇਹ ਘੜਿਆਲ ਮੈਨੂੰ ਐਸਾ ਸੁਰਜੀਤ ਕਰ ਦਿੰਦਾ ਹੈ ਕਿ ਮੈਂ ਫਿਰ ਚਲ ਪੈਂਦਾ ਹਾਂ। ਮੈਂ ਫਿਰ ਤਸਬੀ ਪਕੜ ਲੈਂਦਾ ਹਾਂ, ਕੁਰਾਨ ਪਕੜ ਲੈਂਦਾ ਹਾਂ, ਤੇ ਰੋਜ਼ੇ ਰੱਖ ਲੈਂਦਾ ਹਾਂ। ਫਿਰ ਮੈਂ ਆਪਣੀ ਸੁਰਤ ਨੂੰ ਤੋਰਨ ਦੀ ਕੋਸ਼ਿਸ਼ ਕਰਦਾ ਹਾਂ, ਜਦ ਘੜਿਆਲ ਦੀ ਆਵਾਜ਼ ਮੇਰੇ ਕੰਨਾਂ ਵਿਚ ਪੈਂਦੀ ਹੈ :

**ਜਰਸ ਫ਼ਰਿਆਦ ਮੀ ਦਾਰਦ ਕਿ ਬਰ ਬੰਦੇਮ ਮੁਹਮਲ-ਹਾ।**

ਇਸ ਪੰਕਤੀ ਦਾ ਜਵਾਬ ਭਾਈ ਸਾਹਿਬ ਭਾਈ ਨੰਦ ਲਾਲ ਜੀ ਨੇ ਇੰਜ ਦਿੱਤਾ ਹੈ :

**ਜਰਸ ਬੇਹੂਦਾ ਮੇ-ਨਾਲਦ ਕੁਜਾ ਬੰਦੇਮ ਮੁਹਮਲ-ਹਾ॥੨॥**

ਕਿ ਇਹ ਮੌਤ ਦਾ ਘੜਿਆਲ ਬੇਹੂਦਾ ਵਜਦਾ ਪਿਆ ਹੈ, ਇਹ ਬਿਲਕੁਲ ਫ਼ਜ਼ੂਲ ਵਜ ਰਿਹਾ ਹੈ। ਕਿਉਂ ? ਭਾਈ ਸਾਹਿਬ ਕਹਿੰਦੇ ਨੇ, ਅਸੀਂ ਤੇ ਸਾਮਾਨ ਖਿੰਡਾਇਆ ਹੀ ਨਹੀਂ। ਇਹ ਫ਼ਿਕਰ ਚਿੰਤਾ ਉਹਨਾਂ ਨੂੰ ਹੋਵੇ, ਜਿਨ੍ਹਾਂ ਦਾ ਸਾਮਾਨ ਬਹੁਤ


Sri Satguru Jagjit Singh Ji eLibrary NamdhariElibrary@gmail.com

ਖਿਲਰਿਆ ਪਿਆ ਹੈ।

ਅਚਨਚੇਤ ਐਸੀ ਇਤਲਾਹ ਆ ਜਾਏ ਕਿ ਬਈ ਚਲਣਾ ਹੈ, ਪੰਜਾਂ ਮਿੰਟਾਂ 'ਚ। ਤੇ ਬੱਚੇ ਦਾ ਸਾਮਾਨ ਖਿਲਰਿਆ ਪਿਆ ਹੋਵੇ ਤੇ ਸਮਟਣ ਲੱਗਿਆਂ ਫਿਰ ਕਿੰਨੀ ਔਖਿਆਈ ਹੁੰਦੀ ਹੈ। ਤੋ ਭਾਈ ਸਾਹਿਬ ਕਹਿੰਦੇ ਨੇ, ਅਸੀਂ ਕੁਝ ਖਿੰਡਾਇਆ ਹੀ ਨਹੀਂ। ਅਸੀਂ ਤਾਂ ਸਭ ਕੁਝ ਸਾਂਭ ਕੇ ਰਖਿਆ ਹੈ। ਐਵੇਂ ਫ਼ਜ਼ੂਲ ਪਿਆ ਵਜਦਾ ਹੈ ਘੜਿਆਲ। ਇਹ ਤੇ ਉਹਨਾਂ ਵਾਸਤੇ ਵੱਜੇ, ਜਿਹਨਾਂ ਨੇ ਸਾਜ਼ੋ-ਸਾਮਾਨ ਬਹੁਤਾ ਖਲੇਰ ਕੇ ਰੱਖ ਛਡਿਆ ਹੈ।

• ਆਪ ਨੂੰ ਪਤਾ ਹੋਵੇ, ਕਈ ਦਫ਼ਾ ਖਿੰਡਿਆ ਹੋਇਆ ਮਨ, ਮੌਤ ਦੀ ਘਟਨਾ ਵੇਖ ਕੇ ਜਾਂ ਸੁਣ ਕੇ ਫਿਰ ਜਾਂਦਾ ਹੈ, ਖਿੰਡਾਉ ਥੋੜ੍ਹਾ ਜਿਹਾ ਘਟ ਹੋ ਜਾਂਦਾ ਹੈ। ਜਦ ਕੋਈ ਸੰਬੰਧੀ ਨੇੜੇ ਦਾ ਹੋਵੇ ਤਾਂ ਮੌਤ ਨੇੜੇ ਪ੍ਰਤੀਤ ਹੁੰਦੀ ਹੈ। ਦੂਰ ਦਾ ਹੋਵੇ ਤਾਂ ਮੌਤ ਦੂਰ ਦੀ ਪ੍ਰਤੀਤ ਹੁੰਦੀ ਹੈ। ਤੇ ਨੇੜੇ ਦੀ ਮੌਤ ਇਕ ਬਹੁਤ ਵੱਡਾ ਧੱਕਾ ਮਾਰਦੀ ਹੈ। ਉਹਦੇ ਨਾਲ ਖਿੰਡਿਆ ਹੋਇਆ ਮਨ ਕੁਛ ਥੋੜ੍ਹਾ ਜਿਹਾ ਜੁੜਦਾ ਹੈ। ਪਰ ਵਕਤੀ ਤੌਰ 'ਤੇ।

ਭਾਈ ਨੰਦ ਲਾਲ ਜੀ ਕਹਿੰਦੇ ਨੇ, ਅਸੀਂ ਤੇ ਗਠੜੀ ਬੰਨ੍ਹ ਕੇ ਰੱਖੀ ਹੈ, ਸਾਡੀ ਤੇ ਤਿਆਰੀ ਹੈ ਬਿਲਕੁਲ, ਇਹ ਘੜਿਆਲ ਐਵੇਂ ਫ਼ਜ਼ੂਲ ਪਿਆ ਵਜਦਾ ਹੈ।

ਇਕ ਉਦਾਹਰਣ ਦਿਆਂ। ਇਕ ਦਫ਼ਾ ਮੈਨੂੰ ਇਕ ਸਰਦਾਰ ਜੀ ਦੀ ਕੋਠੀ ਵਿਚ ਠਹਿਰਨਾ ਪਿਆ। ਉਸ ਨੇ ਬਗ਼ੀਚਾ ਬਹੁਤ ਸੋਹਣਾ ਲਾਇਆ ਹੋਇਆ ਸੀ। ਕਾਬਲੇ ਤਾਰੀਫ਼। ਮਨ ਨੂੰ ਮੋਹਦਾ ਸੀ। ਇਕ ਬੂਟਾ ਵੀ ਖ਼ਰਾਬ ਹੋ ਜਾਏ ਤਾਂ ਸਰਦਾਰ ਜੀ ਔਖੇ ਹੋ ਜਾਂਦੇ ਸਨ। ਬਗ਼ੀਚੇ ਦੇ ਸਵਾਰਨ ਵਿਚ ਉਹਨਾਂ ਹਰ ਕੋਸ਼ਿਸ਼ ਕੀਤੀ ਹੋਈ ਸੀ। ਪਰ ਜਦ ਮੈਂ ਅਗਲੇ ਸਾਲ ਗਿਆ ਤਾਂ ਬਗ਼ੀਚਾ ਉਜੜਿਆ ਪਿਆ ਹੈ। ਘਾਹ ਵਾਲੇ ਬੂਟੇ ਸੁਕੇ ਪਏ ਨੇ। ਮੈਂ ਪੁਛਿਆ, ਸਰਦਾਰ ਜੀ, ਬਗ਼ੀਚੇ ਦੀ ਇਹ ਦੁਰਦਸ਼ਾ ? ਕਹਿਣ ਲਗੇ, 'ਗਿਆਨੀ ਜੀ ! ਸਾਡੀ ਬਦਲੀ ਹੋ ਗਈ ਹੈ ਤੇ ਕੁਛ ਦਿਨ ਤਕ ਅਸੀਂ ਚਲੇ ਜਾਣਾ ਹੈ। ਜਦ ਚਲੇ ਹੀ ਜਾਣਾ ਹੈ ਤਾਂ ਇਸ 'ਤੇ ਕੌਣ ਮੇਹਨਤ ਕਰੇ ? ਕਿਉਂ ਮੇਹਨਤ ਕਰੀਏ ? ਕਿਉਂ ਸਿਆਪਾ ਕਰੀਏ ?' ਅਰ ਮਕਾਨ ਤੇ ਬਗ਼ੀਚੇ ਦੀ ਛੱਡਣ ਦੀ ਪੂਰੀ ਤਿਆਰੀ ਸੀ। ਕਿਉਂਕਿ ਅੰਦਰੋਂ ਮਨ ਛੱਡਣ ਲਈ ਤਿਆਰ ਹੋ ਜਾਂਦਾ ਹੈ, ਤੋ ਕਹਿੰਦੇ ਹਨ, ਸੰਸਾਰ ਦੀਆਂ ਖ਼ੁਸ਼ੀਆਂ ਅਰ ਸੰਸਾਰ ਦੇ ਗ਼ਮ ਬੰਦੇ ਨੂੰ ਰੋਕਦੇ ਨਹੀਂ। ਇਕ ਆਲਮ ਦਾ ਕਹਿਣਾ ਹੈ :


Sri Satguru Jagjit Singh Ji eLibrary NamdhariElibrary@gmail.com

ਜੋ ਹੰਸ ਰਹਾ ਹੈ, ਸੋ ਹੰਸ ਰਹੇਗਾ।
ਜੋ ਰੋ ਰਹਾ ਹੈ, ਸੋ ਰੋ ਰਹੇਗਾ।
ਸ਼ਕੂਨੇ ਕਲਬ ਸੇ ਖ਼ੁਦਾ ਖ਼ੁਦਾ ਕਰ,
ਜੋ ਕੁਛ ਹੋਨਾ ਹੈ, ਹੋ ਕੇ ਰਹੇਗਾ।

ਸਾਨੂੰ ਰੋਣਾ ਵੀ ਰੋਕ ਛਡਦਾ ਹੈ ਤੇ ਹਾਸਾ ਵੀ ਰੋਕ ਛਡਦਾ ਹੈ।

ਤੇ ਭਾਈ ਸਾਹਿਬ ਕਹਿ ਰਹੇ ਹਨ, ਅਸੀਂ ਤੇ ਮਨ ਦੀ ਗਠੜੀ ਬੰਨ੍ਹ ਕੇ ਰੱਖੀ ਹੈ, ਐਵੇਂ ਵਜਦਾ ਹੈ ਮੌਤ ਦਾ ਘੜਿਆਲ। ਅਸੀਂ ਤੇ ਤਿਆਰ ਬੈਠੇ ਹਾਂ। ਕਲ੍ਹ ਆਉਂਦੀ ਹੈ ਮੌਤ, ਭਾਵੇਂ ਅੱਜ ਆ ਜਾਵੇ :

**ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥**
**ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥੨੨॥** *(੧੩੬੫)*

ਸਾਡੀ ਤੇ ਇਹ ਅਵਸਥਾ ਬਣੀ ਪਈ ਹੈ। ਅਗਾਂਹ ਚਲ ਕੇ ਹਾਫ਼ਜ਼ ਜੋ ਕਹਿੰਦਾ ਹੈ :

**ਸ਼ਬੇ-ਤਾਰੀਕ ਬੀਮ-ਏ-ਮੌਜ ਗਰਦਾਬ-ਏ-ਚੁਨੀਂ ਹਾਇਲ।**

ਭਾਈ ਨੰਦ ਲਾਲ ਤੇ ਸੂਫ਼ੀਆਂ ਦੇ ਕਲਾਮ ਜਦ ਮੁਸਲਮਾਨ ਪੜ੍ਹਦੇ ਨੇ, ਤੇ ਦੰਗ ਰਹਿ ਜਾਂਦੇ ਨੇ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਸਿਖ ਇਤਨਾ ਦੂਰ ਦ੍ਰਿਸ਼ਟ, ਇਤਨਾ ਰੌਸ਼ਨ-ਦਿਮਾਗ਼, ਸੂਫ਼ੀਆਂ ਨੂੰ ਪਛਾੜ ਗਿਆ ਹੈ। ਉਹ ਸੂਫ਼ੀਆਂ ਨੂੰ ਕਹਿੰਦਾ ਹੈ ਕਿ ਤੁਸੀਂ ਇਥੇ ਭੁਲ ਕਰਦੇ ਹੋ, ਉਥੇ ਭੁਲ ਕਰਦੇ ਹੋ, ਕਰਦੇ ਕੀ ਪਏ ਹੋ? ਤੇ ਹਾਫ਼ਿਜ਼ ਐਸਾ ਕਹਿੰਦਾ ਹੈ ਕਿ "ਸ਼ਬੇ-ਤਾਰੀਕ ਬੀਮ-ਏ-ਮੌਜ ਗਰਦਾਬ-ਏ-ਚੁਨੀਂ ਹਾਇਲ। ਕੁਜਾ ਦਾਨਦ ਹਾਲ-ਏ-ਮਾ ਸੁਬਕਸਾਰਾਨ-ਏ- ਸਾਹਿਲ-ਹਾ।" ਕਹਿੰਦਾ ਹੈ ਰਾਤ ਹਨੇਰੀ, ਘੁੰਮਣਘੇਰ, ਦਿਖਦਾ ਕੁਝ ਨਹੀਂ। ਪਰ ਭਾਈ ਸਾਹਿਬ ਭਾਈ ਨੰਦ ਲਾਲ ਕਹਿੰਦੇ ਨੇ :

**ਖ਼ੁਦਾ ਹਾਜ਼ਿਰ ਬਵਦ ਦਾਇਮ, ਬਬੀਂ ਦੀਦਾਰਿ ਪਾਕਿਸ਼ ਰਾ।**

ਦੀਵਾਨੇ ਗੋਇਆ ਦੀ ਇਹ ਦੂਜੀ ਨਜ਼ਮ ਹੈ :

**ਖ਼ੁਦਾ ਹਾਜ਼ਿਰ ਬਵਦ ਦਾਇਮ, ਬਬੀਂ ਦੀਦਾਰਿ ਪਾਕਿਸ਼ ਰਾ।**
**ਨਾ ਗਿਰਦਾਬੇ ਦਰੋ ਹਾਇਲ, ਨਾ ਦਰਿਆਓ ਨ ਸਾਹਿਲ ਹਾ ॥੩॥**

ਤੂੰ ਇਹ ਕਹਿੰਦਾ ਹੈਂ ਕਿ ਮੈਂ ਘੁੰਮਣ-ਘੇਰੀ ਵਿਚ ਫਸ ਗਿਆ ਹਾਂ, ਰਾਤ ਹਨੇਰੀ ਹੈ, ਮੈਂ ਇਕੱਲਾ ਹਾਂ। ਭਾਈ ਨੰਦ ਲਾਲ ਜੀ ਇਹ ਕਹਿੰਦੇ ਹਨ ਕਿ ਮੈਨੂੰ


Sri Satguru Jagjit Singh Ji eLibrary NamdhariElibrary@gmail.com

ਖ਼ੁਦਾ ਹਾਜ਼ਿਰ ਨਾਜ਼ਿਰ ਦਿਸਦਾ ਪਿਆ ਹੈ। ਜਿਸ ਰਸਤੇ 'ਤੇ ਮੈਨੂੰ ਮੇਰੇ ਪਾਤਸ਼ਾਹ ਨੇ ਤੋਰਿਆ ਹੈ ਉਸ ਰਸਤੇ ਵਿਚ ਦਰਿਆ ਨਹੀਂ ਪੈਂਦੇ, ਘੁੰਮਣ-ਘੇਰੀਆਂ ਨਹੀਂ ਹਨ, ਜਿਨ੍ਹਾਂ ਵਿਚ ਫਸ ਜਾਈਏ। ਰੱਬ ਦੇ ਰਸਤੇ 'ਤੇ ਚਲੇਂ ਤੇ ਫਿਰ ਤੈਨੂੰ ਪਾਰਲਾ ਕੰਢਾ ਨਾ ਦਿਖੇ, ਪਰਮਾਤਮਾ ਦਾ ਰਸਤਾ, ਤੇ ਫਿਰ ਹਨੇਰਾ ਹੋਵੇ। ਰੱਬ ਦੀ ਗਲੀ 'ਚ ਵੀ ਹਨੇਰਾ ਹੈ ਤੇ ਫਿਰ ਚਾਨਣਾ ਕਿਥੇ ਹੋਵੇਗਾ ? ਨੂਰ ਕਿਸ ਪਾਸੇ ਹੋਵੇਗਾ ? ਤੋ ਭਾਈ ਸਾਹਿਬ ਕਹਿੰਦੇ ਨੇ :

**ਖ਼ੁਦਾ ਹਾਜ਼ਿਰ ਬਵਦ ਦਾਇਮ, ਬਬੀਂ ਦੀਦਾਰਿ ਪਾਕਿਸ਼ ਰਾ।**

ਮੈਂ ਇਹਨਾਂ ਦੋ ਅੱਖਾਂ ਨਾਲ ਵੇਖ ਰਿਹਾ ਹਾਂ ਕਿ ਮੈਂ ਇਕੱਲਾ ਨਹੀਂ ਜਾ ਰਿਹਾ, ਮੇਰਾ ਮੁਰਸ਼ਦ ਮੇਰੇ ਨਾਲ ਹੈ।

ਮੈਂ ਇਤਨੀ ਅਰਜ਼ ਕਰ ਦਿਆਂ, ਸਿਖ ਜਦੋਂ ਵੀ ਜਪੁਜੀ ਸਾਹਿਬ ਦਾ ਪਾਠ ਕਰਦਾ ਹੈ ਨਾ, ਤਾਂ ਗੁਰੂ ਨਾਨਕ ਉਸ ਦੇ ਨਾਲ ਹੈ, (ਸਬਦੁ ਗੁਰੂ ਸੁਰਤਿ ਧੁਨਿ ਚੇਲਾ) ਤੇ (ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ॥)।

ਅਰ ਇਹ ਗੁਰੂ ਸਾਡਾ ਐਸਾ ਹੈ, ਜੇ ਅਸੀਂ ਸਫ਼ਰ ਕਰ ਰਹੇ ਹਾਂ, ਤੇ ਪਾਠ ਸੁਖਮਨੀ ਦਾ ਕਰ ਰਹੇ ਹਾਂ ਤੇ ਗੁਰੂ ਅਰਜਨ ਦੇਵ ਜੀ ਸਾਡੇ ਨਾਲ ਹੈਨ। ਜੇ ਕਿਧਰੇ ਜੰਗਲ ਵਿਚ ਬੈਠੇ ਹਾਂ ਤੇ ਜਾਪੁ ਸਾਹਿਬ ਦਾ ਪਾਠ ਕਰ ਰਹੇ ਹਾਂ ਤੋ ਗੁਰੂ ਗੋਬਿੰਦ ਸਿੰਘ ਜੀ ਸਾਡੇ ਨਾਲ ਹਨ। ਗੁਰੂ ਦੀਆਂ ਰਹਿਮਤਾਂ ਸਾਡੇ ਨਾਲ ਹਨ।

ਭਾਈ ਸਾਹਿਬ ਕਹਿੰਦੇ ਨੇ, ਮੈਂ ਇਕੱਲਾ ਨਹੀਂ ਇਸ ਰਸਤੇ। ਜਿਸ ਰਸਤੇ 'ਤੇ ਮੈਂ ਚਲਿਆ ਹਾਂ ਮੇਰਾ ਮੁਰਸ਼ਦ ਮੇਰੇ ਨਾਲ ਹੈ, ਅਰ ਮੈਂ ਇਹਨਾਂ ਅੱਖਾਂ ਦੇ ਨਾਲ ਖ਼ੁਦਾ ਦੇ ਦਰਸ਼ਨ ਪਿਆ ਕਰਦਾ ਹਾਂ। ਖ਼ੁਦਾ ਦਾ ਦਰਸ਼ਨ ਕੀ ਹੈ ? ਪਾਰਲਾ ਕੰਢਾ। ਅਰ ਰਸਤੇ 'ਚ ਕੋਈ ਘੁੰਮਣ-ਘੇਰੀ ਨਹੀਂ ਹੈ ਤੇ ਮੈਂ ਟਿਕਾਣੇ 'ਤੇ ਪਹੁੰਚਿਆ ਹਾਂ। ਕਾਸ਼ ! ਐ ਹਾਫ਼ਿਜ਼, ਤੈਨੂੰ ਵੀ ਗੁਰੂ ਗੋਬਿੰਦ ਸਿੰਘ ਵਰਗਾ ਮੁਰਸ਼ਿਦ ਨਸੀਬ ਹੋਇਆ ਹੋਵੇ।

ਨੰਦ ਲਾਲ ਨੇ ਇਸ ਪ੍ਰਕਾਰ ਆਪਣੇ *ਦੀਵਾਨਿ ਗੋਇਆ* ਵਿਚ ਭਟਕੇ ਹੋਏ ਸੂਫ਼ੀਆਂ ਨੂੰ ਸਮਝਾਇਆ ਹੈ। ਬਈ ਤੁਸੀਂ ਕਿਸ ਭਟਕਣਾ ਦੀ ਗੱਲ ਕਰਦੇ ਹੋ। ਜਾਪਦਾ ਹੈ ਤੁਹਾਨੂੰ ਕਿਸੇ ਮੁਰਸ਼ਿਦ ਨੇ ਤੋਰਿਆ ਹੀ ਉਸ ਪਾਸੇ ਵਲ ਹੈ ਜਿਥੇ ਸਿਵਾਏ ਭਟਕਣਾ ਤੋਂ ਕੁਛ ਹੈ ਹੀ ਨਹੀਂ। ਇਸ ਗੁਰਮਤਿ ਦੇ ਮਾਰਗ ਵਿਚ ਕੋਈ ਭਟਕਣਾ ਹੈ ਹੀ ਨਹੀਂ। ਇਸ ਮਾਰਗ 'ਤੇ ਚਲ ਕੇ ਸੁਰਤ ਪਰਿਪੂਰਨ ਪਰਮਾਤਮਾ ਦੇ ਦੇਸ਼ ਵਿਚ ਪਹੁੰਚ ਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਆਨੰਦ ਤੇ ਰਹਿਮਤਾਂ ਦੇ ਪਾਤਰ ਬਣ ਜਾਈਦਾ ਹੈ।


Sri Satguru Jagjit Singh Ji eLibrary NamdhariElibrary@gmail.com

ISBN 81-7205-101-8

Sri Satguru Jagjit Singh Ji eLibrary NamdhariElibrary@gmail.com